ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
• ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿੱਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
• ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
• ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
• ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
• ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ
PRGI (RNI) Regd. No. 22972/1972
# ਚੜ੍ਹਦੀਕਲਾ
DAILY CHARHDIKALA, PATIALA
ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'
ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'
(ਕੁੱਲ ਸਫ਼ੇ 12 Pages 12)
(Saturday, 10 May, 2025) ਪਟਿਆਲਾ ਸ਼ਨੀਵਾਰ, 10 ਮਈ, 2025, 28 ਵੈਸਾਖ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082
ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 128 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਦਿੱਲੀ ਹਵਾਈ ਅੱਡੇ 'ਤੇ 138 ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਰੱਦ

ਨਵੀਂ ਦਿੱਲੀ , 9 ਮਈ (ਚੜ੍ਹਦੀਕਲਾ ਬਿਊਰੋ) : ਵੱਖ-ਵੱਖ ਏਅਰਲਾਈਨਾਂ ਨੇ ਸ਼ੁੱਕਰਵਾਰ ਨੂੰ ਦਿੱਲੀ ਹਵਾਈ ਅੱਡੇ 'ਤੇ ਆਉਣ-ਜਾਣ ਵਾਲੀਆਂ 138 ਉਡਾਣਾਂ ਰੱਦ ਕਰ ਦਿੱਤੀਆਂ। ਇਹ ਜਾਣਕਾਰੀ ਇੱਕ ਸੂਤਰ ਨੇ ਦਿੱਤੀ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਮੱਦੇਨਜ਼ਰ, ਹਵਾਈ ਅੱਡਿਆਂ 'ਤੇ ਸੁਰੱਖਿਆ ਉਪਾਅ ਵੀ ਵਧਾ ਦਿੱਤੇ ਗਏ ਹਨ। 'ਆਪ੍ਰੇਸ਼ਨ ਸਿੰਦੂਰ' ਦੇ ਮੱਦੇਨਜ਼ਰ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ (ਬਾਕੀ ਸਫ਼ਾ 2 'ਤੇ)

# ਸਿਵਲ ਉਡਾਣਾਂ ਨੂੰ ਢਾਲ ਬਣਾ ਰਿਹੈ ਪਾਕਿ: 400 ਡਰੋਨ ਦਾਗ਼ੇ, ਭਾਰਤ ਵੱਲੋਂ ਹਮਲੇ ਨਾਕਾਮ



ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਮਈ :8-9 ਮਈ ਦੀ ਰਾਤ ਨੂੰ ਪਾਕਿਸਤਾਨ ਨੇ ਇੱਕ ਵਾਰ ਫਿਰ ਪੰਜਾਬ, ਰਾਜਸਥਾਨ, ਜੰਮੂ-ਕਸ਼ਮੀਰ ਅਤੇ ਗੁਜਰਾਤ ਵਿੱਚ ਡਰੋਨਾਂ ਨਾਲ ਹਮਲੇ ਕੀਤੇ। ਪਾਕਿਸਤਾਨ ਨੇ ਤਕਰੀਬਨ 400 ਡਰੋਨਾਂ ਦੀ ਵਰਤੋਂ ਕੀਤੀ ਜਿਸ ਦਾ ਭਾਰਤੀ ਫ਼ੌਜ ਨੇ ਜ਼ਬਰਦਸਤ ਜਵਾਬ ਦਿੰਦੇ ਹੋਏ, ਹਮਲੇ ਨੂੰ ਨਾਕਾਮ ਕਰ ਦਿੱਤਾ। ਇਸ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੁਰੱਖਿਆ ਫੋਰਸਾਂ ਦੇ ਮੁਖੀਆਂ ਨਾਲ ਮੁਲਾਕਾਤ ਕੀਤੀ ਅਤੇ ਬੀਤੇ ਘਟਨਾਕ੍ਰਮ ਅਤੇ ਭਵਿੱਖ ਦੀਆਂ ਯੋਜਨਾਵਾਂ ਉਤੇ ਵਿਚਾਰ ਕੀਤੀ।

ਇਸ ਦੌਰਾਨ ਵਿਦੇਸ਼ ਸਕੱਤਰ ਵਿਕਰਮ ਮਿਸਰੀ, ਕਰਨਲ ਸੋਫੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ 8-9 ਮਈ ਦੀ ਰਾਤ ਨੂੰ ਪਾਕਿਸਤਾਨ ਵੱਲੋਂ ਕੀਤੇ ਗਏ ਹਮਲਿਆਂ ਬਾਰੇ ਜਾਣਕਾਰੀ ਦਿੰਦੇ ਹੋਏ।

8-9 ਮਈ ਦੀ ਵਿਚਕਾਰਲੀ ਰਾਤ ਨੂੰ, ਪਾਕਿਸਤਾਨੀ ਫੌਜ ਨੇ ਭਾਰਤੀ ਲੜਾਈ ਖੇਤਰ ਵਿੱਚ ਕਈ ਹਮਲੇ ਕੀਤੇ, ਫੌਜੀ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ। ਅੰਤਰਰਾਸ਼ਟਰੀ ਸਰਹੱਦ ਦੇ ਨਾਲ 36 ਥਾਵਾਂ 'ਤੇ ਘੁਸਪੈਠ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਗੋਲੀਬਾਰੀ ਹੋਈ। ਭਾਰਤ ਨੇ ਘੁਸਪੈਠੀਆਂ ਨੂੰ ਮਾਰ ਦਿੱਤਾ।

ਪਾਕਿਸਤਾਨ ਨੇ ਆਪਣਾ ਹਵਾਈ ਖੇਤਰ ਬੰਦ ਨਹੀਂ ਕੀਤਾ। ਆਮ ਨਾਗਰਿਕਾਂ ਨੂੰ ਢਾਲ ਵਜੋਂ ਵਰਤਿਆ। ਪੰਜਾਬ ਸੈਕਟਰ ਵਿੱਚ ਹਾਈ ਏਅਰ ਡਿਫੈਂਸ ਅਲਰਟ ਦੌਰਾਨ, ਸਾਡਾ ਹਵਾਈ ਖੇਤਰ ਨਾਗਰਿਕ ਉਡਾਣਾਂ ਲਈ ਬੰਦ ਹੈ, ਪਰ ਇੱਕ ਨਾਗਰਿਕ ਉਡਾਣ ਪਾਕਿਸਤਾਨੀ ਖੇਤਰ ਦੇ ਉੱਪਰੋਂ ਲੰਘ ਰਹੀ ਸੀ।

ਭਾਰਤ-ਪਾਕਿ ਤਣਾਅ ਦੇ ਵਿਚਕਾਰ ਵਿਦੇਸ਼ ਮੰਤਰਾਲੇ ਦੀ ਇਹ ਲਗਾਤਾਰ ਤੀਜੀ ਪ੍ਰੈਸ ਕਾਨਫਰੰਸ ਹੈ। ਇਸ ਤੋਂ ਪਹਿਲਾਂ 7 ਅਤੇ 8 ਮਈ ਨੂੰ ਵੀ ਸਰਕਾਰ ਵੱਲੋਂ ਆਪ੍ਰੇਸ਼ਨ ਸਿੰਦੂਰ ਬਾਰੇ ਜਾਣਕਾਰੀ ਦਿੱਤੀ ਗਈ ਸੀ।

ਭਾਰਤ ਨੇ ਵੀਰਵਾਰ ਰਾਤ ਨੂੰ ਪਾਕਿਸਤਾਨ ਦੇ ਸਾਰੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਸੀ। ਸਾਰੀਆਂ ਮਿਜ਼ਾਈਲਾਂ ਅਤੇ ਡਰੋਨਾਂ ਨੂੰ ਹਵਾਈ ਰੱਖਿਆ ਪ੍ਰਣਾਲੀ ਐਸ-400 ਦੁਆਰਾ ਮਾਰ ਸੁੱਟਿਆ ਗਿਆ। ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।

ਉਸੇ ਸਮੇਂ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਐਸ-400 ਨੇ ਪਠਾਨਕੋਟ ਵਿੱਚ ਇੱਕ ਪਾਕਿਸਤਾਨੀ ਲੜਾਕੂ ਜਹਾਜ਼ ਨੂੰ ਡੇਗ ਦਿੱਤਾ ਸੀ। ਹਾਲਾਂਕਿ, ਇਸਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ।ਆਪ੍ਰੇਸ਼ਨ ਸਿੰਦੂਰ ਬਾਰੇ ਪਹਿਲੀ ਵਾਰ 7 ਮਈ ਨੂੰ ਜਾਣਕਾਰੀ ਦਿੱਤੀ ਗਈ ਸੀ। ਇਹ ਦੱਸਿਆ ਗਿਆ ਸੀ ਕਿ 6 ਮਈ ਦੀ ਰਾਤ ਨੂੰ 1:04 ਵਜੇ ਤੋਂ 1:28 ਵਜੇ ਦੇ ਵਿਚਕਾਰ 24 ਮਿੰਟਾਂ ਵਿੱਚ 9 ਨਿਸ਼ਾਨੇ ਤਬਾਹ ਕਰ ਦਿੱਤੇ ਗਏ ਸਨ।

ਪਾਕਿਸਤਾਨ ਨੇ 8 ਮਈ ਦੀ ਰਾਤ ਨੂੰ ਭਾਰਤ ਦੇ ਕਈ ਸ਼ਹਿਰਾਂ ਵਿੱਚ ਇੱਕੋ ਸਮੇਂ ਡਰੋਨ ਹਮਲੇ ਕੀਤੇ। ਫੌਜ ਦੇ ਸੂਤਰਾਂ ਨੇ ਦੱਸਿਆ ਕਿ ਰਾਤ 8:00 ਵਜੇ ਤੋਂ 11:30 ਵਜੇ ਦੇ ਵਿਚਕਾਰ 30 ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ। ਪਾਕਿਸਤਾਨੀ ਫੌਜ ਨੇ ਜੰਮੂ-ਕਸ਼ਮੀਰ, ਪੰਜਾਬ, ਰਾਜਸਥਾਨ ਅਤੇ ਗੁਜਰਾਤ ਦੇ ਵੱਖ-ਵੱਖ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਸਮੇਂ ਦੌਰਾਨ, ਲਗਭਗ 400 ਛੋਟੇ ਡਰੋਨ ਫਾਇਰ ਕੀਤੇ ਗਏ। ਹਾਲਾਂਕਿ, ਭਾਰਤੀ ਫੌਜ ਅਤੇ ਹਵਾਈ ਫੌਜ ਨੇ ਪਾਕਿਸਤਾਨ ਦੇ ਡਰੋਨ ਹਮਲਿਆਂ ਨੂੰ ਨਾਕਾਮ ਕਰ ਦਿੱਤਾ। ਇਸ ਲਈ ਐਲ70, ਜ਼ੈਡ.ਯੂ-23, ਸ਼ਿਲਕਾ ਅਤੇ ਆਕਾਸ਼ ਸਮੇਤ ਕਈ ਤਰ੍ਹਾਂ ਦੇ ਮਿਜ਼ਾਈਲ ਵਿਰੋਧੀ ਪ੍ਰਣਾਲੀਆਂ ਦੀ ਵਰਤੋਂ ਕੀਤੀ ਗਈ।

ਜੇਕਰ ਸੂਤਰਾਂ ਦੀ ਮੰਨੀਏ ਤਾਂ ਪਾਕਿਸਤਾਨ ਵੱਲੋਂ ਜ਼ਿਆਦਾਤਰ ਨਿਹੱਥੇ ਡਰੋਨ ਭੇਜਣ ਦਾ ਉਦੇਸ਼ ਆਮ ਨਾਗਰਿਕਾਂ ਵਿੱਚ ਦਹਿਸ਼ਤ ਫੈਲਾਉਣਾ ਜਾਂ (ਬਾਕੀ ਸਫ਼ਾ 2 'ਤੇ)

## ਗ੍ਰਹਿ ਮੰਤਰਾਲੇ ਵੱਲੋਂ ਸਾਰੇ ਸੂਬਿਆਂ ਨੂੰ ਨਿਰਦੇਸ਼

## 'ਹਰ ਹੰਗਾਮੀ ਹਾਲਾਤ ਲਈ ਰਹੋ ਤਿਆਰ...'

ਨਵੀਂ ਦਿੱਲੀ, 9 ਮਈ (ਚੜ੍ਹਦੀਕਲਾ ਬਿਊਰੋ) : 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਨਾਲ ਵਧਦੇ ਤਣਾਅ ਦੇ ਜਵਾਬ ਵਿੱਚ ਗ੍ਰਹਿ ਮੰਤਰਾਲੇ (ਐਮ.ਐਚ.ਏ.) ਨੇ ਸਾਰੇ ਸੂਬਿਆਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਐਮਰਜੈਂਸੀ ਲਈ ਤਿਆਰ ਰਹਿਣ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਸੂਬਿਆਂ ਨੂੰ ਸਿਵਲ ਰੱਖਿਆ ਨਿਯਮਾਂ ਅਧੀਨ ਐਮਰਜੈਂਸੀ ਸ਼ਕਤੀਆਂ ਨੂੰ ਸਰਗਰਮ ਕਰਨ, ਮੌਕ ਡ੍ਰਿਲ ਕਰਨ ਅਤੇ ਜ਼ਰੂਰੀ ਸੇਵਾਵਾਂ ਦੀ ਤਿਆਰੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਨ੍ਹਾਂ ਨਿਰਦੇਸ਼ਾਂ ਦਾ ਉਦੇਸ਼ ਪਾਕਿਸਤਾਨ ਖ਼ਿਲਾਫ਼ ਭਾਰਤ ਦੇ ਆਪ੍ਰੇਸ਼ਨ ਸਿੰਦੂਰ ਦੌਰਾਨ ਨਾਗਰਿਕ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਨੂੰ ਵਧਾਉਣਾ ਹੈ।ਇਨ੍ਹਾਂ ਨਿਰਦੇਸ਼ਾਂ ਮੁਤਾਬਕ ਸੂਬੇ ਸੰਭਾਵੀ ਐਮਰਜੈਂਸੀ ਲਈ ਨਾਗਰਿਕਾਂ ਨੂੰ ਤਿਆਰ ਕਰਨ ਲਈ ਹਵਾਈ ਹਮਲਿਆਂ, ਬਲੈਕਆਊਟ ਅਤੇ ਐਮਰਜੈਂਸੀ ਦੇ ਹਾਲਾਤ 'ਚ ਬਾਹਰ ਨਿਕਲਣ ਦੀ ਟ੍ਰੇਨਿੰਗ ਦਿੰਦੇ ਹੋਏ ਮੌਕ ਡ੍ਰਿਲ ਕਰ ਰਹੇ ਹਨ। ਇਸ ਤੋਂ ਇਲਾਵਾ ਏਮਜ਼ (ਬਾਕੀ ਸਫ਼ਾ 2 'ਤੇ)

## ਰਾਜਨਾਥ ਵੱਲੋਂ ਸੀ.ਡੀ.ਐਸ. ਤੇ ਤਿੰਨੇ ਫ਼ੌਜਾਂ ਦੇ ਮੁਖੀਆਂ ਨਾਲ ਸੁਰੱਖਿਆ ਹਾਲਾਤ ਦੀ ਸਮੀਖਿਆ



ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਮਈ :ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਵੱਲੋਂ ਭਾਰਤ ਦੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਨਾਕਾਮ ਕੋਸ਼ਿਸ਼ ਤੋਂ ਇਕ ਦਿਨ ਮਗਰੋਂ ਅੱਜ ਸਿਖਰਲੇ ਫੌਜੀ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਦੇਸ਼ ਦੇ ਸੁਰੱਖਿਆ ਹਾਲਾਤ ਦੀ ਵਿਆਪਕ ਸਮੀਖਿਆ ਕੀਤੀ। ਸੂਤਰਾਂ ਮੁਤਾਬਕ ਮੀਟਿੰਗ ਦੌਰਾਨ ਮੌਜੂਦਾ ਸੁਰੱਖਿਆ ਹਾਲਾਤ ਦੇ ਹਰੇਕ ਪਹਿਲੂ 'ਤੇ ਵਿਚਾਰ ਚਰਚਾ ਕੀਤੀ ਗਈ।

ਮੀਟਿੰਗ ਵਿਚ ਚੀਫ਼ ਆਫ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ, ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ, ਏਅਰ ਚੀਫ਼ ਮਾਰਸ਼ਲ ਏਪੀ ਸਿੰਘ ਤੇ ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਕੇ.ਤ੍ਰਿਪਾਠੀ ਮੌਜੂਦ ਸਨ।

ਕਾਬਿਲੇਗੌਰ ਹੈ ਕਿ ਭਾਰਤ ਨੇ ਵੀਰਵਾਰ ਰਾਤੀਂ ਪਾਕਿਸਤਾਨੀ ਫੌਜ ਵੱਲੋਂ ਜੰਮੂ, ਪਠਾਨਕੋਟ, ਊਧਮਪੁਰ ਅਤੇ ਕੁਝ ਹੋਰ ਥਾਵਾਂ 'ਤੇ ਫੌਜੀ ਸਟੇਸ਼ਨਾਂ ਨੂੰ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ। ਪਾਕਿਸਤਾਨੀ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਮਗਰੋਂ ਰੱਖਿਆ ਮੰਤਰਾਲੇ ਨੇ ਕਿਹਾ ਕਿ ਭਾਰਤ 'ਆਪਣੀ ਪ੍ਰਭੂਸੱਤਾ ਦੀ ਰੱਖਿਆ ਕਰਨ ਅਤੇ ਆਪਣੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।'

ਭਾਰਤੀ ਫੌਜੀ ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨੀ ਡਰੋਨ ਅਤੇ ਮਿਜ਼ਾਈਲਾਂ ਨੂੰ ਭਾਰਤੀ ਹਥਿਆਰਬੰਦ ਬਲਾਂ ਨੇ ਪ੍ਰਭਾਵਸ਼ਾਲੀ ਢੰਗ ਨਾਲ ਬੇਅਸਰ ਕੀਤਾ ਅਤੇ ਦੁਸ਼ਮਣ ਦੀਆਂ ਨਾਪਾਕ ਕੋਸ਼ਿਸ਼ਾਂ ਨੂੰ ਨਾਕਾਮ ਬਣਾ ਦਿੱਤਾ।ਇਸ ਤੋਂ ਪਹਿਲਾਂ ਪਾਕਿਸਤਾਨ ਨੇ ਬੁੱਧਵਾਰ ਤੇ ਵੀਰਵਾਰ ਦੀ ਦਰਮਿਆਨੀ ਰਾਤ ਨੂੰ ਭਾਰਤ ਦੇ ਉੱਤਰੀ ਅਤੇ ਪੱਛਮੀ ਹਿੱਸਿਆਂ ਦੇ 15 ਸ਼ਹਿਰਾਂ ਵਿੱਚ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਭਾਰਤ ਸੁਰੱਖਿਆ ਬਲਾਂ ਨੇ ਨਾਕਾਮ ਕਰ ਦਿੱਤਾ। ਜਿਨ੍ਹਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਉਨ੍ਹਾਂ ਵਿਚ ਅਵੰਤੀਪੁਰਾ, ਸ੍ਰੀਨਗਰ, ਜੰਮੂ, ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਆਦਮਪੁਰ, ਬਠਿੰਡਾ, ਚੰਡੀਗੜ੍ਹ, ਨਲ, ਫਲੋਦੀ, ਉਤਰਲਾਈ ਅਤੇ ਭੁਜ ਸ਼ਾਮਲ ਸਨ।

## ਫੌਜ ਨੂੰ ਟੈਰੀਟੋਰੀਅਲ ਆਰਮੀ ਬੁਲਾਉਣ ਦੇ ਅਧਿਕਾਰ, ਰਾਜਾਂ ਨੂੰ ਐਮਰਜੈਂਸੀ ਸ਼ਕਤੀਆਂ ਵਰਤਣ ਦੇ ਆਦੇਸ਼

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਮਈ :ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਦੀ ਸਥਿਤੀ ਬਣ ਗਈ ਹੈ। ਪਾਕਿਸਤਾਨ ਦੇ ਤੇਜ਼ ਹਮਲਿਆਂ ਮਗਰੋਂ ਭਾਰਤ ਵੱਡੀ ਪਲਾਨਿੰਗ ਕਰ ਰਿਹਾ ਹੈ। ਇਸ ਤਣਾਅ ਦੇ ਵਿਚਕਾਰ ਭਾਰਤ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਫੌਜ ਮੁਖੀ ਚਾਹੁਣ ਤਾਂ ਉਹ ਟੈਰੀਟੋਰੀਅਲ ਆਰਮੀ ਦੇ ਅਧਿਕਾਰੀਆਂ ਤੇ ਜਵਾਨਾਂ ਨੂੰ ਬੁਲਾ ਸਕਦੇ ਹਨ। ਟੈਰੀਟੋਰੀਅਲ ਆਰਮੀ ਇੱਕ ਅਰਧ ਸੈਨਿਕ ਬਲ ਹੈ, ਜੋ ਲੋੜ ਪੈਣ 'ਤੇ ਫੌਜ ਦੀ ਸਹਾਇਤਾ ਕਰਦਾ ਹੈ। ਦੂਜੇ ਪਾਸੇ, ਗ੍ਰਹਿ ਮੰਤਰਾਲੇ ਨੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਕਰਨ ਦੇ ਆਦੇਸ਼ ਦਿੱਤੇ ਹਨ।



ਗ੍ਰਹਿ ਮੰਤਰਾਲੇ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਤੇ ਪ੍ਰਸ਼ਾਸਕਾਂ ਨੂੰ ਸੁਰੱਖਿਆ ਉਪਾਵਾਂ ਬਾਰੇ ਨਿਰਦੇਸ਼ ਦਿੱਤੇ ਹਨ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਸਿਵਲ ਡਿਫੈਂਸ ਨਿਯਮਾਂ ਦੇ ਤਹਿਤ ਕੀਤੀ ਜਾ ਸਕਦੀ ਹੈ। ਦੱਸ ਦਈਏ ਕਿ ਅੱਜ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ, ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਤ੍ਰਿਪਾਠੀ, ਏਅਰ ਚੀਫ (ਬਾਕੀ ਸਫ਼ਾ 2 'ਤੇ)

## ਪੰਜਾਬ ਦੇ ਸ਼ਹਿਰਾਂ 'ਤੇ ਹਮਲਿਆਂ ਦੌਰਾਨ ਮੋਦੀ ਵੱਲੋਂ ਮਾਨ ਨਾਲ ਫ਼ੋਨ 'ਤੇ ਗੱਲਬਾਤ

ਚੰਡੀਗੜ੍ਹ, 9 ਮਈ (ਚੜ੍ਹਦੀਕਲਾ ਬਿਊਰੋ) : ਭਾਰਤ-ਪਾਕਿ ਜੰਗ ਦੌਰਾਨ ਲਗਾਤਾਰ ਪੰਜਾਬ ਦੇ 9 ਸ਼ਹਿਰਾਂ ਨੂੰ ਪਾਕਿਸਤਾਨ ਵਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੀਤੀ ਰਾਤ ਵੀ ਪਾਕਿਸਤਾਨ ਨੇ ਪੰਜਾਬ ਸਣੇ ਭਾਰਤ ਦੇ ਕਈ ਸ਼ਹਿਰਾਂ 'ਤੇ ਡਰੋਨ ਹਮਲੇ ਕੀਤੇ ਗਏ। ਇਨ੍ਹਾਂ ਹਮਲਿਆਂ ਪਿੱਛੋਂ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਫੋਨ ਉੱਤੇ ਗੱਲਬਾਤ ਕੀਤੀ ਗਈ। ਸੂਤਰ ਦੱਸਦੇ ਹਨ ਕਿ ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਵਲੋਂ ਮੌਜੂਦਾ ਹਾਲਾਤ ਤੇ ਸੁਰੱਖਿਆ ਪ੍ਰਬੰਧਾਂ ਬਾਰੇ ਵੀ ਗੱਲਬਾਤ ਕੀਤੀ ਗਈ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ (ਬਾਕੀ ਸਫ਼ਾ 2 'ਤੇ)

## ਪੰਜਾਬ ਕੈਬਨਿਟ ਵੱਲੋਂ ਕੌਮਾਂਤਰੀ ਸਰਹੱਦ 'ਤੇ ਐਂਟੀ ਡਰੋਨ ਸਿਸਟਮ ਲਈ ਬਜਟ ਮਨਜ਼ੂਰ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 9 ਮਈ : ਪੰਜਾਬ ਕੈਬਨਿਟ ਨੇ ਅੱਜ 'ਰੰਗਲਾ ਪੰਜਾਬ ਫ਼ੰਡ' ਸਥਾਪਿਤ ਕੀਤੇ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਕੈਬਨਿਟ ਨੇ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ ਉਤੇ ਐਂਟੀ ਡਰੋਨ ਸਿਸਟਮ ਲਾਉਣ ਵਾਸਤੇ ਬਜਟ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।



ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਅੱਜ ਇੱਥੇ ਹੋਈ ਕੈਬਨਿਟ ਮੀਟਿੰਗ ਵਿੱਚ ਪਰਵਾਸੀ ਪੰਜਾਬੀਆਂ ਨੂੰ 'ਰੰਗਲਾ ਪੰਜਾਬ ਫ਼ੰਡ' ਵਾਸਤੇ ਦਾਨ ਦੇਣ ਦੀ ਅਪੀਲ ਕੀਤੀ ਗਈ ਹੈ। ਮੁੱਖ ਮੰਤਰੀ ਨੇ ਮੀਟਿੰਗ ਮਗਰੋਂ ਜਾਣਕਾਰੀ ਦਿੱਤੀ ਹੈ ਕਿ ਕੋਈ ਵੀ ਪਰਵਾਸੀ ਪੰਜਾਬੀ ਆਪਣੇ ਪਿੰਡ ਜਾਂ ਸ਼ਹਿਰ ਲਈ ਲੋਕ ਭਲਾਈ ਦੇ ਕੰਮਾਂ ਲਈ ਫ਼ੰਡ ਦੇਣਾ ਚਾਹੁੰਦਾ ਹੈ ਤਾਂ ਉਹ 'ਰੰਗਲਾ ਪੰਜਾਬ ਫ਼ੰਡ' ਵਿਚ ਯੋਗਦਾਨ ਪਾ ਸਕੇਗਾ। ਪਰਵਾਸੀ ਪੰਜਾਬੀ ਜਿਸ ਮੰਤਵ ਲਈ ਫ਼ੰਡ ਦੇਵੇਗਾ, ਉਸੇ ਕੰਮ 'ਤੇ ਸਰਕਾਰ ਪੈਸੇ ਦੀ ਵਰਤੋਂ ਕਰੇਗੀ।

ਪੰਜਾਬ ਕੈਬਨਿਟ ਵੱਲੋਂ ਅੱਜ ਕੌਮਾਂਤਰੀ ਸਰਹੱਦ, ਜੋ ਅਬੋਹਰ ਤੋਂ ਪਠਾਨਕੋਟ ਤੱਕ ਕਰੀਬ 532 ਕਿਲੋਮੀਟਰ ਬਣਦੀ ਹੈ, ਉਤੇ ਐਂਟੀ ਡਰੋਨ ਸਿਸਟਮ ਸਥਾਪਿਤ ਕਰਨ ਵਾਸਤੇ ਬਜਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸਮੁੱਚਾ ਬਾਰਡਰ ਐਂਟੀ ਡਰੋਨ ਸਿਸਟਮ ਨਾਲ ਲੈਸ ਹੋਵੇਗਾ। ਇਸੇ ਤਰ੍ਹਾਂ ਪੰਜਾਬ ਦੀਆਂ 13 ਜੇਲ੍ਹਾਂ 'ਚ 5-ਜੀ ਜੈਮਰ ਲਗਾਏ ਜਾਣ ਨੂੰ ਵੀ ਹਰੀ ਝੰਡੀ ਦਿੱਤੀ ਗਈ ਹੈ। ਵੱਖ ਵੱਖ ਸ਼ਹਿਰਾਂ ਵਿੱਚ ਲੈਂਡ ਪੂਲਿੰਗ ਤਹਿਤ ਜ਼ਮੀਨਾਂ ਪ੍ਰਾਪਤ ਕਰਨ ਨੂੰ ਵੀ ਕੈਬਨਿਟ ਨੇ ਪ੍ਰਵਾਨਗੀ ਦਿੱਤੀ ਹੈ। ਕੈਬਨਿਟ ਨੇ ਫ਼ੈਸਲਾ ਕੀਤਾ ਹੈ ਕਿ ਫ਼ਸਲੀ ਵੰਨ-ਸਵੰਨਤਾ ਦੇ ਪ੍ਰੋਜੈਕਟ ਤਹਿਤ ਮੱਕੀ ਦੀ ਸਰਕਾਰੀ ਭਾਅ 'ਤੇ ਖ਼ਰੀਦ ਕੀਤੀ (ਬਾਕੀ ਸਫ਼ਾ 2 'ਤੇ)

## ਪੰਜਾਬ ਵਿੱਚ ਦੁਕਾਨਾਂ ਤੇ ਕਾਰੋਬਾਰ 8 ਵਜੇ ਬੰਦ ਕਰਨ ਦੇ ਹੁਕਮ

ਚੜ੍ਹਦੀਕਲਾ ਬਿਊਰੋ
================



ਚੰਡੀਗੜ੍ਹ, 9 ਮਈ : ਭਾਰਤ-ਪਾਕਿ ਤਣਾਅ ਨੂੰ ਵੇਖਦਿਆਂ ਪੰਜਾਬ ਵਿੱਚ ਦੁਕਾਨਾਂ 8 ਵਜੇ ਬੰਦ ਕਰਨ ਦੇ ਹੁਕਮ ਦੇ ਦਿੱਤੇ ਹਨ। ਇਹ ਹੁਕਮ ਪਾਕਿਸਤਾਨ ਵੱਲੋਂ ਕੀਤੇ ਜਾ ਰਹੇ ਹਮਲਿਆਂ ਦੇ ਦਰਮਿਆਨ ਦਿੱਤੇ ਗਏ ਹਨ। ਇਸ ਦੌਰਾਨ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਜਿਸ ਦੇ ਚੱਲਦੇ ਲੋਕਾਂ ਨੂੰ ਸੁਚੇਤ ਰਹਿਣ ਲਈ ਆਖਿਆ ਗਿਆ ਹੈ। ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਘੱਟ ਤੋਂ ਘੱਟ ਘਰਾਂ ਵਿਚੋਂ ਬਾਹਰ ਨਿਕਲਣ। ਛੱਤ 'ਤੇ ਚੜ੍ਹਨ ਤੋਂ ਗੁਰੇਜ ਕਰਨ। ਜੇਕਰ ਕੋਈ ਸ਼ੱਕੀ ਵਿਅਕਤੀ ਜਾਂ ਸ਼ੱਕੀ ਚੀਜ਼ ਨਜ਼ਰ ਆਉਂਦੀ ਹੈ ਤਾਂ ਤੁਰੰਤ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ।

ਦੂਜੇ ਪਾਸੇ ਪਟਿਆਲਾ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਲਈ ਐਡਵਾਈਜ਼ਰੀ ਜਾਰੀ ਕਰਦਿਆਂ ਬੇਨਤੀ ਕੀਤੀ ਹੈ ਕਿ ਉਹ ਘਰਾਂ ਵਿਚ ਰਹਿਣ। ਲੋਕਾਂ ਨੂੰ ਆਖਿਆ (ਬਾਕੀ ਸਫ਼ਾ 2 'ਤੇ)

## ਐਸ.ਕੇ.ਐਮ. ਵੱਲੋਂ 15 ਦਿਨਾਂ ਲਈ ਸਾਰੇ ਅੰਦੋਲਨ ਮੁਲਤਵੀ

ਮਾਨਸਾ, 9 ਮਈ (ਚੜ੍ਹਦੀਕਲਾ ਬਿਊਰੋ) : ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਵੱਲੋਂ ਦੇਸ਼ ਵਿੱਚ ਚੱਲ ਰਹੇ ਤਣਾਅ ਤੇ ਸੁਰੱਖਿਆ ਹਾਲਾਤ ਨੂੰ ਮੁੱਖ ਰੱਖਦਿਆਂ ਅਗਲੇ 15 ਦਿਨਾਂ ਦੌਰਾਨ ਕੀਤੇ ਜਾਣ ਵਾਲੇ ਸਾਰੇ ਅੰਦੋਲਨਾਂ ਨੂੰ ਮੁਤਲਵੀ ਕਰ ਦਿੱਤਾ ਗਿਆ ਹੈ। ਮੋਰਚੇ ਦਾ ਕਹਿਣਾ ਹੈ ਕਿ ਇਸ ਤਣਾਅ ਭਰੇ ਮਾਹੌਲ ਵਿੱਚ ਮੁਲਕ ਦਾ ਅੰਦੋਲਨਕਾਰੀ ਕਿਸਾਨ ਆਪਣੇ ਦੇਸ਼ ਦੇ ਜਵਾਨਾਂ ਨਾਲ ਡੱਟ ਕੇ ਖੜ੍ਹਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ ਸਿੱਧੂਪੁਰ) ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ , ਜੋ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਪ੍ਰਮੁੱਖ ਆਗੂ ਹਨ, ਨੇ ਦੱਸਿਆ ਕਿ ਦੇਸ਼ ਵਿਰੋਧੀ ਤਾਕਤਾਂ ਨੂੰ ਦੇਸ਼ ਦੀ ਫੌਜ ਅਤੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। (ਬਾਕੀ ਸਫ਼ਾ 2 'ਤੇ)

### ਵਾਧੂ ਪਾਣੀ ਛੱਡਣ ਲਈ ਰਾਹ ਪੱਧਰਾ !

## ਕੇਂਦਰੀ ਗ੍ਰਹਿ ਸਕੱਤਰ ਦੇ ਫ਼ੈਸਲੇ ਦੀ ਕਾਪੀ ਅਦਾਲਤ 'ਚ ਪੇਸ਼

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 9 ਮਈ : ਹਰਿਆਣਾ ਨੂੰ ਵਾਧੂ ਪਾਣੀ ਛੱਡਣ ਲਈ ਰਾਹ ਪੱਧਰਾ ਹੋਣ ਲੱਗਿਆ ਹੈ ਕਿਉਂਕਿ ਕੇਂਦਰੀ ਬਿਜਲੀ ਮੰਤਰਾਲੇ ਨੇ ਅੱਜ ਕੇਂਦਰੀ ਗ੍ਰਹਿ ਸਕੱਤਰ ਦੀ ਅਗਵਾਈ 'ਚ 2 ਮਈ ਨੂੰ ਹੋਈ ਮੀਟਿੰਗ ਦੇ ਮਿਨਟਸ ਨਸ਼ਰ ਕਰ ਦਿੱਤੇ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਇਸ ਵੇਲੇ ਮਾਮਲੇ ਉਤੇ ਸੁਣਵਾਈ ਚੱਲ ਰਹੀ ਹੈ।

ਪੰਜਾਬ ਸਰਕਾਰ ਲਈ ਇਹ ਨਵੀਂ ਮੁਸੀਬਤ ਹੈ ਕਿਉਂਕਿ ਕੇਂਦਰੀ ਗ੍ਰਹਿ ਸਕੱਤਰ ਨੇ ਮਿਨਟਸ 'ਚ ਸਪਸ਼ਟ ਨਿਰਦੇਸ਼ ਦਿੱਤੇ ਹੋਏ ਹਨ ਕਿ ਹਰਿਆਣਾ ਨੂੰ ਅਗਲੇ ਅੱਠ ਦਿਨਾਂ ਲਈ 4500 ਕਿਊਸਿਕ ਵਾਧੂ ਪਾਣੀ ਛੱਡਿਆ ਜਾਵੇ।

ਕੇਂਦਰੀ ਗ੍ਰਹਿ ਸਕੱਤਰ ਤਰਫ਼ੋਂ ਜੋ 2 ਮਈ ਨੂੰ ਪ੍ਰੈੱਸ ਨੋਟ ਜਾਰੀ ਕੀਤਾ ਗਿਆ ਸੀ, ਉਸ ਵਿੱਚ ਪੰਜਾਬ ਨੂੰ ਨਿਰਦੇਸ਼ ਨਹੀਂ ਬਲਕਿ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੀ ਸਲਾਹ ਦਿੱਤੀ ਗਈ ਸੀ। ਹੁਣ ਮਿਨਟਸ 'ਚ ਸਲਾਹ ਦੀ ਜਗ੍ਹਾ ਨਿਰਦੇਸ਼ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਪੰਜਾਬ ਸਰਕਾਰ ਪਹਿਲਾਂ ਹੀ ਹਾਈ ਕੋਰਟ ਵਿੱਚ ਆਖ ਚੁੱਕੀ ਹੈ ਕਿ ਉਨ੍ਹਾਂ ਨੂੰ ਕੇਂਦਰੀ ਗ੍ਰਹਿ ਸਕੱਤਰ ਦੀ ਮੀਟਿੰਗ ਦੇ ਮਿਨਟਸ ਦਿੱਤੇ ਜਾਣ ਤਾਂ ਜੋ



ਉਨ੍ਹਾਂ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ। ਹਾਈ ਕੋਰਟ 6 ਮਈ ਨੂੰ ਹੀ ਪੰਜਾਬ ਨੂੰ ਇਨ੍ਹਾਂ ਮਿਨਟਸ ਨੂੰ ਲਾਗੂ ਕਰਨ ਲਈ ਆਖ ਚੁੱਕੀ ਹੈ। ਕੇਂਦਰੀ ਗ੍ਰਹਿ ਸਕੱਤਰ ਦੇ ਮਿਨਟਸ 'ਚ ਇਹ ਵੀ ਨਿਰਦੇਸ਼ ਦਿੱਤੇ ਹੋਏ ਹਨ ਕਿ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਦਿੱਤੇ ਜਾਣ ਵਾਲੇ ਵਾਧੂ ਪਾਣੀ ਦੇ ਬਦਲੇ ਵਿੱਚ ਪੰਜਾਬ ਨੂੰ ਲੋੜਾਂ ਪੂਰੀਆਂ ਕਰਨ ਲਈ ਡੈਮਾਂ ਦੇ ਭਰਾਈ ਦੇ ਸਮੇਂ ਦੌਰਾਨ ਪਾਣੀ ਦਿੱਤਾ ਜਾਵੇਗਾ। ਪੰਜਾਬ ਸਰਕਾਰ ਦੀ ਦਲੀਲ ਹੈ ਕਿ ਅੱਜ ਤੱਕ ਅਦਾਲਤ ਵਿੱਚ ਕੇਂਦਰ ਸਰਕਾਰ ਦਾ ਪ੍ਰਤੀਨਿਧ ਮਿਨਟਸ ਦੀ (ਬਾਕੀ ਸਫ਼ਾ 2 'ਤੇ)

## ਪੰਜਾਬ ਵਿੱਚ ਅਗਲੇ 5 ਦਿਨ 13 ਜ਼ਿਲ੍ਹਿਆਂ 'ਚ ਭਾਰੀ ਮੀਂਹ ਦੀ ਚਿਤਾਵਨੀ

ਚੰਡੀਗੜ੍ਹ, 9 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਮੌਸਮ ਨੂੰ ਲੈ ਕੇ ਅਗਲੇ 5 ਦਿਨਾਂ ਲਈ ਮੌਸਮ ਵਿਭਾਗ ਵੱਲੋਂ ਅਲਰਟ ਜਾਰੀ ਕੀਤਾ ਗਿਆ ਹੈ।

ਮੌਸਮ ਵਿਭਾਗ ਵੱਲੋਂ ਕੀਤੀ ਗਈ ਵੱਡੀ ਭਵਿੱਖਬਾਣੀ ਮੁਤਾਬਕ ਅਗਲੇ 5 ਦਿਨਾਂ ਤੱਕ ਕਈ ਜ਼ਿਲ੍ਹਿਆਂ ਵਿੱਚ ਤੇਜ਼ ਤੂਫ਼ਾਨ ਦੇ ਨਾਲ-ਨਾਲ ਭਾਰੀ ਮੀਂਹ ਅਤੇ ਗੜੇਮਾਰੀ ਹੋਵੇਗੀ। ਇਸ ਦੇ ਨਾਲ ਹੀ ਇਹ ਮੌਸਮ ਚਿਤਾਵਨੀ 8 ਤੋਂ ਜਾਰੀ ਕੀਤੀ ਗਈ ਸੀ ਜੋਕਿ12 ਮਈ ਤੱਕ ਲਾਗੂ ਰਹੇਗੀ। ਉਂਝ ਅੱਜ ਮੌਸਮ ਸਾਫ਼ ਰਿਹਾ ਪਰ ਅਗਲੇ 5 ਦਿਨ ਪੰਜਾਬ ਲਈ ਮੌਸਮ ਨੂੰ ਲੈ ਕੇ ਭਾਰੀ ਹਨ। 10 ਅਤੇ 11 ਮਈ ਨੂੰ ਪੰਜਾਬ ਵਿੱਚ ਮੌਸਮ ਫਿਰ ਖ਼ਰਾਬ (ਬਾਕੀ ਸਫ਼ਾ 2 'ਤੇ)

### ਸਿੰਧੂ ਜਲ ਸਮਝੌਤੇ 'ਤੇ ਪਾਕਿਸਤਾਨ ਨੂੰ ਵੱਡਾ ਝਟਕਾ

## ਵਿਸ਼ਵ ਬੈਂਕ ਨੇ ਵਿਵਾਦ ਹੱਲ ਕਰਨ ਤੋਂ ਪੱਲਾ ਝਾੜਿਆ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਮਈ :ਜਿੱਥੇ ਪਾਕਿਸਤਾਨ ਭਾਰਤ ਨਾਲ ਜੰਗ ਵਿੱਚ ਹਾਰ ਦਾ ਸਾਹਮਣਾ ਕਰ ਰਿਹਾ ਹੈ, ਉੱਥੇ ਹੀ ਉਸਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਜਦੋਂ ਭਾਰਤ ਨੇ ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨ ਨਾਲ 1960 ਦੀ ਸਿੰਧੂ ਜਲ ਸੰਧੀ ਰੱਦ ਕਰ ਦਿੱਤਾ ਸੀ, ਤਾਂ ਪਾਕਿਸਤਾਨੀ ਮਾਹਰ ਕਹਿ ਰਹੇ ਸਨ ਕਿ ਭਾਰਤ ਇਸ ਸੰਧੀ ਨੂੰ ਇਕਪਾਸੜ ਤੌਰ 'ਤੇ ਰੱਦ ਨਹੀਂ ਕਰ ਸਕਦਾ ਅਤੇ ਵਿਸ਼ਵ ਬੈਂਕ, ਜੋ ਕਿ ਸੰਧੀ ਦਾ ਵਿਚੋਲਾ ਹੈ, ਭਾਰਤ ਨੂੰ ਸੰਧੀ ਨੂੰ ਮੁਅੱਤਲ ਕਰਨ ਦੇ ਆਪਣੇ ਫੈਸਲੇ ਨੂੰ ਬਦਲਣ ਲਈ ਮਜਬੂਰ ਕਰ ਸਕਦਾ ਹੈ। ਪਰ ਹੁਣ ਵਿਸ਼ਵ ਬੈਂਕ ਨੇ ਪਾਕਿਸਤਾਨ



ਨੂੰ ਇਹ ਕਹਿ ਕੇ ਝਟਕਾ ਦਿੱਤਾ ਹੈ ਕਿ ਉਹ ਭਾਰਤ ਨੂੰ ਆਪਣਾ ਫੈਸਲਾ ਬਦਲਣ ਲਈ ਮਜਬੂਰ ਨਹੀਂ ਕਰ ਸਕਦਾ।ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੇ ਕਿਹਾ ਹੈ ਕਿ ਸੰਸਥਾ ਦੀ ਦੁਵੱਲੇ ਮੁੱਦਿਆਂ ਵਿੱਚ ਵਿਚੋਲੇ ਤੋਂ ਇਲਾਵਾ ਕੋਈ ਭੂਮਿਕਾ ਨਹੀਂ ਹੈ। (ਬਾਕੀ ਸਫ਼ਾ 2 'ਤੇ)

## ਆਈ.ਪੀ.ਐਲ. ਇੱਕ ਹਫ਼ਤੇ ਲਈ ਮੁਲਤਵੀ

ਨਵੀਂ ਦਿੱਲੀ, 9 ਮਈ (ਚੜ੍ਹਦੀਕਲਾ ਬਿਊਰੋ) : ਕੁਝ ਸਮਾਂ ਪਹਿਲਾਂ ਹੀ ਅੱਜ ਭਾਰਤ ਤੇ ਪਾਕਿਸਤਾਨ ਵਿਚਾਲੇ ਬਣੀ ਤਣਾਅਪੂਰਨ ਸਥਿਤੀ ਕਾਰਨ ਆਈ.ਪੀ.ਐੱਲ. ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰਨ ਦਾ ਐਲਾਨ ਕੀਤਾ ਗਿਆ ਸੀ। ਹੁਣ ਇਸ ਬਾਰੇ ਇਕ ਹੋਰ ਵੱਡੀ ਅਪਡੇਟ ਸਾਹਮਣੇ ਆ ਰਹੀ ਹੈ ਕਿ ਆਈ.ਪੀ.ਐੱਲ. ਦਾ ਮੌਜੂਦਾ ਸੀਜ਼ਨ ਸਿਰਫ਼ 1 ਹਫ਼ਤੇ ਲਈ ਮੁਲਤਵੀ ਕੀਤਾ ਗਿਆ ਹੈ। ਬੀ.ਸੀ.ਸੀ.ਆਈ. ਦੇ ਉਪ-ਪ੍ਰਧਾਨ ਰਾਜੀਵ ਸ਼ੁਕਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਬੋਰਡ ਨੇ ਟੂਰਨਾਮੈਂਟ ਦੇ ਬਾਕੀ ਹਿੱਸੇ ਨੂੰ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ ਹੈ। ਇਕ ਹਫ਼ਤੇ ਬਾਅਦ ਦੁਬਾਰਾ ਹਾਲਾਤਾਂ ਦੇ ਮੱਦੇਨਜ਼ਰ ਅੱਗੇ ਦੇ ਮੈਚਾਂ ਬਾਰੇ (ਬਾਕੀ ਸਫ਼ਾ 2 'ਤੇ)

## ਸ਼ਾਂਤੀ ਬਹਾਲੀ ਲਈ ਹੋਣ ਲੱਗੇ ਯਤਨ, ਨਵਾਜ਼ ਸ਼ਰੀਫ਼ ਬੈਕ ਡੋਰ ਡਿਪਲੋਮੇਸੀ ਵਿੱਚ ਸਰਗਰਮ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 9 ਮਈ : ਭਾਰਤ ਦੇ ਆਪ੍ਰੇਸ਼ਨ ਸਿੰਦੂਰ ਨੇ ਪਾਕਿਸਤਾਨ ਦੀ ਸ਼ਕਤੀ ਅਤੇ ਫੌਜ ਦੀਆਂ ਨੀਹਾਂ ਹਿਲਾ ਦਿੱਤੀਆਂ ਹਨ।

ਮਿਜ਼ਾਈਲ ਅਤੇ ਡਰੋਨ ਹਮਲੇ ਤੋਂ ਬਾਅਦ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੋਂ ਲਾਹੌਰ ਅਤੇ ਕਰਾਚੀ ਤੱਕ ਹਫੜਾ-ਦਫੜੀ ਮਚੀ ਹੋਈ ਹੈ। ਪਾਕਿਸਤਾਨੀ ਫੌਜ ਜਿਨ੍ਹਾਂ ਸ਼ਹਿਰਾਂ ਨੂੰ ਅਜਿੱਤ ਮੰਨਦੀ ਸੀ ਉਨ੍ਹਾਂ 'ਤੇ ਭਾਰਤੀ ਨਿਸ਼ਾਨੇ 'ਤੇ ਹਮਲੇ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਹੁਣ ਸਿਰਫ਼ ਚਿਤਾਵਨੀ ਹੀ ਨਹੀਂ ਦਿੰਦਾ, ਸਗੋਂ ਜਵਾਬ ਵੀ ਦਿੰਦਾ ਹੈ।

ਇਸ ਸਭ ਦੇ ਵਿਚਕਾਰ ਪਾਕਿਸਤਾਨ ਦੇ ਤਿੰਨ ਵਾਰ ਪ੍ਰਧਾਨ



ਮੰਤਰੀ ਰਹੇ ਨਵਾਜ਼ ਸ਼ਰੀਫ ਦੇ ਅਚਾਨਕ ਪ੍ਰਵੇਸ਼ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਲੰਡਨ ਤੋਂ ਵਾਪਸ ਆਏ ਨਵਾਜ਼ ਸ਼ਰੀਫ ਨੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਸਪੱਸ਼ਟ ਸ਼ਬਦਾਂ ਵਿੱਚ ਕਿਹਾ - ਹੁਣ ਮਾਮਲੇ ਨੂੰ ਕੂਟਨੀਤੀ ਨਾਲ ਸੰਭਾਲੋ ਨਹੀਂ ਤਾਂ ਸਥਿਤੀ ਹੱਥੋਂ ਨਿਕਲ ਜਾਵੇਗੀ।

**ਭਾਰਤੀ ਹਾਈ ਕਮਿਸ਼ਨ ਦੀਆਂ ਕੰਧਾਂ 'ਤੇ ਨਵਾਜ਼ ਦੀਆਂ ਫੋਟੋਆਂ ਕਿਉਂ ?**

ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ (ਬਾਕੀ ਸਫ਼ਾ 2 'ਤੇ)

## ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਤਣਾਅ 'ਚ ਜੀਅ ਰਹੇ ਨੇ ਲੋਕ

### ਰਾਜਸਥਾਨ ਵਿੱਚ ਲੋਕਾਂ ਦਾ ਇਹੋ ਹਾਲ, ਚਿਹਰਿਆਂ ਉੱਤੇ ਝਲਕਦੀ ਹੈ ਚਿੰਤਾ

ਚੜ੍ਹਦੀਕਲਾ ਬਿਊਰੋ
================

ਅੰਮ੍ਰਿਤਸਰ, 9 ਮਈ : ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ, ਪੰਜਾਬ ਅਤੇ ਰਾਜਸਥਾਨ ਦੇ ਲੋਕ ਵੀ ਤਣਾਅ ਵਿੱਚ ਆਪਣੀਆਂ ਰਾਤਾਂ ਬਿਤਾ ਰਹੇ ਹਨ। ਦੋਵਾਂ ਰਾਜਾਂ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ, ਸਕੂਲ ਬੰਦ ਹਨ, ਸੜਕਾਂ ਅਤੇ ਗਲੀਆਂ ਸੁੰਨਸਾਨ ਹਨ, ਜ਼ਿਆਦਾਤਰ ਲੋਕ ਆਪਣੇ ਘਰਾਂ ਦੇ ਅੰਦਰ ਹਨ ਅਤੇ ਸਮੇਂ-ਸਮੇਂ 'ਤੇ ਸਾਇਰਨ ਵੱਜਦਾ ਰਹਿੰਦਾ ਹੈ। ਭਾਰਤ-ਪਾਕਿਸਤਾਨ ਤਣਾਅ ਕਾਰਨ ਦੇਸ਼ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਇਹ ਮੌਜੂਦਾ ਸਥਿਤੀ ਹੈ।

ਤਣਾਅਪੂਰਨ ਰਾਤ ਤੋਂ ਬਾਅਦ, ਸ਼ੁੱਕਰਵਾਰ ਸਵੇਰੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਜੀਵਨ ਆਮ ਰਿਹਾ ਪਰ ਇੱਕ ਅਜੀਬ ਚੁੱਪ ਦੇ ਵਿਚਕਾਰ, ਲੋਕਾਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਰੇਖਾਵਾਂ ਸਾਫ਼ ਦਿਖਾਈ ਦੇ ਰਹੀਆਂ ਸਨ। ਉਹ ਰਾਤ ਬਹੁਤ ਤਣਾਅਪੂਰਨ ਸੀ। ਭਾਰਤ ਅਤੇ ਗੁਆਂਢੀ ਦੇਸ਼ ਪਾਕਿਸਤਾਨ ਵਿਚਕਾਰ ਜੰਗ ਦੇ ਡਰ ਦੇ ਵਿਚਕਾਰ, ਇਨ੍ਹਾਂ ਸਰਹੱਦੀ ਜ਼ਿਲ੍ਹਿਆਂ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ, ਤੇਜ਼ ਧਮਾਕਿਆਂ ਨੇ ਚੁੱਪ ਤੋੜ ਦਿੱਤੀ ਅਤੇ ਲੋਕ ਡਰ ਗਏ ਕਿਉਂਕਿ ਉਨ੍ਹਾਂ ਦੇ ਘਰ ਸਰਹੱਦ 'ਤੇ ਸਥਿਤ ਹਨ। ਹਾਲਾਂਕਿ, ਰਾਤ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਲੰਘ ਗਈ ਅਤੇ ਰਾਜਸਥਾਨ ਅਤੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੇ ਰਾਹਤ ਦਾ ਸਾਹ ਲਿਆ।

**ਪੰਜਾਬ ਦੇ ਕਈ ਸਰਹੱਦੀ ਜ਼ਿਲ੍ਹਿਆਂ ਵਿੱਚ ਪੂਰੀ ਤਰ੍ਹਾਂ ਬਿਜਲੀ ਬੰਦ**

ਪੰਜਾਬ ਦੀ ਪਾਕਿਸਤਾਨ ਨਾਲ 532 ਕਿਲੋਮੀਟਰ ਲੰਬੀ ਸਰਹੱਦ ਹੈ ਜਦੋਂ



ਕਿ ਰਾਜਸਥਾਨ ਦੀ ਗੁਆਂਢੀ ਦੇਸ਼ ਨਾਲ ਲਗਭਗ 1,070 ਕਿਲੋਮੀਟਰ ਲੰਬੀ ਸਰਹੱਦ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ, ਅਧਿਕਾਰੀਆਂ ਨੇ ਵੀਰਵਾਰ ਨੂੰ ਪੰਜਾਬ ਦੇ ਕਈ ਸਰਹੱਦੀ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਅੰਮ੍ਰਿਤਸਰ, ਪਠਾਨਕੋਟ, ਫਿਰੋਜ਼ਪੁਰ ਅਤੇ ਗੁਰਦਾਸਪੁਰ ਸ਼ਾਮਲ ਹਨ, ਵਿੱਚ ਪੂਰੀ ਤਰ੍ਹਾਂ ਬਲੈਕਆਊਟ ਕਰ ਦਿੱਤਾ ਸੀ, ਜਿਸ ਕਾਰਨ ਲੋਕਾਂ ਨੂੰ ਚਿੰਤਾ ਵਿੱਚ ਰਾਤ ਬਿਤਾਉਣੀ ਪਈ। ਪਠਾਨਕੋਟ ਦੇ ਕੁਝ ਸਥਾਨਕ ਲੋਕਾਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਵੀਰਵਾਰ ਰਾਤ ਨੂੰ ਧਮਾਕਿਆਂ ਵਰਗੀਆਂ ਆਵਾਜ਼ਾਂ ਸੁਣੀਆਂ ਸਨ, ਹਾਲਾਂਕਿ ਸ਼ੁੱਕਰਵਾਰ ਸਵੇਰੇ ਸ਼ਾਂਤੀ ਰਹੀ। ਕੁਝ ਸਥਾਨਕ ਲੋਕਾਂ ਨੇ ਕਿਹਾ ਕਿ ਉਹ ਘਟਨਾਕ੍ਰਮ ਤੋਂ ਚਿੰਤਤ ਸਨ ਪਰ ਭਾਰਤੀ ਹਥਿਆਰਬੰਦ ਬਲਾਂ ਵੱਲੋਂ ਪਾਕਿਸਤਾਨ ਦੀਆਂ ਕੋਸ਼ਿਸ਼ਾਂ ਨੂੰ ਤੁਰੰਤ ਨਾਕਾਮ ਕਰਨ ਤੋਂ ਉਨ੍ਹਾਂ ਨੂੰ ਭਰੋਸਾ ਮਿਲਿਆ।

ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਰਗੇ ਪ੍ਰਮੁੱਖ ਸਰਹੱਦੀ ਜ਼ਿਲ੍ਹੇ ਵੀ ਸ਼ੁੱਕਰਵਾਰ ਸਵੇਰੇ ਸ਼ਾਂਤ ਰਹੇ। ਫਿਰੋਜ਼ਪੁਰ ਦੇ ਕੁਝ ਵਸਨੀਕਾਂ ਨੇ ਦੱਸਿਆ ਕਿ ਸ਼ੁੱਕਰਵਾਰ ਸਵੇਰੇ (ਬਾਕੀ ਸਫ਼ਾ 2 'ਤੇ)

# ਪਹਿਲੇ ਸਫ਼ੇ ਦੀ ਬਾਕੀ

## ਦਿੱਲੀ ਹਵਾਈ ਅੱਡੇ ਤੇ ਸ਼ੁੱਕਰਵਾਰ ਨੂੰ

ਲਗਭਗ 27 ਹਵਾਈ ਅੱਡੇ ਬੰਦ ਹਨ। 'ਆਪ੍ਰੇਸ਼ਨ ਸਿੰਦੂਰ' ਤਹਿਤ, ਹਥਿਆਰਬੰਦ ਬਲਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਬੁੱਧਵਾਰ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ। ਪਹਿਲਗਾਮ ਅੱਤਵਾਦੀ ਹਮਲੇ ਵਿੱਚ ਘੱਟੋ-ਘੱਟ 26 ਲੋਕ ਮਾਰੇ ਗਏ ਸਨ। ਹਵਾਈ ਅੱਡਿਆਂ ਦੇ ਬੰਦ ਹੋਣ ਕਾਰਨ ਕਈ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।

ਸੂਤਰ ਨੇ ਦੱਸਿਆ ਕਿ ਸ਼ੁੱਕਰਵਾਰ ਸਵੇਰੇ 5 ਵਜੇ ਤੋਂ ਦੁਪਹਿਰ 2 ਵਜੇ ਦੇ ਵਿਚਕਾਰ ਕੁੱਲ 66 ਘਰੇਲੂ ਜਾਣ ਵਾਲੀਆਂ ਅਤੇ 63 ਆਉਣ ਵਾਲੀਆਂ ਅਤੇ 5 ਅੰਤਰਰਾਸ਼ਟਰੀ ਜਾਣ ਵਾਲੀਆਂ ਅਤੇ 4 ਆਉਣ ਵਾਲੀਆਂ ਉਡਾਣਾਂ ਰੱਦ ਕੀਤੀ ਗਈਆਂ। 491 ਨੇ ਸ਼ੁੱਕਰਵਾਰ ਨੂੰ ਇੱਕ ਪੋਸਟ ਵਿੱਚ ਕਿਹਾ, ਦਿੱਲੀ ਹਵਾਈ ਅੱਡੇ 'ਤੇ ਸੰਚਾਲਨ ਆਮ ਵਾਂਗ ਬਣਿਆ ਹੋਇਆ ਹੈ। ਹਾਲਾਂਕਿ, ਹਵਾਈ ਖੇਤਰ ਦੇ ਬਦਲਦੇ ਹਾਲਾਤਾਂ ਅਤੇ ਸੁਰੱਖਿਆ ਉਪਾਵਾਂ ਦੇ ਕਾਰਨ, ਕੁਝ ਉਡਾਣਾਂ ਦਾ ਪ੍ਰੋਗਰਾਮ ਅਤੇ ਸੁਰੱਖਿਆ ਪ੍ਰਕਿਰਿਆ ਦਾ ਸਮਾਂ ਪ੍ਰਭਾਵਿਤ ਹੋ ਸਕਦਾ ਹੈ।÷ ਦਿੱਲੀ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ (ਡਾਇਲ) ਦੇਸ਼ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵਿਅਸਤ ਹਵਾਈ ਅੱਡੇ, ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ (9791) ਦਾ ਸੰਚਾਲਨ ਕਰਦਾ ਹੈ। ਡਾਇਲ ਨੇ ਯਾਤਰੀਆਂ ਨੂੰ ਸੁਰੱਖਿਆ ਚੌਕੀਆਂ 'ਤੇ ਵਾਧੂ ਸਮੇਂ ਲਈ ਤਿਆਰ ਰਹਿਣ ਅਤੇ ਸੁਚਾਰੂ ਪ੍ਰਕਿਰਿਆ ਲਈ ਏਅਰਲਾਈਨ ਅਤੇ ਸੁਰੱਖਿਆ ਸਟਾਫ ਨਾਲ ਸਹਿਯੋਗ ਕਰਨ ਦੀ ਸਲਾਹ ਵੀ ਦਿੱਤੀ।

## ਸਿਵਲ ਉਡਾਣਾਂ ਨੂੰ ਢਾਲ ਬਣਾ ਰਿਹੈ ਪਾਕਿ

ਭਾਰਤੀ ਫੌਜੀ ਠਿਕਾਣਿਆਂ ਬਾਰੇ ਖੁਫੀਆ ਜਾਣਕਾਰੀ ਇਕੱਠੀ ਕਰਨਾ ਹੋ ਸਕਦਾ ਹੈ। ਇਹ ਜਾਣਿਆ ਜਾਂਦਾ ਹੈ ਕਿ ਭਾਰਤ ਨੇ 6-7 ਮਈ ਦੀ ਰਾਤ ਨੂੰ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀਓਕੇ) ਵਿੱਚ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਦੇ ਉਦੇਸ਼ ਨਾਲ ਆਪ੍ਰੇਸ਼ਨ ਸਿੰਦੂਰ ਨਾਮਕ ਇੱਕ ਫੌਜੀ ਕਾਰਵਾਈ ਸ਼ੁਰੂ ਕੀਤੀ ਸੀ।

ਇਹ ਕਾਰਵਾਈ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਹੈ, ਜਿਸ ਵਿੱਚ 25 ਭਾਰਤੀ ਅਤੇ ਇੱਕ ਨੇਪਾਲੀ ਨਾਗਰਿਕ ਮਾਰੇ ਗਏ ਸਨ। ਭਾਰਤੀ ਫੌਜ, ਹਵਾਈ ਸੈਨਾ ਅਤੇ ਜਲ ਸੈਨਾ ਨੇ ਸਾਂਝੇ ਤੌਰ 'ਤੇ 9 ਅੱਤਵਾਦੀ ਟਿਕਾਣਿਆਂ (ਜਿਵੇਂ ਕਿ ਬਹਾਵਲਪੁਰ, ਮੁਜ਼ੱਫਰਾਬਾਦ ਅਤੇ ਕੋਟਲੀ) 'ਤੇ ਸਟੀਕ ਹਮਲੇ ਕੀਤੇ। ਭਾਰਤ ਦਾ ਕਹਿਣਾ ਹੈ ਕਿ ਇਹ ਕਾਰਵਾਈ ਅੱਤਵਾਦ ਵਿਰੁੱਧ ਕੇਂਦ੍ਰਿਤ, ਸੰਜਮੀ ਅਤੇ ਗੈਰ-ਭੜਕਾਅ ਵਾਲੀ ਸੀ ਅਤੇ ਇਸ ਵਿੱਚ ਪਾਕਿਸਤਾਨੀ ਫੌਜੀ ਠਿਕਾਣਿਆਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਸੀ।

## 'ਹਰ ਹੰਗਾਮੀ ਹਾਲਾਤ

ਦਿੱਲੀ ਵਰਗੇ ਹਸਪਤਾਲਾਂ ਨੂੰ ਵੀ ਵੱਡੇ ਪੱਧਰ 'ਤੇ ਤਿਆਰ ਰਹਿਣ ਲਈ ਕਹਿ ਦਿੱਤਾ ਗਿਆ ਹੈ ਤੇ ਨਾਲ ਹੀ ਲੋੜੀਂਦੀ ਡਾਕਟਰੀ ਸਪਲਾਈ ਅਤੇ ਸਟਾਫ ਨੂੰ ਵੀ ਤਿਆਰ ਰਹਿਣ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।

ਇਸ ਤੋਂ ਬਾਅਦ ਪੰਜਾਬ ਦੀ ਸਰਹੱਦ 'ਤੇ ਐਂਟੀ-ਡਰੋਨ ਸਿਸਟਮ ਦੀ ਤਾਇਨਾਤੀ, ਹਵਾਈ ਅੱਡਿਆਂ ਅਤੇ ਹੋਰ ਭੀੜ ਵਾਲੀਆਂ ਥਾਵਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਇਹ ਸਰਗਰਮ ਕਦਮ ਇਸ ਚਿਤਾਵਨੀ ਦੇ ਸਮੇਂ ਦੌਰਾਨ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

## ਪੰਜਾਬ ਵਿੱਚ ਦੁਕਾਨਾਂ ਤੇ ਕਾਰੋਬਾਰ

ਗਿਆ ਹੈ ਕਿ ਜਦੋਂ ਤੱਕ ਬਹੁਤ ਜ਼ਰੂਰੀ ਕੰਮ ਨਾ ਹੋਵੇ, ਓਦੋਂ ਤੱਕ ਘਰ ਤੋਂ ਬਾਹਰ ਨਿਕਲਣ ਤੋਂ ਗੁਰੇਜ਼ ਕੀਤਾ ਜਾਵੇ। ਬਠਿੰਡਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਐਡਵਾਈਜ਼ਰੀ ਜਾਰੀ ਕਰਦਿਆਂ ਆਖਿਆ ਗਿਆ ਹੈ ਕਿ ਮੀਡੀਆ ਕਰਮਚਾਰੀਆਂ ਸਮੇਤ ਸਾਰੀ ਜਨਤਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਅਣਪਛਾਤੀ ਵਸਤੂ ਜਾਂ ਉਨ੍ਹਾਂ ਦੇ ਟੁਕੜਿਆਂ ਤੋਂ ਦੂਰ ਰਹਿਣ।

ਲਗਭਗ 100 ਮੀਟਰ ਦੀ ਸਪੱਸ਼ਟ ਦੂਰੀ ਯਕੀਨੀ ਬਣਾਈ ਜਾਵੇ। ਹਥਿਆਰਬੰਦ ਬਲਾਂ ਅਤੇ ਰਾਜ ਪ੍ਰਸ਼ਾਸਨ ਦੀਆਂ ਸਾਂਝੀਆਂ ਟੀਮਾਂ ਵੱਖ-ਵੱਖ ਖੇਤਰਾਂ ਦਾ ਦੌਰਾ ਕਰ ਰਹੀਆਂ ਹਨ। ਬੇਲੋੜੀਆਂ ਅਫਵਾਹਾਂ ਫੈਲਾਉਣ ਤੋਂ ਸਖ਼ਤੀ ਨਾਲ ਬਚਿਆ ਜਾਵੇ। ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਢੁਕਵੀਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਘਰ ਦੇ ਅੰਦਰ ਹੀ ਰਹਿਣ ਅਤੇ ਖਿੜਕੀਆਂ ਤੋਂ ਦੂਰ ਰਹਿਣ। ਜ਼ਰੂਰਤ ਪੈਣ 'ਤੇ ਹੀ ਘਰੋਂ ਬਾਹਰ ਨਿਕਲਿਆ ਜਾਵੇ।

ਉਧਰ ਚੰਡੀਗੜ੍ਹ ਵਿਚ ਅੱਜ ਸਵੇਰੇ ਡਰੋਨ ਅਟੈਕ ਦੇ ਖਦਸ਼ੇ ਕਾਰਨ ਕਈ ਘੰਟੇ ਸਾਇਰਨ ਵੱਜਦੇ ਰਹੇ। ਇਸ ਤੋਂ ਬਾਅਦ ਨਾਲ ਲੱਗਦੇ ਪੰਜਾਬ ਦੇ ਖੇਤਰਾਂ ਵਿਚ ਵੀ ਚੌਕਸੀ ਵਧਾ ਦਿੱਤੀ ਗਈ। ਚੰਡੀਗੜ੍ਹ ਪ੍ਰਸ਼ਾਸਨ ਵਲੋਂ ਸ਼ਾਮ 7 ਵਜੇ ਤੋਂ ਬਾਅਦ ਬਜ਼ਾਰ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਅਗਲੀ ਸੂਚਨਾ ਤੱਕ ਬੰਦ ਰਹਿਣਗੀਆਂ। ਨਾਗਰਿਕਾਂ ਨੂੰ ਪੂਰੀ ਤਰ੍ਹਾਂ ਘਰਾਂ ਵਿਚ ਰਹਿਣ ਅਤੇ ਛੱਤਾਂ, ਬਾਲਕੋਨੀਆਂ ਜਾਂ ਖੁੱਲ੍ਹੇ ਇਲਾਕਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿਚ ਹੇਠਾਂ ਦਿੱਤੇ ਨੰਬਰਾਂ 'ਤੇ ਤੁਰੰਤ ਸੰਪਰਕ ਕਰਨ ਲਈ ਆਖਿਆ ਗਿਆ ਹੈ।

## ਪੰਜਾਬ ਕੈਬਨਿਟ ਵੱਲੋਂ ਕੌਮਾਂਤਰੀ ਸਰਹੱਦ

ਜਾਵੇਗੀ। ਅਗਰ ਕੋਈ ਪ੍ਰਾਈਵੇਟ ਵਪਾਰੀ ਮੱਕੀ ਖ਼ਰੀਦਣਾ ਚਾਹੇਗਾ ਤਾਂ ਉਸ ਨੂੰ ਘੱਟੋ ਘੱਟ ਸਰਕਾਰੀ ਭਾਅ ਦੇਣਾ ਹੋਵੇਗਾ। ਇਵੇਂ ਹੀ ਹਾਊਸਿੰਗ ਦੀ ਜ਼ਮੀਨ ਨੂੰ ਸਨਅਤੀ ਪ੍ਰੋਜੈਕਟਾਂ ਲਈ ਦੇਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ।

ਪੰਜਾਬ ਦੇ ਕੈਬਨਿਟ ਵਜ਼ੀਰਾਂ ਨੂੰ ਸਰਹੱਦੀ ਜ਼ਿਲ੍ਹਿਆਂ ਵਿੱਚ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਸਰਹੱਦੀ ਖੇਤਰ ਵਿੱਚ ਕਾਲਾਬਾਜ਼ਾਰੀ ਨੂੰ ਰੋਕਿਆ ਜਾਵੇ ਅਤੇ ਜਮ੍ਹਾਂਖ਼ੋਰੀ ਉਤੇ ਨਜ਼ਰ ਰੱਖੀ ਜਾ ਸਕੇ। ਹਰ ਸਰਹੱਦੀ ਜ਼ਿਲ੍ਹੇ ਵਿੱਚ ਦੋ ਦੋ ਵਜ਼ੀਰਾਂ ਦੀ ਤਾਇਨਾਤੀ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਤੇਲ ਦੀ ਕੋਈ ਕਮੀ ਨਹੀਂ ਹੈ।

ਫ਼ਰਿਸ਼ਤੇ' ਸਕੀਮ ਦਾ ਵਧਾਇਆ ਘੇਰਾ ਪੰਜਾਬ ਕੈਬਨਿਟ ਨੇ ਫ਼ੈਸਲਾ ਕੀਤਾ ਹੈ ਕਿ ਦਹਿਸ਼ਤੀ ਘਟਨਾਵਾਂ ਅਤੇ ਜੰਗ ਵਿੱਚ ਜ਼ਖ਼ਮੀ ਹੋਣ ਵਾਲੇ ਆਮ ਲੋਕਾਂ ਦਾ ਇਲਾਜ ਵੀ ਹੁਣ 'ਫ਼ਰਿਸ਼ਤੇ' ਸਕੀਮ ਤਹਿਤ ਹੋਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਮਗਰੋਂ ਦੱਸਿਆ ਕਿ ਫ਼ਰਿਸ਼ਤੇ ਸਕੀਮ ਤਹਿਤ ਪਹਿਲਾਂ ਸੜਕੀ ਹਾਦਸਿਆਂ ਵਿੱਚ ਜ਼ਖ਼ਮੀ ਹੋਣ ਵਾਲੇ ਲੋਕ ਸ਼ਾਮਲ ਸਨ। ਹੁਣ ਯੁੱਧ ਜਾਂ ਅਤਿਵਾਦੀ ਘਟਨਾਵਾਂ ਵਿੱਚ ਜੇ ਆਮ ਲੋਕ ਜ਼ਖ਼ਮੀ ਹੁੰਦੇ ਹਨ ਤਾਂ ਉਨ੍ਹਾਂ ਦਾ ਇਲਾਜ 'ਫ਼ਰਿਸ਼ਤੇ' ਸਕੀਮ ਤਹਿਤ ਪੰਜਾਬ ਸਰਕਾਰ ਕਰਾਏਗੀ।

**ਮੰਤਰੀ ਮੰਡਲ ਨੇ ਸਿੱਧੀ ਖਰੀਦ ਅਤੇ ਜਮੀਨ ਪੂਲਿੰਗ ਨੀਤੀ ਨੂੰ ਪ੍ਰਵਾਨਗੀ ਦਿੱਤੀ** :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਅੱਜ ਦੂਰਦਰਸੀ ਤੇ ਲੋਕ ਭਲਾਈ ਵਾਲਾ ਫੈਸਲਾ ਲੈ ਕੇ ਸ਼ਹਿਰੀਕਰਨ ਵੱਲ ਵੱਡਾ ਕਦਮ ਚੁੱਕਿਆ ਹੈ। ਵਜ਼ਾਰਤ ਦੀ ਮੀਟਿੰਗ ਵਿੱਚ ਸੂਬੇ 'ਚ ਕਿਫਾਇਤੀ ਰਿਹਾਇਸ਼ੀ ਯੋਜਨਾਵਾਂ ਵਿੱਚ ਤੇਜ਼ੀ ਲਿਆਉਣ ਅਤੇ ਅਰਬਨ ਅਸਟੇਟ ਦੇ ਤੇਜੀ ਨਾਲ ਵਿਕਾਸ ਲਈ ਜਮੀਨ ਪ੍ਰਾਪਤੀ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਦਾ ਫੈਸਲਾ ਕੀਤਾ ਗਿਆ।

ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਹੁਣ ਜ਼ਮੀਨ ਮਾਲਕਾਂ ਤੋਂ ਸਿੱਧੇ ਤੌਰ 'ਤੇ ਜ਼ਮੀਨ ਖਰੀਦਣ ਲਈ ਸਰਲ ਅਤੇ ਪਾਰਦਰਸੀ ਪ੍ਰਕਿਰਿਆ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਜ਼ਮੀਨ ਪ੍ਰਾਪਤੀ ਵਿੱਚ ਦੇਰੀ ਤੇ ਕਾਨੂੰਨੀ ਪੇਚੀਦਗੀਆਂ ਖਤਮ ਹੋਣਗੀਆਂ ਅਤੇ ਵਿਕਾਸ ਪ੍ਰੋਜੈਕਟਾਂ ਨੂੰ ਤੇਜੀ ਨਾਲ ਪੂਰਾ ਕੀਤਾ ਜਾ ਸਕੇਗਾ।

ਜਨਤਕ ਭਾਈਵਾਲੀ ਦਾ ਨਵਾਂ ਮਾਡਲ-ਲੈਂਡ ਪੂਲਿੰਗ ਸਕੀਮ ਨੂੰ ਹਰੀ ਝੰਡੀ

ਸਰਕਾਰ ਨੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੀ 'ਲੈਂਡ ਪੂਲਿੰਗ ਸਕੀਮ' ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਸਹਿਰੀ ਖੇਤਰਾਂ ਵਿੱਚ ਨਵੀਂਆਂ ਰਿਹਾਇਸ਼ੀ ਕਲੋਨੀਆਂ ਦੀ ਸਥਾਪਨਾ ਹੋਵੇਗੀ। ਇਸ ਯੋਜਨਾ ਦੇ ਤਹਿਤ ਕਿਸਾਨ ਜਾਂ ਜਮੀਨ ਮਾਲਕ ਆਪਣੀ ਜ਼ਮੀਨ ਸਰਕਾਰ ਨੂੰ ਦੇਣਗੇ ਅਤੇ ਬਦਲੇ ਵਿੱਚ ਉਨ੍ਹਾਂ ਨੂੰ ਵਿਕਸਤ ਖੇਤਰ ਵਿੱਚ ਪਲਾਟ ਵਜੋਂ ਹਿੱਸੇਦਾਰੀ ਜਾਂ ਉਚਿਤ ਮੁਆਵਜਾ ਮਿਲੇਗਾ। ਇਹ ਨੀਤੀ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰੇਗੀ ਅਤੇ ਉਨ੍ਹਾਂ ਨੂੰ ਵਿਕਾਸ ਵਿੱਚ ਭਾਈਵਾਲ ਬਣਾਏਗੀ।

ਜ਼ਮੀਨ ਖਰੀਦਣ ਦੀ ਪ੍ਰਕਿਰਿਆ ਪਾਰਦਰਸੀ ਤੇ ਸਮਾਂਬੱਧ ਹੋਵੇਗੀ

ਸੂਬਾ ਸਰਕਾਰ ਦੁਆਰਾ ਨਿਰਧਾਰਤ ਨਵੀਂ ਪ੍ਰਕਿਰਿਆ ਦੇ ਤਹਿਤ:

ਜ਼ਮੀਨ ਦੀ ਸ਼ਨਾਖਤ ਇੱਕ ਕਮੇਟੀ ਦੁਆਰਾ ਕੀਤੀ ਜਾਵੇਗੀ, ਜੋ ਕਿ ਮਾਲ ਅਤੇ ਮੁੜ ਵਸੇਬਾ ਵਿਭਾਗ ਦੀ 2011 ਦੀ ਨੀਤੀ ਅਨੁਸਾਰ ਕੰਮ ਕਰੇਗੀ।

ਜ਼ਮੀਨ ਮਾਲਕਾਂ ਨੂੰ ਆਪਣੀ ਜ਼ਮੀਨ ਵਿਕਾਸ ਅਥਾਰਟੀ ਨੂੰ ਵੇਚਣ ਜਾਂ ਲੈਂਡ ਪੂਲਿੰਗ ਸਕੀਮ ਅਧੀਨ ਦੇਣ ਲਈ ਸੱਦਾ ਦਿੱਤਾ ਜਾਵੇਗਾ।

ਜ਼ਮੀਨ ਦੇ ਮਾਲਕੀ ਹੱਕ ਦੀ ਤਸਦੀਕ ਸਬੰਧਤ ਡਿਪਟੀ ਕਮਿਸ਼ਨਰ ਤੋਂ ਕੀਤੀ ਜਾਵੇਗੀ।

ਫਿਰ ਆਮ ਜਨਤਾ ਤੋਂ ਇਤਰਾਜ ਮੰਗਣ ਲਈ 30 ਦਿਨਾਂ ਦਾ ਜਨਤਕ ਨੋਟਿਸ ਜਾਰੀ ਕੀਤਾ ਜਾਵੇਗਾ।

ਪ੍ਰਾਪਤ ਹੋਏ ਇਤਰਾਜ਼ਾਂ ਦਾ ਨਿਪਟਾਰਾ ਕਮੇਟੀ ਦੁਆਰਾ 30 ਦਿਨਾਂ ਦੇ ਅੰਦਰ ਕੀਤਾ ਜਾਵੇਗਾ।

ਇਸ ਤੋਂ ਬਾਅਦ ਵਿਕਾਸ ਅਥਾਰਟੀ ਦਾ ਮਨੋਨੀਤ ਅਧਿਕਾਰੀ ਪ੍ਰਾਪਤੀ ਪ੍ਰਕਿਰਿਆ ਨੂੰ ਪੂਰਾ ਕਰੇਗਾ।

ਸਰਕਾਰ ਦਾ ਉਦੇਸ ਹਰ ਪਰਿਵਾਰ ਨੂੰ ਛੱਤ ਪ੍ਰਦਾਨ ਕਰਨਾ ਅਤੇ ਵਿਕਾਸ ਨੂੰ ਤੇਜ ਕਰਨਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਫੈਸਲੇ ਨੂੰ 'ਪੰਜਾਬ ਦੇ ਆਮ ਲੋਕਾਂ' ਨੂੰ ਛੱਤ ਪ੍ਰਦਾਨ ਕਰਨ ਅਤੇ ਯੋਜਨਾਬੱਧ ਸਹਿਰੀਕਰਨ ਵੱਲ ਇਤਿਹਾਸਕ ਕਦਮ ਦੱਸਿਆ। ਉਨ੍ਹਾਂ ਕਿਹਾ, "ਇਹ ਸਾਡੀ ਸਰਕਾਰ ਦੀ ਤਰਜੀਹ ਹੈ ਕਿ ਕੋਈ ਵੀ ਵਿਅਕਤੀ ਛੱਤ ਤੋਂ ਬਿਨਾਂ ਨਾ ਰਹੇ। ਇਹ ਨੀਤੀ ਸੂਬੇ ਦੇ ਲੱਖਾਂ ਲੋਕਾਂ ਨੂੰ ਕਿਫਾਇਤੀ ਦਰਾਂ 'ਤੇ ਘਰ ਪ੍ਰਾਪਤ ਕਰਨ ਦੇ ਯੋਗ ਬਣਾਏਗੀ।"

ਇਹ ਫੈਸਲਾ ਸੂਬੇ ਵਿੱਚ ਤੇਜ ਅਤੇ ਟਿਕਾਊ ਸਹਿਰੀ ਵਿਕਾਸ ਲਈ ਰਾਹ ਪੱਧਰਾ ਕਰੇਗਾ, ਨਾਲ ਹੀ ਨੌਜਵਾਨਾਂ, ਘੱਟ ਆਮਦਨ ਵਾਲੇ ਸਮੂਹਾਂ ਅਤੇ ਮੱਧ ਵਰਗ ਲਈ ਘਰ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਦੇਵੇਗਾ।

ਇਹ ਪਹਿਲਕਦਮੀ ਦਰਸਾਉਂਦੀ ਹੈ ਕਿ ਮਾਨ ਸਰਕਾਰ ਸਿਰਫ ਵਾਅਦੇ ਹੀ ਨਹੀਂ ਕਰਦੀ, ਸਗੋਂ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਕਾਰਗਰ ਕਦਮ ਵੀ ਚੁੱਕਦੀ ਹੈ।

**ਜੰਗ ਅਤੇ ਅਤਿਵਾਦ ਪ੍ਰਭਾਵਿਤ ਲੋਕਾਂ ਨੂੰ ਵੀ ਮਿਲੇਗਾ 'ਫਰਿਸ਼ਤੇ ਯੋਜਨਾ' ਦਾ ਲਾਭ** :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਸ਼ੁੱਕਰਵਾਰ ਨੂੰ ਹੋਈ ਸੂਬਾਈ ਕੈਬਨਿਟ ਮੀਟਿੰਗ ਵਿੱਚ 'ਫਰਿਸ਼ਤੇ ਸਕੀਮ' ਦਾ ਦਾਇਰਾ ਵਧਾ ਕੇ ਇੱਕ ਇਤਿਹਾਸਕ ਫੈਸਲਾ ਲਿਆ ਗਿਆ. ਹੁਣ ਇਹ ਯੋਜਨਾ ਸੜਕ ਹਾਦਸਿਆਂ ਤੱਕ ਸੀਮਤ ਨਹੀਂ ਰਹੇਗੀ, ਸਗੋਂ ਇਸ ਵਿੱਚ ਜੰਗ ਅਤੇ ਅਤਿਵਾਦੀ ਹਮਲਿਆਂ ਵਿੱਚ ਜ਼ਖਮੀ ਹੋਏ ਨਾਗਰਿਕ ਵੀ ਸ਼ਾਮਲ ਹੋਣਗੇ.

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਫੈਸਲੇ ਦਾ ਉਦੇਸ਼ ਜੰਗ ਅਤੇ ਅਤਿਵਾਦੀ ਘਟਨਾਵਾਂ ਦੇ ਪੀੜਤਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਤੁਰੰਤ ਅਤੇ ਮੁਫ਼ਤ ਇਲਾਜ ਮੁਹੱਈਆ ਕਰਵਾਉਣਾ ਹੈ. ਇਹ ਇਲਾਜ ਸੂਬੇ ਦੇ ਸਰਕਾਰੀ ਹਸਪਤਾਲਾਂ ਦੇ ਨਾਲਨਾਲ ਸਰਕਾਰ ਦੁਆਰਾ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਵੀ ਉਪਲਬਧ ਹੋਵੇਗਾ.

ਮੁੱਖ ਨੁਕਤੇ:

1. ਜੰਗ ਅਤੇ ਅਤਿਵਾਦ ਪੀੜਤਾਂ ਦਾ ਮੁਫ਼ਤ ਇਲਾਜ:

ਹੁਣ, ਜੰਗ ਜਾਂ ਅਤਿਵਾਦੀ ਘਟਨਾਵਾਂ ਵਿੱਚ ਜ਼ਖਮੀ ਹੋਏ ਨਾਗਰਿਕਾਂ ਨੂੰ ਵੀ 'ਫਰਿਸ਼ਤੇ ਯੋਜਨਾ' ਤਹਿਤ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ. ਇਸ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਲੋਕਾਂ ਦੀ ਜਾਨ ਬਚਾਉਣ ਵਿੱਚ ਮਦਦ ਮਿਲੇਗੀ.

2. ਆਮ ਲੋਕਾਂ ਨੂੰ ਉਤਸ਼ਾਹ ਮਿਲੇਗਾ: ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਪੀੜਤਾਂ ਨੂੰ ਨਜ਼ਦੀਕੀ ਹਸਪਤਾਲ ਲੈ ਜਾਣ. ਅਜਿਹੇ ਮਦਦਗਾਰਾਂ ਨੂੰ 'ਫਰਿਸ਼ਤੇ' ਐਲਾਨਿਆ ਜਾਵੇਗਾ ਅਤੇ ਉਨ੍ਹਾਂ ਨੂੰ ਨਕਦ ਇਨਾਮ, ਸਰਕਾਰੀ ਪ੍ਰਸ਼ੰਸਾ ਪੱਤਰ ਅਤੇ ਕਾਨੂੰਨੀ ਕਾਰਵਾਈ ਤੋਂ ਪੂਰੀ ਛੋਟ ਦਿੱਤੀ ਜਾਵੇਗੀ.

3. ਕਾਨੂੰਨੀ ਸੁਰੱਖਿਆ ਦਾ ਭਰੋਸਾ: ਜ਼ਖਮੀਆਂ ਨੂੰ ਹਸਪਤਾਲ ਲੈ ਜਾਣ ਵਾਲੇ ਵਿਅਕਤੀ ਨੂੰ ਪੁਲਿਸ ਪੁੱਛ-ਗਿੱਛ, ਐਫਆਈਆਰ ਜਾਂ ਕਿਸੇ ਵੀ ਤਰ੍ਹਾਂ ਦੀਆਂ ਕਾਨੂੰਨੀ ਪੇਚੀਦਗੀਆਂ ਤੋਂ ਪੂਰੀ ਛੋਟ ਦਿੱਤੀ ਜਾਵੇਗੀ.

4. ਮੌਤ ਦਰ ਅਤੇ ਪੇਚੀਦਗੀਆਂ ਵਿੱਚ ਕਮੀ:

ਇਸ ਯੋਜਨਾ ਦਾ ਮੁੱਖ ਉਦੇਸ਼ ਜੰਗ ਅਤੇ ਅਤਿਵਾਦੀ ਘਟਨਾਵਾਂ ਕਾਰਨ ਹੋਣ ਵਾਲੀਆਂ ਮੌਤਾਂ ਅਤੇ ਗੰਭੀਰ ਪੇਚੀਦਗੀਆਂ ਨੂੰ ਘਟਾਉਣਾ ਹੈ.

5. ਸੂਬਾ ਸਰਕਾਰ ਦੀ ਸੰਵੇਦਨਸ਼ੀਲਤਾ ਅਤੇ ਵਚਨਬੱਧਤਾ:

ਇਹ ਕਦਮ ਸੂਬਾ ਸਰਕਾਰ ਦੀ ਲੋਕ ਭਲਾਈ ਵਾਲੀ ਸੋਚ ਨੂੰ ਦਰਸਾਉਂਦਾ ਹੈ, ਜਿਸ ਵਿੱਚ ਹਰ ਵਿਅਕਤੀ ਦੀ ਜ਼ਿੰਦਗੀ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ, ਭਾਵੇਂ ਹਾਲਾਤ ਕੋਈ ਵੀ ਹੋਣ.

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਸੀਂ ਇੱਕ ਅਜਿਹੀ ਸਰਕਾਰ ਹਾਂ, ਜੋ ਜ਼ਿੰਦਗੀ ਨੂੰ ਸਭ ਤੋਂ ਮਹੱਤਵਪੂਰਨ ਸਮਝਦੀ ਹੈ। ਜੰਗ ਅਤੇ ਅਤਿਵਾਦ ਦੇ ਪੀੜਤ ਵੀ ਸਾਡੇ ਆਪਣੇ ਹਨ, ਅਤੇ ਉਨ੍ਹਾਂ ਦੀਆਂ ਜਾਨਾਂ ਬਚਾਉਣਾ ਸਾਡੀ ਜ਼ਿੰਮੇਵਾਰੀ ਹੈ. 'ਫਰਿਸ਼ਤੇ ਸਕੀਮ' ਦੇ ਵਿਸਥਾਰ ਨਾਲ, ਹੁਣ ਕੋਈ ਵੀ ਪੀੜਤ ਇਲਾਜ ਤੋਂ ਵਾਂਝਾ ਨਹੀਂ ਰਹੇਗਾ।

ਇਹ ਫੈਸਲਾ ਨਾ ਸਿਰਫ਼ ਪੰਜਾਬ ਵਿੱਚ ਨਵੀਂ ਮਨੁੱਖੀ ਸੰਵੇਦਨਾ ਦੀ ਸ਼ੁਰੂਆਤ ਕਰਦਾ ਹੈ, ਸਗੋਂ ਪੂਰੇ ਦੇਸ਼ ਲਈ ਇਕ ਮਿਸਾਲ ਵੀ ਸਥਾਪਤ ਕਰਦਾ ਹੈ?

## ਪੰਜਾਬ ਦੇ ਸ਼ਹਿਰਾਂ 'ਤੇ ਹਮਲਿਆਂ ਦੌਰਾਨ

ਭਰੋਸਾ ਦਿੱਤਾ ਹੈ ਕਿ ਕੇਂਦਰ ਸਰਕਾਰ ਵਲੋਂ ਹਰ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਕੇਂਦਰ ਹਰ ਸੂਬੇ ਨਾਲ ਡਟ ਕੇ ਖੜ੍ਹਾ ਹੈ। ਫੌਜ ਹਰ ਤਰ੍ਹਾਂ ਨਾਲ ਐਕਟੀਵ ਹੈ। ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਸੂਤਰ ਦੱਸਦੇ ਹਨ ਕਿ ਪੀਐੱਮ ਮੋਦੀ ਵਲੋਂ ਇਸ ਬਾਰੇ ਸਿਰਫ ਪੰਜਾਬ ਦੇ ਹੀ ਨਹੀਂ ਸਗੋਂ ਰਾਜਸਥਾਨ ਦੇ ਸੀਐੱਮ ਨਾਲ ਵੀ ਫੋਨ ਉੱਤੇ ਗੱਲਬਾਤ ਕੀਤੀ ਗਈ ਹੈ।

ਦੱਸ ਦਈਏ ਕਿ ਬੀਤੀ ਰਾਤ ਜੋ ਹਮਲੇ ਪਾਕਿਸਤਾਨ ਵਲੋਂ ਪੰਜਾਬ ਜਾਂ ਹੋਰ ਸੂਬਿਆਂ ਵਿੱਚ ਕੀਤੇ ਗਏ, ਉਨ੍ਹਾਂ ਹਮਲਿਆਂ ਨੂੰ ਭਾਰਤ ਨੇ ਨਾਕਾਮ ਕਰ ਦਿੱਤਾ ਸੀ। ਦੋਵਾਂ ਦੇਸ਼ਾਂ ਵਿਚਕਾਰ ਪਹਿਲਗਾਮ ਵਿੱਚ ਹੋਏ ਹਮਲੇ ਤੋਂ ਬਾਅਦ ਤਨਾਅ ਦਾ ਮਾਹੌਲ ਬਣਿਆ ਹੋਇਆ ਹੈ। ਇਸ ਪਿੱਛੋਂ ਭਾਰਤ ਵਲੋਂ ਪਾਕਿਸਤਾਨ ਅੰਦਰਲੇ ਅੱਤਵਾਦੀਆਂ ਟਿਕਾਣਿਆਂ ਉੱਤੇ ਸਟ੍ਰਾਇਕ ਕੀਤੀ ਗਈ ਸੀ। ਪਾਕਿਸਤਾਨ ਹਾਲੇ ਵੀ ਭਾਰਤ ਉੱਤੇ ਲਗਾਤਾਰ ਹਮਲੇ ਕਰ ਰਿਹਾ ਹੈ, ਜਿਸ ਦਾ ਮੂੰਹ ਤੋੜ ਜਵਾਬ ਭਾਰਤ ਵਲੋਂ ਵੀ ਦਿੱਤਾ ਜਾ ਰਿਹਾ ਹੈ।

## ਫੌਜ ਨੂੰ ਟੈਰੀਟੋਰੀਅਲ ਆਰਮੀ ਬਲਾਉਣ

ਮਾਰਸ਼ਲ ਏਪੀ ਸਿੰਘ ਤੇ ਸੀਡੀਐਸ ਅਨਿਲ ਚੌਹਾਨ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਦਿੱਤੀ। ਗ੍ਰਹਿ ਮੰਤਰੀ ਨੇ ਬੀਐਸਐਫ ਤੇ ਸੀਆਈਐਸਐਫ ਅਧਿਕਾਰੀਆਂ ਨਾਲ ਵੀ ਮੀਟਿੰਗ ਕੀਤੀ। ਉਨ੍ਹਾਂ ਨੇ ਭਾਰਤ-ਪਾਕਿਸਤਾਨ ਸਰਹੱਦ ਤੇ ਹਵਾਈ ਅੱਡਿਆਂ ਦੀ ਸੁਰੱਖਿਆ ਬਾਰੇ ਪੁੱਛਗਿੱਛ ਕੀਤੀ। ਖੇਤੀਬਾੜੀ ਮੰਤਰਾਲੇ ਤੇ ਸਿਹਤ ਮੰਤਰਾਲੇ ਨੇ ਵੀ ਤਿਆਰੀਆਂ ਸਬੰਧੀ ਇੱਕ ਮੀਟਿੰਗ ਕੀਤੀ।

ਇਸ ਦੇ ਨਾਲ ਹੀ ਰੱਖਿਆ ਮੰਤਰਾਲੇ ਨੇ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਫੌਜ ਮੁਖੀ ਨੂੰ ਟੈਰੀਟੋਰੀਅਲ ਆਰਮੀ (ਟੀਏ) ਦੇ ਸੈਨਿਕਾਂ ਤੇ ਅਧਿਕਾਰੀਆਂ ਨੂੰ ਟੈਰੀਟੋਰੀਅਲ ਆਰਮੀ ਰੂਲਜ਼, 1948 ਦੇ ਨਿਯਮਾਂ ਅਨੁਸਾਰ ਬੁਲਾਉਣ ਦਾ ਅਧਿਕਾਰ ਦਿੱਤਾ ਹੈ। ਟੀਏ ਇੱਕ ਅਰਧ ਸੈਨਿਕ ਬਲ ਹੈ ਜੋ ਨਾਗਰਿਕਾਂ ਨੂੰ ਫੌਜ ਵਿੱਚ ਸੇਵਾ ਕਰਨ ਦਾ ਮੌਕਾ ਦਿੰਦਾ ਹੈ। ਉਹ ਆਪਣੀ ਨੌਕਰੀ ਜਾਂ ਪੇਸ਼ੇ ਨੂੰ ਵੀ ਜਾਰੀ ਰੱਖ ਸਕਦੇ ਹਨ। ਇਸ ਦਾ ਉਦੇਸ਼ ਲੋੜ ਪੈਣ 'ਤੇ ਫੌਜ ਦੀ ਸਹਾਇਤਾ ਕਰਨਾ, ਅੰਦਰੂਨੀ ਸੁਰੱਖਿਆ, ਕੁਦਰਤੀ ਆਫ਼ਤਾਂ ਜਾਂ ਹੋਰ ਐਮਰਜੈਂਸੀ ਵਿੱਚ ਸੇਵਾ ਪ੍ਰਦਾਨ ਕਰਨਾ ਹੈ।

**ਉੱਤਰਾਖੰਡ ਵਿੱਚ ਹਾਈ ਅਲਰਟ, ਨੇਪਾਲ ਦੀ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਚੌਕਸੀ**

ਭਾਰਤ ਨੂੰ ਚੀਨ ਵਾਲੇ ਪਾਸਿਓਂ ਵੀ ਖਤਰਾ ਹੈ। ਇਸ ਲਈ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਮੱਦੇਨਜ਼ਰ ਉਤਰਾਖੰਡ ਵਿੱਚ ਹਾਈ ਅਲਰਟ ਘੋਸ਼ਿਤ ਕੀਤਾ ਗਿਆ ਹੈ। ਪੁਲਿਸ ਤੇ ਖੁਫੀਆ ਏਜੰਸੀਆਂ ਨੂੰ ਰਾਜ ਭਰ ਵਿੱਚ ਸੁਰੱਖਿਆ ਬਾਰੇ ਅਲਰਟ ਕੀਤਾ ਗਿਆ ਹੈ। ਖਾਸ ਕਰਕੇ ਨੇਪਾਲ ਦੀ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਵਾਧੂ ਚੌਕਸੀ ਕੀਤੀ ਗਈ ਹੈ। ਰਾਜਧਾਨੀ ਦੇਹਰਾਦੂਨ ਵਿੱਚ ਵੀਰਵਾਰ ਦੇਰ ਰਾਤ ਨੂੰ ਜ਼ਬਰਦਸਤ ਚੈਕਿੰਗ ਮੁਹਿੰਮ ਚਲਾਈ ਗਈ, ਜਿਸ ਵਿੱਚ ਸ਼ੱਕੀਆਂ ਤੋਂ ਪੂਰੀ ਤਰ੍ਹਾਂ ਪੁੱਛਗਿੱਛ ਕੀਤੀ ਗਈ।

**ਰਾਜਸਥਾਨ ਦੇ ਸ਼੍ਰੀਗੰਗਾਨਗਰ ਵਿੱਚ ਬਲੈਕਆਊਟ ਦੇ ਆਦੇਸ਼**

ਰਾਜਸਥਾਨ ਦੇ ਸ਼੍ਰੀਗੰਗਾਨਗਰ ਵਿੱਚ ਸ਼ਾਮ 7 ਵਜੇ ਤੋਂ ਬਾਅਦ ਬਾਜ਼ਾਰ ਬੰਦ ਕਰਨ ਦੇ ਆਦੇਸ਼ ਵੀ ਜਾਰੀ ਕੀਤੇ ਗਏ ਹਨ। ਸਰਹੱਦੀ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਪੂਰੀ ਤਰ੍ਹਾਂ ਬਲੈਕਆਊਟ ਕਰਨ ਤੇ ਖਿੜਕੀਆਂ ਤੇ ਦਰਵਾਜ਼ਿਆਂ ਨੂੰ ਢੱਕਣ ਲਈ ਕਿਹਾ ਗਿਆ ਹੈ।

## ਐਸ.ਕੇ.ਐਮ. ਵੱਲੋਂ 15 ਦਿਨਾਂ ਲਈ ਸਾਰੇ

ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਮੇਂ ਦੇਸ਼ ਦੀ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਦਿੱਤੀਆਂ ਜਾ ਰਹੀਆਂ ਹਦਾਇਤਾਂ ਦਾ ਇੰਨ-ਬਿੰਨ ਪਾਲਣਾ ਕਰਨ ਅਤੇ ਸੋਸ਼ਲ ਮੀਡੀਆ 'ਤੇ ਸ਼ਰਾਰਤੀ ਅਨਸਰਾਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਤੋਂ ਸੁਚੇਤ ਰਹਿਣ।

ਉਨ੍ਹਾਂ ਕਿਹਾ ਕਿ ਦੇਸ਼ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਮੁੱਢਲਾ ਫ਼ਰਜ਼ ਹੈ ਕਿ ਕਿਸੇ ਵੀ ਗ਼ਲਤ ਜਾਣਕਾਰੀ ਨੂੰ ਸਾਂਝਾ ਨਾ ਕੀਤਾ ਜਾਵੇ, ਜਿਸ ਨਾਲ ਮੁਲਕ ਦੀ ਸੁਰੱਖਿਆ ਜਾਂ ਫੌਜ ਨੂੰ ਕਿਸੇ ਖ਼ਤਰੇ ਦਾ ਸਾਹਮਣਾ ਕਰਨਾ ਪਵੇ।

ਉਨ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਵੀ ਆਗਾਹ ਕਰਦਿਆਂ ਕਿਹਾ ਕਿ ਭਾਵੇਂ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀ ਮੀਟਿੰਗ ਵਿੱਚ ਕਿਸਾਨਾਂ ਵੱਲੋਂ ਆਪਣੇ ਪ੍ਰੋਗਰਾਮਾਂ ਨੂੰ ਪੰਦਰਾਂ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ, ਪਰ ਪੰਜਾਬ ਸਰਕਾਰ ਵੀ ਇਸ ਸਮੇਂ ਸੂਬੇ ਦੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਅਜਿਹਾ ਕੋਈ ਫੈਸਲਾ ਨਾ ਲਵੇ, ਜਿਸ ਕਾਰਨ ਲੋਕਾਂ ਨੂੰ ਮਜਬੂਰਨ ਸੜਕਾਂ 'ਤੇ ਉਤਰਨਾ ਪਵੇ।

ਉਨ੍ਹਾਂ ਦੋਸ਼ ਲਾਇਆ ਕਿ ਕਿਸਾਨਾਂ ਦੇ ਮੋਰਚੇ ਨੂੰ ਜ਼ਬਰਦਸਤੀ ਉਖਾੜਨ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਇਨਸਾਫ ਦੇਣ ਦੀ ਥਾਂ ਜ਼ਲੀਲ ਕੀਤਾ ਜਾ ਰਿਹਾ ਹੈ।

ਇਸ ਮੌਕੇ ਜਥੇਬੰਦੀ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਬੇਸ਼ੱਕ ਜਥੇਬੰਦੀ ਨੇ ਦੇਸ਼ ਹਿੱਤਾਂ ਲਈ 15 ਦਿਨਾਂ ਵਾਸਤੇ ਅੰਦੋਲਨ ਨੂੰ ਮੁਲਤਵੀ ਕੀਤਾ ਹੈ, ਪਰ ਇਸਦਾ ਮਤਲਬ ਇਹ ਨਹੀਂ ਕਿ ਸਰਕਾਰ ਤੋਂ ਕਿਸਾਨ ਡਰ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਖਿਲਾਫ਼ ਅੰਦੋਲਨ ਪਹਿਲਾਂ ਨਾਲੋਂ ਵੀ ਤਕੜੇ ਹੋ ਕੇ ਲੜਿਆ ਜਾਵੇਗਾ।

## ਕੇਂਦਰੀ ਗ੍ਰਹਿ ਸਕੱਤਰ ਦੇ

ਜਗ੍ਹਾ ਪ੍ਰੈੱਸ ਰਿਲੀਜ਼ ਦੀ ਹੀ ਗੱਲ ਕਰਦਾ ਰਿਹਾ ਹੈ। ਸੂਬਾ ਸਰਕਾਰ ਨੇ ਅਦਾਲਤ ਵਿੱਚ ਕਿਹਾ ਸੀ ਕਿ ਮਿਨਟਸ ਦੀ ਕਾਪੀ ਦਿੱਤੀ ਜਾਵੇ ਜਿਸ 'ਤੇ ਸਭ ਧਿਰਾਂ ਦੇ ਦਸਤਖ਼ਤ ਹੋਣ।

ਮੁੱਖ ਮੰਤਰੀ ਭਗਵੰਤ ਮਾਨ ਉਂਝ ਪਹਿਲਾਂ ਹੀ ਆਖ ਚੁੱਕੇ ਹਨ ਕਿ ਉਹ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਗੇ। ਪੰਜਾਬ ਸਰਕਾਰ ਕੋਲ ਹੋਰ ਕੋਈ ਰਾਹ ਹੁਣ ਬਚਿਆ ਵੀ ਨਹੀਂ ਹੈ।

## ਪੰਜਾਬ ਵਿੱਚ ਅਗਲੇ 5 ਦਿਨ 13 ਜ਼ਿਲ੍ਹਿਆਂ 'ਚ

ਹੋ ਸਕਦਾ ਹੈ। ਮੌਸਮ ਵਿਭਾਗ ਨੇ ਹੁਸ਼ਿਆਰਪੁਰ, ਫਤਿਹਗੜ੍ਹ ਸਾਹਿਬ, ਬਠਿੰਡਾ, ਮੋਹਾਲੀ, ਲੁਧਿਆਣਾ, ਬਰਨਾਲਾ, ਮਾਨਸਾ, ਫਾਜ਼ਿਲਕਾ, ਹੁਸ਼ਿਆਰਪੁਰ, ਲੁਧਿਆਣਾ, ਰੂਪਨਗਰ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ ਸਮੇਤ ਕਈ ਜ਼ਿਲ੍ਹਿਆਂ ਵਿੱਚ ਤੇਜ਼ ਗਰਜ ਨਾਲ ਮੀਂਹ ਪੈਣ ਦੀ ਚਿਤਾਵਨੀ ਦਿੱਤੀ ਹੈ। 12 ਮਈ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਮੌਸਮ ਆਮ ਰਹਿਣ ਦੀ ਉਮੀਦ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਚਿਤਾਵਨੀ ਜਾਰੀ ਨਹੀਂ ਕੀਤੀ ਗਈ ਹੈ। ਉਥੇ ਹੀ ਜੇਕਰ ਪੰਜਾਬ ਦੇ ਤਾਪਮਾਨ ਦੀ ਗੱਲ ਕੀਤੀ ਜਾਵੇ ਤਾਂ ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਮੁਤਾਬਕ ਪੰਜਾਬ ਵਿੱਚ ਵੱਧ ਤੋਂ ਵੱਧ ਤਾਪਮਾਨ 'ਚ ਔਸਤਨ 0.3 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਹੈ। ਇਹ ਤਾਪਮਾਨ ਔਸਤਨ ਆਮ ਨਾਲੋਂ 4.5 ਡਿਗਰੀ ਸੈਲਸੀਅਸ ਵੱਧ ਹੈ, ਜੋਕਿ ਸੂਬੇ ਵਿੱਚ ਚਿੰਤਾਜਨਕ ਗਰਮੀ ਦਾ ਸੰਕੇਤ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਕੱਲ੍ਹ ਸ਼ਾਮ ਨੂੰ ਵੀ ਤੇਜ਼ ਹਵਾਵਾਂ ਚੱਲਣ ਦੇ ਨਾਲ ਕਈ ਇਲਾਕਿਆਂ ਵਿਚ ਬਾਰਿਸ਼ ਹੋਈ ਸੀ।

## ਵਿਸ਼ਵ ਬੈਂਕ ਨੇ ਵਿਵਾਦ

ਵੀਰਵਾਰ ਨੂੰ ਅਜੇ ਬੰਗਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਮੁਲਾਕਾਤ ਕੀਤੀ। ਹਾਲਾਂਕਿ ਮੀਟਿੰਗ ਵਿੱਚ ਕੀ ਹੋਇਆ, ਇਸ ਦੇ ਵੇਰਵੇ ਪਤਾ ਨਹੀਂ ਹਨ, ਪਰ ਬੰਗਾ ਨੇ ਇਕ ਨਿਊਜ਼ ਚੈਨਲ ਨਾਲ ਗੱਲ ਕਰਦੇ ਹੋਏ ਕਿਹਾ ਕਿ ਇਹ ਸਮਝੌਤਾ ਦੋਵਾਂ ਦੇਸ਼ਾਂ ਵਿਚਕਾਰ ਹੈ ਅਤੇ ਜੇਕਰ ਉਹ ਅਸਹਿਮਤ ਹੁੰਦੇ ਹਨ, ਤਾਂ ਵਿਸ਼ਵ ਬੈਂਕ ਦੀ ਭੂਮਿਕਾ ਸਿਰਫ ਵਿਵਾਦ ਨੂੰ ਹੱਲ ਕਰਨ ਲਈ ਇੱਕ ਨਿਰਪੱਖ ਮਾਹਰ ਜਾਂ ਵਿਚੋਲੇ ਦਾ ਪ੍ਰਬੰਧ ਕਰਨਾ ਹੈ।

ਉਸਨੇ ਕਿਹਾ, 'ਸਾਨੂੰ ਮਾਹਿਰਾਂ ਜਾਂ ਆਰਬਿਟਰੇਟਰਾਂ ਦੀ ਫੀਸ ਇੱਕ ਟਰੱਸਟ ਫੰਡ ਤੋਂ ਅਦਾ ਕਰਨੀ ਪੈਂਦੀ ਹੈ ਜੋ ਸੰਧੀ ਦੇ ਸਮੇਂ ਬੈਂਕ ਵਿੱਚ ਸਥਾਪਤ ਕੀਤਾ ਗਿਆ ਸੀ।' ਇਹ ਸਾਡੀ ਭੂਮਿਕਾ ਹੈ। ਇਸ ਤੋਂ ਇਲਾਵਾ ਸਾਡੀ ਕੋਈ ਭੂਮਿਕਾ ਨਹੀਂ ਹੈ।

ਇਸ ਦੌਰਾਨ, ਪ੍ਰੈਸ ਇਨਫਰਮੇਸ਼ਨ ਬਿਊਰੋ ਨੇ ਬੰਗਾ ਦੇ ਹਵਾਲੇ ਨਾਲ ਕਿਹਾ, 'ਮੀਡੀਆ ਵਿੱਚ ਇਸ ਬਾਰੇ ਬਹੁਤ ਸਾਰੀਆਂ ਅਟਕਲਾਂ ਹਨ ਕਿ ਵਿਸ਼ਵ ਬੈਂਕ ਇਸ ਸਮੱਸਿਆ ਨੂੰ ਕਿਵੇਂ ਹੱਲ ਕਰੇਗਾ, ਪਰ ਇਹ ਸਭ ਬਕਵਾਸ ਹੈ।' ਵਿਸ਼ਵ ਬੈਂਕ ਦੀ ਭੂਮਿਕਾ ਸਿਰਫ਼ ਇੱਕ ਸੁਵਿਧਾਕਰਤਾ ਦੀ ਹੈ।

ਪਾਕਿਸਤਾਨ ਸੰਧੀ ਦੀ ਮੁਅੱਤਲੀ ਨੂੰ ਲੈ ਕੇ ਵਿਸ਼ਵ ਬੈਂਕ ਕੋਲ ਪਹੁੰਚ ਕਰਨ ਵਾਲਾ ਸੀ।

ਪਾਕਿਸਤਾਨ ਨੇ ਪਿਛਲੇ ਮਹੀਨੇ ਦੇ ਅਖੀਰ ਵਿੱਚ ਕਿਹਾ ਸੀ ਕਿ ਉਹ ਭਾਰਤ ਦੇ ÷ਇਕਪਾਸੜ ਅਤੇ ਗੈਰ-ਕਾਨੂੰਨੀ÷ ਫੈਸਲੇ ਨੂੰ ਉਲਟਾਉਣ ਲਈ ਵਿਸ਼ਵ ਬੈਂਕ ਤੱਕ ਪਹੁੰਚ ਕਰੇਗਾ।

ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਘਾਤਕ ਅੱਤਵਾਦੀ ਹਮਲੇ ਵਿੱਚ 26 ਲੋਕ ਮਾਰੇ ਗਏ ਸਨ। ਇਸ ਹਮਲੇ ਨੂੰ ਪਾਕਿਸਤਾਨ ਨਾਲ ਜੋੜਿਆ ਗਿਆ ਸੀ, ਜਿਸ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ।

ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਵੀਰਵਾਰ ਨੂੰ ਮੀਡੀਆ ਨੂੰ ਦੱਸਿਆ ਕਿ ਪਾਕਿਸਤਾਨ ਕਈ ਸਾਲਾਂ ਤੋਂ ਲਗਾਤਾਰ ਰੁਕਾਵਟਾਂ ਪੈਦਾ ਕਰ ਰਿਹਾ ਸੀ ਜਿਸ ਕਾਰਨ ਭਾਰਤ ਨੂੰ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਲਈ ਮਜਬੂਰ ਹੋਣਾ ਪਿਆ।

ਮਿਸਰੀ ਨੇ ਇੱਕ ਪ੍ਰੈਸ ਬ੍ਰੀਫਿੰਗ ਦੌਰਾਨ ਕਿਹਾ, 'ਅਸੀਂ ਉਨ੍ਹਾਂ ਨੂੰ ਕਈ ਪੱਤਰ ਭੇਜੇ, ਜਿਸ ਵਿੱਚ ਉਨ੍ਹਾਂ ਨੂੰ ਇਸ ਸੰਧੀ ਵਿੱਚ ਸੋਧਾਂ 'ਤੇ ਗੱਲਬਾਤ ਕਰਨ ਦੀ ਬੇਨਤੀ ਕੀਤੀ ਗਈ। ਭਾਰਤ ਛੇ ਦਹਾਕਿਆਂ ਤੋਂ ਵੱਧ ਸਮੇਂ ਤੋਂ ਇਸ ਸੰਧੀ ਦਾ ਸਤਿਕਾਰ ਕਰਦਾ ਆ ਰਿਹਾ ਹੈ। ਇਹ ਪਾਕਿਸਤਾਨ ਹੈ ਜੋ ਇਸ ਸੰਧੀ ਦੀ ਉਲੰਘਣਾ ਕਰ ਰਿਹਾ ਹੈ। ਇਹ ਜਾਣਬੁੱਝ ਕੇ ਪੱਛਮੀ ਦਰਿਆਵਾਂ 'ਤੇ ਭਾਰਤ ਦੇ ਆਪਣੇ ਜਾਇਜ਼ ਅਧਿਕਾਰਾਂ ਦੀ ਵਰਤੋਂ ਕਰਨ ਦੀ ਯੋਗਤਾ ਵਿੱਚ ਰੁਕਾਵਟ ਪਾ ਰਿਹਾ ਹੈ।

ਪਹਿਲਗਾਮ ਹਮਲੇ ਤੋਂ ਬਾਅਦ, ਭਾਰਤ ਨੇ ਪਾਕਿਸਤਾਨ ਵਿਰੁੱਧ ਕਈ ਕਦਮ ਚੁੱਕੇ ਸਨ, ਜਿਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਸਿੰਧੂ ਜਲ ਸੰਧੀ ਨੂੰ ਰੱਦ ਕਰਨਾ ਸੀ। ਫਿਰ ਭਾਰਤ ਨੇ ਪਾਕਿਸਤਾਨ ਨਾਲ ਲੱਗਦੀ ਅਟਾਰੀ-ਵਾਹਗਾ ਸਰਹੱਦ ਵੀ ਬੰਦ ਕਰ ਦਿੱਤੀ, ਚੋਟੀ ਦੇ ਪਾਕਿਸਤਾਨੀ ਡਿਪਲੋਮੈਟਾਂ ਨੂੰ ਭਾਰਤ ਤੋਂ ਕੱਢ ਦਿੱਤਾ ਅਤੇ ਪਾਕਿਸਤਾਨੀ ਨਾਗਰਿਕਾਂ ਨੂੰ ਜਾਰੀ ਕੀਤੇ ਗਏ ਸਾਰੇ ਥੋੜ੍ਹੇ ਸਮੇਂ ਦੇ ਵੀਜ਼ੇ ਰੱਦ ਕਰ ਦਿੱਤੇ।

ਭਾਰਤ ਅਤੇ ਪਾਕਿਸਤਾਨ ਵਿਚਕਾਰ 19 ਸਤੰਬਰ 1960 ਨੂੰ ਵਿਸ਼ਵ ਬੈਂਕ ਦੀ ਵਿਚੋਲਗੀ ਹੇਠ ਸਿੰਧੂ ਜਲ ਸੰਧੀ 'ਤੇ ਦਸਤਖ਼ਤ ਕੀਤੇ ਗਏ ਸਨ। ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਤਤਕਾਲੀ ਰਾਸ਼ਟਰਪਤੀ ਅਯੂਬ ਖਾਨ ਨੇ ਕਰਾਚੀ ਵਿੱਚ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ। ਇਸ ਸਮਝੌਤੇ ਦੇ ਤਹਿਤ, ਦੋਵੇਂ ਦੇਸ਼ ਸਿੰਧ ਅਤੇ ਇਸ ਦੀਆਂ ਸਹਾਇਕ ਨਦੀਆਂ - ਰਾਵੀ, ਬਿਆਸ, ਸਤਲੁਜ, ਜੇਹਲਮ, ਚਨਾਬ ਅਤੇ ਕਾਬੁਲ ਦੇ ਪਾਣੀ ਨੂੰ ਸਾਂਝਾ ਕਰਨ 'ਤੇ ਸਹਿਮਤ ਹੋਏ ਸਨ।

ਸਮਝੌਤੇ ਦੇ ਤਹਿਤ, ਭਾਰਤ ਨੂੰ ਤਿੰਨ ਪੂਰਬੀ ਦਰਿਆਵਾਂ - ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ ਤੱਕ ਬੇਰੋਕ ਪਹੁੰਚ ਦੀ ਇਜਾਜ਼ਤ ਸੀ, ਜਦੋਂ ਕਿ ਪਾਕਿਸਤਾਨ ਨੂੰ ਪੱਛਮੀ ਦਰਿਆਵਾਂ - ਸਿੰਧ, ਚਨਾਬ ਅਤੇ ਜੇਹਲਮ ਤੱਕ ਪਹੁੰਚ ਮਿਲੀ।

## ਆਈ.ਪੀ.ਐਲ. ਇੱਕ

ਫ਼ੈਸਲਾ ਲਿਆ ਜਾਵੇਗਾ ਤੇ ਸ਼ੈਡਿਊਲ ਜਾਰੀ ਕੀਤਾ ਜਾਵੇਗਾ।

ਇੰਡੀਅਨ ਪ੍ਰੀਮੀਅਰ ਲੀਗ ਨੇ ਇਸ ਬਾਰੇ ਅਪਡੇਟ ਆਪਣੇ ਅਧਿਕਾਰਤ ਐਕਸ ਅਕਾਊਂਟ 'ਤੇ ਪੋਸਟ ਪਾ ਕੇ ਜਾਣਕਾਰੀ ਦਿੱਤੀ ਹੈ। ਆਈ.ਪੀ.ਐਲ. ਨੇ ਆਪਣੀ ਪੋਸਟ 'ਚ ਲਿਖਿਆ, "ਆਈ.ਪੀ.ਐਲ. 2025 ਦੇ ਬਾਕੀ ਬਚੇ ਮੈਚ ਇਕ ਹਫ਼ਤੇ ਲਈ ਮੁਲਤਵੀ ਕਰ ਦਿੱਤੇ ਗਏ ਹਨ।"

## ਸ਼ਾਂਤੀ ਬਹਾਲੀ ਲਈ ਹੋਣ ਲੱਗੇ

ਦੀਆਂ ਕੰਧਾਂ 'ਤੇ ਭਾਰਤ-ਪਾਕਿਸਤਾਨ ਸਬੰਧਾਂ ਨਾਲ ਸਬੰਧਤ 90% ਤੋਂ ਵੱਧ ਤਸਵੀਰਾਂ ਨਵਾਜ਼ ਸ਼ਰੀਫ ਦੀਆਂ ਹਨ। ਕਦੇ ਉਹ ਭਾਰਤ ਵਿੱਚ ਕਿਸੇ ਸਮਾਗਮ ਵਿੱਚ ਹੁੰਦਾ ਹੈ, ਕਦੇ ਉਹ ਪਾਕਿਸਤਾਨ ਵਿੱਚ ਭਾਰਤੀ ਨੇਤਾਵਾਂ ਨਾਲ ਹੱਥ ਮਿਲਾਉਂਦਾ ਹੈ। ਜਦੋਂ ਇੱਕ ਪੱਤਰਕਾਰ ਨੇ ਇੱਕ ਭਾਰਤੀ ਅਧਿਕਾਰੀ ਨੂੰ ਇਸਦਾ ਕਾਰਨ ਪੁੱਛਿਆ ਤਾਂ ਉਸਨੇ ਜਵਾਬ ਦਿੱਤਾ - ਜੇਕਰ ਕਿਸੇ ਨੇਤਾ ਨੇ ਭਾਰਤ-ਪਾਕਿਸਤਾਨ ਸਬੰਧਾਂ ਨੂੰ ਸੁਧਾਰਨ ਲਈ ਸਭ ਤੋਂ ਇਮਾਨਦਾਰ ਯਤਨ ਕੀਤੇ ਹਨ, ਤਾਂ ਉਹ ਨਵਾਜ਼ ਸ਼ਰੀਫ ਹਨ।

ਬੈਕਡੋਰ ਡਿਪਲੋਮੇਸੀ ਵਿੱਚ ਫਿਰ ਤੋਂ ਸਰਗਰਮ ਹੋਏ ਨਵਾਜ਼

ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪੈਦਾ ਹੋਏ ਹਾਲਾਤਾਂ ਵਿੱਚ, ਨਵਾਜ਼ ਸ਼ਰੀਫ ਨੂੰ ਫਿਰ ਤੋਂ ਸਰਗਰਮ ਕੀਤਾ ਗਿਆ ਹੈ ਤਾਂ ਜੋ ਭਾਰਤ ਨਾਲ ਬੈਕਡੋਰ ਕੂਟਨੀਤੀ ਰਾਹੀਂ ਗੱਲਬਾਤ ਕਰਨ ਦਾ ਰਸਤਾ ਲੱਭਿਆ ਜਾ ਸਕੇ। ਰਿਪੋਰਟ ਦੇ ਅਨੁਸਾਰ, ਨਵਾਜ਼ ਸ਼ਰੀਫ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਹਾਊਸ ਵਿਖੇ ਇੱਕ ਉੱਚ ਪੱਧਰੀ ਸੁਰੱਖਿਆ ਮੀਟਿੰਗ ਵਿੱਚ ਸ਼ਿਰਕਤ ਕੀਤੀ ਅਤੇ ਸ਼ਾਹਬਾਜ਼ ਸ਼ਰੀਫ ਨੂੰ ਕਿਹਾ ਕਿ ਜੇਕਰ ਪਾਕਿਸਤਾਨ ਅਜੇ ਵੀ ਹਮਲਾਵਰਤਾ ਦਿਖਾਉਂਦਾ ਹੈ ਤਾਂ ਉਸਨੂੰ ਨੁਕਸਾਨ ਹੋਵੇਗਾ।

ਸਿੰਧੂ ਜਲ ਸੰਧੀ ਰੋਕੇ ਜਾਣ ਤੋਂ ਬਾਅਦ ਨਵਾਜ਼ ਨੂੰ ਪਰਤਣਾ ਪਿਆ ਵਾਪਸ

ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਰੋਕੇ ਜਾਣ ਅਤੇ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਤਣਾਅ ਘਟਾਉਣ ਲਈ ਨਵਾਜ਼ ਸ਼ਰੀਫ ਨੂੰ ਲੰਡਨ ਤੋਂ ਪਾਕਿਸਤਾਨ ਬੁਲਾਇਆ ਗਿਆ ਸੀ। ਜਦੋਂ ਭਾਰਤ ਕੂਟਨੀਤੀ ਦੀ ਗੱਲ ਕਰ ਰਿਹਾ ਸੀ, ਪਾਕਿਸਤਾਨ ਨੇ ਭਾਰਤੀ ਸਰਹੱਦ 'ਤੇ ਹਮਲਾ ਕੀਤਾ ਅਤੇ ਫਿਰ ਭਾਰਤ ਨੇ ਜਵਾਬੀ ਕਾਰਵਾਈ ਵਿੱਚ ਪਾਕਿਸਤਾਨ ਦੇ ਕਈ ਫੌਜੀ ਅੱਡੇ ਤਬਾਹ ਕਰ ਦਿੱਤੇ।

## ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਤਣਾਓ

ਮਾਹੌਲ ਕਾਫ਼ੀ ਹੱਦ ਤੱਕ ਸ਼ਾਂਤ ਰਿਹਾ ਪਰ ਉਹ ਅਫਵਾਹਾਂ ਫੈਲਣ ਤੋਂ ਵਧੇਰੇ ਚਿੰਤਤ ਸਨ। ਬਠਿੰਡਾ ਦੇ ਇੱਕ ਸਥਾਨਕ ਵਿਅਕਤੀ ਨੇ ਪੀਟੀਆਈ-ਵੀਡੀਓ ਨੂੰ ਦੱਸਿਆ ਕਿ 'ਬਲੈਕਆਊਟ' ਦੌਰਾਨ ਅੱਧੀ ਰਾਤ ਤੱਕ ਗੋਲੀਆਂ ਚੱਲਣ ਦੀਆਂ ਉੱਚੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਰਹੀਆਂ। ਅਸੀਂ ਰਾਤ ਡਰ ਵਿੱਚ ਬਿਤਾਈ ਪਰ ਅੱਜ ਸਵੇਰੇ ਸਭ ਕੁਝ ਸ਼ਾਂਤ ਸੀ।'

ਵਧਦੇ ਤਣਾਅ ਦੇ ਵਿਚਕਾਰ, ਮੋਹਾਲੀ ਅਤੇ ਰੂਪਨਗਰ ਸਮੇਤ ਰਾਜ ਦੇ ਕੁਝ ਗੁਰਦੁਆਰਿਆਂ ਵਿੱਚ ਸ਼ਾਂਤੀ ਲਈ ਵਿਸ਼ੇਸ਼ ਅਰਦਾਸਾਂ ਵੀ ਕੀਤੀਆਂ ਗਈਆਂ। ਸ਼ੁੱਕਰਵਾਰ ਨੂੰ ਚੰਡੀਗੜ੍ਹ ਵਿੱਚ ਆਪਣੀ ਆਮ ਸਵੇਰ ਦੀ ਸੈਰ 'ਤੇ ਗਏ ਇੱਕ ਬਜ਼ੁਰਗ ਵਿਅਕਤੀ ਬਲਦੇਵ ਚੰਦ ਨੇ ਕਿਹਾ ਕਿ ਕੱਲ੍ਹ ਰਾਤ ਕੁਝ ਚਿੰਤਾਜਨਕ ਪਲ ਸਨ ਪਰ ਜਿਸ ਤਰ੍ਹਾਂ ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਦੇ ਯਤਨਾਂ ਨੂੰ ਨਾਕਾਮ ਕੀਤਾ, ਉਸ ਨੂੰ ਵੇਖਦਿਆਂ ਲੱਗਦਾ ਹੈ ਕਿ ਚਿੰਤਾ ਕਰਨ ਦੀ ਕੋਈ ਗੱਲ ਨਹੀਂ ਹੈ। ਹਾਲਾਂਕਿ, ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ ਨੇ ਬਾਅਦ ਵਿੱਚ ਦੁਬਾਰਾ ਸਾਇਰਨ ਵਜਾਇਆ ਅਤੇ ਲੋਕਾਂ ਨੂੰ ਆਪਣੇ ਘਰਾਂ ਵਿੱਚ ਰਹਿਣ ਦੀ ਅਪੀਲ ਕੀਤੀ।

**ਸਰਹੱਦੀ ਜ਼ਿਲ੍ਹਿਆਂ ਵਿੱਚ ਸਾਇਰਨ ਵਜਾ ਕੇ ਲੋਕਾਂ ਨੂੰ ਘਰਾਂ ਦੇ ਅੰਦਰ ਰਹਿਣ ਦੀ ਅਪੀਲ**

ਇੱਕ ਅਧਿਕਾਰਤ ਬਿਆਨ ਦੇ ਅਨੁਸਾਰ, 'ਹਮਲੇ ਦੀ ਸੰਭਾਵਨਾ ਦੇ ਮੱਦੇਨਜ਼ਰ ਏਅਰ ਫੋਰਸ ਬੇਸ ਤੋਂ ਇੱਕ ਹਵਾਈ ਚੇਤਾਵਨੀ ਪ੍ਰਾਪਤ ਹੋਈ ਹੈ। ਸਾਇਰਨ ਵੱਜ ਰਹੇ ਹਨ। ਸਾਰਿਆਂ ਨੂੰ ਆਪਣੇ ਘਰਾਂ ਵਿੱਚ ਰਹਿਣ ਅਤੇ ਬਾਲਕੋਨੀਆਂ ਵਿੱਚ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ।' ਪ੍ਰਸ਼ਾਸਨ ਨੇ ਕਿਹਾ ਕਿ ਇੱਕ ਘੰਟੇ ਬਾਅਦ ਚੇਤਾਵਨੀ ਸਾਇਰਨ ਵੱਜਣਾ ਬੰਦ ਹੋ ਗਿਆ। ਹਰਿਆਣਾ ਦੇ ਪੰਚਕੂਲਾ ਅਤੇ ਅੰਬਾਲਾ ਵਿੱਚ ਕੁਝ ਸਮੇਂ ਲਈ ਇਸੇ ਤਰ੍ਹਾਂ ਦੇ ਸਾਇਰਨ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਗਈਆਂ ਅਤੇ ਲੋਕਾਂ ਨੂੰ ਆਪਣੇ ਘਰਾਂ ਵਿੱਚ ਰਹਿਣ ਦੀ ਅਪੀਲ ਕੀਤੀ ਗਈ। ਪਟਿਆਲਾ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਇੱਕ ਐਡਵਾਈਜ਼ਰੀ ਜਾਰੀ ਕਰਕੇ ਲੋਕਾਂ ਨੂੰ ਆਪਣੇ ਘਰਾਂ ਦੇ ਅੰਦਰ ਰਹਿਣ ਅਤੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

ਰਾਜਸਥਾਨ ਦੇ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਨੇ ਵੀ ਜ਼ੋਰਦਾਰ ਧਮਾਕਿਆਂ ਦੀਆਂ ਆਵਾਜ਼ਾਂ ਅਤੇ ਪੂਰੀ ਤਰ੍ਹਾਂ 'ਬਲੈਕਆਊਟ' ਦੇ ਵਿਚਕਾਰ ਡਰ ਅਤੇ ਅਨਿਸ਼ਚਿਤਤਾ ਵਿੱਚ ਰਾਤ ਬਿਤਾਈ। 'ਅਸੀਂ ਕੁਝ ਵੀ ਨਹੀਂ ਦੇਖ ਸਕੇ, ਅਸੀਂ ਉੱਚੀਆਂ ਆਵਾਜ਼ਾਂ ਸੁਣੀਆਂ ਜੋ ਡਰਾਉਣੀਆਂ ਸਨ,' ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਜੈਸਲਮੇਰ ਦੇ ਇੱਕ ਨਿਵਾਸੀ ਨੇ ਕਿਹਾ। ''ਬਲੈਕਆਊਟ' ਤੋਂ ਬਾਅਦ ਅਸੀਂ ਸਮਝ ਨਹੀਂ ਸਕੇ ਕਿ ਕੀ ਹੋ ਰਿਹਾ ਹੈ,' ਇੱਕ ਹੋਰ ਨਿਵਾਸੀ ਨੇ ਕਿਹਾ। ਬਾਅਦ ਵਿੱਚ ਸਾਨੂੰ ਪਤਾ ਲੱਗਾ ਕਿ ਇਹ ਪਾਕਿਸਤਾਨ ਦਾ ਹਮਲਾ ਸੀ, ਜਿਸਨੂੰ ਸਾਡੀਆਂ ਹਥਿਆਰਬੰਦ ਫੌਜਾਂ ਨੇ ਨਾਕਾਮ ਕਰ ਦਿੱਤਾ।

ਜੈਸਲਮੇਰ ਦੇ ਕਿਸ਼ਨਘਾਟ ਇਲਾਕੇ ਵਿੱਚ ਬੰਬ ਵਰਗੀ ਚੀਜ਼ ਮਿਲੀ

ਵਧਦੇ ਤਣਾਅ ਦੇ ਵਿਚਕਾਰ, ਅਧਿਕਾਰੀਆਂ ਨੇ ਸ਼ੁੱਕਰਵਾਰ ਸਵੇਰੇ 6 ਵਜੇ ਤੱਕ ਬਲੈਕਆਊਟ ਵਧਾ ਦਿੱਤਾ, ਹਾਲਾਂਕਿ ਸਵੇਰੇ ਸਥਿਤੀ ਜ਼ਿਆਦਾਤਰ ਸ਼ਾਂਤੀਪੂਰਨ ਰਹੀ। ਇਸ ਦੌਰਾਨ, ਸ਼ੁੱਕਰਵਾਰ ਸਵੇਰੇ ਜੈਸਲਮੇਰ ਜ਼ਿਲ੍ਹੇ ਦੇ ਕਿਸ਼ਨਘਾਟ ਇਲਾਕੇ ਵਿੱਚ ਇੱਕ ਬੰਬ ਵਰਗੀ ਵਸਤੂ ਮਿਲੀ, ਜਿਸ ਤੋਂ ਬਾਅਦ ਸਥਾਨਕ ਪੁਲਿਸ ਅਤੇ ਹਵਾਈ ਸੈਨਾ ਨੇ ਤੁਰੰਤ ਕਾਰਵਾਈ ਕੀਤੀ। ਪੁਲਿਸ ਦੇ ਅਨੁਸਾਰ, ਇਹ ਵਸਤੂ ਕਿਸ਼ਨਘਾਟ ਦੇ ਸਾਹਮਣੇ ਇੱਕ ਨਰਸਰੀ ਦੇ ਨੇੜੇ ਮਿਲੀ ਸੀ। ਕੋਤਵਾਲੀ ਸਟੇਸ਼ਨ ਹਾਊਸ ਅਫਸਰ (ਐਸਐਚਓ) ਪ੍ਰੇਮ ਦਾਨ ਨੇ ਕਿਹਾ ਕਿ ਇਹ ਬੰਬ ਵਰਗੀ ਚੀਜ਼ ਜਾਪਦੀ ਹੈ। ਐਸਐਚਓ ਨੇ ਕਿਹਾ, 'ਫਿਲਹਾਲ, ਇਹ ਪਤਾ ਨਹੀਂ ਹੈ ਕਿ ਇਹ ਨਸ਼ਟ ਹੋ ਗਿਆ ਹੈ ਜਾਂ ਅਜੇ ਵੀ ਕੰਮ ਕਰਨ ਵਾਲੀ ਹਾਲਤ ਵਿੱਚ ਹੈ,' ਉਨ੍ਹਾਂ ਕਿਹਾ ਕਿ ਫੌਜ ਦੇ ਮਾਹਰ ਇਸਨੂੰ 'ਨਿਸ਼ਕਿਰਿਆ' ਕਰਨ ਲਈ ਉੱਥੇ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਅੰਦਰ ਜਾਣ ਤੋਂ ਰੋਕਣ ਲਈ ਸਾਵਧਾਨੀ ਦੇ ਤੌਰ 'ਤੇ ਇਲਾਕੇ ਨੂੰ ਘੇਰ ਲਿਆ ਗਿਆ ਹੈ। ਹਿਮਾਚਲ ਪ੍ਰਦੇਸ਼ ਵਿੱਚ ਪੰਜਾਬ ਦੀ ਸਰਹੱਦ ਨਾਲ ਲੱਗਦੇ ਬਿਲਾਸਪੁਰ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਇੱਕ ਐਡਵਾਈਜ਼ਰੀ ਜਾਰੀ ਕੀਤੀ ਜਿਸ ਵਿੱਚ ਨਾਗਰਿਕਾਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਗਈ। ਸਲਾਹ ਵਿੱਚ ਵਸਨੀਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਪੂਰੀ ਤਰ੍ਹਾਂ 'ਬਲੈਕਆਊਟ' ਯਕੀਨੀ ਬਣਾਉਣ ਤਾਂ ਜੋ ਸੰਭਾਵੀ ਹਵਾਈ ਹਮਲੇ ਦੀ ਸਥਿਤੀ ਵਿੱਚ ਜੋਖਮ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।

# ਮੋਦੀ ਵੱਲੋਂ ਤਿੰਨੋਂ ਫ਼ੌਜ ਮੁਖੀਆਂ ਨਾਲ ਮੀਟਿੰਗ

## ਰੱਖਿਆ ਮੰਤਰੀ ਤੇ ਐਨ.ਐਸ.ਏ. ਡੋਭਾਲ ਮੀ ਮੌਜੂਦ

ਨਵੀਂ ਦਿੱਲੀ , 9 ਮਈ (ਚ.ਨ.ਸ.) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਹਥਿਆਰਬੰਦ ਸੈਨਾਵਾਂ ਦੇ ਸਾਬਕਾ ਸੈਨਿਕਾਂ ਦੇ ਇੱਕ ਸਮੂਹ ਨਾਲ ਮੁਲਾਕਾਤ ਕੀਤੀ। ਇਸ ਦੌਰਾਨ, ਉਨ੍ਹਾਂ ਨੇ ਮੌਜੂਦਾ ਸਥਿਤੀ ਸੰਬੰਧੀ ਕਈ ਮਹੱਤਵਪੂਰਨ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਇਸ ਮੀਟਿੰਗ ਵਿੱਚ ਸਾਬਕਾ ਹਵਾਈ ਸੈਨਾ ਮੁਖੀ, ਸਾਬਕਾ ਸੈਨਾ ਮੁਖੀ, ਸਾਬਕਾ ਜਲ ਸੈਨਾ ਮੁਖੀ ਅਤੇ ਹੋਰ ਸੀਨੀਅਰ ਸੈਨਿਕ ਸ਼ਾਮਲ ਹੋਏ ਜਿਨ੍ਹਾਂ ਨੇ ਲੰਬੇ ਸਮੇਂ ਤੱਕ ਦੇਸ਼ ਦੀ ਸੇਵਾ ਕੀਤੀ।

ਪ੍ਰਧਾਨ ਮੰਤਰੀ ਨਿਵਾਸ 'ਤੇ ਤਿੰਨਾਂ ਫੌਜ ਮੁਖੀਆਂ ਨਾਲ ਵੀ ਪ੍ਰਧਾਨ ਮੰਤਰੀ ਮੋਦੀ ਨੇ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਜਲ ਸੈਨਾ ਮੁਖੀ, ਹਵਾਈ ਸੈਨਾ ਮੁਖੀ, ਸੈਨਾ ਮੁਖੀ ਅਤੇ ਸੀ.ਡੀ.ਐਸ. ਵੀ ਮੌਜੂਦ ਰਹੇ। ਇਸ ਮਹੱਤਵਪੂਰਨ ਮੀਟਿੰਗ ਵਿੱਚ ਐਨਐਸਏ ਅਜੀਤ ਡੋਭਾਲ ਨੇ ਵੀ ਹਿੱਸਾ ਲਿਆ। ਰੱਖਿਆ ਮੰਤਰੀ ਰਾਜਨਾਥ ਸਿੰਘ ਵੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਥੋੜ੍ਹੀ ਦੇਰ ਪਹਿਲਾਂ ਪ੍ਰਧਾਨ ਮੰਤਰੀ ਨਿਵਾਸ ਪਹੁੰਚੇ। ਵਿਦੇਸ਼ ਮੰਤਰਾਲੇ ਦੀ ਪ੍ਰੈਸ ਬ੍ਰੀਫਿੰਗ ਥੋੜ੍ਹੀ ਦੇਰ ਪਹਿਲਾਂ ਹੋਈ ਸੀ, ਜਿਸ ਵਿੱਚ ਉਨ੍ਹਾਂ ਨੇ ਪਾਕਿਸਤਾਨ ਵੱਲੋਂ ਭਾਰਤ 'ਤੇ ਕੀਤੇ ਗਏ ਨਾਕਾਮ ਹਮਲਿਆਂ ਬਾਰੇ ਜਾਣਕਾਰੀ ਦਿੱਤੀ। ਜਾਣਕਾਰੀ ਮੁਤਾਬਕ, ਪਾਕਿਸਤਾਨ ਨੇ ਇੱਕ ਵਾਰ ਫਿਰ ਸਰਹੱਦ ਪਾਰ ਤੋਂ ਭਾਰੀ ਗੋਲੀਬਾਰੀ ਸ਼ੁਰੂ ਕਰ ਦਿੱਤੀ ਹੈ। ਜੰਗਬੰਦੀ ਦੀ ਉਲੰਘਣਾ ਦੀ ਤਾਜ਼ਾ ਘਟਨਾ ਸ਼ੁੱਕਰਵਾਰ ਸ਼ਾਮ ਨੂੰ ਉੜੀ ਸੈਕਟਰ ਵਿੱਚ ਵਾਪਰੀ ਜਿੱਥੇ ਪਾਕਿਸਤਾਨ ਵਾਲੇ ਪਾਸਿਓਂ ਭਾਰੀ ਗੋਲੀਬਾਰੀ ਕੀਤੀ ਜਾ ਰਹੀ ਹੈ

### ਭਾਰਤ-ਪਾਕਿ 'ਚ ਵਧੇ ਤਣਾਅ ਦਾ ਮਾਮਲਾ

# ਸ਼੍ਰੋਮਣੀ ਕਮੇਟੀ ਨੇ ਸਰਹੱਦੀ ਖੇਤਰਾਂ 'ਚੋਂ ਸੁਰੱਖਿਤ ਵਾਪਸ ਲਿਆਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ



ਅੰਮ੍ਰਿਤਸਰ , 9 ਮਈ (ਬਬਲੂ ਮਹਾਜਨ): ਇੱਕ ਪਾਸੇ ਭਾਰਤ ਪਾਕਿਸਤਾਨ ਵਿਚਾਲੇ ਜੰਗ ਚੱਲ ਰਹੀ ਹੈ ਤੇ ਹਾਲਾਤ ਤਨਾਪੂਰਨ ਹੁੰਦੇ ਜਾ ਰਹੇ ਆ ਉੱਥੇ ਦੂਸਰੇ ਪਾਸੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਸਰਹੱਦੀ ਪਿੰਡ ਜੋ ਕਿ ਬਿਲਕੁਲ ਭਾਰਤ ਪਾਕਿਸਤਾਨ ਦੀ ਸਰਹੱਦ ਦੇ ਨਾਲ ਲੱਗਦੇ ਹਨ, ਉਹਨਾਂ ਪਿੰਡਾਂ ਦੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹੁੰਚ ਕਰਕੇ ਪਿੰਡਾਂ ਦੀਆਂ ਪੰਚਾਇਤਾਂ ਨਾਲ ਰਾਬਤਾ ਕਾਇਮ ਕਰਕੇ ਗੁਰਦੁਆਰਾ ਸਾਹਿਬਾਨਾਂ ਦੇ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਆਦਰ ਸਤਿਕਾਰ ਨਾਲ ਵਾਪਸ ਲਿਆਂਦੇ ਜਾ ਰਹੇ ਹਨ ਜਿਸ ਦੇ ਚਲਦੇ ਨਸ਼ਹਿਰਾ ਢਾਲਾ ਪਿੰਡ ਹਵੇਲੀਆਂ ਪਿੰਡ ਅਤੇ ਇਸ ਦੇ ਨਾਲ ਹੋਰ ਕਈ ਪਿੰਡਾਂ ਦੇ ਵਿੱਚੋਂ ਧਰਮ ਪ੍ਰਚਾਰ ਦੀਆਂ ਕਮੇਟੀਆਂ ਵੱਲੋਂ ਰਾਬਤਾ ਕਾਇਮ ਕਰਕੇ ਸਰੂਪ ਲਿਆਂਦੇ ਜਾ ਰਹੇ ਹਨ। ਇਸ ਦੌਰਾਨ ਗੁਰਦੁਆਰਾ ਸਾਹਿਬਾਨ ਦੇ ਵਿੱਚ ਭਾਰਤ ਪਾਕਿਸਤਾਨ ਵਿਚਾਲੇ ਬਣ ਰਹੇ ਤਨਾਵ ਦੇ ਹਾਲਾਤ ਠੀਕ ਹੋਣ ਅਜਿਹੀ ਪਹਿਲਾਂ ਅਰਦਾਸ ਕੀਤੀ ਗਈ ਤੇ ਫਿਰ ਬੜੇ ਹੀ ਆਦਰ ਸਤਿਕਾਰ ਨਾਲ ਸਰੂਪ ਲਿਆਂਦੇ ਗਏ ਉੱਥੇ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸਜੀਪੀਸੀ ਅਧਿਕਾਰੀ ਰਜਿੰਦਰ ਸਿੰਘ ਰੂਬੀ ਨੇ ਦੱਸਿਆ ਕਿ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਸਰਹੱਦੀ ਇਲਾਕਿਆਂ ਦੇ ਵਿੱਚੋਂ 27 ਦੇ ਕਰੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਲਿਆਂਦੇ ਜਾ ਰਹੇ ਹਨ ਜੋ ਕਿ ਅੰਮ੍ਰਿਤਸਰ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਰੱਖੇ ਜਾਣਗੇ ਅਤੇ ਭਾਰਤ ਪਾਕਿਸਤਾਨ ਵਿਚਾਲੇ ਤਨਾਵ ਖਤਮ ਹੋਣ ਤੋਂ ਬਾਅਦ ਇਹ ਸਰੂਪ ਵਾਪਸ ਗੁਰਦੁਆਰਾ ਸਾਹਿਬ ਵਿੱਚ ਸੁਸ਼ੋਭਿਤ ਕੀਤੇ ਜਾਣਗੇ। ਇਸ ਦੇ ਨਾਲ ਹੀ ਜਿਨਾਂ ਪਿੰਡਾਂ ਦੇ ਵਿੱਚੋਂ ਗੁਰਦੁਆਰਾ ਸਾਹਿਬਾਨਾਂ 'ਚੋਂ ਸਰੂਪ ਜਾ ਰਹੇ ਸਨ ਉਹਨਾਂ ਪਿੰਡ ਵਾਸੀਆਂ ਨਾਲ ਜਦੋਂ ਗੱਲਬਾਤ ਕੀਤੀ ਤੇ ਉਹਨਾਂ ਨੇ ਕਿਹਾ ਕਿ ਉਹ ਦਿਨ ਰਾਤ ਗੁਰਦੁਆਰਾ ਸਾਹਿਬਾਨ ਵਿੱਚ ਆ ਕੇ ਗੁਰੂ ਸਾਹਿਬ ਅੱਗੇ ਇਹ ਜੰਗ ਖਤਮ ਹੋਣ ਦੀ ਅਰਦਾਸ ਕਰਦੇ ਹਨ। ਲੇਕਿਨ ਹਾਲਾਤ ਦੇ ਮੱਦੇ ਨਜ਼ਰ ਗੁਰੂ ਸਾਹਿਬ ਦੇ ਸਰੂਪ ਇੱਥੋਂ ਲਿਜਾਏ ਜਾ ਰਹੇ ਹਨ ਅਤੇ ਅਸੀਂ ਫਿਰ ਅਰਦਾਸ ਕਰਦੇ ਹਾਂ ਕਿ ਇਹ ਜੰਗ ਖਤਮ ਹੋਵੇ ਤਾਂ ਕਿ ਮੁੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੋ ਸਕਣ।

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਸੁਰਿੰਦਰ ਕੌਰ ਸੁਪਤਨੀ ਸਵਰਗੀ ਸ੍ਰੀ ਮਨਮੋਹਨ ਸਿੰਘ** ਦੇ ਨਾਮ ਤੋਂ **ਸ੍ਰੀ ਤਰੁਣ ਸੇਠੀ ਸਪੁੱਤਰ ਸ੍ਰੀ ਜਗਦੀਸ਼ ਕੁਮਾਰ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 41-ਏ, ਚੰਡੀਗੜ੍ਹ ਵਿਚ ਐਮਆਈਜੀ (ਐਫ) ਵਰਗ ਦੀ ਰਿਹਾਇਸ਼ੀ ਇਕਾਈ ਨੰ. 50/1 (ਪਹਿਲੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 41-ਏ, ਚੰਡੀਗੜ੍ਹ ਵਿਚ ਐਮਆਈਜੀ (ਐਫ) ਵਰਗ ਦੀ ਰਿਹਾਇਸ਼ੀ ਇਕਾਈ ਨੰ. 50/1 (ਪਹਿਲੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਸੁਰਿੰਦਰ ਕੌਰ ਸੁਪਤਨੀ ਸਵਰਗੀ ਸ੍ਰੀ ਮਨਮੋਹਨ ਸਿੰਘ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀਮਤੀ ਸੁਰਿੰਦਰ ਕੌਰ ਸੁਪਤਨੀ ਸਵਰਗੀ ਸ੍ਰੀ ਮਨਮੋਹਨ ਸਿੰਘ ਭਾਟੀਆ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 01.04.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਤਰੁਣ ਸੇਠੀ ਸਪੁੱਤਰ ਸ੍ਰੀ ਜਗਦੀਸ਼ ਕੁਮਾਰ** ਨੂੰ ਵੇਚ ਦਿੱਤੀ ਹੈ। **ਸ੍ਰੀ ਤਰੁਣ ਸੇਠੀ ਸਪੁੱਤਰ ਸ੍ਰੀ ਜਗਦੀਸ਼ ਕੁਮਾਰ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਅਜੇ ਕੁਮਾਰ ਕੁਮਾਰੀਆ ਸਪੁੱਤਰ ਸ੍ਰੀ ਕਪਿਲ ਦੇਵ ਕੁਮਾਰੀਆ** ਦੇ ਨਾਮ ਤੋਂ **ਸ੍ਰੀ ਸਤਵਿੰਦਰ ਸਿੰਘ ਸਪੁੱਤਰ ਸ੍ਰੀ ਤਰਸੇਮ ਸਿੰਘ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 44-ਡੀ, ਚੰਡੀਗੜ੍ਹ ਵਿਚ ਐਚਆਈਜੀ (ਐਲ) ਵਰਗ ਦੀ ਰਿਹਾਇਸ਼ੀ ਇਕਾਈ ਨੰ. 3065-1 (ਪਹਿਲੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 44-ਡੀ, ਚੰਡੀਗੜ੍ਹ ਵਿਚ ਐਚਆਈਜੀ (ਐਲ) ਵਰਗ ਦੀ ਰਿਹਾਇਸ਼ੀ ਇਕਾਈ ਨੰ. 3065-1 (ਪਹਿਲੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਅਜੇ ਕੁਮਾਰ ਕੁਮਾਰੀਆ ਸਪੁੱਤਰ ਸ੍ਰੀ ਕਪਿਲ ਦੇਵ ਕੁਮਾਰੀਆ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਅਜੇ ਕੁਮਾਰ ਕੁਮਾਰੀਆ ਸਪੁੱਤਰ ਸ੍ਰੀ ਕਪਿਲ ਦੇਵ ਕੁਮਾਰੀਆ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 30.04.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਸਤਵਿੰਦਰ ਸਿੰਘ ਸਪੁੱਤਰ ਸ੍ਰੀ ਤਰਸੇਮ ਸਿੰਘ** ਨੂੰ ਵੇਚ ਦਿੱਤੀ ਹੈ। **ਸ੍ਰੀ ਸਤਵਿੰਦਰ ਸਿੰਘ ਸਪੁੱਤਰ ਸ੍ਰੀ ਤਰਸੇਮ ਸਿੰਘ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ ਸਰਕਾਰ ਹਾਈ ਅਲਰਟ 'ਤੇ : ਭਾਰਤ-ਪਾਕਿਸਤਾਨ ਤਣਾਅ ਦੇ ਚੱਲਦਿਆਂ ਫਾਇਰ ਬ੍ਰਿਗੇਡ

## ਸਟਾਫ਼ ਦੀਆਂ ਛੁੱਟੀਆਂ ਰੱਦ, ਅਧਿਕਾਰੀਆਂ ਦੇ ਸੰਪਰਕ ਨੰਬਰ ਜਾਰੀ ਕੀਤੇ

ਚੰਡੀਗੜ੍ਹ, 9 ਮਈ, (ਚ.ਨ.ਸ.) : ਭਾਰਤ ਅਤੇ ਪਾਕਿਸਤਾਨ ਦਰਮਿਆਨ ਮੌਜੂਦਾ ਤਣਾਅ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਸੂਬੇ ਦੀਆਂ ਅੱਗ ਬੁਝਾਊ ਅਤੇ ਐਮਰਜੈਂਸੀ ਸੇਵਾਵਾਂ ਨੂੰ ਤਿਆਰ-ਬਰ-ਤਿਆਰ ਰੱਖਣ ਲਈ ਫੌਰੀ ਕਦਮ ਚੁੱਕੇ ਹਨ।

ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸਖ਼ਤ ਨਿਰਦੇਸ਼ ਜਾਰੀ ਕਰਦਿਆਂ ਫਾਇਰ ਬ੍ਰਿਗੇਡ ਸਟਾਫ ਦੀਆਂ ਸਾਰੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ ਅਤੇ ਪੰਜਾਬ ਭਰ ਵਿੱਚ ਸੰਵੇਦਨਸ਼ੀਲ ਥਾਵਾਂ 'ਤੇ ਉਨ੍ਹਾਂ ਨੂੰ 24 ਘੰਟੇ ਤਾਇਨਾਤ ਰਹਿਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਜੰਗ ਇੱਕ ਵੱਡੀ ਐਮਰਜੈਂਸੀ ਹੈ ਅਤੇ ਫਾਇਰ ਬ੍ਰਿਗੇਡ ਅਜਿਹੀਆਂ ਸਥਿਤੀਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਮੌਕ ਡ੍ਰਿਲ ਕਰਨ, ਇਹ ਯਕੀਨੀ ਬਣਾਉਣ ਕਿ ਸਾਰੇ ਉਪਕਰਣ ਪੂਰੀ ਤਰ੍ਹਾਂ ਕੰਮ ਕਰ ਰਹੇ ਹਨ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੇਜ਼ ਪ੍ਰਤੀਕਿਰਿਆ ਲਈ ਫੌਜ ਦੇ ਅਧਿਕਾਰੀਆਂ ਨਾਲ ਨਿਰੰਤਰ ਸੰਚਾਰ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਅਧਿਕਾਰੀਆਂ ਨੂੰ ਹਰ ਸਮੇਂ ਆਪਣੇ



ਮੋਬਾਈਲ ਫੋਨ ਚੱਲਦੇ ਰੱਖਣਾ ਯਕੀਨੀ ਬਣਾਉਂਦਿਆਂ ਹਾਈ ਅਲਰਟ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ।

ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਹੰਗਾਮੀ ਹਾਲਾਤਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਸਰਕਾਰ ਵੱਲੋਂ ਸਾਰੇ ਲੋੜੀਂਦੇ ਸਰੋਤ ਜੁਟਾਏ ਗਏ ਹਨ।

ਤੇਜ਼ੀ ਨਾਲ ਪ੍ਰਤੀਕਿਰਿਆ (ਰਿਸਪਾਂਸ) ਨੂੰ ਯਕੀਨੀ ਬਣਾਉਣ ਲਈ ਕੈਬਨਿਟ ਮੰਤਰੀ ਨੇ ਫਾਇਰ ਬ੍ਰਿਗੇਡ ਅਧਿਕਾਰੀਆਂ ਨੂੰ ਡਿਪਟੀ ਕਮਿਸ਼ਨਰਾਂ ਨਾਲ ਨੇੜਿਓਂ ਤਾਲਮੇਲ ਕਰਕੇ ਸੰਵੇਦਨਸ਼ੀਲ ਸਥਾਨਾਂ 'ਤੇ ਰਣਨੀਤਕ ਤੌਰ 'ਤੇ ਫਾਇਰ ਟੈਂਡਰ ( ਅੱਗ-ਬੁਝਾਊ ਜਾਂ ਐਮਰਜੈਂਸੀ ਵਹੀਕਲ) ਤਾਇਨਾਤ ਕਰਨ ਲਈ ਕਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਤਿਆਰੀਆਂ ਦੀ ਸਮੀਖਿਆ ਲਈ ਨਿਯਮਤ ਮੀਟਿੰਗਾਂ ਕਰਨ ਦੇ ਨਾਲ-ਨਾਲ ਫੌਰੀ ਢੰਗ ਨਾਲ ਸਾਰੇ ਜ਼ਰੂਰੀ ਪ੍ਰਬੰਧ ਮੁਕੰਮਲ ਕੀਤੇ ਜਾਣ।

ਡਾ. ਰਵਜੋਤ ਸਿੰਘ ਨੇ ਐਲਾਨ ਕੀਤਾ ਕਿ ਕੈਬਨਿਟ ਮੰਤਰੀ ਤਿਆਰੀ ਦਾ ਮੁਲਾਂਕਣ ਕਰਨ ਲਈ ਹਸਪਤਾਲਾਂ ਅਤੇ ਫਾਇਰ ਬ੍ਰਿਗੇਡ ਸਹੂਲਤਾਂ ਦਾ ਨਿੱਜੀ ਤੌਰ 'ਤੇ ਨਿਰੀਖਣ ਕਰਨਗੇ।

ਪੰਜਾਬ ਫਾਇਰ ਬ੍ਰਿਗੇਡ ਵਿਭਾਗ ਨੇ ਐਮਰਜੈਂਸੀ ਦੌਰਾਨ ਤੁਰੰਤ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ 112 ਸੰਪਰਕ ਨੰਬਰ ਪਹਿਲਾਂ ਹੀ ਜਾਰੀ ਕੀਤਾ ਹੋਇਆ ਹੈ। ਇਸਦੇ ਨਾਲ ਹੀ ਵਿਭਾਗ ਨੇ ਆਪਣੇ ਜ਼ਿਲ੍ਹਾ ਅਧਿਕਾਰੀਆਂ ਦੇ ਸੰਪਰਕ ਨੰਬਰ ਜਾਰੀ ਕੀਤੇ ਹਨ। ਲੋੜ ਪੈਣ 'ਤੇ ਨਾਗਰਿਕ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।

# ਭਾਰਤੀਆਂ ਦੀ ਇੱਕਜੁੱਟਤਾ ਹੀ ਸਭ ਤੋਂ ਵੱਡੀ ਤਾਕਤ : ਬਰਸਟ

ਚੰਡੀਗੜ੍ਹ, 9 ਮਈ, (ਚ.ਨ.ਸ.) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਸਾਰੇ ਭਾਰਤ ਵਾਸੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਕਿਉਂਕਿ ਜੋ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਤਣਾਅ ਵਾਲੇ ਹਾਲਾਤ ਬਣੇ ਹੋਏ ਹਨ। ਉਨ੍ਹਾਂ ਨੂੰ ਮੁੱਖ ਰੱਖ ਕੇ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਪੂਰੀ ਤਰ੍ਹਾਂ ਸੁਚੇਤ ਰਹੇ ਅਤੇ ਆਪਣੇ ਪਰਿਵਾਰ ਤੇ ਆਸ-ਪਾਸ ਵਾਲਿਆਂ ਦਾ ਵੀ ਧਿਆਨ ਰੱਖੇ।

ਉਨ੍ਹਾਂ ਕਿਹਾ ਕਿ ਮੌਜੂਦਾ ਸਥਿਤੀਆਂ ਵਿੱਚ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਸਰਕਾਰ ਅਤੇ ਪ੍ਰਸ਼ਾਸਨ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜੋ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਜੇ ਕਿਸੇ ਨੂੰ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਤੁਰੰਤ ਕੰਟਰੂਮ ਰੂਮ 'ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕ ਸੁਚੇਤ ਰਹਿੰਦਿਆਂ ਹੋਇਆਂ ਆਪਣੇ ਆਲੇ-ਦੁਆਲੇ ਧਿਆਨ ਰੱਖਣ ਅਤੇ ਜੇਕਰ ਕੋਈ ਸ਼ੱਕੀ ਵਿਅਕਤੀ ਜਾਂ ਸ਼ੱਕੀ ਵਸਤੂ ਨਜ਼ਰ ਆਉਂਦੀ ਹੈ ਤਾਂ ਉਸ ਬਾਰੇ



ਤੁਰੰਤ ਪ੍ਰਸ਼ਾਸਨ ਨੂੰ ਜਾਣਕਾਰੀ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਸਰਕਾਰ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਨਾਗਰਿਕਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਵੱਲ ਧਿਆਨ ਨਾ ਦੇਣ ਅਤੇ ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਸ਼ੰਕਾ ਹੋਵੇ ਤਾਂ ਤੁਰੰਤ ਪ੍ਰਸ਼ਾਸਨ ਨਾਲ ਸੰਪਕਤ ਕੀਤਾ ਜਾਵੇ। ਉਨ੍ਹਾਂ ਸਾਰੇ ਲੋਕਾਂ ਨੂੰ ਸ਼ਾਂਤ ਰਹਿਣ, ਅਫਵਾਹਾਂ ਅਤੇ ਪ੍ਰਤੀਕਿਰਿਆ ਕਰਨ ਤੋਂ ਬਚਣ ਲਈ ਉਤਸ਼ਾਹਿਤ ਕੀਤਾ ਅਤੇ ਸਾਰੇ ਲੋਕਾਂ ਨੂੰ ਫੌਜ ਅਤੇ ਸਰਕਾਰ ਦਾ ਪੂਰਾ ਸਾਥ ਦੇਣ ਦੀ ਅਪੀਲ ਵੀ ਕੀਤੀ।

# ਵਿਜੀਲੈਂਸ ਬਿਊਰੋ ਵੱਲੋਂ ਅਪ੍ਰੈਲ ਮਹੀਨੇ ਦੌਰਾਨ ਰਿਸ਼ਵਤਖੋਰੀ ਦੇ ਕੇਸਾਂ 'ਚ 34 ਮੁਲਜ਼ਮ

ਚੰਡੀਗੜ੍ਹ, 9 ਮਈ, (ਚ.ਨ.ਸ.) : ਹਰ ਪੱਧਰ 'ਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਆਪਣੀ ਅਣਥੱਕ ਵਚਨਬੱਧਤਾ ਦੇ ਹਿੱਸੇ ਵਜੋਂ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅਪ੍ਰੈਲ ਮਹੀਨੇ ਦੌਰਾਨ ਰਿਸ਼ਵਤਖੋਰੀ ਦੇ 22 ਕੇਸਾਂ ਵਿੱਚ 23 ਸਰਕਾਰੀ ਮੁਲਾਜ਼ਮਾਂ ਅਤੇ 11 ਆਮ ਵਿਅਕਤੀਆਂ ਸਮੇਤ 34 ਵਿਅਕਤੀਆਂ ਨੂੰ ਜਾਲ ਵਿਛਾ ਕੇ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ-ਸਹਿਣਸ਼ੀਲਤਾ ਨੀਤੀ ਤਹਿਤ ਕੰਮ ਕਰਦਿਆਂ ਵਿਜੀਲੈਂਸ ਬਿਊਰੋ ਵੱਲੋਂ ਸਰਕਾਰੀ ਦਫਤਰਾਂ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ ਬਿਨਾਂ ਕਿਸੇ ਢਿੱਲ ਦੇ ਸਰਗਰਮ ਕਾਰਵਾਈ ਜਾਰੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਸਿਰਫ਼ ਕਾਰਵਾਈ ਤੱਕ ਹੀ ਸੀਮਤ ਨਹੀਂ, ਸਗੋਂ ਭ੍ਰਿਸ਼ਟ ਗਤੀਵਿਧੀਆਂ ਵਿਰੁੱਧ ਇੱਕ ਮਜ਼ਬੂਤ ਪ੍ਰਣਾਲੀ ਸਥਾਪਤ ਕਰਨਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸੇ ਮਿਆਦ ਦੌਰਾਨ ਵਿਜੀਲੈਂਸ ਬਿਊਰੋ ਨੇ ਵੱਖ-ਵੱਖ ਅਦਾਲਤਾਂ ਵਿੱਚ 12 ਚਲਾਨ ਦਾਇਰ




ਕੀਤੇ ਅਤੇ 34 ਮੁਲਜ਼ਮਾਂ ਖਿਲਾਫ਼ 20 ਅਪਰਾਧਿਕ ਮਾਮਲੇ ਦਰਜ ਕੀਤੇ ਹਨ ਜਿਨ੍ਹਾਂ ਵਿੱਚ 18 ਸਰਕਾਰੀ ਮੁਲਾਜ਼ਮ ਸ਼ਾਮਲ ਹਨ। ਇਸ ਤੋਂ ਇਲਾਵਾ ਇੱਕ ਵੱਖਰੇ ਕੇਸ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਲਈ ਵਿਜੀਲੈਂਸ ਪੜਤਾਲ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।

ਵਿਜੀਲੈਂਸ ਬਿਊਰੋ ਦੀਆਂ ਕਾਨੂੰਨੀ ਸਫ਼ਲਤਾਵਾਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਵਿਜੀਲੈਂਸ ਬਿਊਰੋ ਵੱਲੋਂ ਵੱਖ-ਵੱਖ ਅਦਾਲਤਾਂ ਵਿੱਚ ਲੜੇ ਗਏ ਰਿਸ਼ਵਤਖੋਰੀ ਦੇ ਤਿੰਨ ਕੇਸਾਂ ਵਿੱਚ ਵੱਖ-ਵੱਖ ਅਦਾਲਤਾਂ ਵੱਲੋਂ ਤਿੰਨ ਮੁਲਜ਼ਮਾਂ ਨੂੰ ਚਾਰ ਤੋਂ ਪੰਜ ਸਾਲ ਤੱਕ ਦੀ ਕੈਦ ਦੀ ਸਜ਼ਾ ਦੇ ਨਾਲ ਨਾਲ 10,000 ਤੋਂ 35,000 ਰੁਪਏ ਤੱਕ ਦੇ ਜੁਰਮਾਨੇ ਵੀ ਲਾਏ ਗਏ।

ਬੁਲਾਰੇ ਨੇ ਸਰਕਾਰੀ ਤੰਤਰ ਨੂੰ ਹਰ ਪਾਸੋਂ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਵਿਜੀਲੈਂਸ ਬਿਊਰੋ ਦੇ ਦ੍ਰਿੜ ਇਰਾਦੇ ਨੂੰ ਦੁਹਰਾਇਆ ਅਤੇ ਨਾਗਰਿਕਾਂ ਨੂੰ ਇਸ ਮਿਸ਼ਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਰਿਸ਼ਵਤਖੋਰੀ ਜਾਂ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਸੂਚਨਾ ਦੇਣ ਲਈ ਲੋਕਾਂ ਨੂੰ 95012-00200 'ਤੇ ਵਟਸਐਪ ਰਾਹੀਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਸਿੱਧੇ ਸ਼ਿਕਾਇਤਾਂ ਦਰਜ ਕਰਵਾਉਣ ਦੀ ਸਹੂਲਤ ਦਿੱਤੀ ਗਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲ ਜਨਤਾ ਨੂੰ ਸ਼ਾਸਨ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਇਮਾਨਦਾਰੀ ਨੂੰ ਯਕੀਨੀ ਬਣਾਉਣ ਲਈ ਸਰਗਰਮ ਭਾਈਵਾਲ਼ ਬਣਨ ਦਾ ਅਧਿਕਾਰ ਦਿੰਦੀ ਹੈ।




ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!

# ਭਾਰਤ-ਪਾਕਿਸਤਾਨ ਦਰਮਿਆਨ ਯੁੱਧ ਦਾ ਤਣਾਅ ਆਪਣੇ ਸਿਖਰ 'ਤੇ

- ☛ ਭਾਰਤ ਦੇ ਰੱਖਿਆ ਚੱਕਰ ਨੂੰ ਨਹੀਂ ਤੋੜ ਸਕਿਆ ਪਾਕਿਸਤਾਨ
- ☛ 500 ਡਰੋਨ, 36 ਸ਼ਹਿਰ ਅਕਾਸ਼ ਵਿੱਚ ਸਾਰੇ ਖ਼ਾਕ
- ☛ ਭਾਰਤੀ ਵਿਦੇਸ਼ ਮੰਤਰਾਲੇ ਦੀ ਪ੍ਰੈਸ ਬ੍ਰੀਫ਼ਿੰਗ ਨੇ ਸਾਰੇ ਸ਼ੰਕੇ ਦੂਰ ਕੀਤੇ



ਪ੍ਰੋ . ਡਾ . ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪਾਕਿਸਤਾਨ ਨੇ ਭਾਰਤ ਦੇ ਆਪਰੇਸ਼ਨ ਸਿੰਧੂਰ ਤੋਂ ਬੌਖਲਾਏ ਜਿਸ ਤਰ੍ਹਾਂ ਭਾਰਤ ਦੇ 36 ਤੋਂ ਜ਼ਿਆਦਾ ਸ਼ਹਿਰਾਂ ਦੇ ਵਿੱਚ 500 ਤੋਂ ਜ਼ਿਆਦਾ ਡਰੋਨ ਕੱਲ੍ਹ ਰਾਤ ਨੂੰ ਦਾਗੇ ਸਨ, ਸਾਰੇ ਨਾਕਾਮ ਤੇ ਨਸ਼ਟ ਕਰ ਦਿੱਤੇ ਗਏ ਹਨ ਅਤੇ ਪੂਰੀ ਰਾਤ ਭਰ ਪਾਕਿਸਤਾਨ ਨੂੰ ਮੂੰਹ ਤੋੜ ਜਵਾਬ ਦਿੱਤਾ ਗਿਆ ਅਤੇ ਜਵਾਬੀ ਕਾਰਵਾਈ ਵਿੱਚ ਪੀ.ਓ.ਕੇ. ਵਿੱਚ ਵੀ ਭਾਰੀ ਨੁਕਸਾਨ ਹੋਇਆ ਹੈ।

ਦੂਜੇ ਸ਼ਬਦਾਂ ਵਿੱਚ ਭਾਰਤ ਨੇ ਪਾਕਿਸਤਾਨ ਦੇ ਹਰ ਡਰੋਨ ਅਤੇ ਉਹਨਾਂ ਦੀ ਹਰ ਹਮਲਾਵਰ ਕੋਸ਼ਿਸ਼ ਨੂੰ ਨਾਕਾਮ ਕੀਤਾ ਹੈ। ਆਪਣੇ ਬਰੀਫਿੰਗ ਨੋਟ ਵਿੱਚ ਭਾਰਤ ਸਰਕਾਰ ਨੇ ਕਿਹਾ ਹੈ ਕਿ ਭਾਰਤ ਨੇ ਪਾਕਿਸਤਾਨ ਦੇ ਸਾਰੇ ਹਮਲੇ ਨਾਕਾਮ ਕਰਦਿਆਂ ਹੋਇਆਂ ਜਿਹੜੇ ਉਹਨਾਂ ਨੇ 36 ਸ਼ਹਿਰਾਂ 'ਤੇ ਡਰੋਨ ਹਮਲੇ ਕੀਤੇ ਸਨ ਉਹਨਾਂ ਦੇ ਬਾਰੇ ਵਿੱਚ ਤਫ਼ਸੀਲ ਵਿੱਚ ਗੱਲ ਕਰਦੇ ਹੋਏ ਕਿਹਾ ਹੈ ਕਿ ਪਾਕਿਸਤਾਨ ਨੇ ਐਲ.ਓ.ਸੀ. ਵਿੱਚ ਰਿਹਾਇਸ਼ੀ ਘਰਾਂ 'ਤੇ ਹਮਲਾ ਤੇ ਨਿਸ਼ਾਨਾ ਬਣਾਇਆ ਹੈ ਅਤੇ ਉਸ ਵਿੱਚ ਦੋ ਭਾਰਤੀ ਵਿਦਿਆਰਥੀਆਂ ਦੀ ਪੁੰਛ ਵਿੱਚ ਮੌਤ ਹੋਈ ਹੈ ਅਤੇ ਇਸ ਦੇ ਨਾਲ ਹੀ ਕਰਤਾਰਪੁਰ ਕਾਰੀਡੋਰ ਫ਼ਿਲਹਾਲ ਸਸਪੈਂਡ ਰੱਖਿਆ ਗਿਆ ਹੈ।

ਬ੍ਰੀਫਿੰਗ ਵਿੱਚ ਵੀ ਇਹ ਵੀ ਸਾਫ਼ ਕੀਤਾ ਗਿਆ ਕਿ ਇਹ ਸਾਰੇ ਡਰੋਨ ਜਿਹਨਾਂ ਨਾਲ ਪਾਕਿਸਤਾਨ ਨੇ ਭਾਰਤ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਇਹ ਸਾਰੇ ਹੀ ਤੁਰਕੀਏ ਦੇ ਬਣੇ ਹੋਏ ਹਨ। ਭਾਰਤੀ ਪ੍ਰਵਕਤਾ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਡਿਸ ਇਨਫਰਮੇਸ਼ਨ ਅਤੇ ਝੂਠ ਫੈਲਾਉਣ ਵਿੱਚ ਜਿਸ ਤਰ੍ਹਾਂ ਦਾ ਮਾਹਿਰ ਹੈ ਉਹ ਲਗਾਤਾਰ ਝੂਠ ਦੀ ਫੈਕਟਰੀ ਬਣਿਆ ਹੋਇਆ ਹੈ । ਪਿਛਲੇ 24 ਘੰਟਿਆਂ ਵਿੱਚ ਕੀਤੀ ਕਾਰਵਾਈ ਦੇ ਬਾਰੇ ਵਿੱਚ ਇੰਡਸ ਪਾਣੀਆਂ ਬਾਰੇ ਪ੍ਰਵਕਤਾ ਨੇ ਕਿਹਾ ਹੈ ਕਿ ਉਹ ਪਹਿਲੇ ਹੀ ਵਿਸਤਾਰ ਵਿੱਚ ਇਸ ਦੇ ਬਾਰੇ ਦੱਸ ਚੁੱਕੇ ਹਨ ਉੱਥੇ ਉਹਨਾਂ ਨੇ ਕਿਹਾ ਕਿ ਭਾਰਤੀ ਸਰਕਾਰ ਦੁਆਰਾ ਆਈਐਮਐਫ ਦਾ ਸਵਾਲ ਹੈ, ਅੱਜ ਮੀਟਿੰਗ ਹੋ ਰਹੀ ਹੈ, ਉੱਥੇ ਭਾਰਤ ਸਰਕਾਰ ਆਪਣਾ ਆਪਣਾ ਪੱਖ ਰੱਖ ਰਿਹਾ ਹੈ। ਉਹਨਾਂ ਨੇ ਇਹ ਸਾਫ ਕੀਤਾ ਕਿ ਪਾਕਿਸਤਾਨ ਦੇ ਹਮਲੇ ਦੀਆਂ ਕਾਰਵਾਈਆਂ ਦਾ ਸਿੱਧਾ ਮੂੰਹ ਤੋੜ ਜਵਾਬ ਭਾਰਤ ਦੁਆਰਾ ਦਿੱਤਾ ਗਿਆ ਹੈ।

ਉੱਧਰ ਉਹਨਾਂ ਦੇ ਬਾਰੇ ਮਿਲ ਰਹੀ ਡਿਟੇਲ ਅਤੇ ਪਾਕਿਸਤਾਨ ਸਰਕਾਰ ਅਤੇ ਉੱਥੋਂ ਦੇ ਰੱਖਿਆ ਮੰਤਰੀ ਦੇ ਨੈਸ਼ਨਲ ਅਸੈਂਬਲੀ ਵਿੱਚ ਦਿੱਤੇ ਗਏ ਝੂਠ ਦੇ ਬਿਆਨ ਨਾਲ ਇਕ ਗੱਲ ਸਾਫ਼ ਹੈ ਕਿ ਪਾਕਿਸਤਾਨ ਦੀ ਨੀਅਤ ਵਿੱਚ ਅਜੇ ਵੀ ਕੋਈ ਇਮਾਨਦਾਰੀ ਨਹੀਂ ਹੈ। ਪਾਕਿਸਤਾਨ ਦਾ ਨਿਸ਼ਾਨਾ ਭਾਰਤ ਦੇ 36 ਤੋਂ ਜ਼ਿਆਦਾ ਪੱਛਮੀ ਸਰਹੱਦ ਨਾਲ ਲੱਗੇ ਹੋਏ ਉਹ ਸਾਰੇ ਸ਼ਹਿਰ ਸਨ ਜਿਹਨਾਂ 'ਤੇ ਡਰੋਨਜ਼ ਦੀ ਬਾਰਿਸ਼ ਕੀਤੀ ਗਈ ਅਤੇ ਸੁਖਦ ਸਥਿਤੀ ਇਹ ਹੈ ਕਿ ਭਾਰਤੀ ਏਅਰਫੋਰਸ ਅਤੇ ਰੱਖਿਆ ਚੱਕਰ ਨੇ ਸਾਰੇ ਦੇ ਸਾਰੇ ਡਰੋਨਾਂ ਨੂੰ ਜਿਸ ਤਰ੍ਹਾਂ ਖ਼ਾਕ ਕਰ ਦਿੱਤਾ ਉਹ ਭਾਰਤ ਦੀ ਰੱਖਿਆ ਪ੍ਰਣਾਲੀ ਅਤੇ ਏਅਰ ਸ਼ਕਤੀ ਦਾ ਇੱਕ ਉਹ ਪ੍ਰਗਟਾਵਾ ਹੈ, ਜਿਸ ਨੂੰ ਪੂਰੀ ਦੁਨੀਆਂ ਨੇ ਲਾਈਵ ਦੇਖਿਆ ਹੈ ।

ਅੱਜੇ ਤੱਕ ਜਿਸ ਤਰ੍ਹਾਂ ਦੀ ਭਾਰਤ ਦੀ ਸਥਿਤੀ ਹੈ ਅਤੇ ਜਿਸ ਤਰ੍ਹਾਂ ਦਾ ਦੁਨੀਆਂ ਦੇ ਵੱਡੇ ਦੇਸ਼ਾਂ ਦਾ ਰੱਦੇ ਅਮਲ ਇਸ ਦੇ ਬਾਰੇ ਵਿੱਚ ਆਇਆ ਹੈ ਉਸ ਨੂੰ ਅਮਰੀਕਾ ਚੀਨ ਅਤੇ ਦੂਜੇ ਪੱਛਮੀ ਦੇਸ਼ਾਂ ਨੇ ਬਹੁਤ ਹੀ ਘੱਟ ਸ਼ਬਦਾਂ ਦੇ ਵਿੱਚ ਜਿਸ ਤਰ੍ਹਾਂ ਸਦੀ ਹੋਈ ਇੱਕ ਪ੍ਰਤੀਕਿਰਿਆ ਦਿੱਤੀ ਹੈ ਉਸ ਤੋਂ ਲੱਗਦਾ ਹੈ ਕਿ ਭਾਰਤੀ ਰਾਜਨੀਤਿਕ ਡਿਪਲੋਮੇਸੀ ਵੀ ਰੰਗ ਲਿਆ ਰਹੀ ਹੈ ।

ਕਿਸੇ ਵੀ ਦੇਸ਼ ਨੇ ਸਿੱਧੇ ਤੌਰ 'ਤੇ ਭਾਰਤ ਦੇ ਇਸ ਅਪਰੇਸ਼ਨ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ, ਸਗੋਂ ਉਹਨਾਂ ਨੇ ਆਤੰਕਵਾਦ ਦੇ ਖ਼ਿਲਾਫ਼ ਆਖ਼ਰੀ ਅੰਜ਼ਾਮ ਤੱਕ ਭਾਰਤ ਦੇ ਅਹਿਦ ਨੂੰ ਉਹਨਾਂ ਦਾ ਭਾਰਤ ਦਾ ਹੱਕ ਦੱਸਿਆ ਹੈ । ਉੱਧਰ ਇਹ ਵੀ ਸੱਚ ਹੈ ਕਿ ਇਸ ਦੇ ਅੰਜ਼ਾਮ ਵਿੱਚ ਪਾਕਿਸਤਾਨ ਨੇ ਸਦਾ ਹੀ ਆਪਣੀ ਤਬਾਹੀ ਦਾ ਰਸਤਾ ਚੁਣਿਆ ਹੈ ਅਤੇ ਜਿਸ ਤਰ੍ਹਾਂ ਉਸਦਾ ਰਵੱਈਆ ਹੈ ਅਤੇ ਭਾਰਤੀ ਸੀਮਾ ਰੇਖਾ ਜਿਸਨੂੰ ਲਾਈਨ ਆਫ਼ ਕੰਟਰੋਲ ਕਿਹਾ ਜਾਂਦਾ ਹੈ, ਉਸਦੇ ਨਾਲ ਪਿਛਲੇ 24 ਘੰਟਿਆਂ ਵਿੱਚ ਸਾਂਭਾ ਅਖਨੂਰ ਰਾਜੌਰੀ ਪੁੰਛ ਤੇ ਜੰਮੂ ਸ਼ਹਿਰ ਦੇ ਨਾਲ ਪੰਜਾਬ ਤੇ ਰਾਜਸਥਾਨ ਜੈਸਲਮੇਰ , ਫਲੋਦੀ ਵਿੱਚ ਹੋਏ ਹਮਲੇ ਅਤੇ ਲਗਾਤਾਰ ਹੋ ਰਹੀ ਸ਼ੈਲਿੰਗ ਨੂੰ ਭਾਰਤੀ ਏਅਰ ਡਿਫੈਂਸ ਸਿਸਟਮ ਨੇ ਜਿਸ ਤਰ੍ਹਾਂ ਨਾਕਾਮ ਕੀਤਾ ਹੈ, ਉਸ ਦੇ ਨਾਲ ਪੰਜਾਬ ਕਸ਼ਮੀਰ ਅਤੇ ਰਾਜਸਥਾਨ ਵਿੱਚ ਡ੍ਰੋਨ ਦੇ ਹਮਲੇ ਦੀਆਂ ਇਹ ਕਾਰਵਾਈਆਂ ਮਿਜ਼ਾਈਲਾਂ ਦੇ ਹਮਲੇ ਨੂੰ ਮਾਰ ਕੇ ਮਕਾਉਣਾ ਭਾਰਤੀ ਸੈਨਾ ਦੁਆਰਾ ਹਮਲੇ ਨੂੰ ਪੂਰੀ ਤਰ੍ਹਾਂ ਨਾਕਾਮ ਕਰ ਦੇਣਾ ਸਾਹਮਣੇ ਆਉਂਦਾ ਹੈ ।

ਉੱਧਰ ਕੱਲ੍ਹ ਦਿਨ ਭਰ ਰੱਖਿਆ ਮੰਤਰੀ ਅਤੇ ਭਾਰਤੀ ਪ੍ਰਧਾਨ ਮੰਤਰੀ ਦੀਆਂ ਲਗਾਤਾਰ ਮੀਟਿੰਗਾਂ ਹੋਈਆਂ ਹਨ ਅਤੇ ਲੱਗਭੱਗ ਹਰ ਮੁੱਦੇ 'ਤੇ ਚਰਚਾ ਹੋਈ ਹੈ। ਉਸ 'ਤੇ ਆਉਣ ਵਾਲੇ ਸਮੇਂ ਦੇ ਵਿੱਚ ਅਰਥਾਤ ਆਉਣ ਵਾਲੇ 24 ਘੰਟੇ ਦੇ ਵਿੱਚ ਪਤਾ ਚੱਲ ਜਾਏਗਾ। ਪ੍ਰੰਤੂ ਸੁਰੱਖਿਆ ਕਾਰਨਾਂ ਕਰਕੇ ਤੇ ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਰਾਜਸਥਾਨ ਦੇ ਸਰਹੱਦੀ ਜੈਸਲਮੇਰ ਜੋਧਪੁਰ ਡਿਵੀਜ਼ਨ ਦੇ ਨਾਲ ਨਾਲ ਗੁਜਰਾਤ ਦੇ ਉਸ ਬਾਰਡਰ 'ਤੇ ਵੀ ਧਿਆਨ ਦਿੱਤਾ ਗਿਆ ਹੈ।ਭਾਰਤ ਪਾਕ ਤਨਾਓ ਦੇ ਵਿੱਚ 7 ਮਈ ਤੋਂ ਲੈ ਕੇ ਐਲਓਸੀ 'ਤੇ ਜਦੋਂ ਉਹਨਾਂ ਨੇ 16 ਨਾਗਰਿਕਾਂ ਦੀ ਹੱਤਿਆ ਕੀਤੀ ਅਤੇ 8 ਮਈ ਨੂੰ ਡਰੋਨ ਹਮਲੇ ਦੀ ਕੋਸ਼ਿਸ਼ ਕੀਤੀ ਅਤੇ 9 ਮਈ ਨੂੰ ਪਾਕਿਸਤਾਨ ਦੇ ਸੈਨਿਕ ਠਿਕਾਨਿਆਂ 'ਤੇ ਹਮਲਾ ਕੀਤਾ ਗਿਆ। ਫ਼ਿਰ 22 ਤਾਰੀਖ ਨੂੰ ਪਹਿਲਗਾਮ ਦਾ ਨਰਸੰਹਾਰ ਹੋਇਆ ਅਤੇ 24 ਤਾਰੀਖ ਨੂੰ ਭਾਰਤ ਨੇ ਜਿਵੇਂ ਸਿੰਧੂ ਜਲ ਸੰਧੀ ਨੂੰ ਠੱਪ ਕੀਤਾ ਅਤੇ ਫਿਰ ਸੱਤ ਮਈ ਨੂੰ ਪਾਕ ਵਿੱਚ ਨੌਂ ਆਤੰਕੀ ਟਿਕਾਣੇ ਖ਼ਤਮ ਕੀਤੇ ਗਏ। ਇਹਨਾਂ ਸਾਰੀਆ ਘਟਨਾਵਾਂ ਤੋਂ ਬਾਅਦ ਜਿਸ ਤਰ੍ਹਾਂ ਡਰੋਨ ਹਮਲੇ ਹੋਏ ਹਨ ਅਤੇ ਉਸ ਤੋਂ ਬਾਅਦ ਭਾਰਤ ਪਾਕਿਸਤਾਨ ਨਾਲ ਹੁਣ ਤੱਕ ਆਪਣੀ ਚਰਮ ਸੀਮਾ 'ਤੇ ਹੈ ।

ਹੁਣ ਇਹ ਵੀ ਦੱਸਿਆ ਗਿਆ ਹੈ ਕਿ ਇਸ ਸਾਰੇ ਤਨਾਅ ਦੇ ਵਿੱਚੋਂ ਭਾਰਤ ਦੇ ਪਾਕਿਸਤਾਨ ਨੇ ਹੁਣ ਇਹ ਬਿਲਕੁਲ ਅੰਤਿਮ ਵਾਰ ਕਰੇਗਾ ਕਿ ਉਹ ਪਹਿਲਗਾਮ ਦੇ ਗੁਨਾਗਾਰਾਂ ਨੂੰ ਅਤੇ ਉਹਨਾਂ ਦੇ ਆਕਾ ਜਿਹੜੇ ਪਿਛਲੇ 25 ਸਾਲ ਤੋਂ ਉਹਨਾਂ ਦੀ ਪੁਸ਼ਤਪਨਾਹੀ ਕਰ ਰਹੇ ਹਨ ਅਤੇ ਉਹਨਾਂ ਦੀ ਆਤੰਕ ਦੀ ਫੈਕਟਰੀਆਂ ਨੂੰ ਪਾਕਿਸਤਾਨ ਦੇ ਅੰਦਰ ਘੁਸ ਕੇ ਭਾਰਤ ਖਤਮ ਕਰਕੇ ਰਹੇਗਾ, ਪ੍ਰੰਤੂ ਜਿਸ ਤਰਾਂ ਪਾਕਿਸਤਾਨ ਦਾ ਝੂਠ ਅਤੇ ਉਹਨਾਂ ਦੀ ਨੈਸ਼ਨਲ ਅਸੈਂਬਲੀ ਵਿੱਚ ਮੈਂਬਰ ਤੇ ਫ਼ੌਜ ਜਿਸ ਤਰ੍ਹਾਂ ਦਾ ਤਨਾਅ ਤੇ ਝੂਠ ਫੈਲਾਅ ਰਹੇ ਹਨ ਤੇ ਜਿਸ ਤਰ੍ਹਾਂ ਉਹਨਾਂ ਦੇ ਸਾਰੇ ਡਰੋਨਾਂ ਨੂੰ ਮਾਰ ਕੇ ਖ਼ਤਮ ਕੀਤਾ ਗਿਆ ਹੈ ।

ਇਸ ਤਰ੍ਹਾਂ ਭਾਰਤ ਨੇ ਪਾਕਿਸਤਾਨ ਦੇ ਦੋ ਜਹਾਜ਼ ਮਿਗ ਤੇ ਦੂਜੇ ਐਫ਼ 17 ਫਾਈਟਰ ਜੈੱਟ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਕੁਲ ਚਾਰ ਲੜਾਕੂ ਵਿਮਾਨ ਪਾਕਿਸਤਾਨ ਨੇ ਗਵਾਏ ਹਨ ਤੇ ਅੱਠ ਪਾਕਿਸਤਾਨੀ ਮਿਜ਼ਾਇਲਾਂ ਦੇ ਨਾਲ 50 ਡਰੋਨ ਇਸ ਤਰ੍ਹਾਂ ਤਬਾਹ ਕੀਤੇ ਗਏ ਹਨ ਅਤੇ ਐਲਓਸੀ 'ਤੇ ਭਾਰਤੀ ਫੌਜ ਨੇ ਉਹਨਾਂ ਨੂੰ ਗਹਿਰਾ ਅਤੇ ਸੰਵੇਦਨਸ਼ੀਲ ਜਵਾਬ ਦਿੱਤਾ ਹੈ, ਜਿਸ ਨਾਲ ਪਾਕਿਸਤਾਨ ਦੀ ਏਅਰ ਰੱਖਿਆ ਪ੍ਰਣਾਲੀ ਤਹਿਸ ਨਹਿਸ ਹੋ ਗਈ ਹੈ ।

ਇਹ ਪਹਿਲੀ ਵਾਰ ਹੈ ਕਿ ਜੰਮੂ ਕਸ਼ਮੀਰ ਅਤੇ ਮੁਕਬੂਜਾ ਕਸ਼ਮੀਰ ਦੀ ਐਲਓਸੀ ਤੋਂ ਬਾਅਦ ਭਾਰਤ ਨੇ ਪੂਰੇ ਪਾਕਿਸਤਾਨ ਵਿੱਚ ਇੱਥੋਂ ਤੱਕ ਕਿ ਕਰਾਚੀ ਬੰਦਰਗਾਹ ਵਿੱਚ ਵੀ ਉਸ ਤਰ੍ਹਾਂ ਦੇ ਹਮਲੇ ਕੀਤੇ ਹਨ ਕਿ ਲਾਹੌਰ ਦੀਆਂ ਤੇ ਪਾਕਿਸਤਾਨ ਦੀਆਂ ਸਾਰੀਆਂ ਉੜਾਨਾਂ ਬੰਦ ਹੋਣ ਕਾਰਨ ਉਹਨਾਂ ਦੀ ਆਰਥਿਕਤਾ ਨੂੰ ਜਿਸ ਤਰ੍ਹਾਂ ਦਾ ਨੁਕਸਾਨ ਪਹੁੰਚਿਆ ਹੈ ਲੱਗਦਾ ਨਹੀਂ ਹੈ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਪਾਕਿਸਤਾਨ ਕੋਈ ਹੋਰ ਧਮਾਕਾ ਕਰ ਸਕੇਗਾ, ਪਰੰਤੂ ਇਹ ਖਾਸ ਹੈ ਕਿ ਜਿਸ ਤਰ੍ਹਾਂ ਦਾ ਪਾਕਿਸਤਾਨ ਦਾ ਪਿਛਲਾ 70 ਸਾਲ ਦਾ ਰਵੱਈਆ ਹੈ ਅਤੇ ਝੂਠ ਬੋਲਣ ਦੀ ਆਦਤ ਹੈ ਉਹ ਭਾਰਤੀ ਫ਼ੌਜ ਦੇ ਸਾਹਮਣੇ ਕਦੀ ਵੀ ਟਿਕ ਨਹੀਂ ਰਹੀ ਹੈ।

ਉੱਧਰ ਬਲੋਚਿਸਤਾਨ ਲਿਬਰੇਸ਼ਨ ਆਰਮੀ ਪਾਕਿਸਤਾਨੀ ਸੈਨਾਵਾਂ ਨੂੰ ਲਗਾਤਾਰ ਨਿਸ਼ਾਨੇ 'ਤੇ ਲੈ ਰਹੀ ਹੈ ਅਤੇ ਜਿਸ ਤਰ੍ਹਾਂ ਦੀਆਂ ਘਟਨਾਵਾਂ ਦੀਆਂ ਖਬਰਾਂ ਆ ਰਹੀਆਂ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਪਾਕਿਸਤਾਨ ਦੇ ਅੰਦਰ ਕਿੰਨੀ ਹਫ਼ੜਾ ਦਫੜੀ ਅਤੇ ਕਿਸ ਤਰ੍ਹਾਂ ਦਾ ਮੌਕਾ ਹੈ ।

ਜੇ ਅਸੀਂ ਅੱਜ ਵਾਰਮੀਟਰ ਦੇਖਿਆ ਜਾਏ ਤਾਂ ਪ੍ਰਤੀਕ ਵਾਰ ਆਰਥਿਕ ਵਾਰ ਸੈਨਾ ਤਿਆਰੀ ਸੀਮਤ ਲੜਾਈ ਤੇ ਪੂਰਨ ਯੁੱਧ ਸੀਮਿਤ ਪਰਮਾਣੂ ਵਾਰ ਦੇ ਅਸੀਂ ਹੁਣ ਚੌਥੇ ਸਥਾਨ 'ਤੇ ਸੀਮਿਤ ਲੜਾਈ ਵਾਲੀ ਥਾਂ 'ਤੇ ਹਾਂ ਇਹ ਵਾਰ ਮੀਟਰ ਅਮਰੀਕੀ ਰੱਖਿਆ ਅਧਿਕਾਰੀਆਂ ਨੇ ਉਸ ਵਕਤ ਬਣਾਇਆ ਸੀ। ਜਿਸ ਅਨੁਸਾਰ ਕਿਹਾ ਜਾਂਦਾ ਹੈ ਹੁਣ ਅਸੀਂ ਚੌਥੀ ਥਾਂ 'ਤੇ ਹਾਂ ਇਸ ਤੋਂ ਬਾਅਦ ਪੂਰਨ ਯੁੱਧ ਜੇ ਪਾਕਿਸਤਾਨ ਦਾ ਰਵੱਈਆ ਇਹ ਹੀ ਰਹਿੰਦਾ ਤੇ ਇਹ ਲੜਾਈ ਦੋਨਾਂ ਦੇਸ਼ਾਂ ਦੇ ਵਿੱਚ ਸੀਮਤ ਲੜਾਈ ਨਹੀਂ ਹੋ ਕੇ ਜਿਸ ਤਰ੍ਹਾਂ ਹੁਣ ਹੈ ਇਹ ਯੁੱਧ ਵਿੱਚ ਬਦਲੇਗੀ ਤੇ ਫਿਰ ਸੀਮਿਤ ਪਰਮਾਣੂ ਵਾਰ ।

ਇਹਨਾਂ ਸਾਰਿਆਂ ਨਤੀਜਿਆਂ ਤੋਂ ਪਤਾ ਚੱਲਦਾ ਹੈ ਕਿ ਪਾਕਿਸਤਾਨ ਕਿਸ ਤਰ੍ਹਾਂ ਬੁਖਲਾਇਆ ਹੋਇਆ ਹੈ ਅਤੇ ਉਸ ਦੀ ਮਨਸ਼ਾ ਅਜੇ ਵੀ ਸੁਧਰਨ ਦੀ ਨਹੀਂ ਹੈ ।

ਆਉਣ ਵਾਲੇ ਸਮੇਂ ਦੇ ਵਿੱਚ ਜੇ ਇਸ ਤਨਾਅ ਦੇ ਕਾਰਨ ਇਹ ਸੀਮਿਤ ਲੜਾਈ ਤੋਂ ਬਾਅਦ ਪੂਰਨ ਯੁੱਧ ਵਿੱਚ ਬਦਲ ਜਾਂਦਾ ਹੈ ਤੇ ਦੋਵੇਂ ਪਾਸੇ ਦੀ ਤਬਾਹੀ ਤੇ ਪਾਕਿਸਤਾਨ ਦੀ ਭਾਰੀ ਤਬਾਹੀ ਹੈ, ਪ੍ਰੰਤੂ ਜਿਹਾਦੀਆਂ ਦੇ ਸਰਗਨਾ ਨੂੰ ਅਤੇ ਆਤੰਕ ਨੂੰ ਅੰਤ ਤੱਕ ਖ਼ਤਮ ਕਰਨ ਵਾਸਤੇ ਭਾਰਤ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਉਹ ਹੁਣ ਇਸ ਨੂੰ ਅੰਜ਼ਾਮ ਤੱਕ ਪਹੁੰਚਾ ਕੇ ਹੀ ਸਾਹ ਲਵੇ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਅਦਾਰਾ)

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥
PUNJAB & SIND BANK
(A GOVT. OF INDIA UNDERTAKING)

ਜ਼ੋਨਲ ਦਫ਼ਤਰ : ਹੁਸ਼ਿਆਰਪੁਰ — ਜਿਥੇ ਸੇਵਾ ਹੀ ਜੀਵਨ ਦਾ ਢੰਗ ਹੈ — ਜ਼ੋਨਲ ਦਫ਼ਤਰ : ਹੁਸ਼ਿਆਰਪੁਰ

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 28-05-2025 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ (10 ਮਿੰਟ ਅਸੀਮਤ ਆਟੋ ਐਕਸਟੈਂਸ਼ਨਾਂ ਦੇ ਨਾਲ)**

**ਬੋਲੀ ਲਗਾਉਣ ਤੋਂ ਪਹਿਲਾਂ ਨਿਲਾਮੀ ਦੇ ਸਮੇਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਈਐਮਡੀ ਜਮ ?ਹਾ ਕੀਤੀ ਜਾਵੇਗੀ ਅਤੇ ਜਾਇਦਾਦ ਆਈਡੀ ਨਾਲ ਲਿੰਕ/ਮੈਪ ਕੀਤੀ ਜਾਵੇਗੀ**

'ਸਿਕਿਓਰਿਟੀਜ਼ੇਸ਼ਨ ਐਂਡ ਰੀਕੰਸਟ ?ਰਕਸ਼ਨ ਆਫ ਫਾਈਨੈਂਸ਼ੀਅਲ ਅਸੈਂਟਸ ਐਂਡ ਇਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ, 2002 (2002 ਦਾ ਨੰਬਰ 54)' ਦੇ ਤਹਿਤ ਗਿਰਵੀ ਰੱਖੀ ਗਈ ਚੱਲ/ਅਚੱਲ ਜਾਇਦਾਦ/ਲੇਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ ਜਦੋਂ ਕਿ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅਧਿਕਾਰੀ ਨੇ ਸੁਰੱਖਿਆ ਵਿਆਜ (ਇਨਫੋਰਸਮੈਂਟ) ਨਿਯਮ 2002 ਦੀ ਧਾਰਾ 13(2) ਦੇ ਤਹਿਤ ਜਾਰੀ ਨੋਟਿਸ ਦੇ ਅਨੁਸਾਰ ਜਾਇਦਾਦ/ਲੇਸ ਦਾ ਕਬਜ਼ਾ ਲੈ ਲਿਆ ਹੈ। ਅਧਿਕਾਰ ਦੇ ਨਾਲ ਹੇਠ ਲਿਖੇ ਕਰਜ਼ਾ ਖਾਤਿਆਂ ਵਿੱਚ ਬੈਂਕ ਦੇ ਬਕਾਏ ਅਤੇ ਵਿਆਜ ਦੀ ਵਸੂਲੀ ਲਈ ÷ਜਿਵੇਂ ਹੈ, ਜਿੱਥੇ ਹੈ÷, "ਜਿਵੇਂ ਹੈ, ਜੋ ਹੈ", ਅਤੇ "ਜੋ ਵੀ ਹੈ, ਆਧਾਰ" 'ਤੇ ਵੇਚਣ ਲਈ, ਜਿਵੇਂ ਕਿ ਇੱਥੇ ਦੱਸਿਆ ਗਿਆ ਹੈ ਅਤੇ ਜਦੋਂ ਕਿ ਉਕਤ ਐਕਟ ਦੀ ਧਾਰਾ 13 (4) ਦੇ ਅਧੀਨ ਦਿੱਤੀ ਗਈ ਸ਼ਕਤੀ ਦੀ ਵਰਤੋਂ ਕਰਦੇ ਹੋਏ ਹੇਠਾਂ ਹਸਤਾਖਰ ਕੀਤੇ ਬਕਾਏ ਦੀ ਅਦਾਇਗੀ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ, ਉਕਤ ਜਾਇਦਾਦ/ਲੇਸ ਦੀ ਵਿਕਰੀ ਦੁਆਰਾ ਬੈਂਕ ਦੇ ਬਕਾਏ ਵਸੂਲਣ ਦਾ ਪ੍ਰਸਤਾਵ ਹੈ। ਵਿਕਰੀ ਅਧੀਨ ਵਿਅਕਤੀਆਂ ਦੁਆਰਾ http://baanknet.com 'ਤੇ ਵੈੱਬ ਪੋਰਟਲ 'ਤੇ ਪ੍ਰਦਾਨ ਕੀਤੇ ਗਏ ਈ-ਆਕਸ਼ਨ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ।

| ਲ. ਨੰ. | ਸ਼ਾਖਾ/ਖਾਤਾ/ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ/ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਮਿਤੀ/ਸਮਾਂ | ਅਧਿਕਾਰਤ ਅਧਿਕਾਰੀ ਦਾ ਨਾਮ, ਸੰਪਰਕ ਨੰਬਰ ਅਤੇ ਈਮੇਲ ਆਈਡੀ | ਕਿਊਆਰ ਸੰਪੱਤੀ ਤਸਵੀਰ | ਕਿਊਆਰ ਸੰਪੱਤੀ ਸਥਾਨ | ਕਿਊਆਰ BAANKNET |
|---|---|---|---|---|---|---|---|---|---|
| 1 | ਐਨਜੀਐਮ ਨਵਾਂਸ਼ਹਿਰ (1) (ਕਰਜ਼ਦਾਰ) ਸ਼. ਬੂਟਾ ਰਾਮ ਮਹਿਮੀ ਪੁੱਤਰ ਸ. ਨਾਜ਼ਰ ਰਾਮ, ਪਿੰਡ ਤੇ ਡਾਕਖਾਨਾ ਅਮਰਗੜ੍ਹ, ਨਵਾਂਸ਼ਹਿਰ-144513 (2) (ਸਹਿ-ਕਰਜ਼ਦਾਰ) ਸ੍ਰੀਮਤੀ ਅਮਨਦੀਪ ਕੌਰ ਪਤਨੀ ਬੂਟਾ ਰਾਮ ਮਹਿਮੀ, ਪਿੰਡ ਤੇ ਡਾਕਖਾਨਾ ਅਮਰਗੜ੍ਹ, ਨਵਾਂਸ਼ਹਿਰ-144513 | 10 ਮਰਲੇ ਦੀ ਰਿਹਾਇਸ਼ੀ ਜਾਇਦਾਦ (ਮਕਾਨ) ਵਿੱਚ ਸਾਲ 2012-13 ਦੀ ਜਮ ?ਹਾਂਬੰਦੀ ਅਨੁਸਾਰ ਖਸਰਾ ਨੰਬਰ 308/511 ਦਾ ਹਿੱਸਾ ਖਸਰਾ ਨੰਬਰ 26//10/3(3-12), 11(6-16) ਸ਼ਾਮਲ ਹੈ ਜੋ ਪਿੰਡ ਅਮਰਗੜ੍ਹ ਹੱਡਬਸਤ ਨੰਬਰ 219, ਤਹਿਸੀਲ ਅਤੇ ਜ਼ਿਲ੍ਹਾ ਐਸ.ਬੀ.ਐਸ. ਨਗਰ, ਨਵਾਂਸ਼ਹਿਰ ਵਿਖੇ ਸਥਿਤ ਹੈ, ਜੋ ਕਿ ਵਿਕਰੀ ਡੀਡ ਨੰਬਰ 2019-20/111/1/2649 ਮਿਤੀ 17.01.2020 ਦੁਆਰਾ ਰਜਿਸਟਰਡ ਹੈ। (ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ) | 11.03.2024 ਰੁ.15,39,130.40 29.02.2024 ਤੱਕ ਜਮ੍ਹਾਂ ਭਾਵੀ ਵਿਆਜ ਅਤੇ ਫੀਸਾਂ | Rs.27,00,000/- Rs.2,70,000 Rs.25,000/- ਸੰਕੇਤਕ ਕਬਜ਼ਾ | 28.05.2025 11:00 AM to 04:00 PM | ਅਸ਼ੋਕ ਕੁਮਾਰ (ਅਧਿਕਾਰਤ ਅਧਿਕਾਰੀ) Mob. No.98728-15941 E-mail:m0029@psb.co.in | | | |
| 2 | ਮਾਹਿਲਪੁਰ (1) (ਕਰਜ਼ਦਾਰ) ਸ਼੍ਰੀਮਤੀ ਰਜਨੀ ਪਤਨੀ ਸ. ਰਾਜ ਕੁਮਾਰ ਮਹਿਣਾ, ਪਿੰਡ: ਬੱਸੀ ਕਲਾਂ, ਜ਼ਿਲ੍ਹਾ-ਹੁਸ਼ਿਆਰਪੁਰ-146001 (2 (ਸਹਿ-ਕਰਜ਼ਦਾਰ) ਸ਼੍ਰੀ ਰਾਜ ਕੁਮਾਰ ਪੁੱਤਰ ਸ਼੍ਰੀ ਗਿਆਨ ਚੰਦ, ਪਿੰਡ: ਬੱਸੀ ਕਲਾਂ, ਜ਼ਿਲ੍ਹਾ-ਹੁਸ਼ਿਆਰਪੁਰ-146001 (3) (ਜ਼ਾਮਨ) ਸ਼੍ਰੀ ਸੰਦੀਪ ਪੁੱਤਰ ਸ਼੍ਰੀ ਹੰਸਪੁਰ, ਪਿੰਡ ਹੰਦੋਵਾਲ, ਪਿੰਡ। ਹੁਸ਼ਿਆਰਪੁਰ-146001 | ਖਸਰਾ ਨੰਬਰ 28//14/2/1 (3-12), 28//15/2(6-4) ਵਿੱਚੋਂ 7 ਮਰਲੇ ਖਾਤਾ ਨੰਬਰ 3/3 ਦੀ ਰਿਹਾਇਸ਼ੀ ਜਾਇਦਾਦ ਜੋ ਕਿ ਪਿੰਡ ਮਹਿਣਾ, ਐਚਬੀ ਨੰਬਰ 320, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ, ਇਸ ਤਰ੍ਹਾਂ ਸੀਮਾਬੱਧ ਹੈ: ਪੂਰਬ: ਸ਼੍ਰੀਮਤੀ ਕਾਲੋ ਦੇਵੀ ਦਾ ਘਰ, ਪੱਛਮ: ਪਹਿਲਾਂ ਖਰੀਦਦਾਰ ਸ਼੍ਰੀਮਤੀ ਸਰਵਣ ਕੌਰ, ਉੱਤਰ: ਰਸਤਾ ਤੋਂ ਕਰਮ ਚੌੜਾ, ਦੱਖਣ: ਹੋਰ ਮਾਲਕ (ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ) | 30.06.2022 ਰੁ.10,25,847.55 31.05.2022 ਤੱਕ ਜਮ੍ਹਾਂ ਭਾਵੀ ਵਿਆਜ ਅਤੇ ਫੀਸਾਂ | Rs.11,70,000/- Rs.1,17,000 Rs.25,000/- ਸੰਕੇਤਕ ਕਬਜ਼ਾ | 28.05.2025 11:00 AM to 04:00 PM | ਅਸ਼ੋਕ ਕੁਮਾਰ (ਅਧਿਕਾਰਤ ਅਧਿਕਾਰੀ) Mob. No.98728-15941 E-mail:m0029@psb.co.in | | | |
| 3 | ਹਾਜ਼ੀਪੁਰ (ਐਚ1302) (1) ਮੈਸਰਜ਼ ਰਾਕੇਸ਼ ਪੋਲਟਰੀ ਫਾਰਮ, ਪ੍ਰੋ. ਰਾਕੇਸ਼ ਸਿੰਘ ਪੁੱਤਰ ਸ. ਕੁਲਦੀਪ ਸਿੰਘ, ਵੀ.ਪੀ.ਓ.: ਤੰਗਰਾਲੀਆਂ, ਤਹਿਸੀਲ ਮੁਕੇਰੀਆਂ, ਜ਼ਿਲਾ: ਹੁਸ਼ਿਆਰਪੁਰ-144211 (ਕਰਜ਼ਦਾਰ) (2) ਸ. ਮੁਕੇਰੀਆਂ ਜ਼ਿਲਾ: ਹੁਸ਼ਿਆਰਪੁਰ-144211 ਰਾਜਿੰਦਰ ਸਿੰਘ ਪੁੱਤਰ ਸ. ਕੁਲਦੀਪ ਸਿੰਘ, ਪਿੰਡ ਤੇ ਡਾਕਖਾਨਾ ਤੰਗਰਾਲੀਆਂ, ਤਹਿਸੀਲ: ਮੁਕੇਰੀਆਂ, ਜ਼ਿਲਾ: ਹੁਸ਼ਿਆਰਪੁਰ-144211 (3) (ਜ਼ਾਮਨ) ਸ਼. ਸੁਖਦੇਵ ਸਿੰਘ ਪੁੱਤਰ ਸ. ਰਤਨ ਸਿੰਘ, ਪਿੰਡ ਤੇ ਡਾਕਖਾਨਾ ਤੰਗਰਾਲੀਆਂ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ -144211 | ਜਾਇਦਾਦ ਵਾਲੀ ਵਾਸਿਕਾ ਨੰਬਰ 1873 ਮਿਤੀ 19.12.2017, 1K-15M-4S, ਖਾਤਾ ਨੰਬਰ 78/130 ਵਿੱਚ ਸ਼ਾਮਲ 7K-2M ਦੀ ਕੁੱਲ ਜ਼ਮੀਨ ਵਿੱਚੋਂ 1/4 ਹਿੱਸਾ ਹੈ, ਖਸਰਾ ਨੰਬਰ 78/130 ਵਿੱਚ ਸ਼ਾਮਲ ਹੈ। 7//21(7-12) ਕਿਤੇ 1, ਪਿੰਡ ਟਾਂਗਰਾਲੀਆਂ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਦੀ ਮਾਲੀਆ ਜਾਇਦਾਦ ਵਿੱਚ ਹੱਦਬਸਤ ਨੰਬਰ 276 'ਤੇ ਸਥਿਤ (ਕਬਜ਼ੇ ਦੀ ਕਿਸਮ: ਭੌਤਿਕ ਕਬਜ਼ਾ) | 18.05.2023 ਰੁ.19,06,586.37 30.04.2023 ਤੱਕ ਜਮ੍ਹਾਂ ਭਾਵੀ ਵਿਆਜ ਅਤੇ ਫੀਸਾਂ | Rs.26,56,000/- Rs.2,65,600 Rs.10,000/- ਭੌਤਿਕ ਕਬਜ਼ਾ | 28.05.2025 11:00 AM to 04:00 PM | ਸ੍ਰੀ ਸਤਿੰਦਰ ਸਿੰਘ ਮੁੱਖ ਪ੍ਰਬੰਧਕ Mob. No.98886-12776, E-mail: satinder.singh2@psb.co.in | | | |
| 4 | ਚੱਬੇਵਾਲ (1) (ਕਰਜ਼ਦਾਰ) ਸ਼.ਸੁਰਿੰਦਰ ਪਾਲ ਸਿੰਘ ਪੁੱਤਰ ਸ਼.ਕਮਲਜੀਤ ਸਿੰਘ, ਪਿੰਡ ਮੁਗੋਵਾਲ, ਪਿੰਡ ਬੀਹਾਲਾ, ਜ਼ਿਲ੍ਹਾ-ਹੁਸ਼ਿਆਰਪੁਰ-146104 (2) (ਸਹਿ-ਕਰਜ਼ਦਾਰ) ਸ਼੍ਰੀਮਤੀ ਜਸਵਿੰਦਰ ਕੌਰ ਪਤਨੀ ਸ਼.ਸੁਰਿੰਦਰ ਪਾਲ ਸਿੰਘ, ਪਿੰਡ ਮੁਗੋਵਾਲ, ਪਿੰਡ ਬੀਹਲਾ। ਹੁਸ਼ਿਆਰਪੁਰ-146104 (3) (ਜ਼ਾਮਨ) ਸ਼. ਕਿਰਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ, ਪਿੰਡ ਨੌਰੰਗਾਬਾਦ, ਪੋ. ਬੀਹਲਾ, ਜ਼ਿਲ੍ਹਾ ਹੁਸ਼ਿਆਰਪੁਰ-146104 | ਖੇਵਟ ਨੰਬਰ 83/127 ਵਿੱਚ 01 ਕਨਾਲ ਦੀ ਜਾਇਦਾਦ, ਖਸਰਾ ਨੰਬਰ 10//25/2(1-7),14//5(7-16) ਵਿੱਚੋਂ, ਐਚ.ਬੀ. ਨੰਬਰ 303 ਵਿੱਚ ਸਥਿਤ, ਮਿਤੀ 10-04-2018 ਦੇ ਤਬਾਦਲਾ ਡੀਡ ਦਸਤਾਵੇਜ਼ ਨੰਬਰ 235, ਜ਼ਿਲਦ ਨੰਬਰ 4923, ਪੰਨਾ ਨੰਬਰ 10, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਹੀ ਨੰਬਰ 1, ਸ਼੍ਰੀਮਤੀ ਜਸਵਿੰਦਰ ਕੌਰ ਪਤਨੀ ਸੁਰਿੰਦਰ ਪਾਲ ਸਿੰਘ ਦੇ ਨਾਮ 'ਤੇ। (ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ) | 27.03.2024 ਰੁ.21,82,879.70 29.02.2024 ਤੱਕ ਜਮ੍ਹਾਂ ਭਾਵੀ ਵਿਆਜ ਅਤੇ ਫੀਸਾਂ | Rs.35,64,000/- Rs.3,56,400 Rs.25,000/- ਸੰਕੇਤਕ ਕਬਜ਼ਾ | 28.05.2025 11:00 AM to 04:00 PM | ਸ੍ਰੀ ਦੀਦਾਰ ਸਿੰਘ (ਅਧਿਕਾਰਤ ਅਧਿਕਾਰੀ) Mob. No.98786-14454, Email: zo.hoshiarpur@psb.co.in | | | |
| 5 | ਐਨਜੀਐਮ ਹੁਸ਼ਿਆਰਪੁਰ (1) (ਕਰਜ਼ਦਾਰ) ਸ਼. ਮਲਕੀਅਤ ਸਿੰਘ ਪੁੱਤਰ ਸ. ਹਰਦੇਵ ਸਿੰਘ, ਵਾਰਡ ਨੰ.4, ਆਕਾਸ਼ ਕਾਲੋਨੀ, ਸ਼ੇਰਗੜ੍ਹ, ਨੇੜੇ ਗੁਰਦੁਆਰਾ ਜਸਵਿੰਦਰ ਕੌਰ ਖਾਲਸਾ, ਜ਼ਿਲਾ: ਹੁਸ਼ਿਆਰਪੁਰ-146001, (2) (ਜ਼ਾਮਨ) ਸ਼੍ਰੀਮਤੀ ਕਮਲਜੀਤ ਕੌਰ ਸੁਪਤਨੀ ਮਲਕੀਤ ਸਿੰਘ, ਵਾਰਡ ਨੰ.4, ਅਕਾਸ਼ ਕਲੋਨੀ, ਜ਼ਿਲਾ: ਹੁਸ਼ਿਆਰਪੁਰ - 146001, (3) (ਜ਼ਾਮਨ) ਸ. ਸੱਜਣ ਸਿੰਘ ਪੁੱਤਰ ਸ. ਪਿਆਰਾ ਸਿੰਘ, ਪਿੰਡ: ਦਾਦਾ, ਤਹਿਸੀਲ ਅਤੇ ਜ਼ਿਲ੍ਹਾ: ਹੁਸ਼ਿਆਰਪੁਰ | ਖੇਵਟ ਨੰ. 488/456, ਖਤੌਨੀ ਨੰ. 558, ਖਸਰਾ ਨੰ. 11//20(8-0) ਹਦਬਸਤ ਨੰ. 250 ਵਿੱਚ 5 ਮਰਲੇ ਦੀ ਰਿਹਾਇਸ਼ੀ ਜਾਇਦਾਦ ਸ਼ਾਮਲ ਹੈ ਜੋ ਪਿੰਡ ਸ਼ੇਰਗੜ੍ਹ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਸ਼੍ਰੀ ਮਲਕੀਅਤ ਸਿੰਘ ਪੁੱਤਰ ਸ਼੍ਰੀ ਹਰਦੇਵ ਸਿੰਘ ਦੇ ਨਾਮ 'ਤੇ (ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ) | 06.10.2020 ਰੁ.5,73,333.22 30.09.2020 ਤੱਕ ਜਮ੍ਹਾਂ ਭਾਵੀ ਵਿਆਜ ਅਤੇ ਫੀਸਾਂ | Rs.6,50,000/- Rs.65,000 Rs.10,000/- ਸੰਕੇਤਕ ਕਬਜ਼ਾ | 28.05.2025 11:00 AM to 04:00 PM | ਸ੍ਰੀ ਦੀਦਾਰ ਸਿੰਘ (ਅਧਿਕਾਰਤ ਅਧਿਕਾਰੀ) Mob. No.98786-14454, Email: zo.hoshiarpur@psb.co.in | | | |
| 6 | ਮਾਹਿਲਪੁਰ (1) (ਕਰਜ਼ਦਾਰ) ਮੈਸਰਜ਼ ਸ਼੍ਰੀ ਗਣੇਸ਼ ਫਰੂਟ ਕੰਪਨੀ, ਪ੍ਰੋ. ਕੁਲਦੀਪ ਸਿੰਘ ਪੁੱਤਰ ਸ. ਸਰਵਣ ਸਿੰਘ, ਨਵੀਂ ਅਨਾਜ ਮੰਡੀ ਮਾਹਿਲਪੁਰ, ਜ਼ਿਲ੍ਹਾ-ਹੁਸ਼ਿਆਰਪੁਰ-146105, (2) (ਕਰਜ਼ਦਾਰ) ਸ਼.ਕੁਲਦੀਪ ਸਿੰਘ ਪੁੱਤਰ ਸ. ਸਰਵਣ ਸਿੰਘ, ਪਿੰਡ: ਬਘੌਰਾ ਨੰਗਲ ਖੁਰਦ, ਜ਼ਿਲ੍ਹਾ ਹੁਸ਼ਿਆਰਪੁਰ-146105, (3) (ਜ਼ਾਮਨ) ਸ. ਦਵਿੰਦਰ ਸਿੰਘ ਪੁੱਤਰ ਸ. ਸਰਵਣ ਸਿੰਘ, ਪਿੰਡ: ਬਘੌਰਾ ਨੰਗਲ ਖੁਰਦ, ਜ਼ਿਲ੍ਹਾ ਹੁਸ਼ਿਆਰਪੁਰ-146105 | ਖੇਵਟ ਨੰ. 155/144 ਵਿੱਚੋਂ 10 ਮਰਲੇ ਦੀ ਜਾਇਦਾਦ, ਖਸਰਾ ਨੰ. 435/433 ਵਿੱਚੋਂ 156 (5-1) ਪਿੰਡ ਬਘੌਰਾ, ਐਚ.ਬੀ. ਨੰ. 66 ਤਹਿਸੀਲ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ। (ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ) | 30.06.2022 ਰੁ.9,94,322.37 31.05.2022 ਤੱਕ ਜਮ੍ਹਾਂ ਭਾਵੀ ਵਿਆਜ ਅਤੇ ਫੀਸਾਂ | Rs.7,00,000/- Rs.70,000 Rs.10,500/- ਸੰਕੇਤਕ ਕਬਜ਼ਾ | 28.05.2025 11:00 AM to 04:00 PM | ਅਸ਼ੋਕ ਕੁਮਾਰ (ਅਧਿਕਾਰਤ ਅਧਿਕਾਰੀ) Mob. No.98728-15941 E-mail:m0029@psb.co.in | | | |

ਨਿਯਮ ਅਤੇ ਸ਼ਰਤਾਂ: ਈ-ਨਿਲਾਮੀ "ਜਿਵੇਂ ਹੈ ਜਿਵੇਂ ਹੈ" ਅਤੇ "ਜਿਵੇਂ ਹੈ ਜਿਵੇਂ ਹੈ" "ਜੋ ਵੀ ਹੈ" ਅਤੇ "ਬਿਨਾਂ ਕਿਸੇ ਵਸੀਲੇ ਦੇ" ਆਧਾਰ 'ਤੇ ਆਯੋਜਿਤ ਕੀਤੀ ਜਾ ਰਹੀ ਹੈ। (1) ਅਧਿਕਾਰਤ ਅਧਿਕਾਰੀ ਦੀ ਬਿਹਤਰੀਨ ਜਾਣਕਾਰੀ ਅਤੇ ਜਾਣਕਾਰੀ ਅਨੁਸਾਰ, ਕਿਸੇ ਵੀ ਜਾਇਦਾਦ 'ਤੇ ਕੋਈ ਬੋਝ ਨਹੀਂ ਹੈ। ਬਕਾਇਆ, ਨਿਲਾਮੀ 'ਤੇ ਰੱਖੇ ਗਏ ਸੰਪਤੀ ਦਾ ਸਿਰਲੇਖ ਅਤੇ ਦਾਅਵੇ/ਅਧਿਕਾਰ/ਬਕਾਏ/ਉਨ੍ਹਾਂ ਦੀ ਬੋਲੀ ਜਮਹਾ ਕਰਨ ਤੋਂ ਪਹਿਲਾਂ ਇਹ ਨਹੀਂ ਬਣਦਾ ਹੈ ਅਤੇ ਨਾ ਹੀ ਇਸ ਨੂੰ ਕਿਸੇ ਵੀ ਪ੍ਰਤੀਬੱਧਤਾ ਜਾਂ ਬੈਂਕ ਦੀ ਕੋਈ ਪ੍ਰਤੀਨਿਧਤਾ ਮੰਨਿਆ ਜਾਵੇਗਾ ਲੈਣਦਾਰ ਕਿਸੇ ਵੀ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰ/ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 3. ਦਿਲਚਸਪੀ ਰੱਖਣ ਵਾਲੇ ਬੋਲੀਕਾਰ ਵੈੱਬ ਪੋਰਟਲ https://www.baanknet.com ਰਾਹੀਂ ਆਪਣਾ ਈਐਮਡੀ ਜਮਹਾਂ ਕਰਾਉਣਗੇ (ਯੂਜ਼ਰ ਆਈਡੀ ਅਤੇ ਪਾਸਵਰਡ https://baanknet.com 'ਤੇ ਲਾਗਇਨ ਆਈਡੀ ਅਤੇ ਪਾਸਵਰਡ ਰਾਹੀਂ ਨਾਮ ਰਜਿਸਟਰ ਕਰਕੇ ਮੁਫਤ ਪ੍ਰਾਪਤ ਕੀਤਾ ਜਾ ਸਕਦਾ ਹੈ। (4) ਵੈਬ ਪੋਰਟਲ ਵਿੱਚ ਬੋਲੀਕਾਰਾਂ ਦੁਆਰਾ ਰਜਿਸਟਰੇਸ਼ਨ ਤੋਂ ਬਾਅਦ, ਇੱਛੁਕ ਬੋਲੀਕਾਰ ਨੂੰ ਹੇਠਾਂ ਦਿੱਤੇ ਦਸਤਾਵੇਜ਼ਾਂ ਨੂੰ ਅਪਲੋਡ ਕਰਨ ਦੀ ਲੋੜ ਹੈ। ਬੋਲੀ ਦੇ ਦਸਤਾਵੇਜ਼ ਜਮਾ ਕਰਨ ਦੀ ਆਖਰੀ ਮਿਤੀ ਅਤੇ ਸਮੇਂ ਤੋਂ ਪਹਿਲਾਂ, ਜਿਵੇਂ ਕਿ (1) NEFT/RTGS ਚਲਾਨ ਦੀ ਕਾਪੀ, (2) ਰਿਹਾਇਸ਼ੀ ਸਬੂਤ/ਪਛਾਣ ਦੀ ਕਾਪੀ (KYC) ਜਿਵੇਂ ਕਿ ਵੋਟਰ ਆਈਡੀ ਸਰਟੀਫਿਕੇਟ/ਡਰਾਈਵਿੰਗ ਲਾਇਸੈਂਸ/ਪਾਸਪੋਰਟ ਆਦਿ ਨੂੰ ਦੁਬਾਰਾ ਲੋਡ ਕੀਤਾ ਜਾ ਸਕਦਾ ਹੈ 5. ਇੱਛੁਕ ਬੋਲੀਕਾਰ ਜਿਨ੍ਹਾਂ ਨੂੰ ਲਾਗਇਨ ਆਈਡੀ ਅਤੇ ਪਾਸਵਰਡ ਬਣਾਉਣ, ਬੋਲੀ ਦੇ ਦਸਤਾਵੇਜ਼ ਜਮਾ ਕਰਨ ਲਈ ਡਾਟਾ ਅਪਲੋਡ ਕਰਨ, ਆਨਲਾਈਨ ਪ੍ਰਸਪਰ ਬੋਲੀ ਆਦਿ 'ਤੇ ਸਿਖਲਾਈ/ਪ੍ਰਦਰਸ਼ਨ ਵਿਚ ਸਹਾਇਤਾ ਦੀ ਲੋੜ ਹੈ, ਉਹ support.baanknet@psballiance.com ਸੰਪਰਕ ਨੰਬਰ +91-9291220220 'ਤੇ ਸੰਪਰਕ ਕਰ ਸਕਦੇ ਹਨ। (6) ਈ-ਨਿਲਾਮੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਸਿਰਫ਼ ਵੈਧ ਆਈਡੀ/ਪਾਸਵਰਡ ਅਤੇ NEFT/RTGS ਰਾਹੀਂ ਬਿਆਨਾ ਰਕਮ ਦੇ ਭੁਗਤਾਨ ਦੀ ਪੁਸ਼ਟੀ ਵਾਲੇ ਖਰੀਦਦਾਰ ਹੀ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣ। ਹੋਰ ਵੇਰਵਿਆਂ ਲਈ ਕਿਰਪਾ ਕਰਕੇ https//www.bankeauctions.com ਅਤੇ ਬੈਂਕਾਂ ਦੀ ਵੈੱਬਸਾਈਟ https//www.psbindia.com 'ਤੇ ਜਾਓ ਅਤੇ ਸਬੰਧਤ ਸ਼ਾਖਾਵਾਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। 6. ਰਿਜ਼ਰਵ ਕੀਮਤ ਦੇ 10% ਦੀ ਬਿਆਨਾ ਰਕਮ (M/s.PSB Alliance Pvt. Ltd.) (ਸੰਪਰਕ ਨੰ.7046612345/6354910172/8291220220/9892219848, 8160205051, ਈਮੇਲ : support.baanknet@psballiance.com/portal) ਦੇ ਈ-ਵੈਲੇਟ ਵਿਚ ਸਿੱਧੇ ਤੌਰ 'ਤੇ ਜਮ੍ਹਾਂ ਕੀਤੀ ਜਾਵੇ ਜਾਂ ਦਰਸਾਏ ਚਲਾਨ ਵਿਚ ਦਰਸਾਏ ਵੇਰਵਿਆਂ ਅਨੁਸਾਰ ਖਾਤੇ ਵਿਚ ਆਰਟੀਜੀਐਸ/ਐਨਈਐਫਟੀ ਰਾਹੀਂ ਚਲਾਨ ਦੇ ਸੰਚਾਲਨ ਰਾਹੀਂ ਬਿਆਨਾ ਰਕਮ ਜਮ੍ਹਾਂ ਕੀਤੀ ਜਾ ਸਕਦੀ ਹੈ। i) ਬਿਆਨਾ ਰਕਮ ਦੀ ਰਕਮ ਦਾ ਭੁਗਤਾਨ ਕਰਨ ਤੋਂ ਬਾਅਦ, ਇੱਛੁਕ ਬੋਲੀਕਾਰਾਂ ਨੂੰ ਹੇਠਾਂ ਦਿੱਤੇ ਦਸਤਾਵੇਜ਼ਾਂ/ਵੇਰਵਿਆਂ ਦੀ ਇੱਕ ਕਾਪੀ ਉਕਤ ਦਰਸਾਏ ਪੰਜਾਬ ਐਂਡ ਸਿੰਧ ਬੈਂਕ ਜ਼ੋਨਲ ਦਫ਼ਤਰ ਹੁਸ਼ਿਆਰਪੁਰ ਵਿਖੇ ਦਸਤੀ ਜਾਂ ਈਮੇਲ ਦੁਆਰਾ ਜਮ੍ਹਾਂ ਕਰਨਾ ਹੋਵੇਗਾ। ii) ਪੈਨ ਕਾਰਡ, ਪਛਾਣ ਦਾ ਸਬੂਤ ਅਤੇ ਪਤੇ ਦੇ ਸਬੂਤ ਦੇ ਉਤਾਰੇ। ਫਿਰ ਵੀ, ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦੇ 25% ਦੀ ਬਕਾਇਆ ਰਕਮ ਦਾ ਭੁਗਤਾਨ ਕਰਨ ਵੇਲੇ ਬੈਂਕ ਵਿਚ ਇਹ ਮੂਲ ਦਸਤਾਵੇਜ਼ ਪੇਸ਼ ਕਰਨੇ ਹੋਣਗੇ। iii) ਬੋਲੀਕਾਰ ਦਾ ਨਾਮ, ਸੰਪਰਕ ਨੰਬਰ, ਪਤਾ, ਈਮੇਲ ਆਈ.ਡੀ. iv) ਬੋਲੀਕਾਰ ਦਾ ਖਾਤੇ ਦੇ ਵੇਰਵੇ ਬਿਆਨਾ ਰਕਮ ਆਨਲਾਈਨ ਰਿਫੰਡ ਬੋਲੀਕਾਰ ਦਾ ਖਾਤਾ ਵੇਰਵੇ। 7. ਸੰਪੱਤੀ/ਆਂ ਉਪਰ ਕੋਈ ਵੀ ਦੇਣਦਾਰੀ ਬੈਂਕ/ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਨਹੀਂ ਹੈ।

**ਨੋਟ: ਉਪਰੋਕਤ ਸੰਪਤੀਆਂ ਦਾ ਮਾਪ, ਹਾਲਾਂਕਿ, ਨਿਲਾਮੀ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਸਾਈਟ 'ਤੇ ਬੋਲੀਕਾਰਾਂ ਦੁਆਰਾ ਅਤੇ ਮਾਲ ਅਧਿਕਾਰੀਆਂ ਦੇ ਰਿਕਾਰਡ ਤੋਂ ਵੀ ਤਸਦੀਕ ਕੀਤਾ ਜਾਣਾ ਚਾਹੀਦਾ ਹੈ।**

ਖਾਤੇ ਦਾ ਵੇਰਵਾ, ਜਿਸ ਵਿਚ ਆਰਟੀਜੀਐਸ/ਐਨਈਐਫਟੀ ਰਾਹੀਂ ਬਿਆਨਾ ਰਕਮ ਉਪਰੰਤ ਬਕਾਇਆ ਰਕਮ ਜਮ੍ਹਾਂ ਕਰਨੀ ਹੈ, ਖਾਤੇ ਦਾ ਨਾਮ ਐਨਈਐਫਟੀ ਇਨਵਰਡ ਐਸਟੀਪੀ ਪਾਰਕਿੰਗ ਖਾਤਾ, ਖਾਤਾ ਨੰਬਰ 80275040070003, ਆਈਐਫਐਸਸੀ ਕੋਡ : ਪੀਐਸਆਈਬੀ0008027

ਸਰਫਾਇਸੀ ਐਕਟ 2002 ਦੇ ਨਿਯਮ 8 (6) ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ

ਕਰਜ਼ਦਾਰਾਂ/ਜ਼ਾਮਨਾਂ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਈ-ਨਿਲਾਮੀ ਦੀ ਮਿਤੀ ਤੋਂ ਪਹਿਲਾਂ ਤਾਜ਼ਾ ਵਿਆਜ ਅਤੇ ਅਚਨਚੇਤੀ ਖਰਚਿਆਂ ਸਮੇਤ ਉਕਤ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫ਼ਲ ਰਹਿਣ 'ਤੇ ਸੰਪੱਤੀ/ਵਾਹਨ ਦੀ ਨਿਲਾਮੀ/ਵਿਕਰੀ ਕੀਤੀ ਜਾਵੇਗੀ ਅਤੇ ਬਕਾਇਆ ਰਕਮ, ਜੇਕਰ ਕੋਈ ਹੋਵੇ, ਵਿਆਜ ਅਤੇ ਲਾਗਤ ਸਮੇਤ ਵਸੂਲੀ ਜਾਵੇਗੀ।

ਮਿਤੀ : 10.05.2025 — ਸਥਾਨ : ਹੁਸ਼ਿਆਰਪੁਰ — ਅਧਿਕਾਰਤ ਅਧਿਕਾਰੀ, ਪੰਜਾਬ ਐਂਡ ਸਿੰਧ ਬੈਂਕ

## ਸੰਪਾਦਕੀ

# ਅੱਤਵਾਦ ਅਤੇ ਪਾਕਿਸਤਾਨ

ਇਹ ਸਭ ਜਾਣਦੇ ਹਨ ਕਿ ਭਾਰਤ ਵਿੱਚ ਅੱਤਵਾਦ ਦੀ ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾਉਣ ਵਿੱਚ ਪਾਕਿਸਤਾਨ ਨੇ ਕੀ ਭੂਮਿਕਾ ਨਿਭਾਈ ਹੈ। ਇਹ ਵੀ ਲੁਕਿਆ ਹੋਇਆ ਨਹੀਂ ਹੈ ਕਿ ਪਾਕਿਸਤਾਨ ਭਾਰਤ ਵਿੱਚ ਅੱਤਵਾਦੀ ਹਮਲਿਆਂ ਲਈ ਜ਼ਿੰਮੇਵਾਰ ਸੰਗਠਨਾਂ ਦਾ ਕਿਸ ਪੱਧਰ 'ਤੇ ਸਮਰਥਨ ਕਰ ਰਿਹਾ ਹੈ ਅਤੇ ਇਸ ਕਾਰਨ ਆਮ ਲੋਕਾਂ ਨੂੰ ਕਿੰਨਾ ਨੁਕਸਾਨ ਹੋ ਰਿਹਾ ਹੈ। ਪਹਿਲਗਾਮ ਵਿੱਚ ਹਾਲ ਹੀ ਵਿੱਚ ਵਾਪਰੀ ਅੱਤਵਾਦੀ ਘਟਨਾ ਪਾਕਿਸਤਾਨ ਦੀਆਂ ਸਾਜ਼ਿਸ਼ਾਂ ਦਾ ਹਿੱਸਾ ਸੀ, ਜਿਸ ਵਿੱਚ ਛੱਬੀ ਸੈਲਾਨੀਆਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਇਸ ਅੱਤਵਾਦੀ ਹਮਲੇ ਦੀ ਪ੍ਰਕਿਰਤੀ ਨੇ ਕੁਦਰਤੀ ਤੌਰ 'ਤੇ ਨਾ ਸਿਰਫ਼ ਭਾਰਤ ਵਿੱਚ ਵਿਆਪਕ ਸੋਗ ਅਤੇ ਗੁੱਸਾ ਪੈਦਾ ਕੀਤਾ, ਸਗੋਂ ਦੁਨੀਆ ਭਰ ਵਿੱਚ ਇਸ ਘਟਨਾ ਬਾਰੇ ਚਿੰਤਾ ਪ੍ਰਗਟ ਕੀਤੀ ਗਈ। ਭਾਰਤ ਦੇ ਸਾਹਮਣੇ ਚੁਣੌਤੀ ਇਹ ਸੀ ਕਿ ਉਸਨੂੰ ਅੱਤਵਾਦੀਆਂ ਦੇ ਇਸ ਦਲੇਰਾਨਾ ਕਾਰੇ ਵਿਰੁੱਧ ਕਿਸ ਹੱਦ ਤੱਕ ਸਬਰ ਰੱਖਣਾ ਚਾਹੀਦਾ ਹੈ। ਫਿਰ ਵੀ, ਭਾਰਤ ਨੇ ਸੰਜਮ ਵਰਤਿਆ ਅਤੇ ਬਹੁਤ ਸੋਚ-ਸਮਝ ਕੇ ਜਵਾਬ ਦਿੱਤਾ। ਭਾਰਤ ਨੇ ਗੱਲਬਾਤ ਰਾਹੀਂ ਪਾਕਿਸਤਾਨ ਨੂੰ ਮਨਾਉਣ ਅਤੇ ਅੱਤਵਾਦ ਦਾ ਸਮਰਥਨ ਬੰਦ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਪਰ ਅਜਿਹਾ ਲੱਗਦਾ ਹੈ ਕਿ ਪਾਕਿਸਤਾਨ ਲਈ ਸ਼ਾਂਤੀ ਅਤੇ ਗੱਲਬਾਤ ਦੇ ਰਸਤੇ ਦਾ ਕੋਈ ਮਹੱਤਵ ਨਹੀਂ ਹੈ ਅਤੇ ਉਹ ਅੱਤਵਾਦੀਆਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਮਹੱਤਵਪੂਰਨ ਸਮਝਦਾ ਹੈ। ਇਹ ਬਿਨਾਂ ਵਜ੍ਹਾ ਨਹੀਂ ਹੈ ਕਿ ਸਾਰੇ ਵਿਕਲਪ ਖਤਮ ਕਰਨ ਤੋਂ ਬਾਅਦ, ਭਾਰਤ ਨੂੰ ਸਖ਼ਤ ਕਦਮ ਚੁੱਕਣੇ ਪਏ ਅਤੇ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨੀ ਖੇਤਰ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਸਫਲ ਹਮਲਾ ਕਰਨਾ ਪਿਆ। ਦਰਅਸਲ, ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਪਿਛਲੇ ਕਈ ਦਿਨਾਂ ਤੋਂ ਪਾਕਿਸਤਾਨ ਵੱਲੋਂ ਬਿਨਾਂ ਕਿਸੇ ਕਾਰਨ ਸਰਹੱਦ 'ਤੇ ਵਾਰ-ਵਾਰ ਜੰਗਬੰਦੀ ਦੀ ਉਲੰਘਣਾ ਕੀਤੀ ਜਾ ਰਹੀ ਹੈ। ਅਜਿਹੀ ਸਥਿਤੀ ਵਿੱਚ, ਭਾਰਤ ਕੋਲ ਜਵਾਬ ਦੇਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਸੀ। ਪਰ ਅੱਤਵਾਦੀਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ, ਜਿਸ ਤਰ੍ਹਾਂ ਪਾਕਿਸਤਾਨ ਨੇ ਭਾਰਤੀ ਖੇਤਰ 'ਤੇ ਗੋਲੀਬਾਰੀ ਕੀਤੀ, ਉਸ ਨਾਲ ਕਈ ਲੋਕਾਂ ਦੀ ਜਾਨ ਚੱਲੀ ਗਈ। ਭਾਰਤ ਦੇ ਸਖ਼ਤ ਜਵਾਬ ਦੇ ਬਾਵਜੂਦ, ਵੀਰਵਾਰ ਨੂੰ ਆਈਆਂ ਰਿਪੋਰਟਾਂ ਅਨੁਸਾਰ, ਪਾਕਿਸਤਾਨ ਨੇ ਡਰੋਨ ਅਤੇ ਮਿਜ਼ਾਈਲਾਂ ਦੀ ਵਰਤੋਂ ਕਰਕੇ ਭਾਰਤ ਵਿੱਚ ਪੰਦਰਾਂ ਥਾਵਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਭਾਰਤ ਨੇ ਪੂਰੀ ਤਰ੍ਹਾਂ ਨਾਕਾਮ ਕਰ ਦਿੱਤਾ। ਭਾਰਤ ਨੇ ਲਾਹੌਰ ਵਿੱਚ ਪਾਕਿਸਤਾਨੀ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਤਬਾਹ ਕਰਕੇ ਜਵਾਬੀ ਕਾਰਵਾਈ ਕੀਤੀ। ਇੱਕ ਪਾਸੇ, ਲਗਾਤਾਰ ਅੱਤਵਾਦੀ ਹਮਲਿਆਂ ਅਤੇ ਸਾਜ਼ਿਸ਼ਾਂ ਦਾ ਸਾਹਮਣਾ ਕਰਨ ਦੇ ਬਾਵਜੂਦ, ਭਾਰਤ ਨੇ ਆਖਰੀ ਉਪਾਅ ਵਜੋਂ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਫਿਰ ਵੀ ਇਹ ਇੱਕ ਕੇਂਦ੍ਰਿਤ ਅਤੇ ਮਾਪਿਆ ਜਵਾਬ ਸੀ, ਜਦੋਂ ਕਿ ਪਾਕਿਸਤਾਨ, ਆਪਣੇ ਇਰਾਦਿਆਂ ਦਾ ਪਰਦਾਫਾਸ਼ ਹੋਣ ਦੇ ਬਾਵਜੂਦ, ਅਜਿਹੀਆਂ ਗਤੀਵਿਧੀਆਂ ਜਾਰੀ ਰੱਖ ਰਿਹਾ ਹੈ, ਜਿਨ੍ਹਾਂ ਨੂੰ ਭੜਕਾਊ ਕਾਰਵਾਈਆਂ ਕਿਹਾ ਜਾ ਸਕਦਾ ਹੈ। ਇਹ ਵੀ ਅਜੀਬ ਗੱਲ ਹੈ ਕਿ ਪਾਕਿਸਤਾਨ ਅੱਤਵਾਦੀਆਂ ਨੂੰ ਸਮਰਥਨ ਦੇਣ ਦੇ ਮੁੱਦੇ 'ਤੇ ਦੁਨੀਆ ਭਰ ਵਿੱਚ ਕਟਹਿਰੇ ਵਿੱਚ ਖੜ੍ਹਾ ਜਾਪਦਾ ਹੈ। ਅਜਿਹੇ ਕਈ ਮੌਕੇ ਸਾਹਮਣੇ ਆਏ ਹਨ। ਕੁਝ ਸਾਲ ਪਹਿਲਾਂ ਬੀਜਿੰਗ ਵਿੱਚ ਹੋਈ ਬ੍ਰਿਕਸ ਕਾਨਫਰੰਸ ਦੇ ਐਲਾਨਨਾਮੇ ਵਿੱਚ ਇਹ ਵੀ ਸਪੱਸ਼ਟ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ ਕਿ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਵਰਗੇ ਕਈ ਵੱਡੇ ਅੱਤਵਾਦੀ ਸੰਗਠਨ ਪਾਕਿਸਤਾਨ ਵਿੱਚ ਸਥਿਤ ਠਿਕਾਣਿਆਂ ਤੋਂ ਆਪਣੀਆਂ ਗਤੀਵਿਧੀਆਂ ਚਲਾਉਂਦੇ ਹਨ। ਇਸ ਪਰਦਾਫਾਸ਼ ਦੇ ਬਾਵਜੂਦ, ਪਾਕਿਸਤਾਨੀ ਸ਼ਾਸਕਾਂ ਨੇ ਅੱਤਵਾਦੀ ਸੰਗਠਨਾਂ ਨੂੰ ਸਮਰਥਨ ਅਤੇ ਸੁਰੱਖਿਆ ਦੇਣਾ ਬੰਦ ਨਹੀਂ ਕੀਤਾ। ਸਵਾਲ ਇਹ ਹੈ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਆਪਣੇ ਇਸ ਰੁਝਾਨ ਦੇ ਨਤੀਜਿਆਂ ਨੂੰ ਕਿਉਂ ਨਜ਼ਰਅੰਦਾਜ਼ ਕਰ ਰਿਹਾ ਹੈ? ਅਜਿਹੀਆਂ ਗਤੀਵਿਧੀਆਂ ਕਾਰਨ ਵੱਡੀ ਗਿਣਤੀ ਵਿੱਚ ਆਮ ਲੋਕ ਅੱਤਵਾਦ ਦਾ ਸ਼ਿਕਾਰ ਹੋ ਰਹੇ ਹਨ। ਇਹ ਯਾਦ ਰੱਖਣ ਦੀ ਲੋੜ ਹੈ ਕਿ ਦੁਨੀਆ ਪਾਕਿਸਤਾਨ ਦੀਆਂ ਬੇਲਗਾਮ ਕਾਰਵਾਈਆਂ 'ਤੇ ਨਜ਼ਰ ਰੱਖ ਰਹੀ ਹੈ ਅਤੇ ਇਸਨੂੰ ਇਸਦੀ ਗੰਭੀਰ ਕੀਮਤ ਚੁਕਾਉਣੀ ਪੈ ਸਕਦੀ ਹੈ।

-ਜਗਜੀਤ ਸਿੰਘ ਦਰਦੀ

# ਸਰਹੱਦ ਦੇ ਪਰਛਾਵੇਂ ਹੇਠ ਭਾਰਤ ਦੇ ਅੰਦਰ ਲੜਾਈ



ਡਾ. ਸਤਿਆਵਾਨ ਸੌਰਭ,
ਮੋ. 9466526148



ਭਾਰਤ ਅੱਜ ਬਾਹਰੀ ਹਮਲਿਆਂ ਨਾਲੋਂ ਅੰਦਰੂਨੀ ਟੁੱਟ-ਭੱਜ ਨਾਲ ਜ਼ਿਆਦਾ ਜੂਝ ਰਿਹਾ ਹੈ। ਚਾਹੇ ਉਹ ਪੰਜਾਬ-ਹਰਿਆਣਾ ਪਾਣੀ ਵਿਵਾਦ ਹੋਵੇ ਜਾਂ ਪਹਿਲਗਾਮ ਅੱਤਵਾਦੀ ਹਮਲਾ-ਹਰ ਸੰਕਟ ਦੇ ਪਿੱਛੇ ਇੱਕ ਅਦਿੱਖ ਵਿਚਾਰਧਾਰਕ ਯੁੱਧ ਛੁਪਿਆ ਹੋਇਆ ਹੈ। ਦੇਸ਼ ਦੇ ਅੰਦਰ ਜਾਤ, ਧਰਮ, ਭਾਸ਼ਾ, ਖੇਤਰ ਅਤੇ ਵਿਚਾਰਧਾਰਾ ਦੇ ਨਾਮ 'ਤੇ ਇੱਕ ਤੀਜਾ ਮੋਰਚਾ ਉੱਭਰਿਆ ਹੈ। ਇਹ ਮੋਰਚਾ ਨਾ ਤਾਂ ਗੋਲੀਆਂ ਨਾਲ ਲੜਦਾ ਹੈ ਅਤੇ ਨਾ ਹੀ ਬੰਬਾਂ ਨਾਲ - ਇਹ ਚੁੱਪਚਾਪ ਦੇਸ਼ ਦੀ ਏਕਤਾ ਅਤੇ ਚੇਤਨਾ ਨੂੰ ਤੋੜਦਾ ਹੈ। ਜਦੋਂ ਤੱਕ ਇਸ ਮੋਰਚੇ ਦੀ ਪਛਾਣ ਨਹੀਂ ਕੀਤੀ ਜਾਂਦੀ, ਭਾਰਤ ਬਾਹਰੀ ਮੋਰਚਿਆਂ 'ਤੇ ਜਿੱਤਣ ਤੋਂ ਬਾਅਦ ਵੀ ਅੰਦਰੂਨੀ ਤੌਰ 'ਤੇ ਹਾਰਦਾ ਰਹੇਗਾ।ਜਦੋਂ ਦੇਸ਼ ਦੀ ਸੁਰੱਖਿਆ ਦੀ ਗੱਲ ਆਉਂਦੀ ਹੈ, ਤਾਂ ਜ਼ਿਆਦਾਤਰ ਨਜ਼ਰਾਂ ਸਰਹੱਦ ਵੱਲ ਜਾਂਦੀਆਂ ਹਨ - ਉਹ ਰੇਖਾ ਜੋ ਸਾਨੂੰ ਪਾਕਿਸਤਾਨ ਜਾਂ ਚੀਨ ਤੋਂ ਵੱਖ ਕਰਦੀ ਹੈ। ਪਰ ਅੱਜ ਭਾਰਤ ਜਿਸ ਸਭ ਤੋਂ ਖ਼ਤਰਨਾਕ ਜੰਗ ਦਾ ਸਾਹਮਣਾ ਕਰ ਰਿਹਾ ਹੈ, ਉਹ ਨਾ ਤਾਂ ਸਰਹੱਦ 'ਤੇ ਹੈ ਅਤੇ ਨਾ ਹੀ ਦੁਸ਼ਮਣਾਂ ਦੀਆਂ ਗੋਲੀਆਂ ਵਿੱਚ। ਉਹ ਜੰਗ ਭਾਰਤ ਦੇ ਅੰਦਰ ਚੱਲ ਰਹੀ ਹੈ - ਸਾਡੀ ਆਤਮਾ, ਏਕਤਾ ਅਤੇ ਵਿਚਾਰਧਾਰਾ ਦੇ ਵਿਰੁੱਧ।ਹਰਿਆਣਾ ਅਤੇ ਪੰਜਾਬ ਵਿਚਕਾਰ ਪਾਣੀ ਨੂੰ ਲੈ ਕੇ ਹਾਲ ਹੀ ਵਿੱਚ ਹੋਇਆ ਵਿਵਾਦ ਸਿਰਫ਼ ਇੱਕ ਪ੍ਰਸ਼ਾਸਕੀ ਸਮੱਸਿਆ ਨਹੀਂ ਹੈ, ਸਗੋਂ ਭਾਰਤ ਦੇ ਸੰਘੀ ਢਾਂਚੇ ਵਿੱਚ ਅਸਥਿਰਤਾ ਅਤੇ ਖੇਤਰੀ ਅਸੰਤੁਲਨ ਦੀ ਇੱਕ ਗੰਭੀਰ ਚੇਤਾਵਨੀ ਹੈ। ਜਦੋਂ ਨੰਗਲ ਡੈਮ ਦੇ ਪਾਣੀ ਦਾ ਪੱਧਰ ਵੱਧ ਗਿਆ, ਜਿਸ ਨਾਲ ਹਰਿਆਣਾ ਵਿੱਚ ਹੜ੍ਹ ਆ ਗਏ ਅਤੇ ਪੰਜਾਬ ਨੇ ਇਸਦੀ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰ ਦਿੱਤਾ, ਤਾਂ ਇਹ ਸਿਰਫ਼ ਇੱਕ ਰਾਜ ਦੂਜੇ ਰਾਜ ਦੇ ਵਿਰੁੱਧ ਨਹੀਂ ਸੀ। ਇਹ ਉਸ ਏਕਤਾ ਦਾ ਟੁੱਟਣਾ ਸੀ, ਜਿਸ 'ਤੇ ਭਾਰਤ ਦੀ ਨੀਂਹ ਖੜੀ ਹੈ। ਦੂਜੇ ਪਾਸੇ, ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਇੱਕ ਹਿੰਦੂ ਸੈਲਾਨੀ ਦੀ ਅੱਤਵਾਦੀ ਹੱਤਿਆ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਕੁਝ ਤਾਕਤਾਂ ਅਜੇ ਵੀ ਭਾਰਤ ਨੂੰ ਧਾਰਮਿਕ ਆਧਾਰ 'ਤੇ ਵੰਡਣ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਇਹ ਕੋਸ਼ਿਸ਼ ਸਿਰਫ਼ ਗੋਲੀਆਂ ਰਾਹੀਂ ਹੀ ਨਹੀਂ ਸਗੋਂ ਵਿਚਾਰਧਾਰਕ ਜ਼ਹਿਰ ਰਾਹੀਂ ਵੀ ਕੀਤੀ ਜਾ ਰਹੀ ਹੈ।

ਭਾਰਤ ਹੁਣ ਤਿੰਨ ਜੰਗੀ ਮੋਰਚਿਆਂ ਦਾ ਸਾਹਮਣਾ ਕਰ ਰਿਹਾ ਹੈ-ਸਰਹੱਦਾਂ 'ਤੇ ਫੌਜੀ ਮੋਰਚਾ, ਵਿਸ਼ਵ ਪੱਧਰ 'ਤੇ ਕੂਟਨੀਤਕ ਮੋਰਚਾ, ਅਤੇ ਦੇਸ਼ ਦੇ ਅੰਦਰ ਵਿਚਾਰਧਾਰਕ ਯੁੱਧ, ਜਿਸਨੂੰ ਮੈਂ ਅੱਧਾ ਮੋਰਚਾ ਕਹਿੰਦਾ ਹਾਂ। ਇਹ ਅੱਧਾ ਅਗਲਾ ਹਿੱਸਾ ਅਦਿੱਖ ਹੈ, ਪਰ ਸਭ ਤੋਂ ਘਾਤਕ ਹੈ। ਇਹ ਸਾਡੀਆਂ ਯੂਨੀਵਰਸਿਟੀਆਂ, ਮੀਡੀਆ, ਸੋਸ਼ਲ ਮੀਡੀਆ ਅਤੇ ਕਈ ਵਾਰ ਸਾਡੀ ਰਾਜਨੀਤੀ ਵਿੱਚ ਵੀ ਦਿਖਾਈ ਦਿੰਦਾ ਹੈ। ਇਹ ਮੋਰਚਾ ਦੇਸ਼ ਨੂੰ ਵਿਚਾਰਧਾਰਾ ਦੇ ਆਧਾਰ 'ਤੇ ਵੰਡਦਾ ਹੈ, ਲੋਕਾਂ ਨੂੰ ਧਰਮ, ਜਾਤ, ਭਾਸ਼ਾ ਅਤੇ ਖੇਤਰ ਦੇ ਨਾਮ 'ਤੇ ਲੜਾਉਂਦਾ ਹੈ ਅਤੇ ਇੱਕ ਆਮ ਭਾਰਤੀ ਦੇ ਮਨ ਵਿੱਚ ਦੇਸ਼ ਪ੍ਰਤੀ ਅਵਿਸ਼ਵਾਸ ਭਰ ਦਿੰਦਾ ਹੈ।

ਇਸ ਮੋਰਚੇ 'ਤੇ ਲੜਨ ਵਾਲੇ ਲੋਕ ਗਿਰਗਿਟ ਹਨ। ਇਹ ਉਹ ਲੋਕ ਹਨ ਜੋ ਭਾਰਤ ਦੇ ਟੁਕੜਿਆਂ ਵਿੱਚ ਵੰਡਣ ਦੇ ਵਿਚਾਰ ਨੂੰ ਇੱਕ ਇਨਕਲਾਬ ਕਹਿੰਦੇ ਹਨ, ਜੋ ਭਾਰਤ ਮਾਤਾ ਕੀ ਜੈ ਨੂੰ ਫਿਰਕਾਪ੍ਰਸਤੀ ਮੰਨਦੇ ਹਨ ਅਤੇ ਜੋ ਹਰ ਅੱਤਵਾਦੀ ਘਟਨਾ ਨੂੰ ਪ੍ਰਤੀਕਿਰਿਆ ਅਤੇ ਪਿਛੋਕੜ ਦੇ ਪ੍ਰਿਜ਼ਮ ਰਾਹੀਂ ਦੇਖਦੇ ਹਨ। ਉਨ੍ਹਾਂ ਲਈ ਰਾਸ਼ਟਰ ਭਾਵਨਾਵਾਂ ਦਾ ਵਿਸ਼ਾ ਨਹੀਂ ਹੈ, ਸਗੋਂ ਆਲੋਚਨਾ ਦਾ ਵਿਸ਼ਾ ਹੈ। ਜਦੋਂ ਭਾਰਤੀ ਫੌਜ ਬਹਾਦਰੀ ਦਿਖਾਉਂਦੀ ਹੈ ਤਾਂ ਉਨ੍ਹਾਂ ਨੂੰ ਮਨੁੱਖੀ ਅਧਿਕਾਰ ਯਾਦ ਆਉਂਦੇ ਹਨ। ਜਦੋਂ ਭਾਰਤ ਵਿਗਿਆਨਕ ਸਫਲਤਾਵਾਂ ਪ੍ਰਾਪਤ ਕਰਦਾ ਹੈ ਤਾਂ ਇਹ ਗਰੀਬੀ ਅਤੇ ਭੁੱਖਮਰੀ ਦੀ ਯਾਦ ਦਿਵਾਉਂਦੇ ਹਨ। ਜਦੋਂ ਭਾਰਤ ਨੂੰ ਵਿਸ਼ਵ ਪੱਧਰ 'ਤੇ ਸਤਿਕਾਰ ਮਿਲਦਾ ਹੈ, ਤਾਂ ਉਹ ਇਸਦੀ ਤੁਲਨਾ ਤਾਨਾਸ਼ਾਹੀ ਨਾਲ ਕਰਨ ਲੱਗ ਪੈਂਦੇ ਹਨ।

ਇਹ ਵਿਚਾਰਧਾਰਾ ਹੌਲੀ-ਹੌਲੀ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾ ਰਹੀ ਹੈ। ਯੂਨੀਵਰਸਿਟੀਆਂ, ਜੋ ਕਿ ਚਰਿੱਤਰ ਨਿਰਮਾਣ ਦੇ ਕੇਂਦਰ ਹੋਣੀਆਂ ਚਾਹੀਦੀਆਂ ਹਨ, ਹੁਣ ਦੇਸ਼ ਵਿਰੋਧੀ ਨਾਅਰਿਆਂ ਲਈ ਪ੍ਰਯੋਗਸ਼ਾਲਾਵਾਂ ਬਣ ਰਹੀਆਂ ਹਨ। ਇੱਕ ਸਮਾਂ ਸੀ ਜਦੋਂ ਸਿੱਖਿਆ ਦਾ ਉਦੇਸ਼ ਸੀ - ਸਾ ਵਿਦਿਆ ਯ ਵਿਮੁਕਤਯੇ ਭਾਵ ਗਿਆਨ ਉਹ ਹੈ ਜੋ ਮੁਕਤੀ ਦਿੰਦਾ ਹੈ। ਪਰ ਅੱਜ ਦੀ ਸਿੱਖਿਆ ਨੌਜਵਾਨਾਂ ਨੂੰ ਉਲਝਾ ਰਹੀ ਹੈ - ਇਤਿਹਾਸ ਨੂੰ ਤੋੜ-ਮਰੋੜ ਕੇ, ਆਜ਼ਾਦੀ ਘੁਲਾਟੀਆਂ ਨੂੰ ਜਾਤਾਂ ਵਿੱਚ ਵੰਡ ਕੇ ਅਤੇ ਰਾਸ਼ਟਰ ਦੀ ਧਾਰਨਾ ਨੂੰ ਸੱਭਿਅਾਚਾਰਕ ਦਬਦਬੇ ਦਾ ਮਾਮਲਾ ਕਹਿ ਕੇ।

ਸੋਸ਼ਲ ਮੀਡੀਆ ਨੇ ਇਸ ਅੱਧੇ ਮੋਰਚੇ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਟਵਿੱਟਰ, ਇੰਸਟਾਗ੍ਰਾਮ, ਫੇਸਬੁੱਕ ਅਤੇ ਯੂਟਿਊਬ 'ਤੇ ਇੱਕ ਸੰਗਠਿਤ ਯਤਨ ਦਿਖਾਈ ਦੇ ਰਿਹਾ ਹੈ, ਜਿਸ ਵਿੱਚ ਭਾਰਤ ਨੂੰ ਹਿੰਦੂ ਰਾਸ਼ਟਰ, ਮਨੂਵਾਦੀ ਰਾਜ, ਘੱਟ ਗਿਣਤੀ ਵਿਰੋਧੀ ਦੇਸ਼ ਵਰਗੇ ਟੈਗ ਦਿੱਤੇ ਗਏ ਹਨ। ਇਹ ਟੈਗ ਨਾ ਸਿਰਫ਼ ਅੰਤਰਰਾਸ਼ਟਰੀ ਅਕਸ ਨੂੰ ਪ੍ਰਭਾਵਿਤ ਕਰਦੇ ਹਨ ਸਗੋਂ ਇੱਕ ਆਮ ਭਾਰਤੀ ਨੂੰ ਵੀ ਉਲਝਾਉਂਦੇ ਹਨ। ਇੱਕ ਆਮ ਮੁਸਲਮਾਨ ਡਰ ਵਿੱਚ ਜਿਊਣਾ ਸ਼ੁਰੂ ਕਰ ਦਿੰਦਾ ਹੈ, ਇੱਕ ਆਮ ਦਲਿਤ ਇਕੱਲਾਪਣ ਮਹਿਸੂਸ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਇੱਕ ਆਮ ਹਿੰਦੂ ਦੋਸ਼ੀ ਭਾਵਨਾ ਵਿੱਚ ਜਿਊਣਾ ਸ਼ੁਰੂ ਕਰ ਦਿੰਦਾ ਹੈ।

ਪਰ ਇਹ ਵਿਚਾਰਧਾਰਕ ਯੁੱਧ ਸਿਰਫ਼ ਅਕਾਦਮਿਕ ਬਹਿਸਾਂ ਜਾਂ ਸੋਸ਼ਲ ਮੀਡੀਆ ਪੋਸਟਾਂ ਤੱਕ ਸੀਮਿਤ ਨਹੀਂ ਹੈ। ਇਸਦੇ ਅਸਲ ਅਤੇ ਖ਼ਤਰਨਾਕ ਨਤੀਜੇ ਵੀ ਸਪੱਸ਼ਟ ਹੁੰਦੇ ਜਾ ਰਹੇ ਹਨ। ਪਹਿਲਗਾਮ ਘਟਨਾ ਵਿੱਚ ਇੱਕ ਹਿੰਦੂ ਸੈਲਾਨੀ ਨੂੰ ਮਾਰ ਦਿੱਤਾ ਗਿਆ ਕਿਉਂਕਿ ਉਹ ਧਰਮ ਦੁਆਰਾ ਹਿੰਦੂ ਸੀ। ਇਹ ਸਿਰਫ਼ ਅੱਤਵਾਦ ਨਹੀਂ ਹੈ, ਇਹ ਧਰਮ-ਅਧਾਰਤ ਵਿਚਾਰਧਾਰਕ ਨਫ਼ਰਤ ਦਾ ਇੱਕ ਅਤਿਅੰਤ ਰੂਪ ਹੈ। ਇਹ ਘਟਨਾ ਦਰਸਾਉਂਦੀ ਹੈ ਕਿ ਭਾਰਤ ਦੀ ਵਿਭਿੰਨਤਾ ਨੂੰ ਏਕਤਾ ਵਿੱਚ ਬਦਲਣ ਦੀਆਂ ਸਾਡੀਆਂ ਕੋਸ਼ਿਸ਼ਾਂ ਅਜੇ ਵੀ ਅਧੂਰੀਆਂ ਹਨ ਅਤੇ ਨਫ਼ਰਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ।

ਭਾਰਤ ਦੇ ਇਸ ਅੱਧੇ ਮੋਰਚੇ 'ਤੇ ਰਾਜਨੀਤੀ ਦੀ ਭੂਮਿਕਾ ਵੀ ਬਹੁਤ ਸ਼ੱਕੀ ਹੈ। ਜਿੱਥੇ ਨੇਤਾਵਾਂ ਨੂੰ ਸੱਤਾ ਵਿੱਚ ਆਉਣ ਲਈ ਰਾਸ਼ਟਰਵਾਦ ਦਾ ਝੰਡਾ ਬੁਲੰਦ ਕਰਨਾ ਪੈਂਦਾ ਹੈ, ਉੱਥੇ ਵੋਟਾਂ ਪ੍ਰਾਪਤ ਕਰਨ ਲਈ ਉਹ ਸਮਾਜ ਨੂੰ ਵੰਡਣ ਵਾਲੀਆਂ ਚਰਚਾਵਾਂ ਨੂੰ ਉਤਸ਼ਾਹਿਤ ਕਰਦੇ ਹਨ। ਕਦੇ ਘੱਟ ਗਿਣਤੀਆਂ ਦਾ ਤੁਸ਼ਟੀਕਰਨ, ਕਦੇ ਦਲਿਤ ਰਾਖਵੇਂਕਰਨ ਦੀ ਰਾਜਨੀਤੀ, ਕਦੇ ਖੇਤਰੀ ਪਛਾਣ-ਇਨ੍ਹਾਂ ਸਭ ਨੇ ਭਾਰਤ ਦੀ ਰਾਸ਼ਟਰੀ ਪਛਾਣ ਨੂੰ ਕਮਜ਼ੋਰ ਕੀਤਾ ਹੈ। ਰਾਜਨੀਤਿਕ ਲਾਭ ਲਈ ਦੇਸ਼ ਦੀ ਏਕਤਾ ਨੂੰ ਦਾਅ 'ਤੇ ਲਗਾਉਣਾ ਆਤਮਘਾਤੀ ਹੈ, ਪਰ ਅੱਜ ਇਹੀ ਹੋ ਰਿਹਾ ਹੈ।ਇਸ ਵਿਚਾਰਧਾਰਕ ਯੁੱਧ ਦਾ ਇੱਕ ਹੋਰ ਚਿਹਰਾ ਹੈ- ਪਾਣੀ, ਬਿਜਲੀ, ਸਰੋਤਾਂ ਅਤੇ ਭਾਸ਼ਾਵਾਂ ਨੂੰ ਲੈ ਕੇ ਖੇਤਰੀ ਲੜਾਈਆਂ। ਕੀ ਇਹ ਚਿੰਤਾ ਦਾ ਵਿਸ਼ਾ ਨਹੀਂ ਹੈ ਕਿ ਇੱਕੋ ਦੇਸ਼ ਦੇ ਦੋ ਰਾਜ-ਹਰਿਆਣਾ ਅਤੇ ਪੰਜਾਬ- ਪਾਣੀ ਲਈ ਇੱਕ ਦੂਜੇ ਨੂੰ ਹੜ੍ਹਾਂ ਅਤੇ ਸੋਕੇ ਵਿੱਚ ਸੁੱਟਣ ਲੱਗ ਪਏ ਹਨ? ਕੀ ਇਹ ਭਾਰਤ ਦੇ ਅੰਦਰ ਦੂਜੇ ਰਾਜਾਂ ਪ੍ਰਤੀ ਨਫ਼ਰਤ ਦੀ ਭਾਵਨਾ ਪੈਦਾ ਕਰਨ ਲਈ ਵਿਚਾਰਧਾਰਕ ਯੁੱਧ ਦਾ ਹਿੱਸਾ ਨਹੀਂ ਹੈ? ਇਹੀ ਗੱਲ ਭਾਸ਼ਾਵਾਂ 'ਤੇ ਵੀ ਲਾਗੂ ਹੁੰਦੀ ਹੈ। ਦੱਖਣ ਵਿੱਚ ਹਿੰਦੀ, ਮਰਾਠੀ ਬਨਾਮ ਹਿੰਦੀ, ਬੰਗਾਲੀ ਬਨਾਮ ਅਸਾਮੀ ਥੋਪੇ ਜਾਣ 'ਤੇ ਅਸੰਤੁਸ਼ਟੀ-ਇਹ ਸਾਰੀਆਂ ਭਾਰਤ ਦੀ ਆਤਮਾ ਵਿਰੁੱਧ ਛੇੜੀ ਗਈ ਅੱਧੀ ਜੰਗ ਦੀਆਂ ਉਦਾਹਰਣਾਂ ਹਨ। ਅੱਜ ਭਾਰਤ ਦੇ ਇਸ ਅੱਧੇ ਮੋਰਚੇ ਨੂੰ ਸਰਹੱਦ 'ਤੇ ਹੋ ਰਹੇ ਫੌਜੀ ਟਕਰਾਅ ਵਾਂਗ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਦੇਸ਼ ਦੀ ਸੁਰੱਖਿਆ ਸਿਰਫ਼ ਟੈਂਕਾਂ ਅਤੇ ਮਿਜ਼ਾਈਲਾਂ ਨਾਲ ਨਹੀਂ ਆਉਂਦੀ, ਸਗੋਂ ਵਿਚਾਰਾਂ ਦੀ ਸਪੱਸ਼ਟਤਾ, ਸਮਾਜਿਕ ਸਦਭਾਵਨਾ ਅਤੇ ਰਾਸ਼ਟਰ ਵਿੱਚ ਵਿਸ਼ਵਾਸ ਨਾਲ ਆਉਂਦੀ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਦੇਸ਼ ਦੀ ਆਲੋਚਨਾ ਕਰਨ ਅਤੇ ਰਾਸ਼ਟਰਵਾਦ ਵਿਰੋਧੀ ਵਿੱਚ ਅੰਤਰ ਹੈ, ਪਰ ਇਹ ਅੰਤਰ ਉਦੋਂ ਖਤਮ ਹੋ ਜਾਂਦਾ ਹੈ ਜਦੋਂ ਆਲੋਚਨਾ ਦਾ ਉਦੇਸ਼ ਸੁਧਾਰ ਨਹੀਂ ਸਗੋਂ ਵਿਨਾਸ਼ ਹੁੰਦਾ ਹੈ।

ਇਸ ਮੋਰਚੇ 'ਤੇ ਜਿੱਤਣ ਲਈ, ਭਾਰਤ ਨੂੰ ਸਿਰਫ਼ ਸੈਨਿਕਾਂ ਦੀ ਹੀ ਨਹੀਂ, ਸਗੋਂ ਅਧਿਆਪਕਾਂ, ਲੇਖਕਾਂ, ਪੱਤਰਕਾਰਾਂ, ਕਵੀਆਂ, ਕਾਰਕੁੰਨਾਂ ਅਤੇ ਆਮ ਨਾਗਰਿਕਾਂ ਦੀ ਵੀ ਲੋੜ ਹੈ। ਸਾਨੂੰ ਆਪਣੀ ਸਿੱਖਿਆ ਪ੍ਰਣਾਲੀ ਨੂੰ ਰਾਸ਼ਟਰ ਨਿਰਮਾਣ ਵੱਲ ਮੁੜ ਕੇ ਸੇਧਿਤ ਕਰਨਾ ਪਵੇਗਾ। ਸਾਨੂੰ ਸੋਸ਼ਲ ਮੀਡੀਆ 'ਤੇ ਵੀ ਰਾਸ਼ਟਰ ਦੇ ਹੱਕ ਵਿੱਚ ਇੱਕ ਵਿਚਾਰਧਾਰਕ ਮੋਰਚਾ ਖੜ੍ਹਾ ਕਰਨਾ ਪਵੇਗਾ। ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਾਨੂੰ ਰਾਜਨੀਤੀ ਨੂੰ ਦੇਸ਼ ਦੀ ਕੀਮਤ 'ਤੇ ਰਾਜਨੀਤੀ ਨਾ ਖੇਡਣ ਲਈ ਮਜਬੂਰ ਕਰਨਾ ਪਵੇਗਾ।

ਜਿਹੜੇ ਲੋਕ ਇਸ ਅੱਧੇ ਮੋਰਚੇ ਨੂੰ ਆਜ਼ਾਦੀ ਦੀ ਆਵਾਜ਼ ਮੰਨਦੇ ਹਨ, ਉਨ੍ਹਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਆਜ਼ਾਦੀ ਦੀ ਪਹਿਲੀ ਸ਼ਰਤ ਏਕਤਾ ਹੈ। ਏਕਤਾ ਤੋਂ ਬਿਨਾਂ ਆਜ਼ਾਦੀ ਸਿਰਫ਼ ਇੱਕ ਭਰਮ ਹੈ। ਜੋ ਕੌਮ ਆਪਣੇ ਅੰਦਰੂਨੀ ਦੁਸ਼ਮਣਾਂ ਦੀ ਪਛਾਣ ਨਹੀਂ ਕਰ ਸਕਦੀ, ਉਹ ਕਦੋਂ ਤੱਕ ਆਪਣੇ ਬਾਹਰੀ ਦੁਸ਼ਮਣਾਂ ਨਾਲ ਲੜ ਸਕਦੀ ਹੈ? ਭਾਰਤ ਦੀ ਅਸਲ ਪ੍ਰੀਖਿਆ ਜੰਗ ਦੇ ਮੈਦਾਨ ਵਿੱਚ ਨਹੀਂ ਸਗੋਂ ਯੂਨੀਵਰਸਿਟੀ ਦੇ ਕਲਾਸਰੂਮਾਂ, ਮੀਡੀਆ ਪੰਨਿਆਂ, ਸੋਸ਼ਲ ਮੀਡੀਆ ਪੋਸਟਾਂ ਅਤੇ ਸੰਸਦ ਵਿੱਚ ਬਹਿਸਾਂ ਵਿੱਚ ਹੈ। ਪਰੀਖਿਆ ਇਹ ਹੈ ਕਿ ਅਸੀਂ ਭਾਰਤ ਨੂੰ ਸਿਰਫ਼ ਜ਼ਮੀਨ ਦਾ ਇੱਕ ਟੁਕੜਾ ਮੰਨਦੇ ਹਾਂ ਜਾਂ ਇੱਕ ਜਿਉਂਦੀ ਚੇਤਨਾ। ਇਹ ਚੇਤਨਾ ਤਾਂ ਹੀ ਬਚ ਸਕਦੀ ਹੈ ਜਦੋਂ ਹਰ ਨਾਗਰਿਕ, ਹਰ ਵਿਦਿਆਰਥੀ, ਹਰ ਸਿਆਸਤਦਾਨ ਅਤੇ ਹਰ ਲੇਖਕ ਇਹ ਸਮਝੇ ਕਿ ਭਾਰਤ ਦੀ ਵਿਭਿੰਨਤਾ ਇਸਦੀ ਤਾਕਤ ਹੈ, ਕਮਜ਼ੋਰੀ ਨਹੀਂ।ਇਸ ਲਈ, ਹੁਣ ਸਮਾਂ ਆ ਗਿਆ ਹੈ ਕਿ ਇਸ ਅੱਧੇ ਮੋਰਚੇ ਨੂੰ ਪੂਰੀ ਗੰਭੀਰਤਾ ਨਾਲ ਲਿਆ ਜਾਵੇ। ਦੇਸ਼ ਨੂੰ ਟੁੱਟਣ ਤੋਂ ਬਚਾਉਣ ਲਈ ਸਾਨੂੰ ਹੁਣ ਟੈਂਕਾਂ ਨਾਲ ਨਹੀਂ, ਸਗੋਂ ਵਿਚਾਰਾਂ ਨਾਲ ਲੜਨਾ ਪਵੇਗਾ। ਅਤੇ ਇਸ ਲੜਾਈ ਵਿੱਚ ਹਰ ਭਾਰਤੀ ਇੱਕ ਸਿਪਾਹੀ ਹੈ- ਜਾਂ ਤਾਂ ਦੇਸ਼ ਲਈ, ਜਾਂ ਦੇਸ਼ ਦੇ ਵਿਰੁੱਧ।

# ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਅਤੇ ਇਸ ਖ਼ਿਲਾਫ਼ ਘੋਲ਼ ਦਾ ਮਸਲਾ

ਡਾ.ਦਵਿੰਦਰ ਕੌਰ
ਮੋ. 8847227740



ਮੌਜੂਦਾ ਸਮੇਂ ਵਿੱਚ ਪੰਜਾਬ ਭਿਆਨਕ ਜਲ ਸੰਕਟ ਕੰਢੇ ਖੜ੍ਹਾ ਹੈ। ਜ਼ਮੀਨ ਹੇਠਲਾ ਪਾਣੀ ਆਖਰੀ ਸਾਹ ਲੈ ਰਿਹਾ ਹੈ। ਪੰਜਾਬ ਵਿੱਚ ਜਲ ਸੰਕਟ ਦਾ ਇੱਕ ਵੱਡਾ ਕਾਰਨ ਇਸਦੇ ਦਰਿਆਈ ਪਾਣੀਆਂ ਦਾ ਖੋਹਿਆ ਜਾਣਾ ਹੈ। ਜਲ ਸੰਕਟ ਦੇ ਇਸ ਦੌਰ ਵਿੱਚ ਦਰਿਆਈ ਪਾਣੀਆਂ ਦੇ ਮਸਲੇ ਉੱਤੇ ਚਰਚਾ ਵਧਣੀ, ਰੋਹ ਤਿੱਖਾ ਹੋਣਾ ਸੁਭਾਵਿਕ ਹੈ। ਇਸ ਸੁਲਝਾਉਣ ਯੋਗ ਮਸਲੇ ਨੂੰ ਨਾ ਸੁਲਝਾ ਕੇ ਇਸਦੇ ਹੱਲ ਨੂੰ ਲਟਕਾ ਕੇ ਲੋਕਾਂ ਦਾ ਧਿਆਨ ਹੋਰ ਜ਼ਰੂਰੀ ਮੁੱਦਿਆਂ ਤੋਂ ਭਟਕਾਉਂਦੀਆਂ ਰਹੀਆਂ ਹਨ। ਹੁਣ ਵੀ ਅਜਿਹਾ ਹੋ ਰਿਹਾ ਹੈ ਅਤੇ ਆਉਣ ਵਾਲ਼ੇ ਦਿਨਾਂ ਵਿੱਚ ਅਜਿਹਾ ਹੋਰ ਵੱਡੇ ਪੱਧਰ ਉੱਤੇ ਹੋਵੇਗਾ। ਚੜ੍ਹਦੇ ਪੰਜਾਬ ਵਿੱਚੋਂ ਤਿੰਨ ਦਰਿਆ ਵਗਦੇ ਹਨ- ਸਤਲੁਜ, ਰਾਵੀ ਅਤੇ ਬਿਆਸ। ਪਾਕਿਸਤਾਨ ਵਿੱਚ ਮੌਜੂਦ ਲਹਿੰਦਾ ਪੰਜਾਬ ਇਸਦਾ ਸਹਿ ਰਿਪੇਰੀਅਨ ਸੂਬਾ ਹੈ। ਸੰਨ 1947 ਤੋਂ ਬਾਅਦ ਤਿੰਨਾਂ ਦਰਿਆਵਾਂ ਦੇ ਪਾਣੀਆਂ ਸਬੰਧੀ ਪਾਕਿਸਤਾਨੀ ਹਕੂਮਤ ਨਾਲ਼ ਭਾਰਤੀ ਹਕੂਮਤ ਦਾ ਝਗੜਾ ਸਾਹਮਣੇ ਆਇਆ। ਇਹ ਝਗੜਾ ਸਿੰਧ ਜਲ ਸਮਝੌਤਾ ਹੋਣ ਤੋਂ ਬਾਅਦ ਖਤਮ ਹੋਇਆ ਜਿਸ ਮੁਤਾਬਕ ਸਿੰਧ, ਚਨਾਬ ਅਤੇ ਜੇਹਲਮ ਦੇ ਪਾਣੀਆਂ ਦੀ ਮੁੱਖ ਤੌਰ ਉੱਤੇ ਵਰਤੋਂ ਦਾ ਹੱਕ ਪਾਕਿਸਤਾਨ ਨੂੰ ਮਿਲ਼ ਗਿਆ ਅਤੇ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵਰਤੋਂ ਦਾ ਹੱਕ ਮੁੱਖ ਤੌਰ ਉੱਤੇ ਭਾਰਤ ਨੂੰ ਮਿਲ਼ ਗਿਆ। ਸਿੰਧ ਜਲ ਸਮਝੌਤੇ ਤੋਂ ਬਾਅਦ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਉੱਤੇ ਹੱਕ ਚੜ੍ਹਦੇ ਪੰਜਾਬ ਦਾ ਸੀ। ਪਰ ਇਹ ਹੱਕ ਖੋਹ ਲਿਆ ਗਿਆ। ਇਸ ਸਮੇਂ ਪੰਜਾਬ ਦੇ ਦਰਿਆਈ ਪਾਣੀਆਂ ਦਾ ਸਿਰਫ 25 ਫੀਸਦੀ ਦੇ ਕਰੀਬ ਹਿੱਸਾ ਹੀ ਪੰਜਾਬ ਨੂੰ ਮਿਲ਼ਦਾ ਹੈ।

ਪੱਕੀਆਂ ਨਹਿਰਾਂ ਰਾਹੀਂ ਲੱਗਭਗ ਪੰਜਾਬ ਦੇ ਹਿੱਸੇ ਦਾ 75 ਫੀਸਦੀ ਪਾਣੀ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਚਲਾ ਜਾਂਦਾ ਹੈ ਅਤੇ ਇਹ ਪਾਣੀ ਵੀ ਪੂਰੀ ਤਰ੍ਹਾਂ ਮੁਫਤ ਦਿੱਤਾ ਜਾ ਰਿਹਾ ਹੈ। ਹਿਮਾਚਲ ਵਿੱਚ ਹੀ ਬਿਆਸ ਦੇ ਪਾਣੀ ਦਾ ਇੱਕ ਹਿੱਸਾ ਸਤਲੁਜ ਵਿੱਚ ਪਾ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਸਤਲੁਜ ਵਿਚਲਾ ਇਹ ਪਾਣੀ ਭਾਖੜਾ ਡੈਮ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਹ ਪਾਣੀ ਨੰਗਲ ਡੈਮ ਕੋਲੋਂ ਪੱਕੀ ਨਹਿਰ ਰਾਹੀਂ ਦਿੱਲੀ, ਹਰਿਆਣਾ ਅਤੇ ਰਾਜਸਥਾਨ ਨੂੰ ਜਾਂਦਾ ਹੈ। ਇਸਤੋਂ ਬਾਅਦ ਸਤਲੁਜ ਵਿੱਚ ਬਹੁਤ ਥੋੜ੍ਹਾ ਪਾਣੀ ਹੀ ਰਹਿ ਜਾਂਦਾ ਹੈ। ਲੁੱਟ ਇੱਥੇ ਹੀ ਨਹੀਂ ਮੁੱਕਦੀ। ਪਠਾਨਕੋਟ ਕੋਲੋਂ ਮਾਧੋਪੁਰ ਹੈਡਵਰਕਸ ਤੋਂ ਨਿੱਕਲਦੀ ਰਾਵੀ-ਬਿਆਸ ਲਿੰਕ ਨਹਿਰ ਰਾਹੀਂ ਰਾਵੀ ਦਾ ਪਾਣੀ ਬਿਆਸ ਵਿੱਚ ਪਾਇਆ ਜਾਂਦਾ ਹੈ ਅਤੇ ਉੱਥੇ ਹਰੀਕੇ ਪੱਤਣ ਵਿੱਚ ਜਿੱਥੇ ਬਿਆਸ ਅਤੇ ਸਤਲੁਜ ਮਿਲ਼ਦੇ ਹਨ, ਉੱਥੇ ਬਣੇ ਹੈਡਵਰਕਸ 'ਤੇ ਰਾਵੀ, ਬਿਆਸ ਅਤੇ ਸਤਲੁਜ ਦਾ ਬਚਿਆ ਪਾਣੀ ਇਕੱਠਾ ਕੀਤਾ ਜਾਂਦਾ ਹੈ। ਇੱਥੋਂ 1961 ਵਿੱਚ ਬਣੀ ਇੰਦਿਰਾ ਗਾਂਧੀ ਨਹਿਰ ਅਤੇ ਬੀਕਾਨੇਰ ਨਹਿਰ ਰਾਹੀਂ ਪਾਣੀ ਰਾਜਸਥਾਨ ਨੂੰ ਜਾਂਦਾ ਹੈ। ਇਸ ਤਰ੍ਹਾਂ ਪੰਜਾਬ ਦੇ ਪਾਣੀ ਦਾ ਵੱਡਾ ਹਿੱਸਾ ਕੇਂਦਰੀ ਹਕੂਮਤ ਨੇ ਖੋਹ ਕੇ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਦੇ ਦਿੱਤਾ ਹੈ।

ਸੰਨ 1947 ਤੋਂ ਬਾਅਦ ਪਾਕਿਸਤਾਨ ਨਾਲ਼ ਪਾਣੀਆਂ ਦੀ ਵੰਡ ਨੂੰ ਲੈ ਕੇ ਚੱਲੇ ਝਗੜੇ ਵਿੱਚ ਭਾਰਤੀ ਹਾਕਮਾਂ ਨੇ ਗੈਰ-ਵਾਜ਼ਬ ਢੰਗ ਨਾਲ਼ ਘੱਗਰ ਦਰਿਆ ਨੂੰ ਸਿੰਧ ਨਦੀ ਖੇਤਰ ਦਾ ਹਿੱਸਾ ਕਿਹਾ। ਇਸ ਰਾਹੀਂ ਰਾਜਸਥਾਨ ਨੂੰ ਪੰਜਾਬ ਦਾ ਸਹਿ-ਰਿਪੇਰੀਅਨ ਸੂਬਾ ਐਲਾਨਿਆ ਅਤੇ ਪੰਜਾਬ ਦੇ ਪਾਣੀਆਂ ਵਿੱਚ ਰਾਜਸਥਾਨ ਦੀ ਹਿੱਸੇਦਾਰੀ ਦਿਖਾਈ। ਇਸ ਤਰ੍ਹਾਂ ਸੰਨ 1955 ਵਿੱਚ ਕੇਂਦਰ ਦੀ ਕਾਂਗਰਸੀ ਹਕੂਮਤ ਨੇ ਗੈਰ-ਵਾਜ਼ਬ ਢੰਗ ਨਾਲ਼ ਰਾਜਸਥਾਨ ਨੂੰ ਪੰਜਾਬ ਦੇ ਪਾਣੀਆਂ ਦਾ ਹਿੱਸੇਦਾਰ ਬਣਾ ਲਿਆ। ਸੰਨ 1960 ਵਿੱਚ ਸਿੰਧ ਜਲ ਸੰਧੀ ਹੋਂਦ ਵਿੱਚ ਆਈ, ਜਿਸ ਤਹਿਤ ਸਿੰਧ, ਜੇਹਲਮ ਅਤੇ ਝਨਾਬ ਦੇ ਪਾਣੀਆਂ ਦੀ ਮਾਲਕੀ ਪਾਕਿਸਤਾਨ ਨੂੰ ਮਿਲ਼ੀ ਅਤੇ ਸਤਲੁਜ, ਰਾਵੀ ਅਤੇ ਬਿਆਸ ਦੀ ਮਾਲਕੀ ਭਾਰਤ ਨੂੰ। ਖੈਰ, ਸੰਨ 1961 ਵਿੱਚ ਜਦ ਅਜੇ ਹਰਿਆਣਾ ਪੰਜਾਬ ਦਾ ਹਿੱਸਾ ਹੀ ਸੀ, ਹਰਿਆਣੇ ਨੂੰ 19 ਲੱਖ ਏਕੜ ਫੁੱਟ ਪਾਣੀ ਦੇ ਦਿੱਤਾ। ਸੰਨ 1966 ਵਿੱਚ ਪੰਜਾਬ ਦੇ ਪੁਨਰ ਗਠਨ ਕਨੂੰਨ ਮੁਤਾਬਕ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੋ ਨਵੇਂ ਸੂਬੇ ਹੋਂਦ ਵਿੱਚ ਆਏ। ਸੰਨ 1967 ਵਿੱਚ ਹਰਿਆਣਾ ਨੇ ਉਸ ਸਮੇਂ ਪੰਜਾਬ ਨੂੰ ਮਿਲ਼ ਰਹੇ 51 ਲੱਖ ਏਕੜ ਫੁੱਟ ਪਾਣੀ ਵਿੱਚੋਂ ਹੋਰ 29 ਲੱਖ ਏਕੜ ਫੁੱਟ ਪਾਣੀ ਦੀ ਮੰਗ ਕੀਤੀ। ਇਸ ਤਰ੍ਹਾਂ ਉਸਨੇ ਕੁੱਲ 48 ਲੱਖ ਏਕੜ ਫੁੱਟ ਪਾਣੀ ਉੱਤੇ ਦਾਅਵਾ ਕੀਤਾ। ਪੰਜਾਬ ਪੁਨਰ ਗਠਨ ਕਨੂੰਨ ਦੀਆਂ ਧਾਰਾਵਾਂ 78, 79 ਅਤੇ 80 ਮੁਤਾਬਕ ਪੰਜਾਬ ਦੇ ਦਰਿਆਵਾਂ, ਇਹਨਾਂ ਉੱਤੇ ਚਲਦੇ ਪ੍ਰੋਜੈਕਟਾਂ ਅਤੇ ਡੈਮਾਂ ਦਾ ਕੰਟਰੋਲ ਕੇਂਦਰ ਨੇ ਪੂਰੀ ਤਰ੍ਹਾਂ ਗੈਰਵਾਜਿਬ ਢੰਗ ਨਾਲ਼ ਆਪਣੇ ਹੱਥ ਵਿੱਚ ਲੈ ਲਿਆ। ਇਸ ਤਰ੍ਹਾਂ ਨਾ ਸਿਰਫ ਪਾਣੀ ਸਗੋਂ ਬਿਜਲੀ ਦਾ ਹੱਕ ਵੀ ਪੰਜਾਬ ਤੋਂ ਖੋਹ ਲਿਆ ਗਿਆ। ਪਰ ਹਰਿਆਣੇ ਦੀ ਯਮੁਨਾ ਨਦੀ ਉੱਤੇ ਬਣੇ ਤਾਜੇਵਾਲਾ ਅਤੇ ਓਖਲਾ ਡੈਮਾਂ ਤੇ ਪ੍ਰੋਜੈਕਟਾਂ ਦਾ ਕੰਟਰੋਲ ਹਰਿਆਣਾ ਕੋਲ ਹੀ ਰਹਿਣ ਦਿੱਤਾ। ਅਸਲ ਵਿੱਚ ਭਾਰਤੀ ਸੰਵਿਧਾਨ ਮੁਤਾਬਿਕ ਵੀ ਇਹਨਾਂ ਦਰਿਆਵਾਂ ਦੇ ਸਾਰੇ ਕੰਟਰੋਲ ਦਾ ਹੱਕ ਸੂਬਿਆਂ ਦਾ ਹੈ। ਪਰ ਇਸੇ ਤਰਜ਼ ਉੱਤੇ ਪੰਜਾਬ ਨੂੰ ਇਹ ਹੱਕ ਨਹੀਂ ਦਿੱਤਾ ਗਿਆ ਜੋ ਸਪੱਸ਼ਟ ਰੂਪ ਵਿੱਚ ਪੰਜਾਬ ਨਾਲ਼ ਬੇਇਨਸਾਫੀ ਸੀ/ਹੈ। ਹਰਿਆਣਾ ਸਰਕਾਰ ਨੇ ਕੇਂਦਰ ਸਰਕਾਰ ਤੋਂ ਪੰਜਾਬ ਪੁਨਰਗਠਨ ਐਕਟ ਤਹਿਤ ਉਸਨੂੰ ਹੋਰ ਪਾਣੀ ਦੇਣ ਲਈ ਹੁਕਮ ਜਾਰੀ ਕਰਨ ਦੀ ਮੰਗ ਕੀਤੀ। ਐਮਰਜੰਸੀ ਦੌਰਾਨ 24 ਮਾਰਚ 1976 ਨੂੰ ਇੰਦਰਾ ਗਾਂਧੀ ਸਰਕਾਰ ਨੇ ਹਰਿਆਣੇ ਨੂੰ ਕੁੱਲ 35 ਲੱਖ ਏਕੜ ਫੁੱਟ ਪਾਣੀ ਦੇਣ ਦਾ ਹੁਕਮ ਜਾਰੀ ਕਰ ਦਿੱਤਾ। ਉਸ ਸਮੇਂ ਪੰਜਾਬ ਨੂੰ ਮਿਲ਼ ਰਿਹਾ 51 ਲੱਖ ਏਕੜ ਫੁੱਟ ਪਾਣੀ ਵਰਤਿਆ ਜਾ ਰਿਹਾ ਸੀ। ਪੰਜਾਬ ਕੋਲ ਬਿਲਕੁਲ ਵੀ ਵਾਧੂ ਪਾਣੀ ਨਹੀਂ ਸੀ। ਸਗੋਂ ਉਸਦਾ ਪਾਣੀ ਤਾਂ ਲੁੱਟਿਆ ਜਾ ਰਿਹਾ ਸੀ। ਪਰ ਇਸਦੇ ਬਾਵਜੂਦ ਕੇਂਦਰ ਸਰਕਾਰ ਦੇ ਹੁਕਮ ਵਿੱਚ ਪੰਜਾਬ ਨੂੰ ਕਿਹਾ ਗਿਆ ਕਿ ਹਰਿਆਣੇ ਨੂੰ ਹਰ ਹਾਲਤ ਵਿੱਚ 35 ਲੱਖ ਏਕੜ ਫੁੱਟ ਪਾਣੀ ਦੇਣਾ ਹੀ ਪਵੇਗਾ। ਜੇਕਰ ਕੁਦਰਤੀ ਕਾਰਨਾਂ ਕਰਕੇ ਪਾਣੀ ਘੱਟ ਵੀ ਜਾਂਦਾ ਹੈ ਤਾਂ ਇਸਦਾ ਭਾਰ ਪੰਜਾਬ ਨੂੰ ਹੀ ਝੱਲਣਾ ਪਵੇਗਾ। ਇਸ ਵਾਸਤੇ ਪੰਜਾਬ ਨੂੰ ਕਿਹਾ ਗਿਆ ਕਿ ਉਹ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰੇ। ਹਰਿਆਣਾ ਨੇ ਆਪਣੇ ਖੇਤਰ ਅੰਦਰ ਇਸ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ।

ਜਦ ਕੇਂਦਰ ਸਰਕਾਰ ਨੇ ਇਹ ਹੁਕਮ ਜਾਰੀ ਕੀਤਾ, ਉਸ ਸਮੇਂ ਪੰਜਾਬ ਵਿੱਚ ਕਾਂਗਰਸ ਸਰਕਾਰ ਸੀ ਤੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਸੀ। ਜੂਨ 1977 ਵਿੱਚ ਅਕਾਲੀ ਦਲ ਦੀ ਸਰਕਾਰ ਬਣੀ। ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣਿਆ। ਉਸਨੇ ਸਤਲੁਜ ਯਮੁਨਾ ਲਿੰਕ ਦੀ ਉਸਾਰੀ ਦਾ ਕੰਮ ਜੰਗੀ ਪੱਧਰ ਉੱਤੇ ਸ਼ੁਰੂ ਕਰਵਾਇਆ। ਅਕਾਲੀ ਸਰਕਾਰ ਨੇ 20 ਫਰਵਰੀ 1978 ਨੂੰ ਦਫਾ 17 ਤਹਿਤ ਜ਼ਮੀਨ ਜਬਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਧਾਰਾ ਤਹਿਤ ਨੋਟੀਫਿਕੇਸ਼ਨ ਉਦੋਂ ਜਾਰੀ ਹੁੰਦਾ ਹੈ ਜਦੋਂ ਹੰਗਾਮੀ ਹਾਲਤ ਵਿੱਚ ਸਰਕਾਰ ਨੂੰ ਜ਼ਮੀਨ ਦੀ ਲੋੜ ਹੋਵੇ। 04 ਜੁਲਾਈ 1978 ਨੂੰ ਚਿੱਠੀ ਜਾਰੀ ਕਰਕੇ ਹਰਿਆਣਾ ਸਰਕਾਰ ਤੋਂ 3 ਕਰੋੜ ਰੁਪਏ ਦੀ ਮੰਗ ਵੀ ਕਰ ਦਿੱਤੀ।

ਅਕਾਲੀ ਸਰਕਾਰ ਨੇ ਦਬਾਅ ਹੇਠ ਸੁਪਰੀਮ ਕੋਰਟ ਵਿੱਚ ਇਸ ਸਮਝੌਤੇ ਖਿਲਾਫ ਕੇਸ ਦਾਇਰ ਕੀਤਾ। ਇੰਦਰਾ ਗਾਂਧੀ ਨੇ 31 ਦਸੰਬਰ 1981 ਨੂੰ ਤਿੰਨੋਂ ਸੂਬਿਆਂ ਦੇ ਕਾਂਗਰਸੀ ਮੁੱਖ ਮੰਤਰੀਆਂ ਦਰਬਾਰਾ ਸਿੰਘ (ਪੰਜਾਬ), ਭਜਨ ਲਾਲ (ਹਰਿਆਣਾ), ਸ਼ਿਵ ਚਰਨ ਮਾਥੁਰ (ਰਾਜਸਥਾਨ) ਨੂੰ ਸੱਦ ਕੇ ਸਮਝੌਤਾ ਕਰਵਾਇਆ ਗਿਆ। ਦਰਬਾਰਾ ਸਿੰਘ ਉੱਤੇ ਸਮਝੌਤੇ ਉੱਤੇ ਹਸਤਾਖਰ ਕਰਨ ਲਈ ਦਬਾਅ ਪਾਇਆ ਗਿਆ। ਇਸ ਨਾਲ਼ 24 ਮਾਰਚ 1976 ਵਾਲ਼ਾ ਹੁਕਮ ਸਮਝੌਤੇ ਵਿੱਚ ਬਦਲ ਦਿੱਤਾ ਗਿਆ। ਇਸ ਸਮਝੌਤੇ ਤਹਿਤ ਰਾਵੀ-ਬਿਆਸ-ਸਤਲੁਜ ਦੇ ਪਾਣੀਆਂ ਦੀ ਮਾਤਰਾ ਦੀ ਪੇਸ਼ਕਾਰੀ ਗੈਰ-ਵਾਜ਼ਬ ਢੰਗ ਨਾਲ਼ ਵਧਾ-ਚੜ੍ਹਾ ਕੇ 171.7 ਲੱਖ ਏਕੜ ਫੁੱਟ ਕੀਤੀ ਗਈ ਜੋ ਕਿ ਪਹਿਲਾਂ 158.5 ਮੰਨੀ ਜਾਂਦੀ ਸੀ। ਇਸ ਵਿੱਚੋਂ ਪੰਜਾਬ ਦਾ ਹਿੱਸਾ 42.2 ਲੱਖ ਏਕੜ ਫੁੱਟ ਕਿਹਾ ਗਿਆ ਅਤੇ ਰਾਜਸਥਾਨ ਦਾ 86 ਲੱਖ ਏਕੜ ਫੁੱਟ ਕਰ ਦਿੱਤਾ ਗਿਆ। ਹਰਿਆਣਾ ਦਾ 35 ਲੱਖ ਏਕੜ ਫੁੱਟ ਬਰਕਰਾਰ ਰੱਖਿਆ ਗਿਆ। ਉਸ ਸਮੇਂ ਕਿਹਾ ਗਿਆ ਸੀ ਕਿ ਹਰਿਆਣਾ ਨੂੰ ਹੋਰ ਕਿਸੇ ਪਾਸਿਓਂ ਪਾਣੀ ਮਿਲ਼ਣ ਦੀ ਗੁੰਜਾਇਸ਼ ਨਹੀਂ ਪਰ ਬਾਅਦ ਵਿੱਚ ਸੰਨ 1994 ਵਿੱਚ ਹਰਿਆਣਾ ਨੂੰ ਯਮੁਨਾ ਵਿੱਚੋਂ ਹੋਰ 46.5 ਲੱਖ ਏਕੜ ਪਾਣੀ ਮਿਲ਼ ਗਿਆ। ਪਰ ਇਸਦੇ ਬਾਵਜੂਦ ਇਸਦੀ ਪੰਜਾਬ ਦੇ ਪਾਣੀਆਂ ਵਿੱਚੋਂ ਤੈਅ ਕੀਤੀ ਹਿੱਸੇਦਾਰੀ ਨੂੰ ਖਤਮ ਨਹੀਂ ਕੀਤਾ ਗਿਆ। ਪੰਜਾਬ ਨੂੰ ਦੋ ਸਾਲਾਂ ਅੰਦਰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਪਾਬੰਦ ਕੀਤਾ ਗਿਆ। 12 ਫਰਵਰੀ 1982 ਨੂੰ ਦਰਬਾਰਾ ਸਿੰਘ ਤੋਂ ਇੰਦਰਾ ਗਾਂਧੀ ਨੇ ਸੁਪਰੀਮ ਕੋਰਟ ਤੋਂ ਕੇਸ ਵੀ ਵਾਪਿਸ ਕਰਵਾ ਦਿੱਤਾ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸੰਨ 1985 ਵਿੱਚ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ, ਜਿਸ ਵਿੱਚ ਕਿਹਾ ਗਿਆ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਓਨਾ ਪਾਣੀ ਮਿਲ਼ਦਾ ਰਹੇਗਾ, ਜਿੰਨਾ ਉਹ ਪਹਿਲੀ ਜੁਲਾਈ 1985 ਨੂੰ ਲੈ ਰਹੇ ਸਨ। ਸਤਲੁਜ ਯਮੁਨਾ ਲਿੰਕ ਨਹਿਰ ਦੀ 15 ਅਗਸਤ 1986 ਤੱਕ ਪੂਰੀ ਕਰਨ ਦਾ ਫੈਸਲਾ ਕੀਤਾ ਗਿਆ।

ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਦਰਿਆਈ ਪਾਣੀਆਂ ਦੇ ਮਸਲੇ ਦਾ "ਹੱਲ" ਕਰਨ ਲਈ ਇੱਕ ਜੱਜ ਬਾਲਾ ਕ੍ਰਿਸ਼ਨ ਇਰਾਦੀ ਦੀ ਅਗਵਾਈ ਵਿੱਚ ਟ੍ਰਿਬਿਊਨਲ ਬਣਾਇਆ ਗਿਆ। 2 ਅਪ੍ਰੈਲ 1986 ਨੂੰ ਬਣੇ ਇਸ ਟ੍ਰਿਬਿਊਨਲ ਨੇ ਪੰਜਾਬ ਨਾਲ਼ ਹੋਰ ਅਨਿਆਂ ਕਰਦੇ ਹੋਏ ਕੁੱਲ ਪਾਣੀ ਵਿੱਚ 11.1 ਲੱਖ ਏਕੜ ਫੁੱਟ ਪਾਣੀ ਬਰਸਾਤੀ ਨਾਲਿਆਂ ਦਾ ਵੀ ਜੋੜ ਦਿੱਤਾ ਅਤੇ ਇਸ ਅਧਾਰ ਉੱਤੇ ਪਾਣੀਆਂ ਦੀ ਨਵੀਂ ਵੰਡ ਕਰ ਦਿੱਤੀ। ਇਸ ਅਨੁਸਾਰ ਪੰਜਾਬ ਨੂੰ 50 ਲੱਖ ਏਕੜ ਫੁੱਟ ਅਤੇ ਹਰਿਆਣਾ ਨੂੰ 38.08 ਲੱਖ ਏਕੜ ਫੁੱਟ ਪਾਣੀ ਵੰਡ ਦਿੱਤਾ। ਇਸ ਤਰ੍ਹਾਂ ਪੰਜਾਬ ਦੇ ਪਾਣੀਆਂ ਵਿੱਚ ਹਰਿਆਣੇ ਦੀ ਹਿੱਸੇਦਾਰੀ ਹੋਰ ਵਧਾ ਦਿੱਤੀ ਗਈ।

ਸੰਨ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪਾਣੀਆਂ ਸਬੰਧੀ ਸਾਰੇ ਸਮਝੌਤੇ ਰੱਦ ਕਰਨ ਵਾਲ਼ਾ ਕਨੂੰਨ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ। ਇਹ ਕਨੂੰਨ ਅਜੇ ਤੱਕ ਰਾਸ਼ਟਰਪਤੀ ਕੋਲ਼ ਮਨਜ਼ੂਰੀ ਲਈ ਪਿਆ ਹੈ। ਪਰ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਦਾ ਇਹ ਵੀ ਇੱਕ ਚੁਣਾਵੀ ਸਟੰਟ ਹੀ ਸੀ। ਅਮਰਿੰਦਰ ਸਰਕਾਰ ਨੂੰ ਵੀ ਪਤਾ ਸੀ ਕਿ ਇਹ ਕਨੂੰਨ ਰਾਸ਼ਟਰਪਤੀ ਨੇ ਮਨਜ਼ੂਰ ਨਹੀਂ ਕਰਨਾ। ਨਾਲ਼ੇ, ਪੰਜਾਬ ਦੇ ਲੋਕਾਂ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਕੈਪਟਨ ਅਮਰਿੰਦਰ ਸਿੰਘ ਉਹੀ ਹੈ ਜੋ ਐਸ. ਵਾਈ. ਐਲ. ਨਹਿਰ ਦੇ ਉਦਘਾਟਨ ਵੇਲ਼ੇ ਇੰਦਰਾ ਗਾਂਧੀ ਦੇ ਨਾਲ਼ ਖੜ੍ਹਾ ਸੀ ਅਤੇ ਪਹਿਲੇ ਟੱਕ ਲਈ ਇੰਦਰਾ ਗਾਂਧੀ ਨੂੰ ਕਹੀ ਉਸੇ ਨੇ ਫੜਾਈ ਸੀ।ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲਾਹਾ ਖੱਟਣ ਲਈ, ਆਪਣਾ ਖੁੱਸਿਆ ਅਧਾਰ ਹਾਸਿਲ ਕਰਨ ਲਈ ਸੰਨ 2016 ਵਿੱਚ ਅਕਾਲੀ ਦਲ ਨੇ ਪਾਣੀਆਂ ਦੇ ਮਸਲੇ ਉੱਤੇ ਵੋਟ ਸਿਆਸਤ ਤੇਜ਼ ਕਰ ਦਿੱਤੀ ਸੀ। ਨਵੰਬਰ 2016 ਵਿੱਚ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਗਿਆ ਕਿ ਰਿਪੇਰੀਅਨ ਸਿਧਾਂਤ ਮੁਤਾਬਕ ਪੰਜਾਬ ਦੇ ਪਾਣੀਆਂ ਉੱਤੇ ਸਿਰਫ ਪੰਜਾਬ ਦਾ ਹੱਕ ਹੈ ਅਤੇ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਜਾਂਦੇ ਪਾਣੀ ਦੇ ਬਿੱਲ ਵਸੂਲੇ ਜਾਣਗੇ। ਐਸ.ਵਾਈ.ਐਲ. ਨਹਿਰ ਲਈ ਜ਼ਬਤ ਕੀਤੀਆਂ ਜ਼ਮੀਨਾਂ ਵਾਪਿਸ ਕਰ ਦਿੱਤੀਆਂ ਗਈਆਂ ਅਤੇ ਪੱਟੀ ਨਹਿਰ ਪੂਰ ਦਿੱਤੀ ਗਈ। ਜਲ ਸੰਕਟ ਦਾ ਵਿਗਿਆਨਕ ਹੱਲ ਕਰਨ, ਪਾਣੀ ਦੀ ਵਰਤੋਂ ਅਤੇ ਸਾਂਭ ਸੰਭਾਲ ਸਬੰਧੀ ਲੋੜੀਂਦੇ ਪ੍ਰਬੰਧ ਕਰਨ ਦੇ ਮਸਲੇ ਤੋਂ ਲੋਕਾਂ ਦਾ ਧਿਆਨ ਭਟਕਾਇਆ ਜਾਂਦਾ ਰਿਹਾ ਹੈ, ਪੰਜਾਬ ਦੇ ਲੋਕਾਂ ਖਿਲਾਫ ਭੜਕਾਇਆ ਜਾਂਦਾ ਰਿਹਾ ਹੈ, ਪਾਣੀਆਂ ਦੇ ਮਸਲੇ 'ਤੇ ਖੇਤਰਵਾਦੀ ਵੋਟ ਸਿਆਸਤ ਰਾਹੀਂ ਵੋਟ ਬੈਂਕ ਮਜ਼ਬੂਤ ਕੀਤਾ ਜਾਂਦਾ ਰਿਹਾ ਹੈ।

# ਜੰਗ ਨਹੀਂ ਕਿਸੇ ਮਸਲੇ ਦਾ ਹੱਲ

ਭਵਨਦੀਪ ਸਿੰਘ ਪੁਰਬਾ



ਬੀਤੇ ਕੁੱਝ ਦਿਨਾਂ ਤੋਂ ਪੰਜਾਬ ਅਤੇ ਕਸ਼ਮੀਰ ਵਿੱਚ ਬਹੁੱਤ ਭਿਆਨਕ ਸਮਾਂ ਚੱਲ ਰਿਹਾ ਹੈ। ਜੰਗ ਦਾ ਮਾਹੌਲ ਹੈ। ਵੈਸੇ ਤਾਂ ਇਸ ਜੰਗ ਨੂੰ ਭਾਰਤ-ਪਾਕਿ ਜੰਗ ਕਿਹਾ ਜਾ ਰਿਹਾ ਹੈ ਪਰ ਅਸਲ ਵਿੱਚ ਇਸ ਜੰਗ ਵਿੱਚ ਪਿਸਣਾ ਚੜ੍ਹਦੇ ਤੇ ਲਹਿੰਦੇ ਪੰਜਾਬ ਨੇ ਹੀ ਹੈ। ਕੁੱਝ ਸਿਰਫਿਰੇ ਤੇ ਬੇ-ਅਕਲ ਲੋਕਾਂ ਨੂੰ ਛੱਡ ਕੇ ਕੋਈ ਵੀ ਪੰਜਾਬੀ ਇਹ ਜੰਗ ਨਹੀਂ ਚਾਹੁੰਦਾ। ਸਾਰੇ ਪੰਜਾਬ ਬਲਕਿ ਸਾਰੇ ਭਾਰਤੀ ਤੇ ਪਾਕਿਸਤਾਨੀ ਹੀ ਜਾਣਦੇ ਹਨ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ। ਇਹ ਜੰਗਾਂ ਸਿਰਫ ਰਾਜਨੀਤਿਕ ਲੋਕਾਂ ਦੀ ਹੀ ਦੇਣ ਹਨ ਆਪਣੀ ਸੱਤਾ ਨੂੰ ਬਰਕਰਾਰ ਰੱਖਣ ਲਈ। ਜਦ ਹਰ ਭਾਰਤੀ ਕਹਿ ਰਿਹਾ ਹੈ ਕਿ ਅਸੀਂ ਕਿਤੇ ਵੀ ਜੰਗ ਨਹੀਂ ਚਾਹੁੰਦੇ ਤਾਂ ਸਰਕਾਰ ਵੱਲੋਂ ਜੰਗ ਨੂੰ ਬੜਾਵਾ ਕਿਉਂ?

ਸੈਂਟਰ ਸਰਕਾਰ ਕਹਿ ਰਹੀ ਹੈ ਕਿ ਬੀਤੇ ਮਹੀਨੇ ਹੋਏ ਪਹਿਲਗਾਉਂ ਦੇ ਅੱਤਵਾਦੀ ਹਮਲੇ ਦਾ ਬਦਲਾ ਲੈਣ ਲਈ 'ਅਪ੍ਰੇਸ਼ਨ ਸਿੰਦੂਰ' ਚਲਾਇਆ ਗਿਆ ਹੈ। ਪਰ ਇਨਸਾਨੀਅਤ ਦੇ ਤੌਰ 'ਤੇ ਸੋਚੀਏ ਤਾਂ ਇਸ 'ਅਪ੍ਰੇਸ਼ਨ ਸਿੰਦੂਰ' ਨਾਲ ਹੁਣ ਹੋਰ ਕਿੰਨੀਆਂ ਔਰਤਾਂ ਦਾ 'ਸੰਦੂਰ' ਮਿੱਟ ਜਾਵੇਗਾ? ਕਿੰਨ੍ਹੇ ਫੌਜੀ ਵੀਰ ਸ਼ਹੀਦ ਹੋਣਗੇ। ਕਿੰਨ੍ਹੇ ਬੱਚਿਆਂ ਦੇ ਸਿਰ ਤੋਂ ਉਨ੍ਹਾਂ ਦੇ ਪਿਤਾ ਦਾ ਸਾਇਆ ਖਤਮ ਹੋ ਜਾਵੇਗਾ, ਕਿੰਨੀਆਂ ਮਾਵਾਂ ਦੇ ਪੁੱਤ ਬੇ-ਵਕਤ ਉਨ੍ਹਾਂ ਤੋਂ ਵਿਛੜ ਜਾਣਗੇ। ਅਜਿਹੇ ਬਦਲੇ ਦਾ ਕੀ ਫਾਇਦਾ, ਜਿਸ ਨਾਲ ਆਪਣੇ ਹੀ ਵੀਰਾਂ ਦਾ ਨੁਕਸਾਨ ਹੋਣਾ ਹੈ। ਆਪਾਂ ਸਾਰੇ ਹੀ ਜਾਣਦੇ ਆਂ ਭਾਰਤ ਪਾਕਿਸਤਾਨ ਦੀ ਜੰਗ ਦੀ ਸ਼ੁਰੂਆਤ ਨਾਲ ਹੀ ਬਾਰਡਰ ਦੀਆਂ ਸਟੇਟਾਂ ਦੇ ਕੀ ਹਾਲਾਤ ਬਣੇ ਹੋਏ ਹਨ। ਇਸ ਜੰਗ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਸਾਡੇ ਪੰਜਾਬ ਨੇ ਹੀ ਹੋਣਾ ਹੈ। ਵਿਦੇਸ਼ ਵਿੱਚ ਬੈਠੇ ਪੰਜਾਬੀ ਵੀ ਤਰਾਹ ਤਰਾਹ ਕਰ ਰਹੇ ਹਨ ਉਹਨਾਂ ਦਾ ਸਾਰਾ ਧਿਆਨ ਵੀ ਪੰਜਾਬ ਵਿੱਚ ਹੈ ਕਿਉਂਕਿ ਉਨ੍ਹਾਂ ਦੇ ਪ੍ਰੀਵਾਰ ਵੀ ਪੰਜਾਬ ਵਿੱਚ ਹਨ। ਕਿਸੇ ਦੇ ਮਾਤਾ-ਪਿਤਾ ਪੰਜਾਬ ਵਿੱਚ ਹਨ, ਕਿਸੇ ਦੇ ਰਿਸ਼ਤੇਦਾਰ ਪੰਜਾਬ ਵਿੱਚ ਹਨ। ਕਿਸੇ ਦੀ ਜ਼ਮੀਨ ਜਾਇਦਾਦ ਤੇ ਘਰ ਪੰਜਾਬ ਵਿੱਚ ਹੈ। ਪੰਜਾਬ ਨਾਲ ਉਨ੍ਹਾਂ ਦਾ ਪਿਆਰ ਵੀ ਹੈ। ਪੰਜਾਬ ਉਨ੍ਹਾਂ ਦੇ ਦਿਲਾਂ ਵਿੱਚ ਵਸਦਾ ਹੈ, ਉਹ ਵੀ ਪੰਜਾਬ ਦੀ ਚੜ੍ਹਦੀਕਲਾ ਤੇ ਖੁਸ਼ਹਾਲੀ ਮੰਗਦੇ ਹਨ। ਉਹ ਵੀ ਜਾਣਦੇ ਹਨ ਕਿ ਜਦੋਂ ਵੀ ਭਾਰਤ ਤੇ ਪਾਕਿਸਤਾਨ ਵੀ ਲੜਾਈ ਲੱਗਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੀ ਹੁੰਦਾ ਹੈ। ਦੋਵੇਂ ਪੰਜਾਬ ਜਿਹੜਾ ਪਾਕਿਸਤਾਨ 'ਚ ਹੈ ਜਿਹੜਾ ਭਾਰਤ ਵਿੱਚ ਹੈ, ਨੁਕਸਾਨ ਸਭ ਤੋਂ ਵੱਧ ਇਸ ਦਾ ਹੀ ਹੋਣਾ ਹੈ।

ਇਸ ਵੇਲੇ ਜਿਹੜੇ ਹਾਲਾਤ ਬਣੇ ਹੋਏ ਹਨ, ਬੜੇ ਸਹਿਜ ਨਾਲ ਬੜੀ ਸ਼ਾਂਤੀ ਨਾਲ ਨਜਿੱਠਣ ਵਾਲੇ ਹਨ। ਆਪਣੇ ਆਪ ਨੂੰ ਅਤੇ ਆਪਣੇ ਜਜ਼ਬਾਤਾਂ ਨੂੰ ਵੀ ਟਿਕਾ ਕੇ ਰੱਖਣਾ ਪੈਣਾ ਹੈ। ਸਾਨੂੰ ਪ੍ਰਸ਼ਾਸਨ ਦਾ ਵੀ ਸਾਥ ਦੇਣਾ ਪਵੇਗਾ। ਪ੍ਰਸ਼ਾਸਨ ਦੀਆਂ ਹਦਾਇਤਾਂ ਮੰਨਣੀਆਂ ਪੈਣਗੀਆਂ ਕਿਉਂਕਿ ਉਹ ਸਾਡੀ ਰੱਖਿਆ ਲਈ ਹੀ ਸਭ ਕੁੱਝ ਕਰ ਰਹੇ ਹਨ ਜੋ ਉਨ੍ਹਾਂ ਦੀ ਡਿਊਟੀ ਹੈ ਉਹ ਨਿਭਾ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਜੰਗ ਵਧਦੀ ਹੈ ਤਾਂ ਮਹਿਲ ਘੱਟ ਢੇਰੀ ਹੋਣਗੇ, ਝੁੱਗੀਆਂ ਹੀ ਜ਼ਿਆਦਾ ਢਹਿਣਗੀਆਂ। ਪੁੱਤ ਵੀ ਸਾਡੇ ਹੀ ਮਰਨੇ ਹਨ। ਫੌਜੀ ਵੀਰ ਸਾਡੇ ਹੀ ਹਨ, ਜਿਨ੍ਹਾਂ ਨੇ ਸ਼ਹੀਦ ਹੋ ਕੇ ਸਦਾ ਲਈ ਸਾਡੇ ਤੋਂ ਦੂਰ ਚਲੇ ਜਾਣਾ ਹੈ। ਹਾਕਮਾਂ ਦੀਆਂ ਅੱਖਾਂ ਤਾਂ ਸਿਰਫ ਦਿਖਾਵੇ ਲਈ ਹੀ ਨਮ ਹੋਣਗੀਆਂ। ਕਦੇ ਵੇਖਿਆ ਕਿਸੇ ਮੰਤਰੀ ਦਾ ਮੁੰਡਾ ਫੌਜ ਵਿੱਚ ਸ਼ਹੀਦ ਹੋਇਆ ਹੋਵੇ? ਕਦੇ ਕਿਸੇ ਮੰਤਰੀ ਸੰਤਰੀ ਨੇ ਆਪਣਾ ਪੁੱਤ ਬਾਰਡਰ 'ਤੇ ਭੇਜਿਆ? ਸ਼ਾਤਿਰ ਦਿਮਾਗ ਖੇਡਾਂ ਖੇਡ ਜਾਂਦੇ ਆ! ਆਪਣਿਆਂ ਕੋਲੋਂ ਆਪਣੇ ਈ ਕਤਲ਼ ਕਰਵਾ ਦਿੰਦੇ ਹਨ। ਜੇਕਰ ਦੋਹਾਂ ਮੁਲਕਾਂ ਦੀ ਵੱਡੀ ਜੰਗ ਲੱਗਦੀ ਹੈ ਤਾਂ ਸਮਾਂ ਇਹਨਾਂ ਖਤਰਨਾਕ ਆਵੇਗਾ ਕਿ ਤੁਸੀਂ ਹਰ ਸਾਹ ਨਾਲ ਰੱਬ ਨੂੰ ਯਾਦ ਕਰੋਗੇ ਪਰ ਸਮਾਂ ਮਿਲਣਾ ਨਹੀਂ। ਫਿਰ ਕੋਈ 'ਬ੍ਰੇਕਿੰਗ ਨਿਊਜ਼' ਬਣਾਉਣ ਵਾਲਾ ਵੀ ਨਹੀਂ ਹੋਵੇਗਾ ਅਤੇ ਨਾ ਹੀ ਕੋਈ 'ਬ੍ਰੇਕਿੰਗ ਨਿਊਜ਼' ਵੇਖਣ ਵਾਲਾ ਹੋਵੇਗਾ, ਇਹ ਗੱਲ ਭੜਕਾਊ ਮੀਡੀਆ ਨੂੰ ਸਮਝ ਜਾਣੀ ਚਾਹੀਦੀ ਹੈ।

ਜੰਗ ਲੱਗਣ ਦੌਰਾਨ ਜੰਗ ਦੀਆਂ ਕਾਰਵਾਈਆਂ ਫੌਜੀ ਵੀਰਾਂ ਨੇ ਆਪਣੇ ਸੀਨੀਅਰ ਅਫਸਰਾਂ ਦੇ ਹੁਕਮ ਅਨੁਸਾਰ ਕਰਨੀਆਂ ਹੁੰਦੀਆਂ ਹਨ ਅਤੇ ਬਚਾਓ ਤੇ ਸਾਵਧਾਨੀ ਦੀਆਂ ਹਦਾਇਤਾਂ ਪ੍ਰਸ਼ਾਸਨ ਨੇ ਜਾਰੀ ਕਰਨੀਆਂ ਹਨ। ਅਸੀਂ ਤਾਂ ਰੱਬ ਅੱਗੇ ਦੁਆ, ਅਰਦਾਸ, ਬੇਨਤੀ ਕਰ ਸਕਦੇ ਹਾਂ। ਆਓ! ਸਾਰੇ ਜਣੇ ਚਾਹੇ ਕੋਈ ਹਿੰਦੂ ਹੈ, ਚਾਹੇ ਮੁਸਲਮਾਨ ਹੈ, ਚਾਹੇ ਸਿੱਖ ਹੈ। ਤੁਸੀਂ ਜਿੱਥੇ ਵੀ ਜਾਂਦੇ ਹੋ ਚਾਹੇ ਉਧਰ ਮਸੀਤਾਂ ਵਿੱਚ ਬੈਠੇ ਹੋ, ਚਾਹੇ ਕੋਈ ਸਾਡੇ ਮੰਦਰਾਂ ਵਿੱਚ ਬੈਠਾ ਹੈ, ਚਾਹੇ ਕੋਈ ਗੁਰਦੁਆਰਿਆਂ ਵਿੱਚ ਜਾਂਦਾ ਹੈ। ਤੁਸੀਂ ਕਿਸੇ ਵੀ ਰੱਬ ਨੂੰ ਮੰਨਦੇ ਹੋ ਰਾਮ, ਰਹੀਮ, ਅੱਲ੍ਹਾ, ਵਾਹਿਗੁਰੂ ਸਾਰੇ ਦਿਲੋਂ ਕਾਮਨਾ ਕਰੋ ਇਹ ਜੰਗਾਂ ਬੰਦ ਹੋ ਜਾਣ। ਮਹਾਰਾਜ ਦੇ ਚਰਨਾਂ 'ਚ ਅਰਦਾਸ ਕਰੀਏ ਕਿ ਪੰਜਾਬ ਨੇ ਜੋ 1947 ਵਿੱਚ, ਫਿਰ 1971 ਵਿੱਚ ਅਤੇ ਫਿਰ 1984 ਵਿੱਚ ਜੋ ਸੰਤਾਪ ਭੋਗਿਆ ਹੈ, ਉਹ ਹੁਣ ਦੁਬਾਰਾ ਨਾ ਵੇਖਣਾ ਪਵੇ। ਆਓ ਸਾਰੀ ਮਨੁੱਖਤਾ ਲਈ ਸਭ ਦਾ ਭਲਾ ਮੰਗੀਏ। ਕਦੇ ਵੀ ਕੋਈ ਧਰਮ ਮਾੜਾ ਨਹੀਂ ਹੁੰਦਾ, ਮਾੜੀ ਤਾਂ ਇਨਸਾਨ ਦੀ ਸਵਾਰਥੀ ਸੋਚ ਹੈ, ਮਾੜਾ ਤਾਂ ਸੱਤਾ ਦਾ ਹੰਕਾਰ ਹੈ। ਆਪਣੇ ਲਈ ਧਨ, ਦੌਲਤ, ਧੀਆਂ, ਪੁੱਤਰ, ਸੁੱਖ, ਸੌਹਰਤ ਆਦਿ ਮੰਗਦੇ ਸਮੇਂ ਆਪਣਾ ਪਿੰਡ, ਆਪਣੇ ਸ਼ਹਿਰ, ਆਪਣੇ ਦੇਸ਼ ਦਾ, ਸੰਸਾਰ ਦਾ ਭਲਾ ਵੀ ਮੰਗਿਆ ਕਰੋ। ਜੇਕਰ ਸਭ ਦਾ ਭਲਾ ਹੋ ਗਿਆ ਤਾਂ ਸਾਡਾ ਭਲਾ ਤਾਂ ਆਪ ਹੀ ਹੋ ਜਾਣਾ।

*ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥*




# ਦੁਸ਼ਮਣ ਦੇਸ਼ ਨੂੰ ਜਵਾਬ ਦੇਣਾ ਜ਼ਰੂਰੀ ਸੀ : ਔਜਲਾ



ਅੰਮ੍ਰਿਤਸਰ, 9 ਮਈ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅੱਜ ਅਜਨਾਲਾ ਹਲਕੇ ਦੇ ਲੋਕਾਂ ਅਤੇ ਦੁਕਾਨਦਾਰਾਂ ਨੂੰ ਮਿਲਣ ਪਹੁੰਚੇ। ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਇਹ ਔਖਾ ਸਮਾਂ ਹੈ, ਪਰ ਦੁਸ਼ਮਣ ਦੇਸ਼ ਨੂੰ ਜਵਾਬ ਦੇਣਾ ਵੀ ਜ਼ਰੂਰੀ ਸੀ। ਹੁਣ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਉਹ ਇਕ ਦੂਜੇ ਦਾ ਸਾਥ ਦੇਣ ਅਤੇ ਘਬਰਾਉਣ ਦੀ ਲੋੜ ਨਹੀਂ ਹੈ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੱਜ ਸਰਹੱਦੀ ਖੇਤਰ ਅਜਨਾਲਾ ਦੇ ਪਿੰਡਾਂ ਦਾ ਦੌਰਾ ਕੀਤਾ ਅਤੇ ਲੋਕਾਂ ਦਾ ਹੌਸਲਾ ਵਧਾਇਆ। ਉਨ੍ਹਾਂ ਅਜਨਾਲਾ ਚੌਕ ਵਿਖੇ ਬਾਜ਼ਾਰ ਵਿੱਚ ਦੁਕਾਨਦਾਰਾਂ ਨਾਲ ਵੀ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਉਹ ਅਜਨਾਲਾ ਦੇ ਲੱਗਭੱਗ ਹਰ ਕਸਬੇ ਦਾ ਦੌਰਾ ਕਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਸਥਿਤੀ ਭਾਵੇਂ ਕੁਝ ਵੀ ਹੋਵੇ, ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਜੋ ਹਾਲਾਤ ਦੂਜੇ ਲੋਕਾਂ ਲਈ ਹਨ, ਉਹੀ ਹਾਲਾਤ ਉਸ ਲਈ ਵੀ ਹਨ, ਪਰ ਫਿਰ ਵੀ ਉਹ ਆਪਣੇ ਪਰਿਵਾਰ ਸਮੇਤ ਹਰ ਔਖੇ ਸਮੇਂ ਵਿੱਚ ਲੋਕਾਂ ਦੇ ਨਾਲ ਹੈ।

ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਰਾਹੀਂ ਭਾਰਤ ਨੇ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ ਵਿਰੁੱਧ ਕਾਰਵਾਈ ਕੀਤੀ ਅਤੇ ਫਿਰ ਉਨ੍ਹਾਂ ਨੂੰ ਦੱਸਿਆ ਗਿਆ ਕਿ ਕੌਣ ਅਤੇ ਕਿਉਂ ਮਾਰੇ ਗਏ, ਪਰ ਪਾਕਿਸਤਾਨ ਨੇ ਇੱਕ ਵਾਰ ਫਿਰ ਸ਼ਰਮਨਾਕ ਹਰਕਤ ਕੀਤੀ ਅਤੇ ਉਹਨਾਂ ਦੇ ਸਾਰੇ ਵੱਡੇ ਨੇਤਾ ਉਨ੍ਹਾਂ ਅੱਤਵਾਦੀਆਂ ਦੇ ਜਨਾਜੇ ਵਿੱਚ ਗਏ।

ਉਨ੍ਹਾਂ ਕਿਹਾ ਕਿ ਇਹ ਧਰਤੀ ਹਮੇਸ਼ਾ ਦੁਸ਼ਮਣਾਂ ਨਾਲ ਟਕਰਾਅ ਕਰਦੀ ਰਹੀ ਹੈ ਅਤੇ ਪਾਕਿਸਤਾਨ ਹਮੇਸ਼ਾ ਅੱਤਵਾਦ ਫੈਲਾਉਂਦਾ ਰਿਹਾ ਹੈ ਅਤੇ ਸਾਡੇ ਮਾਸੂਮ ਲੋਕਾਂ ਨੂੰ ਮਾਰਦਾ ਰਿਹਾ ਹੈ ਜਦਕਿ ਇਹ ਖੁਦ ਬਾਰੂਦ ਦੇ ਢੇਰ 'ਤੇ ਬੈਠਾ ਹੈ।

ਉਨ੍ਹਾਂ ਕਿਹਾ ਕਿ ਦੋ ਦਿਨ ਹੋ ਗਏ ਹਨ ਉਹ ਲੋਕਾਂ ਵਿੱਚ ਹਨ ਅਤੇ ਲੋਕ ਉਨ੍ਹਾਂ ਨੂੰ ਹੌਸਲਾ ਦੇ ਰਹੇ ਹਨ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਉਸਨੇ ਕਿਹਾ ਕਿ ਉਹ ਲੋਕਾਂ ਨੂੰ ਫੌਜ ਵਿੱਚ ਵਿਸ਼ਵਾਸ ਰੱਖਣ ਲਈ ਕਹਿਣਾ ਚਾਹੁੰਦੇ ਹਨ। ਉਹਨਾਂ ਨੂੰ ਆਪਣੀ ਫੌਜ 'ਤੇ ਬਹੁਤ ਮਾਣ ਹੈ ਕਿਉਂਕਿ ਉਸ ਫੌਜ ਨੇ ਪਾਕਿਸਤਾਨ ਦੀ ਹਰ ਮਿਜ਼ਾਈਲ ਨੂੰ ਡਿਫਿਊਜ਼ ਕਰ ਦਿੱਤਾ ਹੈ ਅਤੇ ਉਨ੍ਹਾਂ ਦੀ ਸ਼ਰਨ ਵਿੱਚ ਉਹ ਪੂਰੀ ਤਰ੍ਹਾਂ ਸੁਰੱਖਿਅਤ ਹਨ।

ਇਸ ਤੋਂ ਪਹਿਲਾਂ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸਵੇਰੇ ਕੰਪਨੀ ਬਾਗ ਵਿੱਚ ਸੈਰ ਕਰਨ ਆਏ ਲੋਕਾਂ ਨਾਲ ਦੇਸ਼ ਭਗਤੀ ਦੇ ਗੀਤ ਗਾਏ ਅਤੇ ਕਿਹਾ ਕਿ ਇਕੱਠੇ ਮਿਲ ਕੇ ਅਸੀਂ ਇਸ ਮੁਸ਼ਕਲ ਸਮੇਂ ਨੂੰ ਪਾਰ ਕਰਾਂਗੇ।

# ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ ਦੇ ਬਰਸੀ ਸਮਾਗਮ ਸੰਪੂਰਨ

## ਗੁਰੂ ਦੀਆਂ ਲਾਡਲੀਆਂ ਨਿਹੰਗ ਸਿੰਘ ਫ਼ੌਜਾਂ ਵੀ ਜੰਗ ਲਈ ਤਿਆਰ ਬਰ ਤਿਆਰ : ਬਾਬਾ ਬਲਬੀਰ ਸਿੰਘ

ਤਲਵੰਡੀ ਸਾਬੋ, 9 ਮਈ, (ਗੁਰਦਿਆਲ ਸਿੰਘ) : ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਦੇ 12ਵੇਂ ਮੁਖੀ ਬਾਬਾ ਚੇਤ ਸਿੰਘ ਅਤੇ 13ਵੇਂ ਮੁਖੀ ਮਰਹੂਮ ਬਾਬਾ ਸੰਤਾ ਸਿੰਘ ਦੀ ਕ੍ਰਮਵਾਰ 57ਵੀਂ ਤੇ 17ਵੀਂ ਬਰਸੀ ਨੂੰ ਸਮਰਪਿਤ ਸਮਾਗਮ ਬੁੱਢਾ ਦਲ ਦੇ ਮੁੱਖ ਅਸਥਾਨ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾ: ਦਸਵੀਂ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ। ਜੋ ਅੱਜ ਭਲੀ ਭਾਂਤ ਸੰਪੂਰਨ ਹੋ ਗਏ ਹਨ। ਬਰਸੀ ਸਮਾਗਮਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਸੰਤ ਬਾਬਾ ਸੁਲੱਖਣ ਸਿੰਘ ਪੰਜਵੜ, ਬਾਬਾ ਜੋਗਾ ਸਿੰਘ ਕਰਨਾਲ ਵਾਲਿਆ ਤੋਂ ਇਲਾਵਾ ਸਿੱਖ ਪੰਥ ਦੀਆਂ ਪ੍ਰਸਿੱਧ ਧਾਰਮਿਕ ਸ਼ਖ਼ਸੀਅਤਾਂ ਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਤਾਦਾਦ ਵਿੱਚ ਸ਼ਮੂਲੀਅਤ ਕਰਦਿਆਂ ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬਰਸੀ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ, ਉਪਰੰਤ ਬਾਬਾ ਮੱਘਰ ਸਿੰਘ ਹੈੱਡ ਗ੍ਰੰਥੀ ਬੁੱਢਾ ਦਲ, ਬਾਬਾ ਜਗਜੀਤ ਸਿੰਘ ਮਾਨਸਾ ਅਤੇ ਬਾਬਾ ਮਨਮੋਹਨ ਸਿੰਘ ਬਾਰਨਵਾਲਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪੰਥ ਪ੍ਰਸਿੱਧ ਸ਼੍ਰੋਮਣੀ ਢਾਡੀ ਤਰਸੇਮ ਸਿੰਘ ਮੋਰਾਂਵਾਲੀ ਦੇ ਜਥੇ ਨੇ ਸੰਗਤਾਂ ਨੂੰ ਬੀਰ ਰਸ ਵਾਰਾਂ ਤੇ ਗਾਇਨ ਕਰ ਗੁਰ-ਇਤਿਹਾਸ ਨਾਲ ਜੋੜਿਆ।

ਇਸ ਮੌਕੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਨੇ ਬੁੱਢਾ ਦਲ ਦੇ 12ਵੇਂ ਜਥੇ: ਬਾਬਾ ਚੇਤ ਸਿੰਘ ਅਤੇ 13 ਵੇਂ ਮੁਖੀ ਬਾਬਾ ਸੰਤਾ ਸਿੰਘ ਦੀ ਸਲਾਨਾ ਬਰਸੀ ਸਮਾਗਮ ਤੇ ਸ਼ਰਧਾ ਸਤਿਕਾਰ ਭੇਟ ਕਰਦਿਆਂ ਉਨ੍ਹਾਂ ਦੋਹਾਂ ਦੇਸ਼ਾਂ ਭਾਰਤ-ਪਾਕਿਸਤਾਨ ਵਿਚਾਲੇ ਬਣੇ ਜੰਗੀ ਹਲਾਤਾਂ ਦੇ ਪ੍ਰਤੀ ਕਿਹਾ ਕਿ ਦਸਮ ਪਾਤਸ਼ਾਹ ਦੀਆਂ ਲਾਡਲੀਆਂ ਫੌਜਾਂ ਹਰ ਸਮੇਂ ਤਿਆਰ ਬਰ ਤਿਆਰ ਹਨ, ਹਰ ਪਾਸੇ ਪੂਰਨ ਤੌਰ 'ਤੇ ਆਪਣੀ ਅਤੇ ਦੇਸ਼ ਦੀ ਰੱਖਿਆ ਲਈ ਫੌਜਾਂ ਨੂੰ ਸਹਿਯੋਗ ਹੀ ਨਹੀਂ ਸਗੋਂ ਅੱਗੇ ਹੋ ਕੇ ਲੜਨਗੀਆਂ। ਉਨ੍ਹਾਂ ਹਰ ਪ੍ਰਾਣੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਗੁਰੂ ਵਾਲੇ ਬਣਨ ਦੀ ਅਪੀਲ ਕੀਤੀ। ਉਨ੍ਹਾਂ ਨਾਲ ਹੀ ਕਿਹਾ ਕਿ ਸਾਨੂੰ ਸਾਰਿਆਂ ਨੂੰ ਬਾਣੀ ਬਾਣੇ ਦੇ ਧਾਰਨੀ ਹੋਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਗਿ. ਹਰਪ੍ਰੀਤ ਸਿੰਘ, ਬਾਬਾ ਜੋਗਾ ਸਿੰਘ ਕਰਨਾਲ, ਸੰਤ ਬਾਬਾ ਸੁਲੱਖਣ ਸਿੰਘ ਪੰਜਵੜ ਸਮੇਤ ਮੁਹਤਬਰ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਬੁੱਢਾ ਦਲ ਦੇ ਪ੍ਰਚਾਰਕ ਬਾਬਾ ਸੁਖਵਿੰਦਰ ਸਿੰਘ ਮੌਰ ਨੇ ਸਟੇਜ ਦੀ ਸੇਵਾ ਬਾਖੂਬੀ ਨਿਭਾਈ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਭਾਰਤ ਪਾਕਿ ਵਿਚਾਲੇ ਧਰਮ ਵਿਰੋਧੀ ਨਫਰਤ ਦੇ ਬਦਲ ਸਾਏ ਹੋਏ ਹਨ। ਨਫਰਤ ਕਰਨ ਤੇ ਬੇਗੁਨਾਹਾਂ, ਮਜਲੂਮਾਂ ਦੇ ਕਤਲ ਧਰਮ ਦੀ ਆੜ ਲੈ ਕੇ ਕੀਤੇ ਜਾ ਰਹੇ ਹਨ। ਅਜਿਹੇ ਕਾਰੇ ਨਫਰਤ ਦੀ ਹਨੇਰੀ ਝੁਲਾਉਣ ਲਈ ਕੀਤੇ ਗਏ ਹਨ। ਜਿਸ ਦਾ ਸਿੱਟਾ ਦੋਹਾਂ ਦੇਸ਼ਾਂ ਦੀ ਆਮ ਜਨਤਾ ਨੂੰ ਹੁਣ ਝੇਲਣਾ ਪਵੇਗਾ। ਉਨ੍ਹਾਂ ਕਿਹਾ ਦਸਮ ਪਾਤਸ਼ਹ ਵੱਲੋਂ ਉਸਾਰੇ ਸਿੱਖੀ ਮਹਿਲ ਨੂੰ ਤੋੜਨ ਦੀਆਂ ਨਾਪਾਕ ਸਾਜਿਸ਼ਾਂ ਕੰਮ ਕਰ ਰਹੀਆਂ ਹਨ। ਅੱਜ ਸਿੱਖ ਕੌਮ ਦੇ ਸ਼ਾਨਾਮਤੇ ਇਤਿਹਾਸ ਦੀ ਸੋਚ, ਨਿਮਾਣੀ ਤੇ ਬੇਵਸੀ ਵਾਲੇ ਕਗਾਰ 'ਤੇ ਖੜ੍ਹੀ ਹੈ। ਸਮੁੱਚੇ ਸਿੱਖ ਜਗਤ ਨੂੰ ਇਹ ਸਭ ਕੁੱਝ ਬਚਾਉਣ ਲਈ ਇੱਕ ਨਿਸ਼ਾਨ, ਇੱਕ ਵਿਧਾਨ ਥੱਲੇ ਇੱਕਤਰ ਹੋਣਾ ਪਵੇਗਾ। ਉਨ੍ਹਾਂ ਕਿਹਾ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੀ ਛਾਉਣੀ ਅੱਜ ਵੀ ਗੁਰਦੁਆਰਾ ਨਨਕਾਣਾ ਸਾਹਿਬ ਦੇ ਨਜ਼ਦੀਕ ਵਿਖੇ ਹੈ। ਇਸ ਦੇ ਨਾਮ ਪੰਜ ਸੌ ਏਕੜ ਜ਼ਮੀਨ ਲੱਗੀ ਰਹੀ ਹੈ। ਉਨ੍ਹਾਂ ਕਿਹਾ ਪਿੱਛੇ ਜਿਹੇ ਬਾਬਾ ਬਲਬੀਰ ਸਿੰਘ ਉਸ ਛਾਉਣੀ ਵਿਖੇ ਨਿਸ਼ਾਨ ਸਾਹਿਬ ਲਹਿਰਾ ਕੇ ਆਏ ਹਨ ਅਤੇ ਉਥੇ ਜੋ ਕੇਅਰ ਟੇਕਰ ਸੇਵਾ ਕਰਦਾ ਹੈ ਉਸ ਨੂੰ ਵੀ ਥਾਪੜਾ ਦੇ ਕੇ ਆਏ। ਉਨ੍ਹਾਂ ਬੁੱਢਾ ਦਲ ਦੀ ਜਰਖੇਜ ਜ਼ਮੀਨ ਵਿੱਚੋਂ ਹੀ ਮਰਦ-ਏ-ਮੁਜਾਹਦ ਬਾਬਾ ਦਰਬਾਰਾ ਸਿੰਘ, ਬਾਬਾ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਅਕਾਲੀ ਫੂਲਾ ਸਿੰਘ ਅਤੇ ਬਾਬਾ ਹਨੂੰਮਾਨ ਸਿੰਘ ਵਰਗੇ ਸ਼ੇਰਦਿਲ ਪੈਦਾ ਹੋਏ ਹਨ, ਜਿਨ੍ਹਾਂ ਨੇ ਇਤਿਹਾਸ ਦੇ ਵਹਿਣਾਂ ਨੂੰ ਮੋੜਿਆ ਤੇ ਕੌਮ ਦੇਸ਼ ਦੀ ਚੜ੍ਹਦੀਕਲਾ ਦਾ ਬਾਨੰਣੂ ਬੰਨ੍ਹਿਆ। ਉਨ੍ਹਾਂ ਕਿਹਾ ਜਿਸ ਬੁੱਢਾ ਦਲ ਜਥੇਬੰਦੀ ਦੇ ਬਾਬਾ ਬਲਬੀਰ ਸਿੰਘ 96 ਕਰੋੜੀ ਅੱਜ ਮੁਖੀ ਹਨ ਇਹ ਬਹੁਤ ਸ਼ਾਨਾਮੱਤੀ ਤੇ ਸਿਰਲੱਥ ਜੁਝਾਰੂ ਯੋਧਿਆਂ ਦੀ ਜਥੇਬੰਦੀ ਹੈ।

ਇਸ ਸਮਾਗਮ ਵਿਚ ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਵੱਸਣ ਸਿੰਘ ਮੜੀਆਂਵਾਲੇ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਬਾਬਾ ਇੰਦਰ ਸਿੰਘ, ਬਾਬਾ ਕਰਮ ਸਿੰਘ ਜੀਰਕਪੁਰ, ਬਾਬਾ ਮਲੂਕ ਸਿੰਘ ਲਾਡੀ ਅਨੰਦਪੁਰ, ਬਾਬਾ ਦਲੇਰ ਸਿੰਘ, ਬਾਬਾ ਪਿਆਰਾ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਇੰਦਰਬੀਰ ਸਿੰਘ ਸਤਲਾਣੀ, ਬਾਬਾ ਜਗਜੀਤ ਸਿੰਘ ਮਾਨਸਾ, ਬਾਬਾ ਰਘੁਬੀਰ ਸਿੰਘ ਖਿਆਲ ਵਾਲੇ, ਬਾਬਾ ਭਗਤ ਸਿੰਘ ਰਾਜਪੁਰਾ, ਬਾਬਾ ਬਘੇਲ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਗੁਰਸ਼ੇਰ ਸਿੰਘ, ਬਾਬਾ ਅਰਜਨ ਸਿੰਘ ਪਟਿਆਲਾ, ਬਾਬਾ ਮੇਜਰ ਸਿੰਘ ਮੁਖਤਿਆਰੇਆਮ, ਬਾਬਾ ਪਰਮਜੀਤ ਸਿੰਘ ਮਹਾਂਕਾਲ, ਭਾਈ ਸਰਵਣ ਸਿੰਘ ਮਝੈਲ, ਬਾਬਾ ਹਰਪ੍ਰੀਤ ਸਿੰਘ, ਬਾਬਾ ਰਣਜੋਧ ਸਿੰਘ, ਗਗਨਦੀਪ ਸਿੰਘ ਤੋਂ ਇਲਾਵਾ ਇਲਾਕੇ ਦੀ ਸੰਗਤਾਂ ਮੌਜੂਦ ਸਨ।

# ਭਾਈ ਗੁਰਇਕਬਾਲ ਸਿੰਘ ਵੱਲੋਂ ਗੁਰਦੁਆਰਾ ਸ਼ਹੀਦ ਗੰਜ ਦੇ ਮੈਨੇਜਰ ਜਤਿੰਦਰ ਪਾਲ ਸਿੰਘ ਜੇਪੀ ਦਾ ਸਨਮਾਨ



ਅੰਮ੍ਰਿਤਸਰ, 9 ਮਈ, (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਮੁਖੀ ਭਾਈ ਗੁਰਇਕਬਾਲ ਸਿੰਘ ਵੱਲੋਂ ਗੁਰਦੁਆਰਾ ਸ਼ਹੀਦ ਗੰਜ ਸ਼ਹੀਦਾਂ ਸਾਹਿਬ ਦੇ ਨਵੇਂ ਬਣੇ ਮੈਨੇਜਰ ਜਤਿੰਦਰਪਾਲ ਸਿੰਘ ਜੇ ਪੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਹਨਾਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਮੈਨੇਜਰ ਜਤਿੰਦਰ ਪਾਲ ਸਿੰਘ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਜਿੱਥੇ ਭਾਈ ਗੁਰਇਕਬਾਲ ਸਿੰਘ ਜੀ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਇਲਾਹੀ ਗੁਰਬਾਣੀ ਦੁਆਰਾ ਨਿਹਾਲ ਕਰਦੇ ਹਨ। ਇਸ ਦੇ ਨਾਲ ਹੀ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਮਾਨਵਤਾ ਦੀ ਭਲਾਈ ਲਈ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ। ਜੋ ਕਿ ਬਹੁਤ ਹੀ ਭਰਪੂਰ ਸ਼ਲਾਘਾਯੋਗ ਹਨ। ਮੈਨੇਜਰ ਸਾਹਿਬ ਨੇ ਦੱਸਿਆ ਭਾਈ ਸਾਹਿਬ ਵੱਲੋਂ ਅਨੇਕਾਂ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਖੇ ਕਾਰ ਸੇਵਾ ਕਰਵਾਈ ਜਾ ਰਹੀ ਹੈ। ਉਹਨਾਂ ਕਿਹਾ ਗੁਰਦੁਆਰਾ ਸ਼ਹੀਦ ਗੰਜ, ਸ਼ਹੀਦ ਸਾਹਿਬ ਵਿਖੇ ਗੋਲਡਨ ਸ਼ੈੱਡ ਦੀ ਕਾਰ ਸੇਵਾ ਨਹੀਂ ਭਾਈ ਸਾਹਿਬ ਵੱਲੋਂ ਕਰਵਾਈ ਜਾ ਰਹੀ ਹੈ।ਗੁਰਦੁਆਰਾ ਬਿਬੇਕਸਰ ਸਾਹਿਬ ਵਿਖੇ ਸੰਗਮਰਮਰ ਦੀ ਸੇਵਾ ਵੀ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕਰਵਾ ਰਹੇ ਹਨ। ਇਸ ਮੌਕੇ ਮੈਨੇਜਰ ਜਤਿੰਦਰ ਪਾਲ ਸਿੰਘ ਜੇ ਪੀ ਨੇ ਭਾਈ ਗੁਰਇਕਬਾਲ ਸਿੰਘ ਅਤੇ ਉਹਨਾਂ ਦੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

# ਬਲੈਕਆਊਟ ਦੀ ਪਾਲਣਾ ਨੂੰ ਬਣਾਇਆ ਜਾਵੇ ਯਕੀਨੀ : ਜ਼ਿਲ੍ਹਾ ਮੈਜਿਸਟਰੇਟ



ਅੰਮ੍ਰਿਤਸਰ, 9 ਮਈ, (ਬਬਲੂ ਮਹਾਜਨ) : ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਕਿਸੇ ਤਰ੍ਹਾਂ ਦੀ ਸੰਕਟਕਾਲ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਐਕਟ, 1968 ਅਧੀਨ ਰਾਤ ਦੇ ਸਮੇਂ ਦੌਰਾਨ ਬਲਾਕਆਊਟ ਕੀਤਾ ਜਾਂਦਾ ਹੈ, ਤਾਂ ਜ਼ਿਲ੍ਹੇ ਦੇ ਬਹੁਤ ਸਾਰੇ ਕਮਰਸ਼ੀਅਲ ਅਦਾਰੇ/ਹੋਟਲਾਂ/ਰੈਸਟੋਰੈਂਟਾਂ ਵੱਲੋਂ ਇਸਦੀ ਪਾਲਣਾ ਮੁਕੰਮਲ ਤੌਰ 'ਤੇ ਨਹੀਂ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੇ ਅਦਾਰਿਆਂ ਵਿੱਚ ਲਾਈਆਂ ਜੱਗਦੀਆਂ ਰਹਿੰਦੀਆਂ ਹਨ, ਜਿਸ ਨਾਲ ਕੋਈ ਅਣਸੁਖਾਵੀਂ ਘਟਨਾ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ।

ਇਸ ਸਬੰਧ ਵਿੱਚ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਜ਼ਿਲ੍ਹਾ ਆਬਕਾਰੀ ਤੇ ਕਰ ਕਮਿਸ਼ਨਰ ਨੂੰ ਹਦਾਇਤ ਕੀਤੀ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਆਉਂਦੇ ਸਮੂਹ ਸਾਰੇ ਕਮਰਸ਼ੀਅਲ ਅਦਾਰੇ/ਹੋਟਲਾਂ/ਰੈਸਟੋਰੈਂਟਾਂ ਪਾਸੋਂ ਰਾਤ ਦੇ ਸਮੇਂ ਦੌਰਾਨ ਮੁਕੰਮਲ ਤੌਰ 'ਤੇ ਬਲੈਕਆਊਟ ਦੇ ਆਦੇਸ਼ਾਂ ਦੀ ਪਾਲਣਾ ਕਰਵਾਈ ਜਾਵੇ ਤਾਂ ਜੋ ਆਮ ਜਨਤਾ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਯਕੀਨੀ ਬਣਾਈ ਜਾਂਦੀ ਤਾਂ ਸਬੰਧਤਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਪਿੰਡ ਦੁੱਬਲੀ 'ਚ ਆੜ੍ਹਤੀਏ ਦਾ ਕਾਤਲ ਮੁੱਖ ਦੋਸ਼ੀ 2 ਨਾਜਾਇਜ਼ ਪਿਸਤੌਲਾਂ ਸਮੇਤ ਕਾਬੂ



ਭਿੱਖੀਵਿੰਡ, 9 ਮਈ, (ਸਵਿੰਦਰ ਬਲੇਹਰ) : ਜ਼ਿਲ੍ਹਾ ਤਰਨਤਾਰਨ ਦੇ ਮੁੱਖ ਅਫਸਰ ਐਸ. ਐਸ.ਪੀ ਅਭਿਮੰਨਿਊ ਰਾਣਾ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਐਸਪੀਡੀ ਅਜੇਰਾਜ ਸਿੰਘ ਡੀ.ਐਸ.ਪੀ ਲਵਕੇਸ਼ ਪੱਟੀ ਅਤੇ ਡੀ.ਐਸ. ਪੀ ਗੁਰਿੰਦਰਪਾਲ ਸਿੰਘ ਨਾਗਰਾ ਦੀ ਨਿਗਰਾਨੀ ਹੇਠ ਇੰਸਪੈਕਟਰ ਅਮਨਦੀਪ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਤਰਨਤਾਰਨ ਅਤੇ ਇੰਸਪੈਕਟਰ ਗੁਰਚਰਨ ਸਿੰਘ ਮੁੱਖ ਅਫਸਰ ਥਾਣਾ ਸਦਰ ਪੱਟੀ ਨੇ ਇੱਕ ਸਾਂਝੇ ਆਪਰੇਸ਼ਨ ਦੌਰਾਨ ਪਿੰਡ ਦੁੱਬਲੀ ਵਿਖੇ ਹੋਏ ਸਾਬਕਾ ਫੌਜੀ ਜਸਵੰਤ ਸਿੰਘ ਆੜ੍ਹਤੀ ਦੇ ਉੱਪਰ ਫਾਈਰਿੰਗ ਕਰਕੇ ਕਤਲ ਕਰਨ ਵਾਲੇ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ।

ਪੀੜ੍ਹਤ ਨੇ ਬਿਆਨ ਦਰਜ ਕਰਵਾਇਆ ਕਿ ਉਸ ਦਾ ਪਿਤਾ ਸਾਬਕਾ ਫੌਜੀ ਜਸਵੰਤ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਦੁੱਬਲੀ ਜੋ ਸਵੇਰੇ ਕਰੀਬ 7 ਵਜੇ ਗੁਰੂ ਨਾਨਾਕ ਖੇਤੀ ਸਟੋਰ ਦੇ ਕਾਊਂਟਰ 'ਤੇ ਬੈਠੇ ਸੀ, ਕਿ ਇੰਨੇ ਨੂੰ ਇੱਕ ਅਣਪਛਾਤੇ ਵਿਅਕਤੀ ਵੱਲੋਂ ਜਸਵੰਤ ਸਿੰਘ ਉੱਪਰ ਮਾਰ ਦੇਣ ਦੀ ਨੀਅਤ ਨਾਲ ਅੰਨ੍ਹੇ ਵਾਹ ਫਾਈਰਿੰਗ ਕਰ ਦਿੱਤੀ ਅਤੇ ਜਸਵੰਤ ਸਿੰਘ ਦੀ ਗੋਲੀਆਂ ਲੱਗਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ।

ਜਿਸ ਤੇ ਥਾਣਾ ਸਦਰ ਪੱਟੀ ਦੀ ਪੁਲਿਸ ਵੱਲੋਂ ਮੁਕੱਦਮਾ ਨੰਬਰ 66 ਜੁਰਮ 103(1)/61 (2)/190/191(3) ਬੀ.ਐੱਨ.ਐੱਸ 25/27 ਅਸਲਾ ਐਕਟ ਥਾਣਾ ਸਦਰ ਪੱਟੀ ਵਿਖੇ ਦਰਜ਼ ਕਰਕੇ ਤਰਨਤਾਰਨ ਪੁਲਿਸ ਵੱਲੋਂ ਦੋਸ਼ੀ ਦੀ ਭਾਲ ਕਰਨ ਲਈ ਵੱਖ-ਵੱਖ ਟੀਮਾਂ ਬਣਾਕੇ ਭਾਲ ਕਰਨੀ ਸ਼ੁਰੂ ਕਰ ਦਿੱਤੀ ਗਈ। ਜਿਸ 'ਤੇ ਸੀ.ਆਈ.ਏ ਸਟਾਫ ਅਤੇ ਥਾਣਾ ਸਦਰ ਪੱਟੀ ਦੀ ਪੁਲਿਸ ਨੂੰ ਹਿਊਮਨ ਇੰਨਟੈਲੀਜੈਂਸ ਅਤੇ ਤਕਨੀਕੀ ਇੰਨਟੈਲੀਜੈਂਸ ਰਾਹੀਂ ਇਹ ਪਤਾ ਲੱਗਾ ਕਿ ਉਕਤ ਮੁਕੱਦਮੇ ਵਿੱਚ ਜਿਸ ਅਣਪਛਾਤੇ ਵਿਅਕਤੀ ਵੱਲੋਂ ਜਸਵੰਤ ਸਿੰਘ ਉੱਪਰ ਗੋਲੀਆਂ ਚਲਾਈਆਂ ਗਈਆਂ ਸਨ, ਜਿਸ ਦਾ ਨਾਮ ਤਰਨਬੀਰ ਸਿੰਘ ਉਰਫ ਤੰਨੂ ਪੁੱਤਰ ਲਖਵਿੰਦਰ ਸਿੰਘ ਵਾਸੀ ਭਿੱਖੀਵਿੰਡ ਹਾਲ ਮੋਹਕਮਪੁਰਾ ਤੁੰਗ ਪਾਈ, ਅੰਮ੍ਰਿਤਸਰ ਹੈ, ਜੋ ਕਿ ਬੱਸ ਅੱਡਾ ਅੰਮ੍ਰਿਤਸਰ ਨਜ਼ਦੀਕ ਇੱਕ ਮੋਟਰਸਾਈਕਲ ਬਿਨਾਂ ਨੰਬਰੀ 'ਤੇ ਕਿਸੇ ਵਾਰਦਾਤ ਨੂੰ ਅੰਜ਼ਾਮ ਦੇਣ ਲਈ ਘੁੰਮ ਰਿਹਾ ਹੈ। ਜਿਸ 'ਤੇ ਸੀ.ਆਈ.ਏ ਸਟਾਫ ਤਰਨਤਾਰਨ ਅਤੇ ਥਾਣਾ ਸਦਰ ਪੱਟੀ ਦੀ ਪੁਲਿਸ ਨੇ ਬੱਸ ਅੱਡਾ ਅੰਮ੍ਰਿਤਸਰ ਨਜ਼ਦੀਕ ਤੋਂ ਤਰਨਬੀਰ ਸਿੰਘ ਉਰਫ ਤੰਨੂ ਪੁੱਤਰ ਲਖਵਿੰਦਰ ਸਿੰਘ ਵਾਸੀ ਭਿੱਖੀਵਿੰਡ ਹਾਲ ਮੋਹਕਮਪੁਰਾ ਤੁੰਗ ਪਾਈ, ਅੰਮ੍ਰਿਤਸਰ ਨੂੰ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਮਾਰਕਾ ਯਾਮਾਹਾ ਐਫ.ਐਜ਼ ਬਿਨਾਂ ਨੰਬਰੀ, ਇੱਕ ਨਜਾਇਜ਼ ਪਿਸਤੌਲ 30 ਬੋਰ ਅਤੇ ਇੱਕ ਨਜਾਇਜ਼ ਪਿਸਤੌਲ 32 ਬੋਰ ਸਮੇਤ ਕਾਬੂ ਕਰਕੇ ਪੁੱਛ-ਗਿੱਛ ਅਮਲ ਵਿੱਚ ਲਿਆਂਦੀ ਗਈ। ਜੋ ਪੁੱਛ-ਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਉਕਤ ਦੋਸ਼ੀ ਅਫਰੀਦੀ ਗੈਂਗ ਦਾ ਸਾਥੀ ਸੀ ਅਤੇ ਇਸ ਨੇ ਅਫਰੀਦੀ ਗੈਂਗ ਦੇ ਕਹਿਣ 'ਤੇ ਜਸਵੰਤ ਸਿੰਘ ਆੜ੍ਹਤੀਏ ਦਾ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਸੀ। ਇਸ ਦੋਸ਼ੀ ਪਾਸੋਂ ਵਾਰਦਾਤ ਸਮੇਂ ਵਰਤੇ ਗਏ ਕੱਪੜੇ ਵੀ ਬ੍ਰਾਮਦ ਕਰ ਲਏ ਗਏ ਹਨ। ਜਿਸ 'ਤੇ ਤਰਨਤਾਰਨ ਪੁਲਿਸ ਨੇ ਉਕਤ ਦੋਸ਼ੀ ਤਰਨਬੀਰ ਸਿੰਘ ਉਰਫ ਤੰਨੂ ਉਕਤ ਨੂੰ ਮੁਕੱਦਮਾ ਨੰਬਰ 66 ਜੁਰਮ 103(1)/61(2)/190/191(3) ਬੀ.ਐੱਨ.ਐੱਸ 25/27 ਅਸਲਾ ਐਕਟ ਥਾਣਾ ਸਦਰ ਪੱਟੀ ਵਿੱਚ ਨਾਮਜ਼ਦ ਕਰ ਲਿਆ ਹੈ ਜਿਸ ਪਾਸੋਂ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪੰਜਾਬ ਦੇ ਉੱਘੇ ਸਰਜਨ ਡਾ.ਹਰਮੋਹਿੰਦਰ ਸਿੰਘ ਨਾਗਪਾਲ ਨੇ ਸੀ.ਕੇ.ਡੀ. ਨਰਸਿੰਗ ਕਾਲਜ ਦੇ ਮੈਂਬਰ ਇੰਚਾਰਜ ਵਜੋਂ ਅਹੁਦਾ ਸੰਭਾਲਿਆ



ਅੰਮ੍ਰਿਤਸਰ, 9 ਮਈ, (ਬਬਲੂ ਮਹਾਜਨ) : ਪੰਜਾਬ ਦੇ ਉੱਘੇ ਸਰਜਨ ਡਾ.ਹਰਮੋਹਿੰਦਰ ਸਿੰਘ ਨਾਗਪਾਲ ਨੇ ਅੱਜ ਸੀ.ਕੇ.ਡੀ ਇੰਟਰਨੈਸ਼ਨਲ ਨਰਸਿੰਗ ਕਾਲਜ ਦੇ ਮੈਂਬਰ ਇੰਚਾਰਜ ਵਜੋਂ ਅਹੁਦਾ ਸੰਭਾਲਿਆ। 40 ਸਾਲ ਦਾ ਤਜ਼ਰਬਾ ਰੱਖਣ ਵਾਲੇ ਜਨਰਲ ਅਤੇ ਲੈਪਰੋਸਕੋਪਿਕ ਸਰਜਰੀ ਦੇ ਮਾਹਿਰ ਡਾ.ਹਰਮੋਹਿੰਦਰ ਸਿੰਘ ਨਾਗਪਾਲ ਸ਼ਹਿਰ ਦੇ ਹਰਤੇਜ਼ ਹਸਪਤਾਲ ਵਿਚ ਮੈਡੀਕਲ ਡਾਇਰੈਕਟਰ ਹਨ ਅਤੇ ਹੋਰਨਾਂ ਅਨੇਕਾਂ ਉੱਘੀਆਂ ਮੈਡੀਕਲ ਅਤੇ ਸਮਾਜਿਕ ਸੰਸਥਾਵਾਂ ਦੇ ਸਨਮਾਨਿਤ ਅਹੁਦਿਆਂ 'ਤੇ ਬਿਰਾਜਮਾਨ ਹਨ। ਡਾ.ਨਾਗਪਾਲ ਏਸ਼ੀਆ ਪੈਸੀਫਿਕ ਇੰਟਰਨੈਸ਼ਨਲ ਕਾਨਫਰੰਸ ਦੌਰਾਨ ਬੈਸਟ ਡਾਕਟਰ ਐਵਾਰਡ, ਪੰਜਾਬ ਸਰਕਾਰ ਵੱਲੋਂ ਐਵਾਰਡ ਆਫ ਐਕਸੀਲੈਂਸ, ਹੈਲਥ ਕੇਅਰ ਐਕਸੀਲੈਂਸ ਐਵਾਰਡ ਅਤੇ ਹੋਰਨਾਂ ਕਈ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਤ ਹਨ ਅਤੇ ਲੋਕ ਭਲਾਈ ਕਾਰਜਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਅੱਜ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਜਗਜੀਤ ਸਿੰਘ, ਐਡੀ.ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਨੇ ਡਾ.ਹਰਮੋਹਿੰਦਰ ਸਿੰਘ ਨਾਗਪਾਲ ਦਾ ਸੁਆਗਤ ਕਰਦਿਆਂ ਬੋਲੇ-ਸੋ-ਨਿਹਾਲ ਦੀ ਗੂੰਜ ਵਿਚ ਗੁਰੂ ਦੀ ਬਖਸਿ਼ਸ਼ ਸਿਰੋਪਾਓ ਪਾ ਕੇ ਸੀ.ਕੇ.ਡੀ ਨਰਸਿੰਗ ਕਾਲਜ ਦੇ ਮੈਂਬਰ ਇੰਚਾਰਜ ਦਾ ਅਹੁਦਾ ਸੌਂਪਿਆ। ਇਸ ਮੌਕੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਖੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਵਿਲਖਣ ਸਖ਼ਸ਼ੀਅਤ ਦੇ ਧਾਰਨੀ ਡਾ.ਨਾਗਪਾਲ ਦਾ ਦੀਵਾਨ ਨਾਲ ਜੁੜ ਕੇ ਸੀ.ਕੇ.ਡੀ ਨਰਸਿੰਗ ਕਾਲਜ ਦੇ ਮੈਂਬਰ ਇੰਚਾਰਜ ਵਜੋਂ ਸੇਵਾਂਵਾਂ ਦੇਣੀਆਂ ਸੰਸਥਾ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਦੀਵਾਨ ਪ੍ਰਬੰਧਕਾਂ ਨੇ ਆਸ ਪ੍ਰਗਟਾਈ ਕਿ ਉਸਾਰੂ ਅਤੇ ਅਗਾਂਹ ਵੱਧੂ ਸੋਚ ਦੇ ਮਾਲਕ ਡਾ.ਨਾਗਪਾਲ ਦੇ ਯੋਗ ਮਿਲਵਰਤਨ ਸਦਕਾ ਕਾਲਜ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਛੂਹੇਗਾ। ਇਸ ਮੌਕੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਜਗਜੀਤ ਸਿੰਘ, ਐਡੀ.ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਕਾਲਜ ਮੈਂਬਰ ਇੰਚਾਰਜ ਡਾ.ਅਮਰਜੀਤ ਸਿੰਘ ਸੱਚਦੇਵਾ ਅਤੇ ਪ੍ਰਿੰਸੀਪਲ ਡਾ.ਯਸਪ੍ਰੀਤ ਕੌਰ ਹਾਜ਼ਰ ਸਨ।

# ਕੌਮੀ ਲੋਕ ਅਦਾਲਤ ਅਗਲੇ ਹੁਕਮਾਂ ਤੱਕ ਮੁਲਤਵੀ



ਅੰਮ੍ਰਿਤਸਰ, 9 ਮਈ, (ਬਬਲੂ ਮਹਾਜਨ) : ਅਮਰਦੀਪ ਸਿੰਘ ਬੈਂਸ, ਸਿਵਲ ਜੱਜ (ਸਿਨਿਅਰ ਡਵੀਜ਼ਨ-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ) ਨੇ ਦੱਸਿਆ ਕਿ ਰਾਜ ਵਿੱਚ ਬਣੇ ਹਲਾਤਾਂ ਨੂੰ ਮੁੱਖ ਰੱਖਦੇ ਹੋਏ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ, ਮੋਹਾਲੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਕੌਮੀ ਲੋਕ ਅਦਾਲਤ, ਜੋ ਕਿ 10 ਮਈ, 2025 ਦਿਨ ਸ਼ਨਿੱਚਰਵਾਰ ਨੂੰ ਲਗਾਈ ਜਾਣੀ ਸੀ, ਹੁਣ ਅਗਲੇ ਹੁਕਮਾਂ ਤੱਕ ਮੁਲਤਵੀ ਕੀਤੀ ਗਈ ਹੈ।

# ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਪੁੰਛ 'ਚ ਹਮਲੇ ਦੌਰਾਨ ਜ਼ਖ਼ਮੀ ਹੋਏ ਸਿੱਖਾਂ ਦਾ ਹਾਲ ਜਾਣਿਆ



ਅੰਮ੍ਰਿਤਸਰ, 9 ਮਈ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਪੁੰਛ 'ਚ ਹਮਲੇ ਦੌਰਾਨ ਜ਼ਖ਼ਮੀ ਹੋਏ ਸਿੱਖਾਂ ਦਾ ਹਸਪਤਾਲ ਪਹੁੰਚ ਕੇ ਹਾਲ ਜਾਣਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਮੱਦਦ ਦਾ ਭੋਰਸਾ ਵੀ ਦਿੱਤਾ। ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਜੇਰੇ-ਇਲਾਜ਼ ਗੁਰਮੀਤ ਸਿੰਘ ਅਤੇ ਕਾਕਾ ਰਾਜਵੰਸ਼ ਸਿੰਘ ਨੂੰ ਮਿਲ ਕੇ ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ 'ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਰੂਬੀ ਨੇ ਹਮਦਰਦੀ ਜਤਾਈ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਦੇਸ਼ ਅੰਦਰ ਬਣੇ ਤਣਾਅਪੂਰਨ ਹਾਲਾਤ ਦੌਰਾਨ ਬੀਤੇ ਦਿਨੀਂ ਪੁੰਛ ਤੋਂ ਸਿੱਖ ਜੰਮੂ ਨੂੰ ਆ ਰਹੇ ਸੀ, ਜਦੋਂ ਗੱਡੀਆਂ ਦੇ ਕਾਫ਼ਲੇ 'ਤੇ ਹਮਲਾ ਹੋਣ ਕਰਕੇ ਇਕ ਸਿੱਖ ਦੀ ਮੌਤ ਹੋ ਗਈ ਅਤੇ ਗੁਰਮੀਤ ਸਿੰਘ ਉਨ੍ਹਾਂ ਦਾ ਬੇਟਾ ਕਾਕਾ ਰਾਜਵੰਸ਼ ਸਿੰਘ ਅਤੇ ਪਰਿਵਾਰ ਦੇ ਹੋਰ ਮੈਂਬਰ ਗੰਭੀਰ ਜ਼ਖ਼ਮੀ ਹੋਏ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਗੁਰਮੀਤ ਸਿੰਘ ਤੇ ਕਾਕਾ ਰਾਜਵੰਸ਼ ਸਿੰਘ ਨੂੰ ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ।

ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਸੀਬਤ ਸਮੇਂ ਮਨੁੱਖਤਾ ਨਾਲ ਖੜ੍ਹਨਾ ਆਪਣਾ ਫ਼ਰਜ਼ ਸਮਝਦੀ ਹੈ ਅਤੇ ਮੌਜੂਦਾ ਸਮੇਂ ਬਣੇ ਹਾਲਾਤਾਂ ਵਿਚ ਵੀ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਅ ਰਹੀ ਹੈ। ਉਨ੍ਹਾਂ ਕਿਹਾ ਕਿ ਬਾਰਡਰ ਏਰੀਏ ਤੋਂ ਆਪਣਾ ਘਰ ਬਾਰ ਛੱਡ ਕੇ ਆਏ ਲੋਕਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਨਜ਼ਦੀਕੀ ਗੁਰਦੁਆਰਾ ਸਾਹਿਬਾਨ ਅੰਦਰ ਰਿਹਾਇਸ਼ ਅਤੇ ਲੰਗਰ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਦੇ ਨਾਲ ਹੀ ਖ਼ਾਲੀ ਹੋਏ ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵੀ ਸੁਰੱਖਿਅਤ ਜਗ੍ਹਾ ਪਹੁੰਚਾਏ ਜਾ ਰਹੇ ਹਨ। ਸਕੱਤਰ ਪ੍ਰਤਾਪ ਸਿੰਘ ਨੇ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਲੋੜ ਪੈਣ 'ਤੇ ਉਹ ਨੇੜਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਸੰਪਰਕ ਕਰਨ।

# ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਵੱਲੋਂ ਅੰਮ੍ਰਿਤਸਰ ਵਿਖੇ ਸਫ਼ਲ ਸਿਖ਼ਰ ਸੰਮੇਲਨ ਦੌਰਾਨ ਨਾਮੀਂ ਸ਼ਖ਼ਸੀਅਤਾਂ ਦਾ ਸਨਮਾਨ : ਰਜਿੰਦਰ ਸਿੰਘ ਮਰਵਾਹਾ



ਅੰਮ੍ਰਿਤਸਰ, 9 ਮਈ, (ਬਬਲੂ ਮਹਾਜਨ) : ਗੁਰੂ ਨਗਰੀ ਅੰਮ੍ਰਿਤਸਰ ਵਿਖੇ ਮੁਲਕ ਭਰ ਦੇ ਸਿਖ ਕਾਰੋਬਾਰੀ, ਵਿਉਪਾਰੀ ਅਤੇ ਉਦਯੋਗਪਤੀ ਡੈਲੀਗੇਟਾਂ ਦਾ ਤਿੰਨ-ਰੋਜਾ ਸਿਖਰ ਸੰਮੇਲਨ ਸਫ਼ਲਤਾ ਪੂਰਵਕ ਨੇਪਰੇ ਚੜ੍ਹ ਗਿਆ। ਇਸ ਸਿਖਰ ਸੰਮੇਲਨ ਦਾ ਉਦੇਸ਼ ਮੁਲਕ ਭਰ ਦੇ ਸਿੱਖ ਵਿਉਪਾਰੀਆਂ, ਉਦਯੋਗਪਤੀਆਂ, ਹੋਟਲ ਮਾਲਕਾਂ ਅਤੇ ਕਾਰੋਬਾਰੀਆਂ ਦਰਮਿਆਨ ਆਪਸੀ ਸਹਿਯੋਗ, ਤਾਲਮੇਲ ਅਤੇ ਨਵੇਂ ਖੇਤਰਾਂ ਵਿੱਚ ਨਿਵੇਸ਼ ਕਰਨ ਲਈ ਨਵੇਂ ਦਿਸਹੱਦੇ ਤਲਾਸ਼ਣਾ ਹੈ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਦੇ ਨਾਲ ਨਾਲ ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦੀ ਮੂਲ ਭਾਵਨਾ, 'ਦਵਾਈ ਲੰਗਰ, ਪੜ੍ਹਾਈ ਲੰਗਰ ਅਤੇ ਕਮਾਈ ਲੰਗਰ', ਦੀ ਪ੍ਰਾਪਤੀ ਵੀ ਰਿਹਾ। ਸਾਰੇ ਸਿਖ਼ਰ ਸੰਮੇਲਨ ਅਤੇ ਸੈਮੀਨਾਰਾਂ ਦੇ ਆਯੋਜਨ ਕਰਨ ਵਿੱਚ ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦੇ ਗਲੋਬਲ ਚੇਅਰਮੈਨ ਪਰਮੀਤ ਸਿੰਘ ਚੱਢਾ ਅਤੇ ਅੰਮ੍ਰਿਤਸਰ ਚੈਪਟਰ ਦੇ ਚੇਅਰਮੈਨ ਰਜਿੰਦਰ ਸਿੰਘ ਮਰਵਾਹਾ ਨੇ ਆਪਣੇ ਉੱਦਮੀ ਸਹਿਯੋਗੀਆਂ ਹਰਦੇਸ਼ ਦਵੇਸਰ, ਹਰਪਾਲ ਸਿੰਘ ਆਹਲੂਵਾਲੀਆ, ਡਾ. ਅਮਰਜੀਤ ਸਿੰਘ ਸਚਦੇਵਾ, ਸੀ.ਏ. ਅਮਰਜੀਤ ਸਿੰਘ ਨਾਰੰਗ, ਸੁਖਵਿੰਦਰ ਸਿੰਘ ਕੋਹਲੀ, ਮਨਦੀਪ ਸਿੰਘ, ਡਾ. ਜਸਵਿੰਦਰ ਕੌਰ ਸੋਹਲ, ਰੁਪਿੰਦਰ ਸਿੰਘ ਕਟਾਰੀਆ, ਹਰਪ੍ਰੀਤ ਸਿੰਘ ਭਾਟੀਆ, ਤਜਿੰਦਰ ਪਾਲ ਸਿੰਘ ਬੌਬੀ ਬਾਦਸ਼ਾਹ, ਟੀ.ਐਸ. ਸੋਖੀ, ਐਡਵੋਕੇਟ ਤੇਗ ਬ੍ਰਦਰਜ਼ ਅਤੇ ਹੋਰ ਸਾਥੀਆਂ ਸੰਗ ਨਿਪੁੰਨ ਪ੍ਰਬੰਧ ਕੀਤਾ। ਸਿਖ਼ਰ ਸੰਮੇਲਨ ਵਿੱਚ ਸ੍ਰੀ ਪਿਆਰੇ ਲਾਲ ਸੇਠ ਪ੍ਰਧਾਨ ਵਪਾਰ ਮੰਡਲ, ਸਮੀਰ ਜੈਨ ਜਨਰਲ ਸਕੱਤਰ ਵਪਾਰ ਮੰਡਲ, ਸ੍ਰੀ ਰਾਜੀਵ ਅਰਨੇਜਾ ਪ੍ਰਧਾਨ ਵਪਾਰ ਮੰਡਲ ਅਤੇ ਸ੍ਰੀ ਰੰਜਨ ਅਗਰਵਾਲ ਪ੍ਰਧਾਨ ਵਪਾਰ ਮੰਡਲ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਦੌਰਾਨ ਵਪਾਰ ਕਾਰੋਬਾਰ ਨੂੰ ਆਪਸੀ ਸਹਿਯੋਗ ਅਤੇ ਤਾਲਮੇਲ ਸਹਿਤ ਹੋਰ ਬੁਲੰਦੀਆਂ 'ਤੇ ਪਹੁੰਚਾਉਣ ਦੇ ਕੀਮਤੀ ਗੁਰ ਦੱਸੇ। ਸਰਗਰਮ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਪਧਾਰੇ ਵਿਉਪਾਰੀਆਂ ਅਤੇ ਉਦਯੋਗਪਤੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਪਿੰਗਲਵਾੜਾ ਸੰਸਥਾ, ਚੀਫ਼ ਖ਼ਾਲਸਾ ਦੀਵਾਨ ਸੁਸਾਇਟੀ ਦੇ ਮੁੱਖ ਦਫ਼ਤਰ, ਗੁਰਦੁਆਰਾ ਸ਼ਹੀਦ ਗੰਜ, ਬੁਰਜ ਅਕਾਲੀ ਫੂਲਾ ਸਿੰਘ ਦੇ ਅਤੇ ਹੋਰ ਮਹੱਤਵਪੂਰਨ ਅਸਥਾਨਾਂ ਦੇ ਖੁੱਲ੍ਹੇ ਦਰਸ਼ਨ ਕਰਾਏ। ਪਧਾਰੇ ਉਦਯੋਗਪਤੀ ਅਤੇ ਵਪਾਰੀ ਡੈਲੀਗੇਟਾਂ ਦੀ ਅੰਮ੍ਰਿਤਸਰ ਦੇ ਵਿਉਪਾਰੀਆਂ ਅਤੇ ਉਦਯੋਗਪਤੀਆਂ ਨਾਲ ਵੀ ਮੀਟਿੰਗਾਂ ਕਰਵਾਈਆਂ ਗਈਆਂ। ਦੀ ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦੇ ਗਲੋਬਲ ਪ੍ਰਧਾਨ ਪਰਮੀਤ ਸਿੰਘ ਚੱਢਾ, ਹਰਿਆਣਾ ਚੈਪਟਰ ਦੇ ਚੇਅਰਮੈਨ ਹਰਮੀਤ ਸਿੰਘ ਅਰੋੜਾ, ਮੱਧ ਪ੍ਰਦੇਸ਼ ਦੇ ਚੇਅਰਮੈਨ ਹਰਪਾਲ ਸਿੰਘ ਭਾਟੀਆ, ਗੁਜਰਾਤ ਦੇ ਚੇਅਰਮੈਨ ਰਣਜੀਤ ਸਿੰਘ ਵਾਸੂ, ਜਸਲੀਨ ਕੌਰ ਚੱਢਾ ਪ੍ਰਧਾਨ ਗਲੋਬਲ ਐਸੋਸੀਏਟ, ਅਮਰਦੀਪ ਸਿੰਘ ਗਲੋਬਲ ਡਾਇਰੈਕਟਰ, ਨੇਹਾ ਸਿੰਘ, ਮਨਮੀਤ ਸਿੰਘ ਭੱਟੀ, ਜਸਜੀਤ ਸਿੰਘ, ਹਰਜੋਤ ਸਿੰਘ, ਅਮਰਿੰਦਰ ਸਿੰਘ, ਜੰਮੂ ਕਸ਼ਮੀਰ ਦੇ ਚੇਅਰਮੈਨ ਹਰਦੀਪ ਸਿੰਘ, ਜੈਤੇਗ ਸਿੰਘ, ਦਿੱਲੀ ਨੇ ਚੇਅਰਮੈਨ ਜੈਸਮੀਨ ਸਿੰਘ ਅਤੇ ਗੁਰੂਗ੍ਰਾਮ ਦੇ ਚੇਅਰਮੈਨ ਸਰਬਜੀਤ ਸਿੰਘ ਆਦਿ ਸਾਰੇ ਡੈਲੀਗੇਟਸ ਪ੍ਰਬੰਧਾਂ ਦੀ ਨਿਪੁੰਨਤਾ 'ਤੇ ਨਿਹਾਲ ਹੋਏ। ਸਿਖਰ ਸੰਮੇਲਨ ਦੌਰਾਨ ਪਰਮੀਤ ਸਿੰਘ ਚੱਢਾ ਨੂੰ ਸਿੱਖ ਵਪਾਰੀ ਅਤੇ ਕਾਰੋਬਾਰੀ ਸੰਗਠਨ ਕਾਇਮ ਕਰਨ ਦਾ ਐਵਾਰਡ, ਡਾ. ਸ਼ੁਕੀਨ ਸਿੰਘ ਪ੍ਰੋ ਵਾਈਸ ਚਾਂਸਲਰ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੂੰ ਸਿਹਤ ਸੇਵਾਵਾਂ ਐਵਾਰਡ, ਜਗਜੀਤ ਸਿੰਘ ਬੰਟੀ ਵਾਈਸ ਪ੍ਰੈਜ਼ੀਡੈਂਟ ਚੀਫ਼ ਖ਼ਾਲਸਾ ਦੀਵਾਨ ਨੂੰ ਸਫਲ ਕਾਰੋਬਾਰੀ ਐਵਾਰਡ, ਸੁਖਜਿੰਦਰ ਸਿੰਘ ਪ੍ਰਿੰਸ ਔਨਰੈਰੀ ਸਕੱਤਰ ਚੀਫ਼ ਖ਼ਾਲਸਾ ਦੀਵਾਨ ਨੂੰ ਪ੍ਰਬੰਧਕੀ ਐਵਾਰਡ, ਡਾ. ਜਸਵਿੰਦਰ ਸਿੰਘ ਢਿੱਲੋਂ ਨੂੰ ਵਿੱਦਿਅਕ ਖੇਤਰ, ਅਰਵਿੰਦਰ ਸਿੰਘ ਭੱਟੀ ਨੂੰ ਅਦਾਕਾਰੀ ਖੇਤਰ ,ਬੀਰ ਸਿੰਘ ਨੂੰ ਸੰਗੀਤ ਖੇਤਰ, ਸੁਰਿੰਦਰ ਜੀਤ ਸਿੰਘ ਪਾਲ ਨੂੰ ਧਾਰਮਿਕ ਸਾਹਿਤ, ਸੁਰਿੰਦਰ ਸਿੰਘ ਅਰੋੜਾ ਨੂੰ ਗੁਰਬਾਣੀ ਕੀਰਤਨ, ਐਡਵੋਕੇਟ ਹਰਸਿਮਰਨ ਸਿੰਘ ਜਸਟ ਸੇਵਾ ਸੋਸਾਇਟੀ ਨੂੰ ਲੋਕ ਭਲਾਈ ਐਵਾਰਡ ਅਤੇ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਨੂੰ ਗੁਰੂ ਨਗਰੀ ਅੰਮ੍ਰਿਤਸਰ ਦੇ ਵਿਕਾਸ ਖੇਤਰ ਵਿੱਚ ਪਾਏ ਅਹਿਮ ਯੋਗਦਾਨ ਦੀ ਸ਼ਲਾਘਾ ਕਰਦਿਆਂ ਹੋਇਆਂ ਦੁਸ਼ਾਲੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਡੈਲੀਗੇਟਾਂ ਨੇ ਇਸ ਕਾਰੋਬਾਰੀ ਸਿਖਰ ਸੰਮੇਲਨ ਦੀ ਕਾਮਯਾਬੀ ਤੇ ਤਸੱਲੀ ਪ੍ਰਗਟ ਕੀਤੀ ਅਤੇ ਕਿਹਾ ਕਿ ਇਸ ਸੰਮੇਲਨ ਵਿੱਚ ਵੱਡੇ ਪੱਧਰ 'ਤੇ ਵਪਾਰਕ ਸਮਝੌਤੇ ਹੋਏ।

# ਸਿਹਤ ਵਿਭਾਗ ਵੱਲੋਂ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਦੀ ਸ਼ੁਰੂਆਤ

ਅੰਮ੍ਰਿਤਸਰ, 9 ਮਈ, (ਗੁਰਦਿਆਲ ਸਿੰਘ) : ਸਿਵਲ ਸਰਜਨ ਡਾ ਕਿਰਨਦੀਪ ਕੌਰ ਵੱਲੋਂ ਹਰ ਸ਼ੁਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਦੀ ਸ਼ੁਰੂਆਤ ਦਫਤਰ ਸਿਵਿਲ ਸਰਜਨ ਅੰਮ੍ਰਿਤਸਰ ਤੋਂ ਕੀਤੀ ਗਈ। ਇਸ ਅਵਸਰ 'ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਬਹੁਤ ਸਾਰੀਆਂ ਥਾਵਾਂ 'ਤੇ ਪਾਣੀ ਦਾ ਇਕੱਠਾ ਹੋਣਾ ਸੁਭਾਵਿਕ ਹੀ ਹੈ, ਪਰ ਇਸਦੇ ਨਾਲ ਹੀ ਜਿੱਥੇ ਪਾਣੀ ਇਕੱਠਾ ਹੋਵੇਗਾ। ਉੱਥੇ ਮੱਛਰ ਦੀ ਪੈਦਾਵਾਰ ਵੀ ਹੋਵੇਗੀ, ਇਸ ਲਈ ਸਭ ਦੀ ਇਹ ਜਿੰਮੇਵਾਰੀ ਬਣਦੀ ਹੈ, ਕਿ ਮੱਛਰ ਦੀ ਪੈਦਾਵਰ ਨੂੰ ਰੋਕਿਆ ਜਾਵੇ। ਇਸ ਲਈ ਸਿਹਤ ਵਿਭਾਗ ਦਾ ਸਹਿਯੋਗ ਕੀਤਾ ਜਾਵੇ ਅਤੇ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੀ ਮੁਹਿੰਮ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਵਿੱਚ ਆਪਣਾ ਯੋਗਦਾਨ ਪਾਇਆ ਜਾਵੇ।

ਇਸ ਮੌਕੇ 'ਤੇ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ, ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜਿਲ੍ਹਾ ਟੀਕਾਕਰਨ ਅਫਸਰ ਡਾ ਭਾਰਤੀ ਧਵਨ, ਜਿਲ੍ਹਾ ਸਿਹਤ ਅਫਸਰ ਡਾ ਜਸਪਾਲ ਸਿੰਘ, ਡਾ ਨਵਦੀਪ ਕੌਰ, ਡਾ ਮਨਮੀਤ ਕੌਰ, ਮਲਵਿੰਦਰ ਸਿੰਘ, ਗੁਰਦੇਵ ਸਿੰਘ ਢਿੱਲੋਂ, ਕਮਲਦੀਪ ਭੱਲਾ, ਹਰਵਿੰਦਰ ਸਿੰਘ, ਪਰਮਜੀਤ ਸਿੰਘ, ਬਲਵਿੰਦਰ ਸਿੰਘ, ਜਿਲ੍ਹੇ ਭਰ ਦੇ ਸਮੂਹ ਐਸ.ਆਈ.ਐਂਟੀ ਲਾਰਵਾ ਸਟਾਫ ਅਤੇ ਆਸ਼ਾ ਵਰਕਰ ਸ਼ਾਮਲ ਹੋਏ।

# ਡੀ.ਸੀ ਨੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਕੀਤੀ ਅਪੀਲ, ਕਿਸੇ ਵੀ ਜ਼ਰੂਰੀ ਸਥਿਤੀ 'ਚ 2403100 ਅਤੇ 112 'ਤੇ ਸੰਪਰਕ ਕਰੋ

## ਡਰੋਨ ਅਤੇ ਪਟਾਕੇ ਚਲਾਉਣ 'ਤੇ ਪੂਰੀ ਤਰ੍ਹਾਂ ਪਾਬੰਦੀ



ਲੁਧਿਆਣਾ, 9 ਮਈ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸ਼ੁੱਕਰਵਾਰ ਨੂੰ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਲੁਧਿਆਣਾ ਵਿੱਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ।

ਇੱਕ ਵੀਡੀਓ ਸੰਦੇਸ਼ ਵਿੱਚ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਸਾਰੇ ਨਿਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰੱਖਿਆ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਅਸੀਂ ਜ਼ਿਲ੍ਹੇ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਸੁਚੇਤ ਅਤੇ ਵਚਨਬੱਧ ਹਾਂ। ਨਾਗਰਿਕਾਂ ਨੂੰ ਇਸ ਸਮੇਂ ਦੌਰਾਨ ਸ਼ਾਂਤ ਰਹਿਣ ਅਤੇ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਐਮਰਜੈਂਸੀ ਨਾਲ ਨਜਿੱਠਣ ਲਈ ਪ੍ਰਸ਼ਾਸਨ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੱਕ ਸਮਰਪਿਤ ਕੰਟਰੋਲ ਰੂਮ ਸਥਾਪਤ ਕੀਤਾ ਹੈ। ਜੈਨ ਨੇ ਵਸਨੀਕਾਂ ਨੂੰ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਸਹਾਇਤਾ ਲਈ 0161-2403100 ਜਾਂ ਐਮਰਜੈਂਸੀ ਹੈਲਪਲਾਈਨ 112 'ਤੇ ਸੰਪਰਕ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਇਸ ਸਮੇਂ ਦੌਰਾਨ ਸੁਚਾਰੂ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਭਾਈਚਾਰਕ ਸਹਿਯੋਗ ਅਤੇ ਚੌਕਸੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਜ਼ਿਲ੍ਹੇ ਦੀ ਸੁਰੱਖਿਆ ਲਈ ਇੱਕ ਮਹੱਤਵਪੂਰਨ ਉਪਾਅ ਵਜੋਂ ਜੈਨ ਨੇ ਲੁਧਿਆਣਾ ਵਿੱਚ ਹਰ ਤਰ੍ਹਾਂ ਦੇ ਡਰੋਨ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦਾ ਹੁਕਮ ਦਿੱਤਾ। ਬਿਨਾਂ ਕਿਸੇ ਵਿਰੋਧ ਦੇ ਇਹ ਪਾਬੰਦੀ ਵਿਆਹਾਂ ਅਤੇ ਹੋਰ ਸਮਾਜਿਕ ਸਮਾਗਮਾਂ ਸਮੇਤ ਸਾਰੇ ਸਮਾਗਮਾਂ 'ਤੇ ਲਾਗੂ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਸਾਡੇ ਸੁਰੱਖਿਆ ਬਲ ਅਤੇ ਸਥਾਨਕ ਪ੍ਰਸ਼ਾਸਨ ਪੂਰੀ ਤਰ੍ਹਾਂ ਸੁਚੇਤ ਹਨ ਅਤੇ ਤੁਹਾਡੀ ਸੁਰੱਖਿਆ ਅਤੇ ਸ਼ਾਂਤੀ ਦੀ ਰਾਖੀ ਲਈ ਅਣਥੱਕ ਮਿਹਨਤ ਕਰ ਰਹੇ ਹਨ। ਜ਼ਰੂਰੀ ਵਸਤੂਆਂ ਜਿਵੇਂ ਕਿ ਭੋਜਨ, ਦਵਾਈਆਂ, ਬਾਲਣ ਜਾਂ ਹੋਰ ਜ਼ਰੂਰੀ ਵਸਤੂਆਂ ਦੇ ਭੰਡਾਰ ਕਰਨ ਵਾਲਿਆਂ ਨੂੰ ਸਖ਼ਤ ਚੇਤਾਵਨੀ ਜਾਰੀ ਕਰਦੇ ਹੋਏ ਕਿਹਾ ਕਿ ਡਰ ਦਾ ਫਾਇਦਾ ਉਠਾਉਣ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰਸ਼ਾਸਨ ਜਮ੍ਹਾਂਖੋਰੀ ਦੀਆਂ ਗਤੀਵਿਧੀਆਂ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਦੋਸ਼ੀ ਪਾਏ ਜਾਣ ਵਾਲਿਆਂ ਨੂੰ ਜ਼ਰੂਰੀ ਵਸਤੂਆਂ ਐਕਟ ਤਹਿਤ ਕਾਨੂੰਨੀ ਕਾਰਵਾਈ ਅਤੇ ਸਖ਼ਤ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ, ਜਿਸ ਵਿੱਚ ਸਟਾਕ ਜ਼ਬਤ ਕਰਨਾ ਅਤੇ ਅਪਰਾਧਿਕ ਦੋਸ਼ ਸ਼ਾਮਲ ਹਨ।

# ਭਗਤ ਵੱਲੋਂ ਵਾਰਡ ਇੰਚਾਰਜਾਂ ਨਾਲ ਮੀਟਿੰਗ 'ਚ ਸੰਜੀਵ ਅਰੋੜਾ ਦੀ ਜਿੱਤ ਯਕੀਨੀ ਬਣਾਉਣ ਲਈ ਵਿਚਾਰ-ਵਟਾਂਦਰਾ



ਲੁਧਿਆਣਾ, 9 ਮਈ (ਰਵਿੰਦਰ ਸਿੰਘ ਨਿੱਝਰ) : ਆਮ ਆਦਮੀ ਪਾਰਟੀ ਦੇ ਜਲੰਧਰ ਵੈਸਟ ਤੋਂ ਵਿਧਾਇਕ ਅਤੇ ਪੰਜਾਬ ਦੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਵੀਰਵਾਰ ਨੂੰ ਲੁਧਿਆਣਾ ਵਿਖੇ ਸਰਕਟ ਹਾਊਸ 'ਚ ਵਾਰਡ ਨੰਬਰ 72 ਦੇ ਇੰਚਾਰਜਾਂ ਨਾਲ ਮੀਟਿੰਗ ਕਰਕੇ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ 'ਚ ਹੋ ਰਹੇ ਉਪਚੁਣਾਵ ਲਈ ਪਾਰਟੀ ਉਮੀਦਵਾਰ ਸੰਜੀਵ ਅਰੋੜਾ ਦੀ ਭਾਰੀ ਜਿੱਤ ਯਕੀਨੀ ਬਣਾਉਣ ਉਤੇ ਵਿਚਾਰ-ਵਟਾਂਦਰਾ ਕੀਤਾ। ਮੋਹਿੰਦਰ ਭਗਤ ਨੇ ਪਾਰਟੀ ਵਰਕਰਾਂ ਨੂੰ ਚੋਣ ਪ੍ਰਚਾਰ ਮੁਹਿੰਮ ਨੂੰ ਤੇਜ਼ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਘਰ-ਘਰ ਜਾ ਕੇ ਲੋਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਕੀਤੇ ਵਿਕਾਸ ਕਾਰਜਾਂ ਬਾਰੇ ਦੱਸੋ ਅਤੇ ਪਾਰਟੀ ਉਮੀਦਵਾਰ ਦੇ ਹੱਕ ਵਿਚ ਵੋਟ ਪਾਉਣ ਲਈ ਮੋਟਿਵੇਟ ਕਰੋ। ਉਨ੍ਹਾਂ ਨੇ ਕਿਹਾ ਕਿ ਸੰਜੀਵ ਅਰੋੜਾ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਹਰ ਵਰਕਰ ਨੇ ਦਿਲੋ ਤੇ ਮਿਹਨਤ ਨਾਲ ਕੰਮ ਕਰਨਾ ਹੈ। ਵਰਕਰਾਂ ਨੇ ਕੈਬਨਿਟ ਮੰਤਰੀ ਭਗਤ ਨੂੰ ਭਰੋਸਾ ਦਿਵਾਇਆ ਕਿ ਉਹ ਸੰਜੀਵ ਅਰੋੜਾ ਨੂੰ ਵੱਡੇ ਮਾਰਜਿਨ ਨਾਲ ਜਿਤਾਵਣਗੇ। ਜਾਣਕਾਰੀ ਮੁਤਾਬਕ ਲੁਧਿਆਣਾ ਪੱਛਮੀ ਸੀਟ ਆਪ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ। ਇਸ ਮੌਕੇ 'ਤੇ ਮਾਰਕਿਟ ਕਮੇਟੀ ਦੇ ਚੇਅਰਮੈਨ ਸੁਭਾਸ ਭਗਤ,ਕੌਂਸਲਰ ਪਤੀ ਸੁਦੇਸ ਭਗਤ, ਸਾਬਕਾ ਚੇਅਰਮੈਨ ਕੀਮਤੀ ਭਗਤ,ਜੀਤ ਲਾਲ ਭਗਤ ਅਤੇ ਹੋਰ ਵੀ ਪਾਰਟੀ ਦੇ ਆਗੂ ਮੌਜੂਦ ਸਨ।

# ਦੇਸ਼ ਦੀ ਸੁਰੱਖਿਆ ਨੂੰ ਲੈ ਕੇ ਘਟੀਆ ਹਰਕਤਾਂ 'ਤੇ ਉੱਤਰੇ ਪ੍ਰਸ਼ਾਸਨਿਕ ਅਧਿਕਾਰੀ : ਐਡਵੋਕੇਟ ਘੁੰਮਣ



ਲੁਧਿਆਣਾ, 9 ਮਈ (ਰਵਿੰਦਰ ਸਿੰਘ ਨਿੱਝਰ) : ਹਲਕਾ ਪੱਛਮੀ ਤੋਂ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਨੇ ਕਿਹਾ ਕਿ ਅੱਜ ਜਿਸ ਦੌਰ ਵਿੱਚੋਂ ਦੀ ਹਿੰਦੋਸਤਾਨ ਗੁਜਰ ਰਿਹਾ ਹੈ ਉਸ ਦੇਸ਼ ਦੀ ਜੰਗ ਨੂੰ ਆਮ ਆਦਮੀ ਪਾਰਟੀ ਦੇ ਲੁਧਿਆਣਾ ਪੱਛਮੀ ਹਲਕੇ ਤੋਂ ਉਮੀਦਵਾਰ ਸੰਜੀਵ ਅਰੋੜਾ ਨੂੰ ਆਪਣੀ ਸਿਆਸੀ ਜੰਗ ਦਾ ਹਥਿਆਰ ਨਹੀਂ ਬਣਾਉਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅੱਜ ਬੜ੍ਹੀ ਮੰਦਭਾਗੀ ਤੇ ਅਫਸੋਸਜਨਕ ਗੱਲ ਹੈ ਕਿ ਜ਼ਿਲ੍ਹਾ ਦੇ ਡਿਪਟੀ ਕਮਿਸ਼ਨਰ ਜੋ ਕਿ ਆਮ ਆਦਮੀ ਪਾਰਟੀ ਦਾ ਹੱਥ ਠੋਕਾ ਬਣਕੇ ਕੰਮ ਕਰ ਰਹੇ ਹਨ, ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਲੋਕਾਂ ਨੂੰ ਇੱਕ ਅਡਵਾਇਜਰੀ ਜਾਰੀ ਕਰਨ ਲਈ ਪੱਤਰਕਾਰ ਮੀਟਿੰਗ ਰੱਖੀ ਗਈ ਸੀ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਉਨ੍ਹਾਂ ਨਾਲ ਕਿਸੇ ਪ੍ਰਸ਼ਾਸਨਿਕ ਅਧਿਕਾਰੀ ਤੋਂ ਇਲਾਵਾ ਲੁਧਿਆਣਾ ਪੱਛਮੀ ਦੀ ਉੱਪ ਚੋਣ ਲਈ ਐਲਾਨੇ ਗਏ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਉਨ੍ਹਾਂ ਦੇ ਨਾਲ ਬੈਠੇ ਸਨ। ਐਡਵੋਕੇਟ ਘੁੰਮਣ ਨੇ ਕਿਹਾ ਕਿ ਜਿਸ ਅਪਦਾ ਵਿੱਚੋਂ ਦੀ ਦੇਸ਼ ਅਤੇ ਪੰਜਾਬ ਲੰਘ ਰਿਹਾ ਹੈ ਉਨ੍ਹਾ ਗੰਭੀਰ ਮਸਲਿਆਂ ਤੇ ਸਮੱਸਿਆ ਦੇ ਹੱਲ ਲਈ ਮੋਬਾਇਲ ਨੰ: 95925-95927 ਜੋ ਸਰਬਜੀਤ ਸਿੰਘ ਨਾਂ 'ਤੇ ਹੈ, ਨੂੰ ਰਿਲੀਜ਼ ਕੀਤਾ ਜੋ ਸਰਕਾਰੀ ਨੰ: ਨਾ ਹੋਣ ਦੀ ਜਗ੍ਹਾਂ ਇੱਕ ਉਮੀਦਵਾਰ ਦੇ ਦਫਤਰ ਦਾ ਨੰ: ਹੈ, ਜਿਸ ਦੀ ਪੜਤਾਲ ਖੁਦ ਐਡਵੋਕੇਟ ਘੁੰਮਣ ਨੇ ਫੋਨ ਮਿਲਾਕੇ ਕੀਤੀ। ਐਡਵੋਕੇਟ ਘੁੰਮਣ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਜੋ ਵੀ ਵਿਅਕਤੀ ਕਿਸੇ ਵੀ ਅਹੁਦੇ 'ਤੇ ਕਿਉਂ ਨਾ ਹੋਵੇ ਜੇਕਰ ਉਹ ਦੇਸ਼ ਦੀ ਸੁਰੱਖਿਆ ਦੇ ਉਲਟ ਸੇਵਾਵਾਂ ਨਿਭਾਏਗਾ ਤਾਂ ਉਸ ਨੂੰ ਵੀ ਕਾਨੂੰਨ ਮੁਤਾਬਕ ਕੋਰਟਾਂ ਦੀਆਂ ਤਰੀਖਾਂ ਭੁਗਤਨੀਆਂ ਪੈਣਗੀਆਂ। ਉਨ੍ਹਾਂ ਕਿਹਾ ਕਿ ਇਸ ਦੀ ਕ੍ਰਿਮੀਨਲ ਕੰਪਲੇਂਟ ਅੱਜ ਇਲੈਕਸ਼ਨ ਕਮਿਸ਼ਨ ਨੂੰ ਵੀ ਭੇਜੀ ਜਾ ਰਹੀ ਹੈ। ਐਡਵੋਕੇਟ ਘੁੰਮਣ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਏਹੋ ਜਿਹੇ ਲੋਕਾਂ ਤੋਂ ਸੁਚੇਤ ਰਹਿਣ ਅਤੇ ਇਨ੍ਹਾਂ ਖਿਲਾਫ ਬਣਦੀ ਆਵਾਜ਼ ਬੁਲੰਦ ਕਰਨ।

# ਵਿਧਾਇਕ ਗਰੇਵਾਲ ਨੇ ਪਾਣੀ ਸਪਲਾਈ ਲਾਈਨਾਂ ਵਿਛਾਉਣ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ



ਲੁਧਿਆਣਾ, 9 ਮਈ (ਵਿਸ਼ਾਲ ਸ਼ਰਮਾ) : ਨਿਵਾਸੀਆਂ ਨੂੰ ਪੀਣ ਯੋਗ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਨੇ ਵੀਰਵਾਰ ਨੂੰ ਵਾਰਡ ਨੰਬਰ 7 ਦੀ ਜੈਨ ਕਲੋਨੀ ਵਿੱਚ ਪਾਣੀ ਸਪਲਾਈ ਲਾਈਨਾਂ ਵਿਛਾਉਣ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ। ਇਹ ਪ੍ਰੋਜੈਕਟ ਲਗਭਗ 47 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ। ਵਿਧਾਇਕ ਗਰੇਵਾਲ ਨੇ ਦੱਸਿਆ ਕਿ ਇਲਾਕੇ ਦੀਆਂ ਪੁਰਾਣੀਆਂ ਪਾਣੀ ਸਪਲਾਈ ਲਾਈਨਾਂ ਸਮੇਂ ਦੇ ਨਾਲ ਖਰਾਬ ਹੋ ਗਈਆਂ ਸਨ, ਜਿਸ ਕਾਰਨ ਵਸਨੀਕ ਦੂਸ਼ਿਤ ਪਾਣੀ ਸਪਲਾਈ ਬਾਰੇ ਸ਼ਿਕਾਇਤਾਂ ਕਰ ਰਹੇ ਸਨ। ਇਸ ਮੁੱਦੇ ਨੂੰ ਹੱਲ ਕਰਨ ਲਈ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਅਤੇ ਹੁਣ ਇਲਾਕੇ ਵਿੱਚ ਨਵੀਆਂ ਪਾਣੀ ਸਪਲਾਈ ਲਾਈਨਾਂ ਵਿਛਾਈਆਂ ਜਾ ਰਹੀਆਂ ਹਨ। ਵਿਧਾਇਕ ਗਰੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਮੁੱਚੇ ਟਿਕਾਊ ਵਿਕਾਸ ਲਈ ਵਚਨਬੱਧ ਹੈ। ਲੁਧਿਆਣਾ ਪੂਰਬੀ ਹਲਕੇ ਵਿੱਚ ਗੁਣਵੱਤਾ ਵਾਲੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਰੋੜਾਂ ਰੁਪਏ ਦੇ ਪ੍ਰੋਜੈਕਟ ਚੱਲ ਰਹੇ ਹਨ। ਉਹ ਵਸਨੀਕਾਂ ਤੋਂ ਫੀਡਬੈਕ ਵੀ ਲੈ ਰਹੇ ਹਨ ਅਤੇ ਵਸਨੀਕਾਂ ਨੂੰ ਹਰ ਪਹਿਲੂ ਤੋਂ ਰਾਹਤ ਪ੍ਰਦਾਨ ਕਰਨ ਲਈ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਇਸ ਮੌਕੇ ਭੂਸ਼ਨ ਸ਼ਰਮਾ, ਅਸ਼ਵਨੀ ਕੁਮਾਰ, ਲਵਲੀ ਸਰੋਆ, ਹਰਜਿੰਦਰ ਸਿੰਘ,ਮੁਕੇਸ਼ ਕਾਲੀਆ , ਗੁਰਵਿੰਦਰ ਸਿੰਘ,ਕਰਨੈਲ ਸਿੰਘ,ਰੋਮੀ ਜੈਨ, ਰਾਮ ਚੋਪੜਾ,ਪਵਨ ਕੁਮਾਰ, ਸੰਨੀ ਲੰਬਾ ਆਦਿ ਇਲਾਕਾ ਨਿਵਾਸੀ ਸ਼ਾਮਿਲ ਹੋਏ।

# ਗੁਲਜ਼ਾਰ ਸਿੰਘ ਦਾ ਐਸ.ਸੀ. ਕਮਿਸ਼ਨ ਦਾ ਮੈਂਬਰ ਬਣਨ 'ਤੇ ਸਨਮਾਨ



ਪਾਇਲ, 9 ਮਈ (ਨਰਿੰਦਰ ਸ਼ਾਹਪੁਰ) : ਇਥੋਂ ਥੋੜੀ ਦੂਰ ਪਿੰਡ ਲੱਸੋਈ ਵਿਖੇ ਗੁਲਜ਼ਾਰ ਸਿੰਘ ਜੀ ਦਾ ਐਸ.ਸੀ. ਕਮਿਸ਼ਨ ਦੇ ਮੈਂਬਰ ਲੱਗਣ 'ਤੇ ਸ. ਗੁਰਪ੍ਰੀਤ ਸਿੰਘ ਚੋਪੜਾ ਸਟੇਟ ਕੋਆਰਡੀਨੇਟਰ ਦੀ ਅਗਵਾਈ ਵਿੱਚ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਉਨ੍ਹਾਂ ਅਨੁਸੂਚਿਤ ਜਾਤੀ ਕਮਿਸ਼ਨ ਦਾ ਮੈਂਬਰ ਨਿਯੁਕਤ ਹੋਣ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸ. ਗੁਲਜ਼ਾਰ ਸਿੰਘ ਨੇ ਕਿਹਾ ਕਿ ਉਹ ਆਪਣੇ ਦਲਿੱਤ ਸਮਾਜ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਦੀਸ਼ ਸਿੰਘ ਡਾਕਟਰ ਰਾਜ ਸਿੰਘ, ਹਰਦਮ ਸਿੰਘ, ਗੁਰਪ੍ਰੀਤ ਸਿੰਘ ਚੋਪੜਾ, ਗੁਰਮੀਤ ਸਿੰਘ ਲਸੋਈ ਇੰਸਪੈਕਟਰ ਸ਼ੂਗਰ ਮਿੱਲ ਧੂਰੀ, ਸੱਜਣ ਸਿੰਘ ਸਾਬਕਾ ਇੰਸਪੈਕਟਰ ਮਾਰਕੀਟ ਕਮੇਟੀ, ਦਲਜੀਤ ਸਿੰਘ, ਮਨਪ੍ਰੀਤ ਸਿੰਘ, ਕੇਵਲ ਸਿੰਘ ਬਾਠਾਂ, ਸਲਾਮਤ ਅਲੀ, ਬੇਅੰਤ ਸਿੰਘ, ਸ਼ਾਮ ਸਿੰਘ, ਗੁਰਪ੍ਰੀਤ ਸਿੰਘ, ਕਰਮਜੀਤ ਸਿੰਘ, ਚਮਕੌਰ ਸਿੰਘ, ਨਿੱਕਾ ਸਿੰਘ, ਜੀਤ ਸਿੰਘ, ਅਵਤਾਰ ਸਿੰਘ, ਲਵਲੀ ਸ਼ਰਮਾ, ਰਮਨਪ੍ਰੀਤ ਸਿੰਘ ਲਾਡੀ ਬੌਸਰ ਲਸੋਈ, ਆਦਿ ਹਾਜ਼ਰ ਸਨ।

# ਭਾਜਪਾ ਮੇਅਰ ਖ਼ਿਲਾਫ਼ ਸੜਕਾਂ 'ਤੇ ਉਤਰਨ ਲਈ ਕਮਰ ਕੱਸਣ ਲੱਗੀ



ਲੁਧਿਆਣਾ, 9 ਮਈ (ਰਵਿੰਦਰ ਸਿੰਘ ਨਿੱਝਰ) : ਭਾਜਪਾ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਅਤੇ ਸਾਰੇ ਭਾਜਪਾ ਕੌਂਸਲਰਾਂ ਨੇ ਸਥਾਨਕ ਪਾਰਟੀ ਦਫਤਰ ਵਿਖੇ ਇੱਕ ਪ੍ਰੈਸ ਕਾਨਫਰੰਸ ਕਰਕੇ ਲੁਧਿਆਣਾ ਨਗਰ ਨਿਗਮ ਦੀ ਜਨਰਲ ਹਾਊਸ ਮੀਟਿੰਗ ਸਬੰਧੀ ਸਵਾਲ ਉਠਾਏ। ਪ੍ਰੈਸ ਕਾਨਫਰੰਸ ਵਿੱਚ ਧੀਮਾਨ ਨੇ ਕਿਹਾ ਕਿ ਜੇਕਰ ਸਾਰੇ ਫੈਸਲੇ ਮੇਅਰ ਅਤੇ 'ਆਪ' ਵਿਧਾਇਕਾਂ ਨੇ ਲੈਣੇ ਹਨ ਤਾਂ ਇਸ ਸਦਨ ਦੀ ਮੀਟਿੰਗ ਕਿਉਂ ਬੁਲਾਈ ਗਈ ? ਉਨ੍ਹਾਂ ਕਿਹਾ ਕਿ ਪੇਪਰਲੈੱਸ ਬਜਟ ਤਿਆਰ ਕਰਨਾ ਅਤੇ ਰਾਤ 11 ਵਜੇ ਮੋਬਾਈਲ 'ਤੇ ਭੇਜਣਾ ਅਤੇ ਸਵੇਰੇ ਇਸ 'ਤੇ ਚਰਚਾ ਕਰਨਾ ਕਿਵੇਂ ਉਚਿਤ ਹੈ, ਮੀਟਿੰਗ ਨੂੰ ਆਨਲਾਈਨ ਕਰਵਾਉਣਾ ਬਿਹਤਰ ਹੁੰਦਾ। ਭਾਜਪਾ ਆਗੂਆਂ ਨੇ ਬਜਟ ਨੂੰ ਬਿਨਾਂ ਚਰਚਾ ਦੇ ਪਾਸ ਕਰਨ ਦਾ ਵਿਰੋਧ ਕੀਤਾ। ਉਨ੍ਹਾਂ ਦਾ ਕਹਿਣਾ ਹੈ ਕਿ ਮੇਅਰ ਨੇ ਬਜਟ ਬਿਨਾਂ ਚਰਚਾ ਦੇ ਪਾਸ ਕਰ ਦਿੱਤਾ, ਜੋ ਕਿ ਬਿਲਕੁਲ ਗਲਤ ਹੈ। ਵਿਰੋਧੀ ਧਿਰ ਨੂੰ ਨਗਰ ਨਿਗਮ ਸਦਨ ਵਿੱਚ ਬਜਟ 'ਤੇ ਚਰਚਾ ਕਰਨ ਦਾ ਮੌਕਾ ਨਹੀਂ ਮਿਲਿਆ। ਨਗਰ ਨਿਗਮ ਵਿੱਚ ਸਿਰਫ 'ਆਪ' ਵਿਧਾਇਕਾਂ ਦਾ ਕੰਮ ਹੋ ਰਿਹਾ ਹੈ ਅਤੇ ਉਹ ਆਪਣੀ ਮਰਜ਼ੀ ਨਾਲ ਨਗਰ ਨਿਗਮ ਚਲਾ ਰਹੇ ਹਨ। ਭਾਜਪਾ ਵਿਰੋਧੀ ਧਿਰ ਦੀ ਨੇਤਾ ਪੂਨਮ ਰਤੜਾ ਅਤੇ ਡਿਪਟੀ ਲੀਡਰ ਰੋਹਿਤ ਸਿੱਕਾ ਨੇ ਮੇਅਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਮੇਅਰ ਕੋਲ ਸਦਨ ਵਿੱਚ ਬਜਟ 'ਤੇ ਚਰਚਾ ਕਰਨ ਦਾ ਸਮਾਂ ਨਹੀਂ ਹੈ। ਇਹ ਸਪੱਸ਼ਟ ਹੈ ਕਿ ਸ਼ਹਿਰ ਵਿੱਚ ਵਿਕਾਸ ਕਾਰਜ ਉਸਦੀ ਤਰਜੀਹ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹੁਣ ਸ਼ਹਿਰ ਵਿੱਚ ਮੇਅਰ ਵਿਰੁੱਧ ਸੜਕਾਂ 'ਤੇ ਉਤਰੇਗੀ ਅਤੇ ਲੋਕਾਂ ਨੂੰ ਦੱਸੇਗੀ ਕਿ ਮੇਅਰ ਵਿਰੋਧੀ ਕੌਂਸਲਰਾਂ ਦੇ ਕੰਮ ਵਿੱਚ ਕਿਵੇਂ ਮਨਮਾਨੇ ਢੰਗ ਨਾਲ ਦੇਰੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਐਫ ਐਂਡ ਸੀ ਸੀ ਮੀਟਿੰਗ ਵਿੱਚ ਵਿਰੋਧੀ ਕੌਂਸਲਰਾਂ ਦੇ ਕੰਮ ਨੂੰ ਮੇਅਰ ਨੇ ਕੌਂਸਲਰਾਂ ਦੇ ਕੰਮ ਨੂੰ ਲਟਕਾਉਂਦੇ ਹੋਏ ਵਿਧਾਇਕਾਂ ਦੇ ਕੰਮ ਨੂੰ ਤਰਜੀਹ ਦਿੱਤੀ ਹੈ, ਜੋ ਕਿ ਕੌਂਸਲਰਾਂ ਦੇ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ।

# ਨਿਊ ਮਾਧੋਪੁਰੀ 'ਚ ਵਿਧਾਇਕ ਪਰਾਸ਼ਰ ਨੇ ਸਫ਼ਾਈ ਮੁਹਿੰਮ ਦੀ ਅਗਵਾਈ ਕੀਤੀ



ਲੁਧਿਆਣਾ, 9 ਮਈ (ਵਿਸ਼ਾਲ ਸ਼ਰਮਾ) : ਸਫਾਈ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਵੀਰਵਾਰ ਨੂੰ ਨਿਊ ਮਾਧੋਪੁਰੀ ਇਲਾਕੇ (ਵਾਰਡ ਨੰਬਰ 10) ਵਿੱਚ ਚਲਾਈ ਗਈ ਵਿਸ਼ੇਸ਼ ਸਫਾਈ ਮੁਹਿੰਮ ਦੀ ਅਗਵਾਈ ਕੀਤੀ। ਸਫਾਈ ਮੁਹਿੰਮ ਪਿਛਲੇ ਸਮੇਂ ਵਿੱਚ ਸ਼ਹਿਰ ਭਰ ਵਿੱਚ ਚਲਾਈ ਗਈ ਮੈਗਾ ਸਫਾਈ ਮੁਹਿੰਮ ਦਾ ਹਿੱਸਾ ਹੈ। ਕੌਂਸਲਰ ਪ੍ਰਦੀਪ ਸ਼ਰਮਾ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦੇ ਨਾਲ ਵਿਧਾਇਕ ਪਰਾਸ਼ਰ ਨੇ ਨਿਵਾਸੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਣ ਦੀ ਅਪੀਲ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸ਼ਹਿਰ ਵਿੱਚ ਸਫਾਈ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਵਿਧਾਇਕ ਪਰਾਸ਼ਰ ਨੇ ਕਿਹਾ ਕਿ ਹਲਕੇ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਸ਼ੇਸ਼ ਸਫਾਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਸਫਾਈ ਨੂੰ ਯਕੀਨੀ ਬਣਾਉਣ ਲਈ ਹਰ ਕਦਮ ਚੁੱਕਿਆ ਜਾ ਰਿਹਾ ਹੈ। ਵਿਧਾਇਕ ਪਰਾਸ਼ਰ ਨੇ ਅੱਗੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ ਦੁਆਲੇ ਨੂੰ ਸਾਫ਼ ਰੱਖ ਕੇ ਸਫਾਈ ਨੂੰ ਯਕੀਨੀ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਡਾ. ਮਨਮੋਹਨ ਸਿੰਘ ਬਾਰੇ ਪੁਸਤਕ ਤਿੰਨ ਉਪਕੁਲਪਤੀਆਂ ਵੱਲੋਂ ਰਿਲੀਜ਼



ਲੁਧਿਆਣਾ, 9 ਮਈ (ਰਵਿੰਦਰ ਸਿੰਘ ਨਿੱਝਰ) : ਭਾਰਤ ਦੀ ਮਿਸ਼ਰਤ ਅਰਥ ਵਿਵਸਥਾ ਨੂੰ 1990 ਵਿਆਂ ਵਿਚ ਇਕ ਨਵੀਂ ਦਿਸ਼ਾ ਦੇਣ ਵਾਲੇ ਪ੍ਰਮੁੱਖ ਵਿਸ਼ਵ ਪ੍ਰਸਿੱਧ ਅਰਥਸ਼ਾਸ਼ਤਰੀ ਡਾ. ਮਨਮੋਹਨ ਸਿੰਘ ਹੁਰਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਇੱਕ ਕੌਫੀ ਟੇਬਲ ਰੰਗਦਾਰ ਅਤੇ ਬਹੁਮੁੱਲੇ ਸੰਦੇਸ਼ਾਂ, ਲੇਖਾਂ ਨਾਲ ਸਜੱਗ ਪੁਸਤਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਮਾਡਲ ਟਾਉਨ ਐਕਸਟੈਨਸ਼ਨ ਲੁਧਿਆਣਾ ਵਿਖੇ ਡਾ. ਐਸ.ਐਸ. ਜੌਹਲ ਸਾਬਕਾ ਵੀ.ਸੀ. ਸੈਂਟਰਲ ਯੂਨੀਵਰਸਿਟੀ ਬਠਿੰਡਾ, ਡਾ. ਸਤਿਬੀਰ ਸਿੰਘ ਗੋਸਲ, ਵੀ.ਸੀ. ਪੀ.ਏ.ਯੂ. ਲੁਧਿਆਣਾ ਅਤੇ ਡਾ. ਐਸ.ਪੀ. ਸਿੰਘ ਸਾਬਕਾ ਵੀ.ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਰਿਲੀਜ਼ ਕੀਤੀ ਗਈ। ਇਹ ਪੁਸਤਕ ਸ. ਗੁਰਮੀਤ ਸਿੰਘ ਡਾਇਰੈਕਟਰ ਓਵਰਸੀਜ਼ ਅਤੇ ਫਾਊਂਡਰ ਮੈਂਬਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸੰਕਲਿਤ ਤੇ ਸੰਪਾਦਿਤ ਕੀਤੀ ਗਈ ਹੈ ਤੇ ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ।

ਸਮਾਗਮ ਦੀ ਅਰੰਭਤਾ ਸ. ਅਮਰਜੀਤ ਸਿੰਘ ਟੈਕਸਲਾ, ਡਾਇਰੈਕਟਰ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਇੰਸਟੀਚਿਊਟ ਤੇ ਸਾਥੀਆਂ ਵੱਲੋਂ ਸ਼ਬਦ ਗਾਇਣ ਨਾਲ ਹੋਈ। ਸਵਾਗਤੀ ਸ਼ਬਦ ਉਪਰੰਤ ਸ. ਗੁਰਮੀਤ ਸਿੰਘ ਹੁਰਾਂ ਨੇ ਪੁਸਤਕ ਦੀ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਇਸ ਬਹੁਅਕਾਰੀ ਦੋ ਭਾਸ਼ਾਈ ਪੁਸਤਕ ਵਿਚ 51 ਆਰਟੀਕਲ ਅਤੇ ਦੇਸ਼-ਵਿਦੇਸ਼ ਦੇ ਹਰ ਖਿਤੇ ਦੇ ਵਿਅਕਤੀਆਂ ਵਲੋਂ ਦਿੱਤੀਆਂਗਈਆਂ ਸ਼ਰਧਾਂਜਲੀਆਂ ਸ਼ਾਮਲ ਹਨ। ਸ. ਜਤਿੰਦਰਪਾਲ ਸਿੰਘ ਸਾਬਕਾ ਚੇਅਰਮੈਨ ਅਤੇ ਫਾਊਂਡਰ ਮੈਂਬਰ ਸਟੱਡੀ ਸਰਕਲ ਹੁਰਾਂ ਸਭਨਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਘੱਟ ਗਿਣਤੀ ਲੋਕਾਂ ਨੂੰ ਮੁਹਾਰਤ ਹਾਸਲ ਕਰਨ ਵਾਲੇ ਸੱਜਣਾਂ ਦੀ ਕਦਰ ਪਾਉਣ ਦੀ ਪ੍ਰੇਰਨਾ ਕੀਤੀ।

# ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਵਾਲੇ ਅਣਪਛਾਤੇ ਨੌਜਵਾਨ ਖ਼ਿਲਾਫ਼ ਕੇਸ ਦਰਜ

ਮੁੱਲਾਂਪੁਰ ਦਾਖਾ, 9 ਮਈ (ਦਵਿੰਦਰ ਸਿੰਘ ਲੰਮੇਂ) : ਥਾਣਾ ਦਾਖਾ ਦੀ ਪੁਲਿਸ ਨੇ ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਆਪਣੇ ਨਾਲ ਲਿਜਾਣ ਦੇ ਦੋਸ਼ ਤਹਿਤ ਅਣਪਛਾਤੇ ਨੌਜਵਾਨ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਈ. ਸੁਖਵਿੰਦਰ ਸਿੰਘ ਅਨੁਸਾਰ ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਲੜਕੀ ਦੇ ਪਿਤਾ ਨੇ ਦੱਸਿਆ ਕਿ ਉਹ ਸਬਜ਼ੀ ਵੇਚਣ ਦਾ ਕੰਮ ਕਰਦਾ ਹਾਂ ਅਤੇ ਉਸਦੇ ਚਾਰ ਬੱਚੇ ਹਨ, ਜਿਹਨਾਂ ਵਿੱਚੋਂ ਛੋਟੀ ਨਾਬਾਲਿਗ ਲੜਕੀ ਪਿੰਡ ਦੇਤਵਾਲ ਵਿਖੇ ਕੇਅਰ ਟੇਕਰ ਦਾ ਕੰਮ ਕਰਦੀ ਸੀ, ਜਿਹੜੀ ਕਿ ਰੋਜ਼ਾਨਾ 9 ਵਜੇ ਸਵੇਰੇ ਘਰੋਂ ਜਾਂਦੀ ਸੀ ਅਤੇ ਸ਼ਾਮ 7 ਵਜੇ ਘਰ ਵਾਪਸ ਆ ਜਾਂਦੀ ਸੀ। ਪਰ 5 ਮਈ ਨੂੰ ਉਸਦੀ ਲੜਕੀ ਰੋਜ਼ਾਨਾ ਦੀ ਤਰ੍ਹਾਂ ਘਰੋਂ ਗਈ, ਜਿਹੜੀ ਸ਼ਾਮ ਨੂੰ ਘਰ ਵਾਪਸ ਨਹੀਂ ਆਈ। ਲੜਕੀ ਦੇ ਪਿਤਾ ਨੇ ਦੱਸਿਆ ਕਿ ਉਸਨੂੰ ਸ਼ੱਕ ਹੈ ਉਸਦੀ ਨਾਬਾਲਿਗ ਲੜਕੀ ਨੂੰ ਕੋਈ ਅਣਪਛਾਤਾ ਨੌਜਵਾਨ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਆਪਣੇ ਨਾਲ ਲੈ ਗਿਆ ਹੈ।

# ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ



ਲੁਧਿਆਣਾ, 9 ਮਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਬੀਬੀ ਕੰਵਲਜੀਤ ਕੌਰ ਮਸਕੀਨ ਸ਼ਾਹਬਾਦ ਮਾਰਕੰਡਾ ਵਾਲਿਆਂ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਬੀਬੀ ਕਵੰਲਜੀਤ ਕੌਰ ਮਸਕੀਨ ਨੇ ਕਿਹਾ ਕਿ ਮੌਜੂਦਾ ਸਮੇਂ ਅੰਦਰ ਬਾਬਾ ਬੁੱਢਾ ਜੀ ਵੱਲੋਂ ਬਖ਼ਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ ਤਾਂ ਹੀ ਹਰ ਬੱਚਾ ਆਪਣੇ ਅੰਦਰ ਗੁਰਸਿੱਖੀ ਵਾਲਾ ਜਜ਼ਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ । ਇਸ ਦੌਰਾਨ ਉਨ੍ਹਾਂ ਨੇ ਸੰਗਤਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ । ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਇੰਦਰਜੀਤ ਸਿੰਘ ਮਕੱੜ, ਬਲਬੀਰ ਸਿੰਘ ਭਾਟੀਆ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# 20 ਮਈ ਦੀ ਹੜਤਾਲ ਦੀਆਂ ਤਿਆਰੀਆਂ ਜ਼ੋਰਾਂ 'ਤੇ



ਲੁਧਿਆਣਾ, 9 ਮਈ (ਰਵਿੰਦਰ ਸਿੰਘ ਨਿੱਝਰ) : ਜੁਆਇੰਟ ਫਰੰਟ ਆਫ ਟ੍ਰੇਡ ਯੂਨੀਅਨਜ ਲੁਧਿਆਣਾ ਦੀ ਮੀਟਿੰਗ ਅੱਜ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਕਾਮਰੇਡ ਜਤਿੰਦਰ ਪਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਏਟਕ, ਸੀਟੂ, ਇੰਟਕ ਅਤੇ ਸੀਟੀਯੂ ਪੰਜਾਬ ਦੇ ਆਗੂ ਸਾਥੀਆਂ ਨੇ ਹਿੱਸਾ ਲਿਆ। ਇਹ ਮੀਟਿੰਗ ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਐਸੋਸੀਏਸਨਾਂ ਵੱਲੋਂ 20 ਮਈ ਨੂੰ ਦੇਸ਼ ਭਰ ਵਿੱਚ ਆਮ ਹੜਤਾਲ ਨੂੰ ਲੁਧਿਆਣਾ ਵਿਖੇ ਕਾਮਯਾਬ ਕਰਨ ਲਈ ਬੁਲਾਈ ਗਈ ਸੀ।

ਮੀਟਿੰਗ ਦੇ ਸ਼ੁਰੂ ਵਿੱਚ ਪਹਿਲਗਾਮ ਦੇ ਨਿਰਦੋਸ਼ ਨਾਗਰਿਕਾਂ ਦੇ ਕਤਲ ਅਤੇ ਉਸ ਤੋਂ ਬਾਅਦ ਪੁੰਛ ਅਤੇ ਹੋਰ ਇਲਾਕਿਆਂ ਵਿੱਚ ਮਾਰੇ ਗਏ ਨਾਗਰਿਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਨਾਲ ਸ਼ੁਰੂ ਹੋਈ। ਆਗੂ ਸਾਥੀਆਂ ਨੇ ਦੱਸਿਆ ਕਿ ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ 20 ਮਈ ਨੂੰ ਦੇਸ਼ ਭਰ ਵਿੱਚ ਹੋਣ ਵਾਲੀ ਹੜਤਾਲ ਵਿੱਚ ਮਜ਼ਦੂਰਾਂ ਅਤੇ ਮੁਲਾਜ਼ਮਾਂ ਨਾਲ ਸਬੰਧਤ 18 ਮੁੱਦੇ ਹਨ, ਜਿਸ ਦੇ ਵਿੱਚ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਕੋਡ ਬਣਾਉਣ ਅਤੇ ਉਹਨਾਂ ਨੂੰ ਟੇਢੇ ਢੰਗ ਨਾਲ ਲਾਗੂ ਕਰਨ ਦਾ ਮੁੱਦਾ ਸਭ ਤੋਂ ਅਹਿਮ ਹੈ। ਇਹ ਵੀ ਫੈਸਲਾ ਕੀਤਾ ਗਿਆ ਕਿ 20 ਮਈ ਦੀ ਹੜਤਾਲ ਤੋਂ ਪਹਿਲਾਂ 16 ਮਈ ਨੂੰ ਕਨਵੈਂਸਨ ਕਰਕੇ ਹੜਤਾਲ ਲਈ ਲਾਮਬੰਦੀ ਕੀਤੀ ਜਾਵੇਗੀ। ਮੀਟਿੰਗ ਵਿੱਚ ਇੱਕ ਮਤਾ ਪਾਸ ਕਰਕੇ ਕਿਹਾ ਗਿਆ ਕਿ ਕਿਉਂਕਿ ਦੋਨੋਂ ਭਾਰਤ ਤੇ ਪਾਕਿਸਤਾਨ ਪਰਮਾਣੂ ਸੰਪੰਨ ਦੇਸ਼ ਹਨ, ਤੇ ਕਿਸੇ ਵੀ ਸਥਿਤੀ ਵਿੱਚ ਜੇ ਪਰਮਾਣੂ ਹਥਿਆਰ ਵਰਤੇ ਗਏ ਤਾਂ ਫਿਰ ਅੱਤ ਦੀ ਤਬਾਹੀ ਹੋਏਗੀ। ਇੱਕ ਮਤੇ ਰਾਹੀਂ ਸਰਕਾਰ ਅਤੇ ਪ੍ਰਸ਼ਾਸਨ ਤੋਂ ਇਹ ਮੰਗ ਕੀਤੀ ਗਈ ਕਿ ਇਹੋ ਜਿਹੇ ਮਾਹੌਲ ਦੇ ਵਿੱਚ ਜਮਾਖੋਰ ਲੋਕਾਂ ਦੀ ਲੁੱਟ ਕਰਦੇ ਹਨ। ਪ੍ਰਸ਼ਾਸਨ ਜ਼ਰੂਰੀ ਵਸਤਾਂ ਦੀਆਂ ਚਜ਼ਾਂ ਦੀ ਸਪਲਾਈ ਅਤੇ ਉਨਾਂ ਦੀ ਦੀਆਂ ਕੀਮਤਾਂ ਵਿੱਚ ਵਾਧੇ ਤੇ ਕੰਟਰੋਲ ਰੱਖੇ। ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਐਮ ਐਸ ਭਾਟੀਆ, ਜਤਿੰਦਰ ਪਾਲ, ਜਗਦੀਸ਼ ਚੰਦ, ਸਰਬਜੀਤ ਸਿੰਘ ਸਰਹਾਲੀ, ਨਰੇਸ਼ ਗੌੜ, ਵਿਜੇ ਕੁਮਾਰ, ਡੀ ਪੀ ਮੌੜ, ਅਮਰਨਾਥ ਕੂਮ ਕਲਾਂ, ਸਮਰ ਬਹਾਦਰ, ਰਾਮ ਲਾਲ, ਰਮੇਸ਼ ਰਤਨ ਹਾਜ਼ਰ ਸਨ।

# ਨਾਮ ਸਿਮਰਨ ਅਭਿਆਸ ਭਲਕੇ



ਲੁਧਿਆਣਾ, 9 ਮਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ 11 ਜੂਨ ਦਿਨ ਐਤਵਾਰ ਨੂੰ ਰਾਤ 7-30 ਵਜੇ ਤੋਂ 8-30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ: ਮਨਜੀਤ ਸਿੰਘ ਤੇ ਖ਼ਜ਼ਾਨਚੀ ਸ੍ਰ: ਸੁਰਜੀਤ ਸਿੰਘ ਖੁਰਾਣਾ ਨੇ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ ।

# ਕਾਰੋਬਾਰ ਦਾ ਅਧਿਕਾਰ ਐਕਟ ਉਦਯੋਗਿਕ ਵਿਕਾਸ ਨੀਤੀ ਅਧੀਨ ਸਿਧਾਂਤਕ ਪ੍ਰਵਾਨਗੀ ਲਈ ਡੀ.ਬੀ.ਆਈ.ਆਈ.ਪੀ. ਦੀ ਸਮੀਖਿਆ



ਲੁਧਿਆਣਾ, 9 ਮਈ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਪੱਧਰੀ ਕਮੇਟੀ ਦੀ ਇੱਕ ਮੀਟਿੰਗ ਸ਼ੁੱਕਰਵਾਰ ਨੂੰ ਡਿਪਟੀ ਕਮਿਸ਼ਨਰ (ਡੀ.ਸੀ) ਹਿਮਾਂਸ਼ੂ ਜੈਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਲੁਧਿਆਣਾ ਵਿੱਚ ਆਪਣੀਆਂ ਉਦਯੋਗਿਕ ਇਕਾਈਆਂ ਸਥਾਪਤ ਕਰਨ ਲਈ ਸੀ.ਐਲ.ਯੂ.ਈ.ਡੀ.ਸੀ ਛੋਟ ਐਸ. ਜੀ. ਐਸ.ਟੀ ਅਦਾਇਗੀ ਵਰਗੇ ਲਾਭ ਪ੍ਰਦਾਨ ਕਰਨ ਲਈ ਕਾਰੋਬਾਰ ਦਾ ਅਧਿਕਾਰ ਐਕਟ 2020 ਅਧੀਨ ਸਿਧਾਂਤਕ ਪ੍ਰਵਾਨਗੀ ਲਈ ਅਤੇ ਆਈ.ਬੀ.ਡੀ.ਪੀ 2017 ਅਤੇ ਆਈ.ਬੀ.ਡੀ.ਪੀ 2022 ਅਧੀਨ ਸਿਧਾਂਤਕ ਪ੍ਰਵਾਨਗੀ ਲਈ ਕੇਸਾਂ 'ਤੇ ਵਿਚਾਰ ਕੀਤਾ ਗਿਆ।

ਵੇਰਵੇ ਦਿੰਦੇ ਹੋਏ ਡੀ.ਸੀ. ਹਿਮਾਂਸ਼ੂ ਜੈਨ ਨੇ ਦੱਸਿਆ ਕਿ ਨੀਤੀ ਦੀਆਂ ਮੁੱਖ ਪ੍ਰਾਪਤੀਆਂ ਵਿੱਚੋਂ ਇੱਕ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ (ਐਮ.ਐਸ.ਐਮ.ਈ) ਲਈ ਪ੍ਰੋਤਸਾਹਨ ਦੀ ਸਰਲ ਪ੍ਰਵਾਨਗੀ ਪ੍ਰਕਿਰਿਆ ਸੀ। ਸਾਰੇ ਨਵੇਂ ਅਤੇ ਵਿਸਥਾਰ, ਆਧੁਨਿਕੀਕਰਨ ਪ੍ਰੋਜੈਕਟ ਬਿਜ਼ਨਸ ਫਸਟ ਪੋਰਟਲ 'ਤੇ ਅਰਜ਼ੀ ਦੇ ਸਕਦੇ ਹਨ ਅਤੇ ਸਮਾਂਬੱਧ ਢੰਗ ਨਾਲ ਸਾਰੀਆਂ ਰੈਗੂਲੇਟਰੀ ਪ੍ਰਵਾਨਗੀਆਂ ਅਤੇ ਵਿੱਤੀ ਪ੍ਰੋਤਸਾਹਨ ਆਨਲਾਈਨ ਪ੍ਰਾਪਤ ਕਰ ਸਕਦੇ ਹਨ। ਡੀ.ਸੀ. ਨੇ ਇਹ ਵੀ ਖੁਲਾਸਾ ਕੀਤਾ ਕਿ ਕਾਰੋਬਾਰ ਦਾ ਅਧਿਕਾਰ ਐਕਟ ਦੇ ਤਹਿਤ ਸਿਧਾਂਤਕ ਪ੍ਰਵਾਨਗੀ ਅਧੀਨ ਚਾਰ ਮਾਮਲਿਆਂ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਕਾਈਆਂ ਹੁਣ ਨਿਰਮਾਣ ਗਤੀਵਿਧੀ ਸ਼ੁਰੂ ਕਰ ਸਕਦੀਆਂ ਹਨ ਅਤੇ ਪ੍ਰਵਾਨਗੀ ਜਾਰੀ ਹੋਣ ਦੀ ਮਿਤੀ ਤੋਂ 3.5 ਸਾਲਾਂ ਦੇ ਅੰਦਰ ਨਿਯਮਤ ਪ੍ਰਵਾਨਗੀਆਂ ਲੈਣ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ (ਆਈ.ਬੀ.ਡੀ.ਪੀ), 2017 ਦੇ ਤਹਿਤ 14 ਯੂਨਿਟਾਂ ਦੀ ਐਸ.ਜੀ.ਐਸ.ਟੀ ਅਦਾਇਗੀ ਨੂੰ 6.06 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਗਈ ਹੈ। ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ (ਆਈ.ਬੀ.ਡੀ.ਪੀ), 2022 ਦੇ ਤਹਿਤ 1 ਯੂਨਿਟ ਨੂੰ 74,38,734/- ਰੁਪਏ ਦੀ ਸੀ.ਐਲ.ਯੂ/ਈ.ਡੀ.ਸੀ ਛੋਟ ਦਿੱਤੀ ਗਈ ਹੈ। ਡੀ.ਸੀ ਨੇ ਅੱਗੇ ਦੱਸਿਆ ਕਿ ਇਹ ਨੀਤੀ ਯਕੀਨੀ ਤੌਰ 'ਤੇ ਉਦਯੋਗ ਦਾ ਮਨੋਬਲ ਵਧਾਏਗੀ ਕਿਉਂਕਿ ਹੋਰ ਉਦਯੋਗ ਇਸ ਯੋਜਨਾ ਦੇ ਲਾਭ ਪ੍ਰਾਪਤ ਕਰਨ ਲਈ ਅੱਗੇ ਆਉਣਗੇ। ਨੀਤੀ ਦੇ ਕਈ ਫਾਇਦੇ ਹਨ ਕਿਉਂਕਿ ਵੱਡੇ ਵਿੱਤੀ ਲਾਭਾਂ ਤੋਂ ਇਲਾਵਾ ਵਿਭਾਗਾਂ ਦੇ ਉੱਚ ਅਧਿਕਾਰੀਆਂ ਦੁਆਰਾ ਸਮੇਂ ਸਿਰ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਪ੍ਰਵਾਨਗੀਆਂ ਲਈ ਅਰਜ਼ੀਆਂ ਦੀ ਨਿਗਰਾਨੀ ਕੀਤੀ ਜਾਂਦੀ ਹੈ। ਮੀਟਿੰਗ ਦੌਰਾਨ ਡੀ. ਬੀ. ਆਈ.ਆਈ.ਪੀ ਲੁਧਿਆਣਾ ਦੀ ਸਮੀਖਿਆ ਵੀ ਕੀਤੀ ਗਈ ਅਤੇ ਵਿਭਾਗਾਂ ਜਿਵੇਂ ਕਿ ਡੀ.ਆਰ.ਓ, ਪੀ.ਪੀ.ਸੀ.ਬੀ, ਐਮ.ਸੀ ਲੁਧਿਆਣਾ, ਲੇਬਰ, ਫੈਕਟਰੀਆਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਲੰਬਿਤ ਮਾਮਲਿਆਂ ਨੂੰ ਨਿਪਟਾਉਣ ਦੇ ਨਿਰਦੇਸ਼ ਦਿੱਤੇ ਗਏ ਤਾਂ ਜੋ ਪੰਜਾਬ ਸਰਕਾਰ ਦੇ ਕਾਰੋਬਾਰ ਕਰਨ ਵਿੱਚ ਆਸਾਨੀ ਦੇ ਦ੍ਰਿਸ਼ਟੀਕੋਣ ਨੂੰ ਸੁਵਿਧਾਜਨਕ ਬਣਾਇਆ ਜਾ ਸਕੇ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਵੱਲੋਂ ਅੱਜ ਲੱਗਣ ਵਾਲੀ ਕੌਮੀ ਲੋਕ ਅਦਾਲਤ ਮੁਲਤਵੀ



ਲੁਧਿਆਣਾ, 9 ਮਈ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਮੈਂਬਰ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਲੁਧਿਆਣਾ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਭਲਕੇ 10 ਮਈ, 2025 ਨੂੰ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਉਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਮੁਲਤਵੀ ਕਰ ਦਿੱਤੀ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਭਾਰਤ-ਪਾਕਿਸਤਾਨ ਸਰਹੱਦ 'ਤੇ ਵਧਦੇ ਤਣਾਅ ਅਤੇ ਜੰਗ ਵਰਗੀ ਸਥਿਤੀ ਦੇ ਮੱਦੇਨਜ਼ਰ 10 ਮਈ 2025 ਨੂੰ ਨਿਰਧਾਰਤ ਦੂਜੀ ਰਾਸ਼ਟਰੀ ਲੋਕ ਅਦਾਲਤ ਨੂੰ ਮੁਲਤਵੀ ਕਰਨ ਦਾ ਫੈਸਲਾ ਲਿਆ ਗਿਆ ਹੈ।

# ਕੁੱਟਮਾਰ ਦੇ ਦੋਸ਼ ਤਹਿਤ 3 ਵਿਅਕਤੀਆਂ ਖ਼ਿਲਾਫ਼ ਕੇਸ ਦਰਜ

ਮੁੱਲਾਂਪੁਰ ਦਾਖਾ, 9 ਮਈ (ਦਵਿੰਦਰ ਸਿੰਘ ਲੰਮੇਂ) : ਥਾਣਾ ਦਾਖਾ ਦੀ ਪੁਲਿਸ ਨੇ ਕੁੱਟਮਾਰ ਕਰਨ ਦੇ ਦੋਸ਼ ਤਹਿਤ 3 ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕੇਸ ਦੀ ਪੜਤਾਲ ਕਰ ਰਹੇ ਏ. ਐਸ. ਆਈ. ਗੁਰਮੀਤ ਸਿੰਘ ਅਨੁਸਾਰ ਰਵੀ ਕੁਮਾਰ ਪੁੱਤਰ ਨਰੇਸ਼ ਕੁਮਾਰ ਵਾਸੀ ਪਿੰਡ ਇਯਾਲੀ ਖੁਰਦ ਹਾਲ ਵਾਸੀ ਬੀਰਮੀ ਕਲਾਂ ਨੇ ਦਰਜ ਕਰਵਾਏ ਬਿਆਨਾਂ ਵਿੱਚ ਦੱਸਿਆ ਕਿ ਮੈਂ ਠੇਕੇਦਾਰੀ ਦਾ ਕੰਮ ਕਰਦਾ ਹਾਂ ਅਤੇ ਆਪਣੀ ਲੇਬਰ ਅਤੇ ਮਸ਼ੀਨਰੀ ਨਾਲ ਪ੍ਰਣਵ ਚੱਢਾ ਵਾਸੀ ਲੁਧਿਆਣਾ ਦੇ ਫਿਰੋਜ਼ਪੁਰ-ਲੁਧਿਆਣਾ ਰੋਡ ਸਥਿਤ ਪਲਾਟ ਵਿੱਚ ਉਸਾਰੀ ਦਾ ਕੰਮ ਕਰ ਰਿਹਾ ਸੀ। ਇਸ ਪਲਾਟ ਦੀ ਚਾਰ ਦੀਵਾਰੀ ਦੇ ਅੰਦਰ ਇੱਕ ਪਾਸੇ ਆਰਜ਼ੀ ਬਣੇ ਕਮਰੇ ਵਿੱਚ ਮੇਰੀ ਲੇਬਰ ਰਹਿੰਦੀ ਹੈ। ਉਸਨੇ ਦੱਸਿਆ ਕਿ 4 ਮਈ ਰਾਤ ਕਰੀਬ 9 ਵਜੇ ਲਖਵੀਰ ਸਿੰਘ ਉਰਫ ਲੱਖਾ ਵਾਸੀ ਪਿੰਡ ਬੜੈਚ ਆਪਣੇ ਸਾਥੀ ਗੁਰਦਰਸ਼ਨ ਸਿੰਘ ਵਾਸੀ ਰੁੜਕਾ ਅਤੇ ਕੁੱਝ ਅਣਪਛਾਤੇ ਵਿਅਕਤੀਆਂ ਨਾਲ ਇੱਕ ਚਿੱਟੇ ਰੰਗ ਦੀ ਸਵਿਫਟ ਗੱਡੀ ਵਿੱਚ ਆਏ ਅਤੇ ਪਲਾਟ ਅੰਦਰ ਵੜ ਕੇ ਲੇਬਰ ਦੀ ਕੁੱਟਮਾਰ ਕੀਤੀ। ਦਾਖਾ ਪੁਲਿਸ ਨੇ ਬਿਆਨਾਂ ਦੇ ਆਧਾਰ 'ਤੇ ਲਖਵੀਰ ਸਿੰਘ ਉਰਫ ਲੱਖਾ ਵਾਸੀ ਪਿੰਡ ਬੜੈਚ, ਗੁਰਦਰਸ਼ਨ ਸਿੰਘ ਵਾਸੀ ਰੁੜਕਾ, ਨਵਨੀਤ ਅਗਰਵਾਲ ਵਾਸੀ ਲੁਧਿਆਣਾ ਖਿਲਾਫ ਕੇਸ ਦਰਜ ਕਰ ਲਿਆ ਹੈ।

# ਖੁਰਾਣਾ ਬਣੇ ਲੁਧਿਆਣਾ ਸਕਰੈਪ ਟ੍ਰੇਡਰਜ਼ ਐਸੋਸੀਏਸ਼ਨ ਦੇ ਪ੍ਰਧਾਨ



ਲੁਧਿਆਣਾ, 9 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਸਕਰੈਪ ਟਰੇਡਰਜ਼ ਐਸੋਸੀਏਸ਼ਨ ਦੀ ਇੱਕ ਮੀਟਿੰਗ ਪ੍ਰਧਾਨ ਜਰਨੈਲ ਸਿੰਘ ਬੰਟੂ ਖੇੜਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਕਾਰੋਬਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਉੱਥੇ ਆਉਣ ਵਾਲੇ ਸਮੇਂ ਦੌਰਾਨ ਕੀਤੇ ਜਾਣ ਵਾਲੇ ਕਾਰਜਾਂ ਦੀ ਰੂਪ ਰੇਖਾ ਵੀ ਤਿਆਰ ਕੀਤੀ ਗਈ।

ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਐਸੋਸੀਏਸ਼ਨ ਦੀ ਬੇਹਤਰੀ ਲਈ ਕੀਤੇ ਜਾ ਰਹੇ ਕੰਮਾਂ ਨੂੰ ਮੁੱਖ ਰੱਖਦੇ ਹੋਏ ਜਿੱਥੇ ਜਰਨੈਲ ਸਿੰਘ ਖੇੜਾ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਨਮਾਨ ਕੀਤਾ ਗਿਆ ਅਤੇ ਜਤਿੰਦਰਪਾਲ ਸਿੰਘ ਖੁਰਾਣਾ ਨੂੰ ਐਸੋਸੀਏਸ਼ਨ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਮੌਕੇ ਪ੍ਰਭਜੋਤ ਸਿੰਘ ਰਾਜੂ ਕਾਲੜਾ, ਜਤਿੰਦਰ ਸਿੰਘ ਬੌਬੀ, ਮਨਜਿੰਦਰ ਸਿੰਘ ਚਾਵਲਾ, ਕੰਵਲਜੀਤ ਸਿੰਘ ਚੁੱਘ, ਮਨੋਜ ਕੁਮਾਰ, ਹਰਮੀਤ ਸਿੰਘ ਡੰਗ, ਰਾਜ ਕੁਮਾਰ ਦੁਆ, ਦਲੀਪ ਸਿੰਘ ਖੁਰਾਣਾ, ਪ੍ਰਿਤਪਾਲ ਸਿੰਘ ਡੰਗ, ਗੁਰਪ੍ਰੀਤ ਸਿੰਘ ਚੁੱਘ, ਰਾਜਾ ਉੱਭੀ, ਸੰਨੀ ਬੱਤਰਾ, ਗੁਰਜੋਤ ਸਿੰਘ ਬੱਤਰਾ, ਵਿੱਕੀ ਜੈਸਵਾਲ, ਗਗਨ ਅਰੋੜਾ, ਸੋਨੀ ਡੰਗ, ਤਰਨਦੀਪ ਸਿੰਘ ਅਰੋੜਾ ਵੀ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੁਲਿਸ ਵੱਲੋਂ ਨਸ਼ਾ ਤਸਕਰ ਦਾ ਐਨਕਾਊਂਟਰ, ਤਸਕਰ ਦੀ ਮੌਤ



ਜਗਰਾਓਂ, 9 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਫਿਰੋਜ਼ਪੁਰ ਐਂਟੀ ਨਾਰਕੋਟਿਕ ਟਾਸਕ ਫੋਰਸ ਵੱਲੋਂ ਅੱਜ ਜਗਰਾਓਂ-ਲੁਧਿਆਣਾ ਰੋਡ 'ਤੇ ਇਲਾਕੇ ਦੇ ਮਸ਼ਹੂਰ ਨਸ਼ਾ ਤਸਕਰ ਦਾ ਐਨਕਾਊਂਟਰ ਕਰਕੇ ਉਸਨੂੰ ਢੇਰ ਕਰ ਦਿੱਤਾ ਗਿਆ। ਜਦਕਿ ਮ੍ਰਿਤਕ ਤਸਕਰ ਦਾ ਦੂਜਾ ਸਾਥੀ ਪੁਲਿਸ ਨੂੰ ਚਕਮਾ ਦੇ ਕੇ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ। ਮ੍ਰਿਤਕ ਨਸ਼ਾ ਤਸਕਰ ਦੀ ਪਛਾਣ ਰਾਜ ਕੁਮਾਰ ਪਿੰਡ ਖੁਰਸ਼ੈਦਪੁਰ ਥਾਣਾ ਸਿੱਧਵਾਂ ਬੇਟ ਵਜੋਂ ਹੋਈ ਹੈ। ਪੁਲਿਸ ਨੇ ਰਾਜ ਕੁਮਾਰ ਦੀ ਲਾਸ਼ ਪੋਸਟਮਾਰਟਮ ਲਈ ਜਗਰਾਓਂ ਦੇ ਸਿਵਲ ਹਸਪਤਾਲ 'ਚ ਭੇਜ ਦਿੱਤੀ ਹੈ।

ਪੁਲਿਸ ਅਨੁਸਾਰ ਮੌਕੇ ਤੋਂ ਲਗਭਗ 2 ਕਿਲੋ ਹੈਰੋਇਨ, ਇੱਕ ਲੋਡ ਕੀਤੀ ਪਿਸਤੌਲ ਅਤੇ ਇੱਕ ਸੁਇਫਟ ਕਾਰ ਬਰਾਮਦ ਹੋਈ ਹੈ। ਲੁਧਿਆਣਾ ਰੇਂਜ ਦੀ ਡੀ. ਆਈ.ਜੀ. ਨਿਲਾਂਬਰੀ ਵਿਜੈ ਜਗਦਲੇ ਨੇ ਦੱਸਿਆ ਕਿ ਫਿਰੋਜ਼ਪੁਰ ਐਂਟੀ ਨਾਰਕੋਟਿਕ ਟਾਸਕ ਫੋਰਸ ਨੂੰ ਸੂਚਨਾ ਮਿਲੀ ਸੀ ਕਿ ਰਾਜ ਕੁਮਾਰ ਆਪਣੇ ਸਾਥੀ ਧਮਿੰਦਰ ਸਿੰਘ ਵਾਸੀ ਪਿੰਡ ਸਲੇਮਪੁਰਾ ਟਿੱਬਾ ਨਾਲ ਮਿਲ ਕੇ ਵੱਡੀ ਮਾਤਰਾ ਵਿੱਚ ਹੈਰੋਇਨ ਵੇਚਣ ਵਾਲੇ ਨੇ। ਫਿਰੋਜ਼ਪੁਰ ਦੀ ਟਾਸਕ ਫੋਰਸ ਨੇ ਗਾਹਕ ਬਣ ਕੇ ਇਨ੍ਹਾਂ ਨਾਲ ਫੋਨ 'ਤੇ ਸੰਪਰਕ ਕੀਤਾ। ਨਸ਼ਾ ਤਸਕਰ ਉਨ੍ਹਾਂ ਨੂੰ ਜਗਰਾਓਂ ਤੋਂ ਲੁਧਿਆਣਾ ਰੋਡ 'ਤੇ ਸਥਿਤ ਦਾਣਾ ਮੰਡੀ ਨੇੜੇ ਲੈ ਆਏ। ਜਦ ਪੁਲਿਸ ਕਰਮਚਾਰੀ ਨੇ ਲੱਖਾਂ ਰੁਪਏ ਧਮਿੰਦਰ ਅੱਗੇ ਰੱਖੇ ਤਾਂ ਉਸਨੂੰ ਸ਼ੱਕ ਹੋ ਗਿਆ। ਉਹ ਪੈਸੇ ਲੁੱਟ ਕੇ ਭੱਜਣ ਲੱਗੇ। ਪੁਲਿਸ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਇੱਕ ਤਸਕਰ ਨੇ ਪੁਲਿਸ 'ਤੇ ਗੋਲੀ ਚਲਾਈ ਜੋ ਗੱਡੀ ਦੇ ਅੱਗੇ ਵਾਲੇ ਸੀਸਾ ਨੂੰ ਤੋੜਦੀ ਹੋਈ ਗੀਅਰਬਾਕਸ ਵਿੱਚ ਵੱਜੀ ਤੇ ਜਵਾਬੀ ਗੋਲੀਬਾਰੀ ਵਿੱਚ ਰਾਜ ਕੁਮਾਰ ਦੀ ਛਾਤੀ ਵਿੱਚ ਗੋਲੀ ਲੱਗੀ ਤੇ ਉਹ ਢੇਰ ਹੋ ਗਿਆ। ਪੁਲਿਸ ਨੇ ਉਸਨੂੰ ਜਗਰਾਓਂ ਦੇ ਸਿਵਲ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤ ਘੋਸ਼ਿਤ ਕਰ ਦਿੱਤਾ। ਡੀ.ਆਈ.ਜੀ. ਨਿਲਾਂਬਰੀ ਵਿਜੈ ਜਗਦਲੇ ਨੇ ਕਿਹਾ ਕਿ ਦੋਵੇਂ ਤਸਕਰ ਇਲਾਕੇ ਦੇ ਵੱਡੇ ਨਸ਼ਾ ਸਮੱਗਲਰ ਸਨ ਅਤੇ ਇਹ ਨਸ਼ੇ ਦਾ ਵਿਆਪਾਰ ਵੱਡੀ ਪੈਮਾਨੇ 'ਤੇ ਕਰ ਰਹੇ ਸਨ। ਉਨ੍ਹਾਂ ਸਾਫ ਕਿਹਾ ਕਿ ਜੇਹੜਾ ਵੀ ਨਸ਼ਾ ਵੇਚੇਗਾ, ਉਸਦਾ ਅੰਜਾਮ ਐਹੋ ਜਿਹਾ ਹੋਵੇਗਾ।

ਡੀ.ਆਈ.ਜੀ. ਨੇ ਦੱਸਿਆ ਕੀ ਮ੍ਰਿਤਕ ਰਾਜ ਕੁਮਾਰ 'ਤੇ ਪਹਿਲਾਂ ਤੋਂ ਹੀ ਸਨ ਦਰਜਨਾਂ ਕੇਸ ਰਾਜ ਕੁਮਾਰ, ਜੋ ਅੱਜ ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ, ਇਲਾਕੇ ਦਾ ਜਾਣਿਆ-ਮਾਣਿਆ ਨਸ਼ਾ ਤਸਕਰ ਸੀ। ਉਸ 'ਤੇ ਸਿੱਧਵਾ ਬੇਟ ਅਤੇ ਨੇੜਲੇ ਜ਼ਿਲ੍ਹਿਆਂ ਵਿੱਚ ਨਸ਼ਾ ਤਸਕਰੀ ਦੇ ਕਈ ਕੇਸ ਦਰਜ ਸਨ। ਜਾਣਕਾਰੀ ਮੁਤਾਬਕ ਉਹ ਹਾਲ ਹੀ 'ਚ ਨਸ਼ਾ ਤਸਕਰੀ ਦੇ ਕੇਸ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਇਆ ਸੀ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਵਿਖੇ ਬ੍ਰਹਮ ਬੂੰਗਾ ਦੋਦੜਾ ਦੀਆਂ ਸੰਗਤਾਂ ਵੱਲੋਂ ਕੀਰਤਨ ਸਮਾਗਮ ਅੱਜ ਅਤੇ ਕੱਲ੍ਹ : ਬੈਨੀਪਾਲ



ਲੁਧਿਆਣਾ, 9 ਮਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ-1, ਲੁਧਿਆਣਾ ਵਿਖੇ ਸਿਮਰਨ ਅਤੇ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਬ੍ਰਹਮ ਬੁੰਗਾ ਦੀਆਂ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਕਰਵਾਏ ਜਾ ਰਹੇ ਹਨ। ਜਿਨ੍ਹਾਂ ਵਿੱਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਇਹ ਸਮਾਗਮ ਸ਼ਨੀਵਾਰ 10 ਮਈ ਨੂੰ ਬ੍ਰਹਮ ਬੁੰਗਾ ਦੋਦੜਾ ਸਾਹਿਬ ਦੀਆਂ ਸੰਗਤਾਂ ਵੱਲੋਂ ਸ਼ੁਰੂ ਹੋ ਜਾਵੇਗਾ ਅਤੇ 11 ਮਈ ਦਿਨ ਐਤਵਾਰ ਨੂੰ ਰਾਤ 10 ਵਜੇ ਤੱਕ ਚੱਲੇਗਾ। ਜਿਸ ਵਿੱਚ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋ ਜਾਣਗੇ, ਜਿਸ ਵਿੱਚ ਆਸਾ ਜੀ ਦੀ ਵਾਰ ਦੇ ਕੀਰਤਨ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਜੀ, ਗਗਨਦੀਪ ਸਿੰਘ ਅਤੇ ਅਮਨਦੀਪ ਸਿੰਘ ਦਾ ਕੀਰਤਨੀ ਜੱਥਾ ਸੰਗਤਾਂ ਨੂੰ ਸ੍ਰਵਨ ਕਰਵਾਉਣਗੇ ।

ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਜਾਣਗੇ ਅਤੇ ਬਾਅਦ ਵਿੱਚ ਦੋਦੜਾ ਸਾਹਿਬ ਦੀਆਂ ਸੰਗਤਾਂ ਵੱਲੋਂ ਸਿਮਰਨ, ਗੁਰਮੰਤਰ, ਗੁਰਬਾਣੀ ਵਿਚਾਰ, ਰਹਿਰਾਸ ਸਾਹਿਬ, ਗੁਰਬਾਣੀ ਕੀਰਤਨ ਸੰਗਤਾਂ ਨੂੰ ਸ੍ਰਵਨ ਕਰਵਾਏ ਜਾਣਗੇ ਅਤੇ ਐਤਵਾਰ ਸ਼ਾਮ ਨੂੰ ਅੰਮ੍ਰਿਤ ਸੰਚਾਰ ਵੀ ਕਰਵਾਏ ਜਾਣਗੇ। ਇਹ ਸਾਰਾ ਸਮਾਗਮ ਸੰਗਤਾਂ ਵੱਲੋਂ ਸੰਗਤੀ ਰੂਪ ਵਿੱਚ ਕੀਤੇ ਜਾਣਗੇ। ਪੂਰਾ ਦਿਨ ਗੁਰੂ ਕਾ ਲੰਗਰ ਅਤੇ ਚਾਹ ਦੇ ਲੰਗਰ ਅਤੁੱਟ ਵਰਤਾਏ ਜਾਣਗੇ । ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਵਾਸਤੇ ਰਾਤ ਨੂੰ ਰਹਿਣ ਦਾ ਇੰਤਜ਼ਾਮ ਵੀ ਕੀਤਾ ਗਿਆ ਹੈ ਤਾਂ ਕਿ ਦੇਸ਼ਾਂ ਵਿਦੇਸ਼ਾਂ ਤੋਂ ਆਈਆਂ ਸੰਗਤਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਲ ਨਾ ਆਵੇ। ਮੀਟਿੰਗ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ ਆਦਿ ਹਾਜ਼ਰ ਸਨ।

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦੱਖਣ ਏਸ਼ੀਆ ਖ਼ਿੱਤੇ 'ਚ ਸੁੱਖ-ਸ਼ਾਂਤੀ ਲਈ ਅਰਦਾਸ

## ☛ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੁਦ ਕੀਤੀ ਅਰਦਾਸ



ਸ੍ਰੀ ਅਨੰਦਪੁਰ ਸਾਹਿਬ, 9 ਮਈ (ਤਰਲੋਚਨ ਸਿੰਘ): ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੱਖਣ ਏਸ਼ੀਆ ਵਿੱਚ ਬਣ ਰਹੇ ਮੌਜੂਦਾ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਅੱਜ ਸੁੱਖ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੁਦ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਬੇਨਤੀ ਕੀਤੀ ਕਿ ਦੱਖਣ ਏਸ਼ੀਆ ਦੇ ਖ਼ਿੱਤੇ ਵਿੱਚ ਸੁੱਖ ਸ਼ਾਂਤੀ ਕਾਇਮ ਰਹੇ ਅਤੇ ਜੋ ਜੰਗ ਵਰਗੇ ਹਾਲਾਤ ਬਣ ਰਹੇ ਹਨ ਉਹ ਟਲਣ ਤੇ ਜੰਗ ਨਾ ਲੱਗੇ। ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕੀਤੀ ਗਈ ਕਿ ਉਹ ਰਹਿਮਤ ਕਰਦਿਆਂ ਸਮੁੱਚੇ ਸੰਸਾਰ ਦੇ ਅੰਦਰ ਵੱਸਣ ਵਾਲੀ ਮਨੁੱਖਤਾ ਤੇ ਜੀਵ ਜੰਤੂਆਂ ਦੀ ਰੱਖਿਆ ਅਤੇ ਕਲਿਆਣ ਕਰਨ। ਦੱਖਣੀ ਏਸ਼ੀਆ ਖ਼ਿੱਤੇ ਵਿੱਚ ਆਪਸੀ ਪ੍ਰੇਮ, ਪਿਆਰ, ਇਤਫ਼ਾਕ ਤੇ ਸੁੱਖ ਸ਼ਾਂਤੀ ਵਧੇ। ਇਸ ਮੌਕੇ ਅਰਦਾਸ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਫ਼ਸੀਲ ਦੇ ਸਨਮੁਖ ਗੁਰਬਾਣੀ ਦਾ ਜਾਪ ਕੀਤਾ ਗਿਆ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਡਾ. ਦਲਜੀਤ ਸਿੰਘ ਭਿੰਡਰ, ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਪੰਜ ਪਿਆਰੇ ਸਾਹਿਬਾਨ, ਤਖ਼ਤ ਸਾਹਿਬ ਦੇ ਮੈਨੇਜਰ ਸ. ਮਲਕੀਤ ਸਿੰਘ, ਐਡੀਸ਼ਨਲ ਮੈਨੇਜਰ ਸ. ਹਰਦੇਵ ਸਿੰਘ, ਹਰਪ੍ਰੀਤ ਸਿੰਘ ਸੂਚਨਾ ਅਫਸਰ, ਸੁਖਬੀਰ ਸਿੰਘ ਜਿੰਦੜੀ, ਦਵਿੰਦਰ ਸਿੰਘ ਸੂਰੇਵਾਲ, ਸੁਖਬੀਰ ਸਿੰਘ ਕਲਵਾਂ, ਜਗਨੰਦਨ ਸਿੰਘ ਸੰਧੂ ਸਮੇਤ ਸਮੂਹ ਸਟਾਫ਼ ਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ।

# 21 ਤੋਂ ਪਹਿਲਾਂ ਹਰਿਆਣਾ ਨੂੰ ਇੱਕ ਵੀ ਬੂੰਦ ਵਾਧੂ ਪਾਣੀ ਦੇਣਾ ਸੰਭਵ ਨਹੀਂ : ਮੁੱਖ ਮੰਤਰੀ

ਨੰਗਲ, 9 ਮਈ (ਚ.ਨ.ਸ): ਬੀ.ਬੀ.ਐਮ.ਬੀ. ਦੇ ਸਤਲੁਜ ਸਦਨ ਨੰਗਲ ਤੇ ਬਾਹਰ ਸਿੱਖਿਆ ਮੰਤਰੀ ਪੰਜਾਬ ਵੱਲੋਂ ਚੇਅਰਮੈਨ ਬੀ.ਬੀ.ਐਮ.ਬੀ. ਦੇ ਖ਼ਿਲਾਫ ਲਗਾਏ ਗਏ ਧਰਨੇ ਨੂੰ ਸੰਬੋਧਨ ਕਰਨ ਲਈ ਅੱਜ ਖ਼ੁਦ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਪਹੁੰਚੇ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਜੋ ਚਾਹੇ ਕਰ ਸਕਦਾ ਹੈ ਪਰ 21 ਮਈ ਤੋਂ ਪਹਿਲਾਂ ਉਸਨੂੰ ਇਕ ਵੀ ਬੂੰਦ ਵਾਧੂ ਪਾਣੀ ਨਹੀਂ ਦਿੱਤਾ ਜਾਵੇਗਾ। ਜਦੋਂ ਕਿ ਅੱਜ ਵੀ ਮਾਨਵਤਾ ਦੇ ਆਧਾਰ 'ਤੇ ਪੀਣ ਲਈ ਪਾਣੀ ਹਰਿਆਣਾ ਨੂੰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀ. ਬੀ. ਐਮ.ਬੀ. ਦਾ ਚੇਅਰਮੈਨ ਕੌਣ ਹੈ? ਪੰਜਾਬ ਜੋ ਨੰਗਲ ਡੈਮ ਤੋਂ ਪਾਣੀ ਛੱਡਣ ਦਾ ਫੈਸਲਾ ਲੈਂਦਾ ਹੈ ਅਤੇ ਬੀ. ਬੀ. ਐਮ.ਬੀ. ਵਿਚ 60 ਪ੍ਰਤੀਸ਼ਤ ਹਿੱਸੇਦਾਰ ਹੈ ਅਤੇ ਪੰਜਾਬ ਸਾਰੇ ਬੀ.ਬੀ.ਐਮ.ਬੀ. ਅਧਿਕਾਰੀਆਂ ਦੀ ਤਨਖਾਹ ਦਾ 60 ਪ੍ਰਤੀਸ਼ਤ ਅਦਾ ਕਰਦਾ ਹੈ ਪਰ ਇਸ ਦੇ ਬਾਵਜੂਦ ਬੀ.ਬੀ.ਐਮ.ਬੀ. ਚੇਅਰਮੈਨ ਅਤੇ ਪ੍ਰਸ਼ਾਸਨ ਕੇਂਦਰ ਦੇ ਇਸ਼ਾਰੇ 'ਤੇ ਪੰਜਾਬ ਦੇ ਵਿਰੁੱਧ ਹੀ ਕੰਮ ਕਰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਜ਼ੇਦਾਰ ਗੱਲ ਇਹ ਹੈ ਕਿ ਬੀ.ਬੀ.ਐਮ.ਬੀ. ਮੈਨੇਜਮੈਂਟ ਨੂੰ ਪਾਣੀ ਦੇ ਮੁੱਦੇ 'ਤੇ ਪੰਜਾਬ ਸਰਕਾਰ ਵਿਰੁੱਧ ਰੱਖੇ ਗਏ ਵਕੀਲਾਂ ਦੀ ਫ਼ੀਸ ਦਾ 60 ਪ੍ਰਤੀਸ਼ਤ ਪੰਜਾਬ ਸਰਕਾਰ ਨੂੰ ਦੇਣਾ ਪੈਂਦਾ ਹੈ। ਇਸਦਾ ਮਤਲਬ ਹੈ ਕਿ ਅਸੀਂ ਫੀਸਾਂ ਭਰ ਰਹੇ ਹਾਂ ਅਤੇ ਵਕੀਲ ਸਾਡੇ ਵਿਰੁੱਧ ਕੇਸ ਲੜ ਰਿਹਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਅੱਜ ਜਦੋਂ ਸਮੁੱਚਾ ਦੇਸ਼ ਪਾਕਿਸਤਾਨ ਨਾਲ ਸਰਹੱਦਾਂ 'ਤੇ ਲੜਾਈ ਲੜ ਰਿਹਾ ਹੋਵੇ ਤਾਂ ਹਨੇਰੇ ਦਾ ਫਾਇਦਾ ਉਠਾਉਂਦਿਆਂ ਚੇਅਰਮੈਨ ਬੀ. ਬੀ. ਐਮ.ਬੀ. ਵਲੋਂ ਗੁਪਤ ਰੂਪ ਵਿੱਚ ਨੰਗਲ ਡੈਮ ਤੋਂ ਪਾਣੀ ਛੱਡਣ ਦਾ ਕੋਝਾ ਯਤਨ ਕੀਤਾ ਗਿਆ, ਜਿਸ ਨੂੰ ਸਹਿਣ ਨਹੀਂ ਕੀਤਾ।

# ਹਰਿਮੰਦਰ ਸਾਹਿਬ 'ਚ ਸੰਨ 1971 ਦੀ ਜੰਗ ਮਗਰੋਂ 54 ਸਾਲਾਂ ਬਾਅਦ ਰਾਤ ਵੇਲੇ ਬੰਦ ਹੋਈਆਂ ਲਾਈਟਾਂ

ਅੰਮ੍ਰਿਤਸਰ, 9 ਮਈ (ਚ.ਨ.ਸ): ਸੰਨ 1971 ਵਿੱਚ ਹੋਈ ਜੰਗ ਮਗਰੋਂ ਲਗਭਗ 54 ਸਾਲਾਂ ਬਾਅਦ ਬੀਤੀ ਰਾਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੈਂਪਸ ਦੀਆਂ ਲਾਈਟਾਂ ਬੰਦ ਕੀਤੀਆਂ ਗਈਆਂ। ਭਾਰਤ ਤੇ ਪਾਕਿਸਤਾਨ ਵਿਚਾਲੇ ਬਣੇ ਤਣਾਅ ਵਾਲੇ ਮਾਹੌਲ ਦੌਰਾਨ ਬੀਤੀ ਰਾਤ ਸ਼ਹਿਰ ਵਿੱਚ ਬਲੈਕਆਊਟ ਦਾ ਅਭਿਆਸ ਕੀਤਾ ਗਿਆ ਸੀ ਅਤੇ ਇਸ ਦੌਰਾਨ ਸ਼ਹਿਰ ਵਿੱਚ ਸਾਰੀਆਂ ਲਾਈਟਾਂ ਬੰਦ ਕੀਤੀਆਂ ਗਈਆਂ ਸਨ। ਇਸੇ ਤਹਿਤ ਹਰਿਮੰਦਰ ਸਾਹਿਬ ਕੈਂਪਸ ਵਿੱਚ ਵੀ ਕੁਝ ਸਮੇਂ ਲਈ ਲਾਈਟਾਂ ਬੰਦ ਕੀਤੀਆਂ ਗਈਆਂ। ਰਾਤ ਲਗਭਗ 10.30 ਤੋਂ 11 ਵਜੇ ਤੱਕ ਲਾਈਟਾਂ ਬੰਦ ਰੱਖ ਕੇ ਬਲੈਕਆਊਟ ਦਾ ਅਭਿਆਸ ਕੀਤਾ ਗਿਆ ਸੀ। ਇਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਵਿੱਚ ਵੀ ਪਰਿਕਰਮਾ ਵਿੱਚ ਅਤੇ ਆਲੇ ਦੁਆਲੇ ਦੀਆਂ ਲਾਈਟਾਂ ਨੂੰ ਬੰਦ ਕਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਰਕਾਰ ਅਤੇ ਪ੍ਰਸ਼ਾਸਨ ਵਲੋਂ ਦਿੱਤੇ ਨਿਰਦੇਸ਼ਾਂ ਮੁਤਾਬਕ ਬੀਤੀ ਰਾਤ ਹਰਿਮੰਦਰ ਸਾਹਿਬ ਕੈਂਪਸ ਵਿਚ ਵੀ ਨਿਰਧਾਰਤ ਸਮੇਂ ਵਾਸਤੇ ਲਾਈਟਾਂ ਬੰਦ ਰੱਖੀਆਂ ਗਈਆਂ ਅਤੇ ਬਲੈਕਆਊਟ ਦੇ ਅਭਿਆਸ ਵਿੱਚ ਸ਼ਮੂਲੀਅਤ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਸੱਚਖੰਡ ਵਿੱਚ ਜਿੱਥੇ ਗੁਰੂ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਉੱਥੇ ਲਾਈਟਾਂ ਨੂੰ ਮੱਧਮ ਕਰ ਦਿੱਤਾ ਗਿਆ ਸੀ ਜਦੋਂਕਿ ਪਰਿਕਰਮਾ ਵਿੱਚ ਲਾਈਟਾਂ ਬੰਦ ਕਰ ਦਿੱਤੀਆਂ ਸਨ। ਇਸ ਦੌਰਾਨ ਜਿਨ੍ਹਾਂ ਥਾਵਾਂ 'ਤੇ ਅਖੰਡ ਪਾਠ ਚੱਲ ਰਹੇ ਸਨ, ਉੱਥੇ ਬਾਹਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ। ਇਸੇ ਤਰ੍ਹਾਂ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਵੀ ਰਾਤ ਨੂੰ ਬਲੈਕ ਆਊਟ ਸਮੇਂ ਲਾਈਟਾਂ ਬੰਦ ਰੱਖੀਆਂ ਗਈਆਂ ਹਨ।



# ਭਾਰਤ-ਪਾਕਿ ਵਿਚਕਾਰ ਵੱਧ ਰਹੇ ਤਣਾਅ 'ਤੇ ਐਮ.ਪੀ. ਢੇਸੀ ਨੇ ਬਰਤਾਨੀਆ ਸੰਸਦ 'ਚ ਆਵਾਜ਼ ਉਠਾਈ

ਲੰਡਨ, 9 ਮਈ (ਚ.ਨ.ਸ): ਭਾਰਤ ਤੇ ਪਾਕਿਸਤਾਨ ਵਿਚਕਾਰ ਵੱਧ ਰਹੇ ਤਣਾਅ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਐਮ.ਪੀ. ਤਨਮਨਜੀਤ ਸਿੰਘ ਢੇਸੀ ਨੇ ਬਰਤਾਨੀਆ ਦੀ ਸੰਸਦ ਵਿੱਚ ਅਵਾਜ਼ ਉਠਾਈ ਹੈ। ਉਨ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਸ਼ਾਂਤੀ ਤੇ ਸਥਿਤੀ ਸੁਖਾਵੀਂ ਬਣਾਉਣ ਲਈ ਸਰਕਾਰ ਨੂੰ ਅੱਗੇ ਆਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਮੇਰੇ ਹਲਕੇ ਸਲੋਹ ਵਿੱਚ ਰਹਿੰਦੇ ਭਾਰਤੀ ਤੇ ਪਾਕਿਸਤਾਨੀ ਭਾਈਚਾਰੇ ਦੇ ਲੋਕ ਫਿਕਰਮੰਦ ਹਨ। ਉਨ੍ਹਾਂ ਕਿਹਾ ਕਿ ਖਾਸ ਤੌਰ 'ਤੇ ਪੰਜਾਬੀ ਤੇ ਕਸ਼ਮੀਰੀ ਆਪਣੇ ਅਜ਼ੀਜ਼ਾਂ ਦੀ ਸੁਰੱਖਿਆ ਨੂੰ ਲੈ ਕੇ ਵਧੇਰੇ ਚਿੰਤਤ ਹਨ। ਸਵਾਲ ਦੇ ਜਵਾਬ ਵਿਚ ਸਬੰਧਤ ਮੰਤਰੀ ਨੇ ਕਿਹਾ ਕਿ ਸਥਿਤੀ ਨੂੰ ਲੈ ਕੇ ਨਜ਼ਰ ਰੱਖੀ ਹੋਈ ਹੈ। ਉਨ੍ਹਾਂ ਯਾਤਰਾ ਸਲਾਹ ਵੱਲ ਵੀ ਸੰਸਦ ਮੈਂਬਰਾਂ ਨੂੰ ਨਜ਼ਰ ਰੱਖਣ ਲਈ ਕਿਹਾ ਹੈ।

# ਵਿਜੀਲੈਂਸ ਵਿਭਾਗ ਨੇ ਸਾਬਕਾ ਸਰਪੰਚ ਕੀਤਾ ਗ੍ਰਿ.ਫਤਾਰ

ਭੋਗਪੁਰ, 9 ਮਈ (ਜੰਡੀਰ ਸੈਣੀ): ਭੋਗਪੁਰ ਦੇ ਪਿੰਡ ਖਰਲਕਲਾਂ ਦੇ ਸਾਬਕਾ ਸਰਪੰਚ ਸੁਖਚੈਨ ਸਿੰਘ ਨੂੰ ਪੰਚਾਇਤੀ ਫੰਡਾਂ ਦੇ ਗਬਨ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ। ਖਰਲਕਲਾਂ ਦੇ ਸੇਵਾ ਮੁਕਤ ਸਬੰਧੀ ਜਾਂਚ ਕੀਤੀ ਪਤਾ ਲੱਗਾ ਕਿ ਸਾਬਕਾ ਸਰਪੰਚ ਸੁਖਚੈਨ ਸਿੰਘ, ਸਾਬਕਾ ਪੰਚ ਸਰਵਨ ਸਿੰਘ, ਅਮੋਲਕ ਸਿੰਘ ਅਤੇ ਸਾਬਕਾ ਸਰਪੰਚ ਤੇ ਪਰਮਜੀਤ ਸਿੰਘ ਪੰਚਾਇਤ ਸਕੱਤਰ ਤੋਂ ਸਾਬਕਾ ਸਰਪੰਚ ਸੁਖਵਿੰਦਰ ਕੌਰ ਦੇ ਸਰਕਾਰੀ ਰਿਕਾਰਡ ਵਿੱਚ 46 ਵਾਰ ਜਾਅਲੀ ਦਸਤਖਤ ਕਰਕੇ 16.36.120



ਪੰਚਾਇਤ ਸਕੱਤਰ ਸਰਵਨ ਸਿੰਘ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਤੇ ਪੰਚਾਇਤ ਦੇ ਵਿਭਾਗ ਨੂੰ ਵੀ ਲਿਖਤੀ ਰੂਪ ਵਿੱਚ ਦਿੱਤਾ ਸੀ। ਜੋ ਕਿ 2013 18 ਦੇ ਦੌਰਾਨ 14 ਜਣਿਆਂ ਦੇ ਖਿਲਾਫ ਸ਼ਿਕਾਇਤ ਕੀਤੀ ਸੀ। ਸਾਬਕਾ ਸਰਪੰਚ ਸੁਖਚੈਨ ਸਿੰਘ, ਦੋ ਸਾਬਕਾ ਪੰਚਾਇਤ ਮੈਂਬਰ, ਤੇ 11 ਜਣੇ ਪੰਚਾਇਤੀ ਵਿਭਾਗ ਦੇ ਮੁਲਾਜ਼ਮ ਸਨ, ਇਹਨਾਂ 'ਤੇ ਦੋਸ਼ ਲਗਾਏ ਸਨ 16 36. 120 ਰੁਪਏ ਦੇ ਸਰਕਾਰੀ ਫੰਡਾਂ ਦਾ ਗਬਨ ਕੀਤਾ ਸੀ। ਉੱਚ ਅਧਿਕਾਰੀਆਂ ਨੇ ਇਸ ਮਾਮਲੇ ਦਾ ਗਬਨ ਕੀਤਾ ਅਤੇ ਜਿਨ੍ਹਾਂ ਵਿਰੁੱਧ ਥਾਣਾ ਭੋਗਪੁਰ ਵਿੱਚ ਕੇਸ ਦਰਜ ਕੀਤਾ ਗਿਆ ਸੀ। ਥਾਣਾ ਮੁਖੀ ਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸੁਖਚੈਨ ਸਿੰਘ ਤੇ ਬਾਕੀਆਂ ਨੇ ਗ੍ਰਿਫਤਾਰੀ ਤੋਂ ਬਚਣ ਲਈ ਅਦਾਲਤ ਤੱਕ ਪਹੁੰਚ ਕੀਤੀ ਸੀ ਪਰ ਉਹਨਾਂ ਦੀਆਂ ਜ਼ਮਾਨਤਾਂ ਰੱਦ ਹੋ ਗਈਆਂ ਤੇ ਇਸ ਮਾਮਲੇ ਦੀ ਹੋਰ ਪੜਤਾਲ ਕਰਨ ਲਈ ਵਿਜੀਲੈਂਸ ਵਿਭਾਗ ਨੇ ਸਾਬਕਾ ਸਰਪੰਚ ਸੁਖਚੈਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਸੂਚਨਾ ਅਨੁਸਾਰ ਜਾਂਚ ਤੇ ਹੋਰ ਵੀ ਦੋਸ਼ੀ ਸਾਹਮਣੇ ਆ ਸਕਦੇ ਹਨ।

# ਮਹਾਰਾਜਾ ਚਾਰਲਸ ਨੇ ਥੇਮਜ਼ ਟਾਈਡਵੇਅ ਸੀਵਰੇਜ ਪ੍ਰੋਜੈਕਟ ਦੇ ਮੁਕੰਮਲ ਹੋਣ 'ਤੇ ਪੰਜਾਬੀਆਂ ਨਾਲ ਕੀਤੀ ਗੱਲਬਾਤ

ਲੰਡਨ, 9 ਮਈ (ਚ.ਨ.ਸ): ਲੰਡਨ ਦੇ ਸਭ ਤੋਂ ਵੱਡੇ 10 ਸਾਲ ਚੱਲੇ ਥੇਮਜ਼ ਟਾਈਡਵੇਅ ਸੀਵਰੇਜ ਪ੍ਰਾਜੈਕਟ ਦੇ ਮੁਕੰਮਲ ਹੋਣ 'ਤੇ ਬਰਤਾਨੀਆਂ ਦੇ ਮਹਾਰਾਜਾ ਚਾਰਲਸ ਬੀਤੇ ਕੱਲ ਥੇਮਜ਼ ਟਾਈਡਵੇਅ ਟਨਲ 'ਤੇ ਉਚੇਚੇ ਤੌਰ 'ਤੇ ਪਹੁੰਚੇ। ਇਸ ਸੁਰੰਗ ਨੂੰ ਪਿਛਲੇ ਸਾਲ ਅਗਸਤ ਵਿਚ ਚਾਲੂ ਕਰ ਦਿੱਤਾ ਗਿਆ ਸੀ। ਜਿਸ ਨਾਲ ਅੱਧਾ ਮਿਲੀਅਨ ਸੀਵਰੇਜ ਥੇਮਸ ਨਦੀ ਵਿੱਚ ਪੈਣ ਤੋਂ ਰੋਕ ਦਿੱਤਾ ਗਿਆ। ਇਸ ਪ੍ਰੋਜੈਕਟ 'ਤੇ ਪਿੱਛੇ ਕੰਮ ਕਰਨ ਵਾਲੀ ਫਰਮ ਟਾਈਡਵੇਅ ਨੇ ਕਿਹਾ ਕਿ ਇਸ ਨਾਲ ਨਦੀ ਵਿੱਚ ਸੀਵਰੇਜ਼ ਪ੍ਰਦੂਸ਼ਣ 96 ਫੀਸਦੀ ਘਟੇਗਾ। 25 ਕਿਲੋਮੀਟਰ ਲੰਬਾ ਇਹ ਸੀਵਰੇਜ਼ ਪ੍ਰਾਜੈਕਟ ਨੂੰ ਬਣਾਉਣ ਲਈ 20,000 ਲੋਕਾਂ ਨੂੰ ਅੱਠ ਸਾਲ ਲੱਗੇ, ਇਸਦੀ ਲਾਗਤ 4.5 ਅਰਬ ਪੌਂਡ ਹੈ ਤੇ ਇਹ ਐਕਟਨ ਤੋਂ ਬੈਕਟਨ ਤੱਕ ਫੈਲਿਆ ਹੋਇਆ ਹੈ। ਜੋ ਲੰਡਨ ਦੇ ਸਭ ਤੋਂ ਵੱਡੇ ਇੰਜੀਨੀਅਰਿੰਗ ਪ੍ਰੋਜੈਕਟਾਂ ਵਿਚੋਂ ਇੱਕ ਹੈ। ਇਸ ਸੁਰੰਗ ਦਾ ਵਿਆਸ 7.2 ਮੀਟਰ ਹੈ, ਜੋ ਕਿ ਲੰਡਨ ਦੀਆਂ ਤਿੰਨ ਡਬਲ-ਡੇਕਰ ਬੱਸਾਂ ਦੇ ਬਰਾਬਰ ਹੈ ਤੇ ਮੁੱਖ ਪਾਈਪ ਦੀ ਖੁਦਾਈ ਲਈ ਚਾਰ ਵਿਸ਼ਾਲ ਸੁਰੰਗ ਬਣਾਉਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਗਈ। ਆਪਣੀ ਫੇਰੀ ਦੌਰਾਨ ਚਾਰਲਸ ਕਵੀ ਡਰੇਕੀਆ ਸਮਾਰਟ ਨੂੰ ਵੀ ਮਿਲੇ, ਜਿਸਦੀ ਥੇਮਜ਼ ਬਾਰੇ ਕਵਿਤਾ ਨੂੰ ਪ੍ਰਾਜੈਕਟ ਵਿੱਚ ਥਾਂ ਦਿੱਤੀ ਗਈ ਹੈ। ਮਹਾਰਾਜਾ ਚਾਰਲਸ ਨਾਲ ਹੋਈ ਮੁਲਾਕਾਤ ਬਾਰੇ ਅਮਰੀਕ ਸਿੰਘ ਜਵੰਦਾ ਨੇ ਕਿਹਾ ਕਿ ਇਹ ਬਹੁਤ ਹੀ ਯਾਦਗਾਰੀ ਮਿਲਣੀ ਸੀ, ਮਹਾਰਾਜਾ ਚਾਰਲਸ ਨੇ ਪੰਜਾਬੀਆਂ ਤੋਂ ਉਨ੍ਹਾਂ ਦੇ ਪਿਛੋਕੜ ਤੇ ਸ਼ਹਿਰਾਂ ਬਾਰੇ ਪੁੱਛਿਆ ਤਾਂ ਜਲੰਧਰ ਦਾ ਨਾਮ ਸੁਣ ਕੇ ਬਹੁਤ ਖੁਸ਼ ਹੋਏ।



# ਸਿਵਲ ਸਰਜਨ ਨੇ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਕੂਲਰਾਂ ਵਿੱਚ ਲਾਰਵੇ ਦੀ ਕੀਤੀ ਚੈਕਿੰਗ

ਫਤਹਿਗੜ੍ਹ ਸਾਹਿਬ, 9 ਮਈ (ਹਰਪ੍ਰੀਤ ਕੌਰ ਟਿਵਾਣਾ): ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਸਿਹਤ ਡਾਇਰੈਕਟਰ ਡਾ. ਹਿਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਵੱਲੋਂ ਜ਼ਿਲ੍ਹੇ ਅੰਦਰ ਸ਼ੁਰੂ ਕੀਤੀ ਗਈ ਮੁਹਿੰਮ 'ਹਰ ਸ਼ੁਕਰਵਾਰ ਡੇਂਗੂ 'ਤੇ ਵਾਰ' ਤਹਿਤ ਕੂਲਰਾਂ ਵਿੱਚ ਮੱਛਰ ਦੇ ਲਾਰਵੇ ਅਤੇ ਡੇਂਗੂ ਵਿਰੋਧੀ ਟੀਮਾਂ ਦੀ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਨ ਉਹਨਾਂ ਦੱਸਿਆ ਕਿ ਇਹ ਮੁਹਿੰਮ ਦਸੰਬਰ ਤੱਕ ਚਲਾਈ ਜਾਵੇਗੀ ਅਤੇ ਸਿਹਤ ਵਿਭਾਗ ਵੱਲੋਂ ਹਰ ਸ਼ੁਕਰਵਾਰ ਨੂੰ ਖੁਸ਼ਕ ਦਿਵਸ ਵਜੋਂ ਮਨਾਇਆ ਜਾਵੇਗਾ। ਉਹਨਾਂ ਦੱਸਿਆ ਕਿ ਅੱਜ ਇਸ ਮੁਹਿੰਮ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਅਤੇ ਨਰਸਿੰਗ ਵਿਦਿਆਰਥੀਆਂ ਵੱਲੋਂ ਘਰ ਘਰ ਜਾਕੇ ਮੱਛਰ ਦੇ ਲਾਰਵੇ ਦੀ ਭਾਲ ਕਰਕੇ ਉਸਨੂੰ ਮੌਕੇ 'ਤੇ ਨਸ਼ਟ ਕੀਤਾ ਗਿਆ ਅਤੇ ਨਗਰ ਪਾਲਿਕਾ ਦੇ ਸਹਿਯੋਗ ਨਾਲ ਮੱਛਰ ਦਾ ਲਾਰਵਾ ਮਿਲਣ ਵਾਲੇ ਘਰਾਂ ਦੇ ਮੌਕੇ 'ਤੇ ਚਲਾਨ ਵੀ ਕੀਤੇ ਗਏ। ਸਿਵਲ ਸਰਜਨ ਨੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਪ੍ਰਭਜੋਤ ਕੌਰ ਦੀ ਅਗਵਾਈ ਹੇਠ ਰਾਮਦਾਸ ਨਗਰ ਸਰਹਿੰਦ ਵਿਖੇ ਕੰਮ ਕਰ ਰਹੀਆਂ ਡੇਂਗੂ ਵਿਰੋਧੀ ਟੀਮਾਂ ਨੇ ਆਮ ਲੋਕਾਂ ਦੇ ਘਰਾਂ ਵਿੱਚ ਜਾ ਕੇ ਮੱਛਰ ਦੇ ਲਾਰਵੇ ਦੀ ਚੈਕਿੰਗ ਕਰਦਿਆਂ ਉਨ੍ਹਾਂ ਲੋਕਾਂ ਨੂੰ ਡੇਂਗੂ ਪ੍ਰਤੀ ਜਾਗਰੂਕ ਕੀਤਾ ਡੇਂਗੂ ਦਾ ਮੱਛਰ ਸਾਫ ਤੇ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਮਨੁੱਖ ਨੂੰ ਦਿਨ ਵੇਲੇ ਕੱਟਦਾ ਹੈ। ਇਸ ਲਈ ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ ਫਰਿੱਜ਼ ਦੇ ਪਿੱਛੇ ਪਾਣੀ ਵਾਲੀ ਟਰੇਅ, ਕੂਲਰਾਂ, ਗਮਲਿਆਂ, ਘਰ ਦੀ ਛੱਤ 'ਤੇ ਪਏ ਪੁਰਾਣੇ ਸਮਾਨ ਵਿੱਚ ਖੜ੍ਹੇ ਪਾਣੀ ਨੂੰ ਖਾਲੀ ਕਰਕੇ ਸੁਕਾ ਲਿਆ ਜਾਵੇ।



# ਅੱਜ ਲੱਗਣ ਵਾਲੀ ਕੌਮੀ ਲੋਕ ਅਦਾਲਤ ਮੁਲਤਵੀ

ਫ਼ਿਰੋਜ਼ਪੁਰ, 9 ਮਈ (ਤਿਵਾੜੀ): ਭਾਰਤ ਪਾਕਿਸਤਾਨ ਵਿਚਕਾਰ ਵੱਧ ਰਹੇ ਤਣਾਅ ਦੇ ਮੱਦੇਨਜ਼ਰ ਆਮ ਲੋਕਾਂ ਦੀ ਸੁਰੱਖਿਆ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਸੈਸ਼ਨ ਡਵੀਜ਼ਨ ਫ਼ਿਰੋਜ਼ਪੁਰ ਅਧੀਨ 10 ਮਈ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਹਾਲ ਦੀ ਘੜੀ ਮੁਲਤਵੀ ਕੀਤੀ ਗਈ ਹੈ। ਇਹ ਜਾਣਕਾਰੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਸੁਮੀਤ ਮਲਹੋਤਰਾ ਨੇ ਦਿੱਤੀ। ਮਾਨਯੋਗ ਜ਼ਿਲ੍ਹਾ ਸੈਸ਼ਨ ਜੱਜ ਸਾਹਿਬ ਨੇ ਦੱਸਿਆ ਕਿ ਕੱਲ ਸ਼ਨੀਵਾਰ 10 ਮਈ ਨੂੰ ਲੱਗਣ ਵਾਲੀ ਕੌਮੀ ਲੋਕ ਆਦਲਤ ਵੀ ਮੁਲਤਵੀ ਕਰ ਦਿੱਤੀ ਗਈ ਹੈ। ਕੌਮੀ ਲੋਕ ਆਦਲਤ 'ਚ ਰਖੇ ਕੇਸਾਂ ਦੀਆਂ ਅਗਲੀਆਂ ਤਾਰੀਖਾਂ ਸੀ.ਆਈ. ਐੱਸ ਪੋਰਟਲ 'ਤੇ ਅਪਡੇਟ ਕਰ ਦਿੱਤੀਆਂ ਜਾਣਗੀਆਂ, ਜਿੱਥੋਂ ਪਾਰਟੀਆਂ ਆਪਣੇ ਕੇਸ ਬਾਰੇ ਜਾਣਕਾਰੀ ਲੈ ਸਕਦੀਆਂ ਹਨ।



# ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਹੁਣ ਵਿਦੇਸ਼ਾਂ 'ਚ ਵਸਦੀ ਸੰਗਤ ਲਈ ਆਨਲਾਈਨ ਭਰਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ : ਇਆਲੀ/ਉਮੈਦਪੁਰੀ



ਫਤਹਿਗੜ੍ਹ ਸਾਹਿਬ, 9 ਮਈ (ਨਰਿੰਦਰ ਸਿੰਘ): ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਗਠਿਤ ਭਰਤੀ ਮੁਹਿੰਮ ਲਈ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ ਅਤੇ ਸੰਤਾਂ ਸਿੰਘ ਉਮੈਦਪੁਰੀ ਨੇ ਫਤਿਹਗੜ੍ਹ ਸਾਹਿਬ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਕਮੇਟੀ ਵੱਲੋਂ ਦੇਸ਼ਾਂ ਵਿੱਚ ਵੀ ਭਰਤੀ ਮੁਹਿੰਮ ਪ੍ਰਤੀ ਕਾਫੀ ਉਤਸ਼ਾਹ ਨੂੰ ਦੇਖਦਿਆਂ ਹੋਇਆਂ ਆਨਲਾਈਨ ਭਰਤੀ ਮੁਹਿੰਮ ਅਗਲੇ ਹਫਤੇ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਦਾ ਕੰਮ ਜਲਦ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਦੂਸਰੇ ਰਾਜਾਂ ਵਿੱਚ ਵੀ ਆਨਲਾਈਨ ਭਰਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ, ਤਾਂ ਜੋ ਜਿਨ੍ਹਾਂ ਸੰਗਤਾਂ ਤੱਕ ਪਹੁੰਚ ਨਹੀਂ ਹੋ ਸਕੀ ਉਹ ਆਨਲਾਈਨ ਭਰਤੀ ਕਰਕੇ ਮੈਂਬਰ ਬਣ ਸਕਣ। ਫਤਿਹਗੜ੍ਹ ਸਾਹਿਬ ਵਿਖੇ ਉਹ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਸਾਹਿਬ ਵਿਖੇ ਸਾਬਕਾ ਵਿਧਾਇਕ ਕ੍ਰਿਪਾਲ ਸਿੰਘ ਲਿਬੜਾ ਦੀ ਯਾਦ ਵਿੱਚ ਲੱਗਣ ਵਾਲੇ ਖ਼ੂਨਦਾਨ ਅਤੇ ਅੱਖਾਂ ਦੇ ਚੈੱਕਅਪ ਕੈਂਪ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਸਨ। ਇਸ ਮੌਕੇ 'ਤੇ ਉਨ੍ਹਾਂ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਦੀ ਹੌਂਸਲਾ ਅਫਜ਼ਾਈ ਵੀ ਕੀਤੀ। ਆਗੂਆਂ ਨੇ ਦੱਸਿਆ ਕਿ ਭਾਰਤ ਪਾਕਿਸਤਾਨ ਦਰਮਿਆਨ ਚੱਲ ਰਹੇ ਅਣਸੁਖਾਵੇਂ ਹਾਲਾਤਾਂ ਨੂੰ ਦੇਖਦਿਆਂ ਹੋਇਆਂ ਮੀਟਿੰਗ ਫਤਿਹਗੜ੍ਹ ਸਾਹਿਬ ਵਿਖੇ ਰੱਖੀ ਗਈ ਰੈਲੀ 24 ਮਈ ਨੂੰ ਕੀਤੀ ਗਈ ਹੈ, ਜਿਸ ਨੂੰ ਲੈ ਕੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਵਿਸ਼ੇਸ਼ ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ।

# ਮਾਨਵ ਭਲਾਈ ਮੰਚ ਵੱਲੋਂ 247ਵਾਂ ਰਾਸ਼ਨ ਵੰਡ ਸਮਾਰੋਹ



ਅਮਲੋਹ, 9 ਮਈ (ਜਸਵੰਤ ਸਿੰਘ): ਮਾਨਵ ਭਲਾਈ ਮੰਚ ਰਜਿ. ਅਮਲੋਹ ਵਲੋਂ ਲੋੜਵੰਦ ਪ੍ਰੀਵਾਰਾਂ ਨੂੰ ਹਰ ਮਹੀਨੇ ਵੰਡੇ ਜਾਂਦੇ ਰਾਸ਼ਨ ਨੂੰ ਮੁੱਖ ਰੱਖਦੇ ਹੋਏ ਇਕ ਸਮਾਗਮ ਕੀਤਾ ਅਤੇ ਮਈ ਮਹੀਨੇ ਦਾ ਰਾਸ਼ਨ ਜਿਸ ਵਿਚ ਆਟਾ, ਚਾਵਲ, ਚੀਨੀ, ਨਮਕ ਆਦਿ ਸ਼ਾਮਲ ਸੀ ਲੋੜਵੰਦ ਪ੍ਰੀਵਾਰਾਂ ਨੂੰ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਮਾਸਟਰ ਮਨੋਹਰ ਲਾਲ ਵਰਮਾ, ਜਗਦੀਸ਼ ਕੁਮਾਰ ਵਰਮਾ, ਮਦਨ ਲਾਲ ਅਬਰੋਲ, ਕੁਲਵਿੰਦਰ ਸਿੰਘ ਮਹਿਮੀ, ਡਾ. ਅਰਜਨ ਸਿੰਘ, ਹੈਪੀ ਸੂਦ, ਰਾਘਵ ਲੁਟਾਵਾ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ, ਭਗਵਾਨ ਸਿੰਘ, ਮੇਜਰ ਸਿੰਘ ਅਤੇ ਗੋਵਿਨ ਸੂਦ ਆਦਿ ਹਾਜ਼ਰ ਸਨ।

# ਡੀ.ਸੀ. ਵੱਲੋਂ ਨਾਗਰਿਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ, ਕਿਸੇ ਵੀ ਜ਼ਰੂਰੀ ਸਥਿਤੀ 'ਚ ਟੋਲ ਫ੍ਰੀ ਨੰਬਰ 112 'ਤੇ ਸੰਪਰਕ ਕਰੋ

ਫ਼ਿਰੋਜ਼ਪੁਰ, 9 ਮਈ (ਤਿਵਾੜੀ): ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਫ਼ਿਰੋਜ਼ਪੁਰ ਵਿੱਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ, ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਪੂਰੀ ਮੁਸਤੈਦੀ ਨਾਲ ਕੰਮ ਕਰ ਰਹੀਆਂ ਹਨ ਅਤੇ ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਸਾਰੇ ਨਿਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰੱਖਿਆ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਜ਼ਿਲ੍ਹੇ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਸੁਚੇਤ ਅਤੇ ਵਚਨਬੱਧ ਹਾਂ। ਨਾਗਰਿਕਾਂ ਨੂੰ ਇਸ ਸਮੇਂ ਦੌਰਾਨ ਸ਼ਾਂਤ ਰਹਿਣ ਅਤੇ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਐਮਰਜੈਂਸੀ ਜਾਂ ਕਿਸੇ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਪ੍ਰਸ਼ਾਸਨ ਨੇ ਗ੍ਰਹਿ ਮੰਤਰਾਲਾ ਭਾਰਤ ਸਰਕਾਰ ਵਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿੱਚ ਸਹਿਜ ਜਾਣਕਾਰੀ ਸਾਂਝੀ ਕਰਨ ਲਈ ਦਫਤਰ ਸੀਨੀਅਰ ਕਪਤਾਨ ਪੁਲਿਸ, ਫ਼ਿਰੋਜ਼ਪੁਰ ਵਿਖੇ ਜੁਆਇੰਟ ਕੰਟਰੋਲ ਰੂਮ ਨੰ: 303 ਪਹਿਲੀ ਮੰਜ਼ਿਲ, ਫ਼ਿਰੋਜ਼ਪੁਰ ਛਾਉਣੀ ਵਿਖੇ ਸਥਾਪਤ ਕੀਤਾ ਗਿਆ ਹੈ ਜਿਸਦਾ ਟੈਲੀਫੋਨ ਨੰਬਰ 01632-244100, 01632-242380 01632-249261 ਅਤੇ ਮੋ.ਨੰ. 99157-10970 ਹੈ। ਇਸ ਤੋਂ ਇਲਾਵਾ ਐਮਰਜੈਂਸੀ ਹੈਲਪਲਾਈਨ 112 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਇਸ ਸਮੇਂ ਦੌਰਾਨ ਸੁਚਾਰੂ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਆਪਸੀ ਸਹਿਯੋਗ ਅਤੇ ਚੌਕਸੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਬਲੈਕਆਊਟ ਦੌਰਾਨ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਬਾਰੇ ਕਿਹਾ ਕਿ ਬਲੈਕਆਊਟ ਨਿਯਮਾਂ ਦੀ ਪਾਲਣਾ ਸਾਰੇ ਨਿਵਾਸੀਆਂ, ਸੰਸਥਾਵਾਂ ਅਤੇ ਅਦਾਰਿਆਂ, ਜਿਨ੍ਹਾਂ ਵਿੱਚ ਹੋਟਲ, ਮੈਰਿਜ ਪੈਲੇਸ, ਸ਼ਰਾਬ ਦੇ ਠੇਕੇ, ਰੈਸਟੋਰੈਂਟ, ਦੁਕਾਨਾਂ ਆਦਿ ਸ਼ਾਮਲ ਹਨ, ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਬਲੈਕਆਊਟ ਸਮੇਂ ਦੌਰਾਨ ਹਰ ਕਿਸੇ ਨੂੰ ਸਾਰੀਆਂ ਲਾਈਟਾਂ ਬੰਦ ਕਰਨੀਆਂ ਚਾਹੀਦੀਆਂ ਹਨ।

# ਪੁਲਿਸ ਤੇ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਕੀਤਾ ਜਾ ਰਿਹੈ ਜਾਗਰੂਕ



ਭੋਗਪੁਰ, 9 ਮਈ (ਜੰਡੀਰ ਸੈਣੀ): ਲੋਕਾਂ ਨੂੰ ਜੰਗ ਨੂੰ ਲੈ ਕੇ ਚਾਰ ਜਾਂ ਪੈਨਿਕ ਹੋਣ ਦਾ ਮਾਹੌਲ ਨਾ ਪੈਦਾ ਹੋਵੇ ਇਸ ਨੂੰ ਲੈ ਕੇ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਕਦੋਂ ਕਿਵੇਂ ਕਿਸ ਤਰ੍ਹਾਂ ਬਚਾਅ ਕਰਨਾ ਹੈ। ਲੋਕਾਂ ਨੂੰ ਪ੍ਰਸ਼ਾਸਨ ਵੱਲੋਂ ਹਰ ਮਦਦ ਨੂੰ ਸੰਭਵ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਸਾਡੇ ਕੋਲ ਹਰ ਤਰ੍ਹਾਂ ਦੀ ਸਹੂਲਤ ਮੌਜੂਦ ਹੈ। ਸਾਰਿਆਂ ਨੇ ਆਪਣੀ ਸਮਝਦਾਰੀ ਦੇ ਨਾਲ ਚਲਣਾ ਹੈ ਤੇ ਇੱਕ ਦੂਜੇ ਦਾ ਸਾਥ ਦੇਣਾ ਹੈ। ਪੰਜਾਬ ਪੁਲਿਸ ਹਰ ਸੰਕਟ ਵਿੱਚ ਲੋਕਾਂ ਦੇ ਨਾਲ ਹੈ।

# ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਤਹਿਤ ਲੋਕਾਂ ਨੂੰ ਡੇਂਗੂ ਮਲੇਰੀਆ ਆਦਿ ਸਬੰਧੀ ਕੀਤਾ ਜਾਗਰੂਕ

ਕੋਟ ਈਸੇ ਖਾਂ, 9 ਮਈ (ਗਾਂਧੀ/ਗੁਰਦੇਵ ਖੁਰਾਣਾ) : ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਡਾ. ਪ੍ਰਦੀਪ ਮਹਿੰਦਰਾ ਸਿਵਲ ਸਰਜਨ ਮੋਗਾ ਦੀ ਰਹਿਨੁਮਾਈ ਹੇਠ ਅਤੇ ਡਾ. ਰਿਪੂਦਮਨ ਸੀਨੀਅਰ ਮੈਡੀਕਲ ਅਫਸਰ ਪੀਐਚਸੀ ਕੋਟ ਈਸੇ ਖਾਂ ਦੀ ਅਗਵਾਈ ਹੇਠ ਪੀ ਐਚ ਸੀ ਕੋਟ ਈਸੇ ਖਾਂ ਅਧੀਨ ਪੈਂਦੇ ਹੈਲਥ ਵੇਅਰਨੈਸ ਸੈਂਟਰ ਰੰਡਿਆਲਾ ਵਿਖੇ ਡਾ. ਰਾਜਦਵਿੰਦਰ ਸਿੰਘ ਗਿੱਲ ਐਕਸ ਸਹਾਇਕ ਮਲੇਰੀਆ ਅਫਸਰ ਤੇ ਰਜੇਸ਼ ਕੁਮਾਰ ਗਾਬਾ ਮਲਟੀਪਰਪਜ਼ ਹੈਲਥ ਵਰਕਰ ਵੱਲੋਂ ਘਰ-ਘਰ ਜਾ ਕੇ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਤਹਿਤ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਘਰਾਂ ਵਿੱਚ ਫਰਿਜ਼, ਕੂਲਰ, ਟੈਂਕੀਆਂ ਆਦਿ ਚੈੱਕ ਕੀਤੇ ਗਏ। ਚੈਕਿੰਗ ਦੌਰਾਨ ਪਰ ਕੋਈ ਵੀ ਲਾਰਵਾ ਨਹੀਂ ਮਿਲਿਆ। ਇਸ ਮੌਕੇ ਡਾ. ਰਾਜਦਵਿੰਦਰ ਸਿੰਘ ਗਿੱਲ ਵੱਲੋਂ ਲੋਕਾਂ ਨੂੰ ਟੁੱਟੀਆਂ ਟੈਂਕੀਆਂ, ਟੁੱਟੇ ਟਾਇਰ ਅਤੇ ਗਮਲੇ ਆਦਿ ਦੀ ਸਫਾਈ ਰੱਖਣ ਲਈ ਕਿਹਾ ਗਿਆ, ਕਿਉਂਕਿ ਡੇਂਗੂ ਅਤੇ ਮਲੇਰੀਏ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਇਹ ਸਾਰੇ ਧਿਆਨ ਕਰਨ ਲਈ ਕਿਹਾ ਗਿਆ ਅਤੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਆਪਣੇ ਆਪਣੇ ਕੂਲਰ ਫਰਿੱਜ਼ ਦੀ ਸਫਾਈ ਰੱਖੀ ਜਾਵੇ, ਆਸਾ ਪਾਸਾ ਵੀ ਸਾਫ ਰੱਖਿਆ ਜਾਵੇ, ਟੁੱਟੇ ਟਾਇਰ ਅਤੇ ਟੁੱਟੇ ਗਮਲਿਆਂ ਨੂੰ ਚੰਗੀ ਤਰ੍ਹਾਂ ਡਿਸਪੋਜ ਕੀਤਾ ਜਾਵੇ ਤਾਂ ਜੋ ਡੇਂਗੂ, ਮਲੇਰੀਆ ਤੇ ਚਿਕਨਗੁਨੀਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਪ੍ਰਕਾਸ਼ ਕੌਰ ਆਸ਼ਾ ਵਰਕਰ ਤੇ ਹੋਰ ਹਾਜ਼ਰ ਸਨ।



# ਸ਼੍ਰੀਮਦ ਭਾਗਵਤ ਕਥਾ ਦਾ ਪਾਠ 3 ਜੂਨ ਤੋਂ : ਸਵਾਮੀ ਰਜਿੰਦਰ ਪੁਰੀ



ਅਮਲੋਹ, 9 ਮਈ (ਜਸਵੰਤ ਸਿੰਘ): ਸ਼੍ਰੀਮਦ ਭਾਗਵਤ ਕਥਾ ਦਾ ਪਾਠ 3 ਜੂਨ ਤੋਂ 9 ਜੂਨ ਤੱਕ ਕੈਂਚੀਆਂ ਨਜ਼ਦੀਕ ਬੀਡੀਪੀਓ ਦਫ਼ਤਰ ਚੈਹਿਲਾ ਰੋਡ ਅਮਲੋਹ ਉਪਰ ਸਿੱਧ ਬਾਬਾ ਰੋੜੀ ਵਾਲੇ ਅਮਲੋਹ ਦੇ ਸਥਾਨ ਉਪਰ ਕਰਵਾਇਆ ਜਾ ਰਿਹਾ ਹੈ, ਜਿਸ ਉਪਰੰਤ 10 ਜੂਨ ਨੂੰ ਭੰਡਾਰਾ ਅਤੁੱਟ ਵਰਤੇਗਾ। ਸਿੱਧ ਬਾਬਾ ਰੋੜੀ ਵਾਲੇ ਸਥਾਨ ਦੇ ਗੱਦੀ ਨਸ਼ੀਨ ਸਵਾਮੀ ਸ੍ਰੀ ਰਜਿੰਦਰ ਪੁਰੀ ਜੀ ਜੂਨਾ ਅਖਾੜਾ ਨੇ ਦੱਸਿਆ ਕਿ ਇਸ ਮੌਕੇ ਸਵਾਮੀ ਸ੍ਰੀ ਰਾਮਾਨੰਦ ਸਾਰਥੀ ਜੀ ਵਰਿੰਦਾਵਨ ਵਾਲੇ ਕਥਾ ਵਾਚਕ ਭਾਗਵਤ ਕਥਾ ਦਾ ਰੋਜ਼ਾਨਾ ਸਵੇਰੇ 10.15 ਤੋਂ 1.15 ਤੱਕ ਅਤੇ ਸ਼ਾਮ 3.15 ਤੋਂ 6.15 ਤੱਕ ਗੁਣਗਾਣ ਕਰਨਗੇ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਇਸ ਵਿਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਪ੍ਰੋਗਰਾਮ ਸਬੰਧੀ ਸੱਦਾ ਪੱਤਰ ਸ੍ਰੀ ਰਜਿੰਦਰਪੁਰੀ ਅਤੇ ਵੈਦਿਕ ਸਨਾਤਨ ਭਵਨ ਅਮਲੋਹ ਦੇ ਸੰਚਾਲਕ ਸ਼ਾਸਤਰੀ ਗੁਰੂ ਦੱਤ ਸ਼ਰਮਾ ਨੇ ਅੱਜ ਇਥੇ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਦੇ ਪ੍ਰਬੰਧਕਾ ਨੂੰ ਦਿੱਤਾ। ਇਸ ਮੌਕੇ ਗਊ ਸੇਵਾ ਸੰਮਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ, ਸਰਪ੍ਰਸਤ ਪ੍ਰੇਮ ਚੰਦ ਸ਼ਰਮਾ, ਜਨਰਲ ਸਕੱਤਰ ਮਾਸਟਰ ਰਜੇਸ਼ ਕੁਮਾਰ, ਮੀਤ ਪ੍ਰਧਾਨ ਸੰਜੀਵ ਧੀਰ, ਜੁਆਇੰਟ ਸਕੱਤਰ ਸੁੰਦਰ ਲਾਲ, ਗਊਸ਼ਾਲਾ ਦੇ ਪ੍ਰਧਾਨ ਸਿਵ ਕੁਮਾਰ ਗਰਗ, ਰਿਟਾ. ਮੈਨੇਜਰ ਭੂਸ਼ਨ ਸੂਦ ਅਤੇ ਸ੍ਰੀ ਰਾਮ ਮੰਦਰ ਟਰੱਸਟ ਦੇ ਖਜ਼ਾਨਚੀ ਸ਼ਿਵ ਕੁਮਾਰ ਗੋਇਲ ਆਦਿ ਮੌਜੂਦ ਸਨ। ਉਨ੍ਹਾਂ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

# 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਹੇਠ ਸਿਹਤ ਵਿਭਾਗ ਵੱਲੋਂ ਕੇਂਦਰੀ ਜੇਲ੍ਹ ਦਾ ਨਿਰੀਖਣ



ਫ਼ਿਰੋਜ਼ਪੁਰ, 9 ਮਈ (ਤਿਵਾੜੀ): ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸਮਿੰਦਰ ਪਾਲ ਦੀ ਅਗਵਾਈ ਵਿੱਚ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਹੇਠ ਸਿਹਤ ਵਿਭਾਗ ਦੀ ਟੀਮ ਨੇ ਸੈਂਟਰਲ ਜੇਲ੍ਹ ਫਿਰੋਜ਼ਪੁਰ ਵਿਖੇ ਡੇਂਗੂ ਸਰਵੇ ਕੀਤਾ ਗਿਆ। ਸਿਹਤ ਵਿਭਾਗ ਦੀ ਟੀਮ ਵਲੋਂ ਜੇਲ੍ਹ ਦੇ ਵੱਖ-ਵੱਖ ਏਰੀਏ ਵਿੱਚ ਜਾ ਕੇ ਡੇਂਗੂ ਲਾਰਵੇ ਦੀ ਭਾਲ ਕੀਤੀ। ਸੈਂਟਰ ਜੇਲ੍ਹ ਫ਼ਿਰੋਜ਼ਪੁਰ ਦੇ ਕਾਫੀ ਥਾਵਾਂ 'ਤੇ ਡਿਸਪੋਜਲ ਸਮਾਨ ਜਿਸ ਵਿੱਚ ਬਾਰਿਸ਼ ਦਾ ਪਾਣੀ ਇਕੱਠਾ ਹੋਣ ਕਰਕੇ ਡੇਂਗੂ ਲਾਰਵਾ ਬਣਨ ਦਾ ਖ਼ਦਸ਼ਾ ਬਣਿਆ ਹੋਇਆ ਸੀ, ਨੂੰ ਨਸ਼ਟ ਕਰਵਾਇਆ ਗਿਆ। ਸਿਹਤ ਵਿਭਾਗ ਦੇ ਸਿਹਤ ਸੁਪਰਵਾਈਜਰ ਸ਼ੇਰ ਸਿੰਘ, ਸਿਹਤ ਕਰਮਚਾਰੀ ਨਰਿੰਦਰ ਸ਼ਰਮਾ ਵੱਲੋਂ ਡਿਸਪੋਜ਼ਲ ਸਮਾਨ ਵਿੱਚ ਪਏ ਬਰਸਾਤੀ ਪਾਣੀ ਨੂੰ ਕਢਵਾਇਆ ਗਿਆ। ਉਨ੍ਹਾਂ ਦੱਸਿਆ ਕਿ ਜੇਕਰ ਇਹ ਖੜ੍ਹਾ ਬਰਸਾਤੀ ਪਾਣੀ ਨਸ਼ਟ ਨਾ ਕਰਵਾਇਆ ਜਾਂਦਾ ਤਾਂ ਆਉਣ ਵਾਲੇ ਦਿਨਾਂ ਦੇ ਵਿੱਚ ਪੂਰੀ ਸੈਂਟਰਲ ਜੇਲ੍ਹ ਦੇ ਸਟਾਫ਼, ਹਵਾਲਾਤੀਆਂ, ਕੈਦੀਆਂ ਨੂੰ ਡੇਂਗੂ ਹੋਣ ਦਾ ਖਤਰਾ ਬਣ ਸਕਦਾ ਸੀ। ਦੀਪਿੰਦਰ ਸਿੰਘ, ਗੁਰਦੇਵ ਸਿੰਘ ਨੇ ਖੜ੍ਹੇ ਹੋਏ ਪਾਣੀ 'ਤੇ ਸਪਰੇਅ ਕਰਵਾ ਕੇ ਡੇਂਗੂ ਲਾਰਵਾ ਨਸ਼ਟ ਕਰਵਾਇਆ। ਡਾ. ਸਮਿੰਦਰ ਪਾਲ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਵੀ ਡੇਂਗੂ ਲਾਰਵਾ ਮਿਲਦਾ ਹੈ ਤਾਂ ਉਹ ਡੇਂਗੂ ਲਾਰਵਾ ਨਸ਼ਟ ਕਰ ਦੇਵੇ ਅਤੇ ਜੇਕਰ ਕਿਸੇ ਨੂੰ ਡੇਂਗੂ ਬੁਖਾਰ ਹੁੰਦਾ ਹੈ ਤੇ ਉਹ ਆਪਣਾ ਡੇਂਗੂ ਦਾ ਟੈਸਟ ਅਤੇ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਬਿਲਕੁਲ ਮੁਫ਼ਤ ਕਰਵਾ ਸਕਦਾ ਹੈ। ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਸ਼ਰਮਾ ਅਤੇ ਡਿਪਟੀ ਮਾਸ ਮੀਡੀਆ ਅਫ਼ਸਰ ਅੰਕੁਸ਼ ਭੰਡਾਰੀ ਨੇ ਦੱਸਿਆ ਕਿ ਡੇਂਗੂ ਬੁਖਾਰ ਏਡੀਜ ਅਜਪਿਟੀ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਅਤੇ ਇਹ ਮੱਛਰ ਦਿਨ ਦੇ ਸਮੇਂ ਕੱਟਦਾ ਹੈ। ਇੱਕ ਦਮ ਤੇਜ਼ ਬੁਖ਼ਾਰ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਪੱਠਿਆਂ ਵਿੱਚ ਦਰਦ, ਜੀ ਕੱਚਾ ਹੋਣਾ, ਉਲਟੀਆਂ ਆਉਣਾ, ਨੱਕ, ਮੂੰਹ, ਜਬਾੜਿਆਂ ਵਿੱਚੋ ਖ਼ੂਨ ਆਉਣਾ ਤੇ ਚਮੜੀ 'ਤੇ ਨੀਲ ਪੈਣਾ ਡੇਂਗੂ ਬੁਖਾਰ ਦੇ ਲੱਛਣ ਹਨ। ਡੇਂਗੂ ਜਿਹੀ ਭਿਆਨਕ ਬਿਮਾਰੀ ਤੋਂ ਬੱਚਣ ਲਈ ਸਾਨੂੰ ਕੱਪੜੇ ਅਜਿਹੇ ਪਹਿਨਣੇ ਚਾਹੀਦੇ ਹਨ ਕਿ ਸਰੀਰ ਪੂਰੀ ਤਰ੍ਹਾਂ ਢਕਿਆ ਰਹੇ ਤਾਂ ਕਿ ਤੁਹਾਨੂੰ ਮੱਛਰ ਨਾ ਕੱਟ ਸਕੇ।

# ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਨੇ ਸਟੀਮ ਇਨੋਵੇਸ਼ਨ ਲੀਗ, 2025 ਜਿੱਤੀ

ਮੰਡੀ ਗੋਬਿੰਦਗੜ੍ਹ, 9 ਮਈ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਦੇ ਵਿਦਿਆਰਥੀਆਂ ਨੇ ਸਟੀਮ ਇਨੋਵੇਸ਼ਨ ਲੀਗ 2025 ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਨੈਸ਼ਨਲ ਰਾਊਂਡ ਵਿੱਚ ਚੁਣੇ ਜਾਣ ਦਾ ਮਾਣ ਪ੍ਰਾਪਤ ਕੀਤਾ। ਇਹ ਮੁਕਾਬਲਾ ਸਟੈਮਰੋਬੋ ਦੁਆਰਾ ਆਯੋਜਿਤ ਕੀਤਾ ਗਿਆ, ਜਿਸ ਵਿੱਚ ਦੇਸ਼ ਭਰ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁਕਾਬਲੇ ਵਿੱਚ ਚੁਣੇ ਗਏ ਵਿਦਿਆਰਥੀਆਂ ਵਿੱਚ ਕਲਾਸ ਦਸਵੀਂ ਦੇ ਕ੍ਰਿਸ਼ਿਵ ਸੋਫਤ, ਸ਼ਿਵਮ ਸ਼ੋਰੀ, ਕਲਾਸ ਨੌਂਵੀਂ ਦੇ ਰਿਸ਼ਨ ਗੁਲਾਟੀ, ਸ਼ਿਵਾਂਸ਼ ਭਾਟੀਆ, ਨਵਰੂਪ ਸਿੰਘ ਅਤੇ ਛੇਵੀਂ ਕਲਾਸ ਦੇ ਸੁਹਾਨ ਗਾਬਾ ਸ਼ਾਮਲ ਹਨ। ਇਨ੍ਹਾਂ ਵਿਦਿਆਰਥੀਆਂ ਨੇ ਆਪਣੀਆਂ ਤਕਨੀਕੀ ਅਤੇ ਰਚਨਾਤਮਕ ਯੋਗਤਾਵਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿਦਿਆਰਥੀਆਂ ਦਾ ਸਕੂਲ ਦੇ ਲਵਦੀਪ ਸੋਨੀ ਅਤੇ ਆਰਪੀ ਸਿੰਘ ਨੇ ਮਾਰਗ ਦਰਸ਼ਨ ਕੀਤਾ। ਇਸ ਸਫਲਤਾ ਵਿੱਚ ਰਿਮਟ ਯੂਨੀਵਰਸਿਟੀ ਦੇ ਡੀਆਰਆਈ ਵਿਭਾਗ ਦਾ ਵੀ ਯੋਗਦਾਨ ਰਿਹਾ। ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਇਸ ਪ੍ਰਾਪਤੀ 'ਤੇ ਵਿਦਿਆਰਥੀਆਂ ਅਤੇ ਸਲਾਹਕਾਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸਫਲਤਾ ਨਾ ਸਿਰਫ਼ ਵਿਦਿਆਰਥੀਆਂ ਦੀ ਪ੍ਰਤਿਭਾ ਦਾ ਪ੍ਰਮਾਣ ਹੈ, ਸਗੋਂ ਨਵੀਨਤਾ ਅਤੇ ਖੋਜ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੇ ਨਿਰੰਤਰ ਯਤਨਾਂ ਦਾ ਨਤੀਜਾ ਵੀ ਹੈ।

# ਆਰੀਆ ਸਕੂਲ 'ਚ ਜਲ ਸੰਭਾਲ ਮਹਾਂ ਉਤਸਵ ਜਲ ਪੰਦਰਵਾੜਾ ਮਨਾਇਆ

ਮੰਡੀ ਗੋਬਿੰਦਗੜ੍ਹ, 9 ਮਈ (ਸੂਦ): ਮੰਡੀ ਗੋਬਿੰਦਗੜ੍ਹ ਦੇ ਐਸ ਐਨ ਏ ਐਸ ਆਰੀਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਜਲ ਸੰਭਾਲ ਮਹੋਤਸਵ ਜਲ ਪਖਵਾੜਾ ਮਨਾਇਆ ਗਿਆ, ਜਿਸ ਦਾ ਉਦੇਸ਼ ਵਿਦਿਆਰਥੀ, ਅਧਿਆਪਕਾਂ ਅਤੇ ਮਾਪਿਆਂ ਵਿੱਚ ਪਾਣੀ ਦੀ ਸੰਭਾਲ ਦੀ ਮਹੱਤਤਾ ਬਾਰੇ ਜਾਗਰੂਕਤਾ ਵਧਾਉਣਾ ਸੀ। ਪ੍ਰਿੰਸੀਪਲ ਹਿੰਮਤ ਸਿੰਘ ਹੁੰਦਲ ਨੇ ਕਿਹਾ ਕਿ ਦੋ ਹਫ਼ਤਿਆਂ ਦੌਰਾਨ ਵਿਦਿਆਰਥੀਆਂ ਨੂੰ ਪਾਣੀ ਨਾਲ ਸਬੰਧਤ ਮੁੱਦਿਆਂ ਬਾਰੇ ਜਾਣਨ ਅਤੇ ਪਾਣੀ ਦੀ ਜ਼ਿੰਮੇਵਾਰ ਵਰਤੋਂ ਨੂੰ ਉਤਸ਼ਾਹਿਤ ਕਰਨ ਦੇ ਯੋਗ ਬਣਾਉਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਵਿੱਚ ਸਵੇਰ ਦੀ ਸਭਾ ਵਿੱਚ ਪਾਣੀ ਸੰਭਾਲ ਦਾ ਪ੍ਰਣ, ਪੇਂਟਿੰਗ ਮੁਕਾਬਲਾ, ਕੁਇਜ਼ ਮੁਕਾਬਲਾ, ਹੱਥ ਧੋਣਾ, ਪਾਣੀ ਦੇ ਸਰੋਤ ਦੁਆਲੇ ਸਫਾਈ ਅਤੇ ਰੁੱਖ ਲਗਾਉਣ ਦੀ ਮੁਹਿੰਮ, ਆਡੀਓ-ਵਿਜ਼ੂਅਲ ਅਤੇ ਰੈਲੀਆਂ ਸਾਮਲ ਸਨ। ਇਹ ਸਾਰੇ 'ਪਾਣੀ ਬਚਾਓ, ਸੁਰੱਖਿਅਤ ਭਵਿੱਖ' ਦੇ ਥੀਮ ਦੁਆਲੇ ਘੁੰਮਦੇ ਸਨ।




ਲੈਕਚਰਾਰ ਅੰਸ਼ੂ ਭੱਲਾ ਅਤੇ ਐਨਸੀਸੀ ਅਧਿਕਾਰੀ ਸੰਜੀਵ ਕੁਮਾਰ ਨੇ ਪਾਣੀ ਬਚਾਉਣ ਅਤੇ ਜਲ ਸਰੋਤਾਂ ਦੀ ਸਹੀ ਵਰਤੋਂ ਬਾਰੇ ਦੱਸਿਆ। ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਤੇ ਭਾਵਪੂਰਨ ਕਵਿਤਾਵਾਂ ਰਾਹੀਂ ਆਪਣੀ ਪ੍ਰਤਿਭਾ ਅਤੇ ਪਾਣੀ ਦੀ ਸੰਭਾਲ ਪ੍ਰਤੀ ਡੂੰਘੀ ਚਿੰਤਾ ਦਾ ਪ੍ਰਦਰਸ਼ਨ ਕੀਤਾ। ਆਰਟ ਐਂਡ ਕਰਾਫਟ ਅਧਿਆਪਕਾ ਹਰਪ੍ਰੀਤ ਕੌਰ ਨੇ ਵੀ ਵਿਚਾਰ ਪੇਸ਼ ਕੀਤੇ। ਪ੍ਰਿੰਸੀਪਲ ਹਿੰਮਤ ਸਿੰਘ ਨੇ ਵਿਦਿਆਰਥੀਆਂ ਦੀ ਭਾਗੀਦਾਰੀ ਦੀ ਸ਼ਲਾਘਾ ਕਰਦਿਆ ਕਿਹਾ ਕਿ ਬੱਚਿਆਂ ਨੇ ਪਾਣੀ ਦੀ ਸੰਭਾਲ ਪ੍ਰਤੀ ਗੰਭੀਰਤਾ ਅਤੇ ਵਚਨਬੱਧਤਾ ਦਿਖਾਈ। ਅਧਿਆਪਕ ਸੰਜੀਵ ਕੁਮਾਰ ਨੇ ਪਾਣੀ ਦੀ ਸੰਭਾਲ ਦੇ ਵੱਖ-ਵੱਖ ਪਹਿਲੂਆਂ ਬਾਰੇ ਦੱਸਿਆ। ਸਮਾਗਮ ਦਾ ਸੰਚਾਲਨ ਅੰਸ਼ੂ ਭੱਲਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਸਮਾਪਤੀ ਮੌਕੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਅੰਤ ਵਿਚ ਵਿਦਿਆਰਥੀ ਅਤੇ ਅਧਿਆਪਕਾਂ ਨੇ ਪਾਣੀ ਬਚਾਉਣ ਦੀ ਸਹੁੰ ਚੁੱਕੀ। ਇਸ ਮੌਕੇ ਸਕੂਲ ਲੈਕਚਰਾਰ ਅੰਸ਼ੂ ਭੱਲਾ, ਲੈਕਚਰਾਰ ਵਰਿੰਦਰ ਸਿੰਘ, ਲੈਕਚਰਾਰ ਗੁਰਪ੍ਰੀਤ ਸਿੰਘ, ਲੈਕਚਰਾਰ ਹਰਪ੍ਰੀਤ ਕੌਰ, ਲੈਕਚਰਾਰ ਕਰਮਜੀਤ ਸੋਹੀ, ਆਰਟ ਐਂਡ ਕਰਾਫਟ ਅਧਿਆਪਕਾ ਹਰਪ੍ਰੀਤ ਕੌਰ, ਗੁਰਕਮਲਪ੍ਰੀਤ ਸਿੰਘ ਅਤੇ ਏਐਨਓ ਸੰਜੀਵ ਕੁਮਾਰ ਆਦਿ ਹਾਜ਼ਰ ਸਨ।

# ਗੁਰਦਾਸਪੁਰ ਜ਼ਿਲ੍ਹੇ 'ਚ ਜ਼ਰੂਰੀ ਵਸਤਾਂ ਦੀ ਜਮ੍ਹਾਂਖੋਰੀ 'ਤੇ ਪਾਬੰਦੀ, ਜ਼ਿਲ੍ਹਾ ਮੈਜਿਸਟਰੇਟ ਨੇ ਜਾਰੀ ਕੀਤੇ ਸਖ਼ਤ ਹੁਕਮ

ਫਤਹਿਗੜ੍ਹ ਚੂੜੀਆਂ, 9 ਮਈ (ਰਾਜਨ ਸ਼ਰਮਾ): ਗੁਰਦਾਸਪੁਰ ਦੇ ਜ਼ਿਲ੍ਹਾ ਮੈਜਿਸਟਰੇਟ ਦਲਵਿੰਦਰਜੀਤ ਸਿੰਘ, ਆਈ.ਏ.ਐੱਸ. ਨੇ ਜ਼ਰੂਰੀ ਵਸਤਾਂ ਦੀ ਜਮ੍ਹਾਂਖੋਰੀ ਤੇ ਕਾਲਾਬਜ਼ਾਰੀ ਨੂੰ ਰੋਕਣ ਲਈ ਸਖ਼ਤ ਹੁਕਮ ਜਾਰੀ ਕੀਤੇ ਹਨ। ਇਹ ਕਾਰਵਾਈ ਐਸੈਂਸ਼ੀਅਲ ਕਮੋਡਿਟੀਜ਼ ਐਕਟ, 1955 ਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ, 2023 ਦੀ ਧਾਰਾ 163 ਅਧੀਨ ਕੀਤੀ ਗਈ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸਟਾਕਿਸਟ ਜ਼ਰੂਰੀ ਵਸਤਾਂ ਜਿਵੇਂ ਕਿ ਅਨਾਜ, ਤੇਲ, ਡੀਜ਼ਲ, ਪਸ਼ੂ ਚਾਰਾ, ਦੁੱਧ ਤੇ ਰੋਜ਼ਮਰ੍ਹਾ ਦੀਆਂ ਵਸਤਾਂ ਦੀ ਜਮ੍ਹਾਂਖੋਰੀ ਕਰ ਰਹੇ ਹਨ, ਜਿਸ ਨਾਲ ਨਕਲੀ ਕੀਮਤਾਂ ਵਧਣ, ਕਾਲਾਬਜ਼ਾਰੀ ਤੇ ਸਪਲਾਈ ਦੀ ਕਮੀ ਦੀ ਸਮੱਸਿਆ ਪੈਦਾ ਹੋ ਰਹੀ ਹੈ। ਇਸ ਨਾਲ ਆਮ ਲੋਕਾਂ, ਖਾਸ ਤੌਰ 'ਤੇ ਕਮਜ਼ੋਰ ਵਰਗ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ।



ਇਸ ਸਬੰਧੀ ਜਾਰੀ ਹੁਕਮਾਂ ਅਨੁਸਾਰ ਕੋਈ ਵੀ ਵਿਅਕਤੀ, ਵਪਾਰੀ ਜਾਂ ਸੰਸਥਾ ਜ਼ਰੂਰੀ ਵਸਤਾਂ ਦੀ ਜਮ੍ਹਾਂਖੋਰੀ ਨਹੀਂ ਕਰ ਸਕੇਗਾ। ਇਸ ਵਿੱਚ ਅਨਾਜ, ਪਸ਼ੂ ਚਾਰਾ, ਦੁੱਧ ਤੇ ਡੇਅਰੀ ਉਤਪਾਦ, ਪੈਟਰੋਲ, ਡੀਜ਼ਲ ਅਤੇ ਹੋਰ ਰੋਜ਼ਮਰ੍ਹਾ ਦੀਆਂ ਵਸਤਾਂ ਸ਼ਾਮਲ ਹਨ। ਜਮ੍ਹਾਂਖੋਰੀ, ਕਾਲਾਬਜ਼ਾਰੀ ਜਾਂ ਕੀਮਤਾਂ ਵਿੱਚ ਹੇਰਾਫੇਰੀ ਦੀ ਸੂਚਨਾ ਲੋਕ, ਸਬੰਧਤ ਅਧਿਕਾਰੀਆਂ ਨੂੰ ਦੇ ਸਕਦੇ ਹਨ। ਸੰਪਰਕ ਲਈ ਨੰਬਰ ਹੇਠ ਲਿਖੇ ਹਨ। ਡੀ.ਐੱਫ.ਸੀ.ਐੱਸ. ਗੁਰਦਾਸਪੁਰ ਸੁਖਜੀਤ ਸਿੰਘ (8284878182), ਪਸ਼ੂ ਪਾਲਣ ਵਿਭਾਗ ਤੋਂ ਡਾ. ਜਸਪ੍ਰੀਤ ਸਿੰਘ ਨਾਗਪਾਲ (9878177491), ਮੰਡੀ ਬੋਰਡ ਤੋਂ ਜਸਪਾਲ ਸਿੰਘ (9779800094), ਮਾਰਕਫੈੱਡ ਤੋਂ ਗੁਰਪ੍ਰੀਤ ਸਿੰਘ, ਡੀ.ਐੱਮ. ਮਾਰਕਫੈੱਡ (9914120446), ਵੇਰਕਾ ਕੈਟਲ ਫੀਡ ਘਣੀਏ ਕੇ ਬੰਗਰ ਤੋਂ ਸਤਿੰਦਰ ਪ੍ਰਸਾਦ (9417069430), ਏ.ਸੀ.ਐੱਸ.ਟੀ.: ਸ੍ਰੀਮਤੀ ਸੁਪਨਨਦੀਪ ਉੱਪਲ (9872910028) ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੁੰਦੇ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਚਿਤਾਵਨੀ ਦਿੱਤੀ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਸਹਿਯੋਗ ਦੀ ਅਪੀਲ ਕੀਤੀ ਹੈ ਤਾਂ ਜੋ ਜ਼ਰੂਰੀ ਵਸਤਾਂ ਦੀ ਸੁਚਾਰੂ ਸਪਲਾਈ ਤੇ ਨਿਰਪੱਖ ਵੰਡ ਨੂੰ ਯਕੀਨੀ ਬਣਾਇਆ ਜਾ ਸਕੇ।

# ਪਬਲਿਕ ਦੀ ਸਹੂਲਤ ਲਈ ਨਗਰ ਨਿਗਮ ਵੱਲੋਂ ਵਾਟਰ ਸਪਲਾਈ ਦੇ ਸਮੇਂ 'ਚ ਤਬਦੀਲੀ

ਹੁਸ਼ਿਆਰਪੁਰ, 9 ਮਈ (ਪਰਮਿੰਦਰ ਘੁੰਮਣ): ਮੇਅਰ ਨਗਰ ਨਿਗਮ ਸੁਰਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਤੇ ਪਾਕਿਸਤਾਨ ਵਿਚ ਚੱਲ ਰਹੇ ਤਣਾਅ ਦੌਰਾਨ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਰਾਤ ਦੇ ਸਮੇਂ ਬਲੈਕਆਊਟ ਦੇ ਮੱਦੇਨਜ਼ਰ ਬਿਜਲੀ ਬੰਦ ਕੀਤੀ ਜਾਂਦੀ ਹੈ, ਜਿਸ ਕਾਰਨ ਆਮ ਪਬਲਿਕ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਆਉਂਦੀ ਹੈ। ਇਸ ਲਈ ਪਬਲਿਕ ਦੀ ਸਹੂਲਤ ਲਈ ਨਗਰ ਨਿਗਮ ਵੱਲੋਂ ਵਾਟਰ ਸਪਲਾਈ ਦੇ ਸਮੇਂ ਵਿਚ ਤਬਦੀਲੀ ਕੀਤੀ ਗਈ ਹੈ। ਹੁਣ ਸ਼ਹਿਰ ਅੰਦਰ ਸਵੇਰੇ 05:00 ਵਜੇ ਤੋਂ 09:00 ਵਜੇ ਤੱਕ ਅਤੇ ਸ਼ਾਮ 04:00 ਵਜੇ ਤੋਂ ਰਾਤ 08:00 ਵਜੇ ਤੱਕ ਪਾਣੀ ਦੀ ਸਪਲਾਈ ਨਿਰਵਿਘਨ ਦਿੱਤੀ ਜਾਵੇਗੀ। ਉਨ੍ਹਾਂ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਗਰਮੀ ਦੇ ਮੌਸਮ ਵਿਚ ਪਾਣੀ ਦੀ ਮੰਗ ਬਹੁਤ ਜ਼ਿਆਦਾ ਵੱਧ ਜਾਂਦੀ ਹੈ, ਇਸ ਲਈ ਪੀਣ ਵਾਲੇ ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ ਜਾਵੇ। ਪੀਣ ਵਾਲੇ ਪਾਣੀ ਨਾਲ ਆਪਣੇ ਘਰ ਦੇ ਵਿਹੜੇ, ਥੜ੍ਹੇ ਤੇ ਵਹੀਕਲ ਨਾ ਧੋਤੇ ਜਾਣ। ਉਨ੍ਹਾਂ ਕਿਹਾ ਕਿ ਪਾਣੀ ਇਕ ਵੱਡਮੁੱਲੀ ਦਾਤ ਹੈ, ਇਸ ਲਈ ਇਸ ਦੀ ਦੁਰਵਰਤੋਂ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਪਾਕਿਸਤਾਨ ਵਿਚਾਲੇ ਮੱਤਭੇਦ ਚੱਲ ਰਹੇ ਹਨ। ਇਸ ਲਈ ਐਮਰਜੈਂਸੀ ਸਥਿਤੀ ਵਿਚ ਪਾਣੀ ਦੀ ਸਪਲਾਈ ਵਿਚ ਰੁਕਾਵਟ ਹੋ ਸਕਦੀ ਹੈ। ਇਸ ਲਈ ਸ਼ਹਿਰ ਵਾਸੀ ਉਚਿੱਤ ਮਾਤਰਾ ਵਿਚ ਪਾਣੀ ਸਟੋਰ ਕਰਕੇ ਰੱਖਣ ਤਾਂ ਜੋ ਪਾਣੀ ਦੀ ਸਪਲਾਈ ਨਾ ਆਵੇ ਤਾਂ ਕਿ ਉਨ੍ਹਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਸ਼ਹਿਰ ਵਾਸੀਆਂ ਦੇ ਧਿਆਨ ਵਿਚ ਲਿਆਂਦਾ ਕਿ ਜਦੋਂ ਤੱਕ ਬਲੈਕਆਊਟ ਨਹੀਂ ਹੋ ਜਾਂਦਾ, ਟਿਊਬਵੈੱਲ ਉਦੋਂ ਤੱਕ ਚਾਲੂ ਰਹਿਣਗੇ।

# ਕਿਸੇ ਵੀ ਸ਼ੱਕੀ ਵਿਅਕਤੀ ਜਾਂ ਵਸਤੂ ਦੀ ਸੂਚਨਾ ਪੁਲਿਸ ਨੂੰ ਦਿਓ : ਐੱਸ.ਐੱਸ.ਪੀ.



ਗੁਰਦਾਸਪੁਰ, 9 ਮਈ (ਜਗੀਰ ਸਿੰਘ ਮੰਡ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਕਿਹਾ ਹੈ ਕਿ ਜ਼ਿਲ੍ਹੇ ਵਿੱਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਤੇ ਕਿਸੇ ਨੂੰ ਵੀ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਸਥਿਤੀ ਉੱਤੇ ਆਪਣੀ ਨਜ਼ਰ ਰੱਖ ਰਿਹਾ ਹੈ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਆਪਣੇ ਦਫ਼ਤਰ ਵਿਖੇ ਐੱਸ.ਐੱਸ.ਪੀ. ਬਟਾਲਾ ਸੋਹੇਲ ਕਾਸਿਮ ਮੀਰ, ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ ਤੇ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਨਾਲ ਮੌਜੂਦਾ ਸਥਿਤੀ ਨੂੰ ਲੈ ਕੇ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸਹਾਇਤਾ ਲਈ ਕੰਟਰੋਲ ਰੂਮ ਬਣਾ ਕੇ ਹੈਲਪ ਲਾਈਨ ਨੰਬਰ 01874-266376 ਜਾਰੀ ਕੀਤਾ ਗਿਆ ਹੈ ਤੇ ਜ਼ਿਲ੍ਹਾ ਵਾਸੀ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਇਸ ਨੰਬਰ 'ਤੇ ਸੰਪਰਕ ਕਰਕੇ ਸਹਾਇਤਾ ਲੈ ਸਕਦੇ ਹਨ। ਉਨ੍ਹਾਂ ਕਿਹਾ ਬੀਤੀਆਂ ਦੋ ਰਾਤਾਂ ਨੂੰ ਬਲੈਕ ਆਊਟ ਦੇ ਸੱਦੇ ਨੂੰ ਕਾਮਯਾਬ ਬਣਾਉਣ ਲਈ ਜ਼ਿਲ੍ਹਾ ਵਾਸੀਆਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਗਲੇ ਹੁਕਮਾਂ ਤੱਕ ਜ਼ਿਲ੍ਹੇ ਵਿੱਚ ਰੋਜ਼ਾਨਾ ਰਾਤ ਨੂੰ 9:00 ਵਜੇ ਤੋਂ ਸਵੇਰੇ 5:00 ਤੱਕ ਬਲੈਕ-ਆਊਟ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਤੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਵੀ ਇੰਨ-ਬਿੰਨ ਕੀਤੀ ਜਾਵੇ, ਕਿਉਂਕਿ ਇਹ ਲੋਕ ਹਿਤ ਲਈ ਜ਼ਰੂਰੀ ਹੈ। ਉਨ੍ਹਾਂ ਨੇ ਦੱਸਿਆ ਕਿ ਲੋਕਾਂ ਨੂੰ ਡਰਨ ਦੀ ਲੋੜ ਨਹੀਂ, ਅਸੀਂ ਡਿਫੈਂਸ ਦੇ ਉੱਚ ਅਧਿਕਾਰੀਆਂ ਨਾਲ ਪੂਰਾ ਤਾਲਮੇਲ ਬਣਾ ਕੇ ਰੱਖਿਆ ਹੋਇਆ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਜ਼ਰੂਰੀ ਵਸਤਾਂ, ਪੈਟਰੋਲ, ਡੀਜ਼ਲ, ਰਸੋਈ ਗੈਸ, ਦਵਾਈਆਂ, ਪਸ਼ੂਆਂ ਦੇ ਚਾਰੇ ਭਾਵ ਕਿਸੇ ਵੀ ਚੀਜ਼ ਦੀ ਕੋਈ ਘਾਟ ਨਹੀਂ ਹੈ, ਇਸ ਲਈ ਬਿਨਾਂ ਲੋੜ ਤੋਂ ਵਾਧੂ ਸਮੱਗਰੀ ਖ਼ਰੀਦ ਕੇ ਕਾਲਾਬਜ਼ਾਰੀ ਨੂੰ ਉਤਸ਼ਾਹਿਤ ਨਾ ਕੀਤਾ ਜਾਵੇ।

# ਸੁਰੱਖਿਆ ਲਈ ਤਾਇਨਾਤ ਜਵਾਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ



ਬਟਾਲਾ, 9 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਮਾਨਯੋਗ ਸਪੈਸ਼ਲ ਡੀ.ਜੀ.ਪੀ. ਸੰਜੀਵ ਕਾਲੜਾ ਪੰਜਾਬ ਹੋਮਗਾਰਡਜ਼ ਤੇ ਡਾਇਰੈਕਟਰ ਸਿਵਲ ਡਿਫੈਂਸ ਦੀਆਂ ਹਦਾਇਤਾਂ ਅਨੁਸਾਰ ਬਟਾਲੀਅਨ ਕਮਾਂਡਰ ਗੁਰਲਵਦੀਪ ਸਿੰਘ ਵੱਲੋਂ ਆਰਮੀ ਐਕਸਰਸਾਈਜ਼ ਲਈ ਪੁਲਾਂ ਦੀ ਸੁਰੱਖਿਆ 'ਤੇ ਤਾਇਨਾਤ ਜਵਾਨਾਂ ਦੀ ਚੈਕਿੰਗ ਕੀਤੀ ਗਈ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਆਉਣ-ਜਾਣ ਵਾਲੇ ਲੋਕਾਂ ਨੇ ਵੀ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕੀਤਾ ਕਿ ਹਰ ਜਗ੍ਹਾ 'ਤੇ ਉਨ੍ਹਾਂ ਦੀ ਸੁਰੱਖਿਆ ਲਈ ਫੋਰਸ ਤੈਨਾਤ ਹੈ। ਇਸ ਦੌਰਾਨ ਉਨ੍ਹਾਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਕਿਸੇ ਅਣਸੁਖਾਵੀਂ ਘਟਨਾ ਲਈ ਫੋਰਸ ਤਾਇਨਾਤ ਹੈ, ਜੋ ਦਿਨ-ਰਾਤ ਹਰੇਕ ਨਾਗਰਿਕ ਦੀ ਜਾਨ-ਮਾਲ ਦੀ ਰਾਖੀ ਕਰ ਰਹੇ ਹਨ।

# ਘੁਮਾਣ ਪੁਲਿਸ ਵੱਲੋਂ 460 ਗ੍ਰਾਮ ਹੈਰੋਇਨ ਤੇ 20 ਹਜ਼ਾਰ ਡਰੱਗ ਮਨੀ ਸਮੇਤ ਔਰਤ ਕਾਬੂ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ, 9 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਡਾ. ਸਰਬਜੀਤ ਸਿੰਘ ਛਿੰਡਰ): ਘੁਮਾਣ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਪ੍ਰਾਪਤ ਮਿਲੀ ਜਦੋਂ ਇੱਕ ਔਰਤ ਨੂੰ 460 ਗ੍ਰਾਮ ਹੈਰੋਇਨ ਤੇ ਵੀਹ ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਕਾਬੂ ਕੀਤਾ ਗਿਆ। ਇਸ ਸਬੰਧੀ ਮੀਡੀਏ ਨੂੰ ਜਾਣਕਾਰੀ ਦਿੰਦਿਆਂ ਡੀ.ਐਸ.ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ ਰਾਜੇਸ਼ ਕੱਕੜ ਨੇ ਦੱਸਿਆ ਕਿ ਮਾਨਯੋਗ ਸੁਹੇਲ ਕਾਸਿਮ ਮੀਰ ਆਈ.ਪੀ.ਐਸ. ਸੀਨੀਅਰ ਪੁਲਿਸ ਕਪਤਾਨ ਬਟਾਲਾ, ਗੁਰਪ੍ਰਤਾਪ ਸਿੰਘ ਸਹੋਤਾ ਐੱਸ.ਪੀ. ਇਨਵੈਸਟੀਗੇਸ਼ਨ ਬਟਾਲਾ ਦੀਆਂ ਹਦਾਇਤਾਂ ਅਨੁਸਾਰ ਭੈੜੇ ਅਨਸਰਾਂ ਤੇ ਨਸ਼ੇ ਦੇ ਸਮੱਗਲਰਾਂ ਖਿਲਾਫ ਕੀਤੀ ਗਈ ਕਾਰਵਾਈ ਅਨੁਸਾਰ ਥਾਣਾ ਘੁਮਾਣ ਦੇ ਮੁਖੀ ਐੱਸ.ਐੱਚ.ਓ. ਬਿਕਰਮ ਸਿੰਘ ਵੱਲੋਂ ਸਮੇਤ ਸੀ.ਆਈ.ਏ. ਸਟਾਫ ਬਟਾਲਾ ਦੇ



ਕਰਮਚਾਰੀਆਂ ਗਸ਼ਤ ਦੇ ਸਬੰਧ ਵਿੱਚ ਪਿੰਡ ਭੋਮਾ ਗਏ ਸਨ, ਜਿੱਥੇ ਇਕ ਔਰਤ ਪਵਨਦੀਪ ਕੌਰ ਪਤਨੀ ਅੰਮ੍ਰਿਤਪਾਲ ਸਿੰਘ ਵਾਸੀ ਭੋਮਾ ਕੋਲੋਂ 460 ਗ੍ਰਾਮ ਹੈਰੋਇਨ ਤੇ ਇੱਕ ਕੰਪਿਊਟਰ ਕੰਡਾ ਤੇ 20 ਹਜ਼ਾਰ ਰੁਪਏ ਭਾਰਤੀ ਕਰੰਸੀ ਡਰੱਗ ਮਨੀ ਸਮੇਤ ਕਾਬੂ ਕਰ ਲਿਆ। ਪੁੱਛਗਿੱਛ ਦੌਰਾਨ ਪਵਨਦੀਪ ਕੌਰ ਨੇ ਦੱਸਿਆ ਕਿ ਉਸ ਨੇ ਇਹ ਹੈਰੋਇਨ ਲਵਪ੍ਰੀਤ ਸਿੰਘ ਉਰਫ ਭੋਲਾ ਪੁੱਤਰ ਗੁਰਜੀਤ ਸਿੰਘ ਵਾਸੀ ਭੋਮਾ ਕੋਲੋਂ ਖਰੀਦੀ ਹੈ। ਉਨ੍ਹਾਂ ਦੱਸਿਆ ਕਿ ਪਵਨਦੀਪ ਕੌਰ ਨੂੰ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਤੇ ਹੋਰ ਪੁੱਛਗਿੱਛ ਜਾਰੀ ਹੈ। ਇਸ ਮੌਕੇ ਥਾਣਾ ਘੁਮਾਣ ਦੇ ਮੁਖੀ ਐੱਸ.ਐੱਚ.ਓ. ਬਿਕਰਮ ਸਿੰਘ, ਏ.ਐੱਸ.ਆਈ. ਸੁਖਰਾਜ ਸਿੰਘ, ਮੁੱਖ ਮੁਨਸ਼ੀ ਥਾਣਾ ਘੁਮਾਣ ਪਰਮਜੀਤ ਸਿੰਘ, ਮੁਨਸ਼ੀ ਗੁਰਪ੍ਰੀਤ ਸਿੰਘ, ਏ.ਐੱਸ.ਆਈ. ਸ਼ਿਵਚਰਨ ਕੁਮਾਰ ਤੇ ਮਹਿਲਾ ਪੁਲਿਸ ਮੁਲਾਜ਼ਮ ਹਾਜ਼ਰ ਸਨ।

# ਵੱਡੀ ਮਾਤਰਾ 'ਚ ਹੈਰੋਇਨ ਤੇ ਵੀਹ ਹਜ਼ਾਰ ਰੁਪਏ ਦੀ ਡਰੱਗ ਮਨੀ ਬ੍ਰਾਮਦ ਕਰਨੀ ਘੁਮਾਣ ਪੁਲਿਸ ਦਾ ਸ਼ਲਾਘਾਯੋਗ ਕਦਮ : ਡਾ. ਜੱਜ ਘੁਮਾਣ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 9 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਸ਼ਿਆਂ ਵਿਰੁੱਧ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਸਰਕਾਰ ਦਾ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹਿਊਮਨ ਰਾਈਟਸ ਸੰਘਰਸ਼ ਕਮੇਟੀ ਇੰਡੀਆ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ ਜੱਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਸ ਮੁਹਿੰਮ ਤਹਿਤ ਘੁਮਾਣ ਪੁਲਿਸ ਨਸ਼ਿਆਂ ਵਿਰੁੱਧ ਬਹੁਤ ਵਧੀਆ ਕੰਮ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਸਬ-ਡਵੀਜ਼ਨ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਡੀ.ਐੱਸ.ਪੀ. ਰਜੇਸ਼ ਕੱਕੜ ਦੀ ਅਗਵਾਈ ਹੇਠ ਪੁਲਿਸ ਥਾਣਾ ਘੁਮਾਣ ਦੇ ਮੁਖੀ ਐੱਸ.ਐੱਚ.ਓ. ਬਿਕਰਮ ਸਿੰਘ ਵੱਲੋਂ ਜਿਸ ਤਰ੍ਹਾਂ ਬੀਤੇ ਦਿਨੀਂ ਵੱਡੀ ਮਾਤਰਾ ਵਿੱਚ ਹੈਰੋਇਨ ਤੇ ਵੀਹ ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਇਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀ.ਐੱਸ.ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ ਰਜੇਸ਼ ਕੱਕੜ ਤੇ ਪੁਲਿਸ ਥਾਣਾ



ਘੁਮਾਣ ਦੇ ਮੁਖੀ ਐੱਸ.ਐੱਚ.ਓ. ਬਿਕਰਮ ਸਿੰਘ ਤੇ ਘੁਮਾਣ ਥਾਣੇ ਦੇ ਸਮੂਹ ਪੁਲਿਸ ਮੁਲਾਜ਼ਮ ਵਧਾਈ ਦੇ ਪਾਤਰ ਹਨ। ਉਨ੍ਹਾਂ ਆਖਿਆ ਕਿ ਮਾਨਯੋਗ ਡੀ.ਐੱਸ.ਪੀ. ਰਜੇਸ਼ ਕੱਕੜ ਨੇ ਸਬ-ਡਵੀਜ਼ਨ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਆਪਣਾ ਅਹੁਦਾ ਸੰਭਾਲਦਿਆਂ ਹੀ ਇੰਨਾ ਵੱਡਾ ਨਸ਼ਿਆਂ ਵਿਰੁੱਧ ਕਾਰਜ ਕੀਤਾ, ਜਿਸ ਤੋਂ ਹਲਕੇ ਦੇ ਲੋਕ ਡੀ.ਐੱਸ.ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ ਰਜੇਸ਼ ਕੱਕੜ ਤੇ ਥਾਣਾ ਮੁਖੀ ਘੁਮਾਣ ਐੱਸ.ਐੱਚ.ਓ. ਬਿਕਰਮ ਸਿੰਘ ਤੋਂ ਘੁਮਾਣ ਪੁਲਿਸ ਦੀ ਸ਼ਲਾਘਾ ਕਰ ਰਹੇ ਹਨ। ਡਾ. ਜੱਜ ਘੁਮਾਣ ਨੇ ਆਖਿਆ ਕਿ ਇਸ ਤਰ੍ਹਾਂ ਨਸ਼ਿਆਂ ਵਿਰੁੱਧ ਪੁਲਿਸ ਵੱਲੋਂ ਸਖ਼ਤ ਕਾਰਵਾਈ ਕਰਨ ਨਾਲ ਨਸ਼ਿਆਂ ਦੇ ਸੌਦਾਗਰਾਂ ਨੂੰ ਭਾਜੜਾਂ ਪਈਆਂ ਹੋਈਆਂ ਹਨ। ਹਿਊਮਨ ਰਾਈਟਸ ਸੰਘਰਸ਼ ਕਮੇਟੀ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ ਜੱਜ ਨੇ ਕਿਹਾ ਕਿ ਸਾਡੀ ਸੰਸਥਾ ਨਸ਼ਿਆਂ ਵਿਰੁੱਧ ਪੁਲਿਸ ਪ੍ਰਸ਼ਾਸਨ ਦਾ ਪੂਰਾ-ਪੂਰਾ ਸਾਥ ਦੇਵੇਗੀ।

# ਡੀ.ਸੀ. ਵੱਲੋਂ ਬੀ.ਐੱਸ.ਐੱਨ.ਐੱਲ. ਤੇ ਹੋਰ ਸੰਚਾਰ ਸੇਵਾਵਾਂ ਦੇਣ ਵਾਲੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ

☛ ਕਿਸੇ ਵੀ ਹੰਗਾਮੀ ਸਥਿਤੀ ਦੌਰਾਨ ਸੰਚਾਰ ਸੇਵਾਵਾਂ ਨੂੰ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ



ਗੁਰਦਾਸਪੁਰ, 9 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਭਾਰਤ-ਪਾਕਿ ਸਰਹੱਦ ਉੱਪਰ ਚੱਲ ਰਹੇ ਤਣਾਅ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਬੀ.ਐੱਸ.ਐੱਨ.ਐੱਲ. ਤੇ ਹੋਰ ਸੰਚਾਰ ਸੇਵਾਵਾਂ ਦੇਣ ਵਾਲੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਬੀ.ਐੱਸ.ਐੱਨ.ਐੱਲ. ਤੇ ਹੋਰ ਸੰਚਾਰ ਸੇਵਾਵਾਂ ਦੇਣ ਵਾਲੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕਿਸੇ ਵੀ ਹੰਗਾਮੀ ਸਥਿਤੀ ਦੌਰਾਨ ਆਪਣੀਆਂ ਸੰਚਾਰ ਸੇਵਾਵਾਂ ਨੂੰ ਜਾਰੀ ਰੱਖਣ ਲਈ ਆਪਣੇ ਪੂਰੇ ਬੰਦੋਬਸਤ ਕਰਕੇ ਰੱਖਣ। ਉਨ੍ਹਾਂ ਕਿਹਾ ਕਿ ਐਮਰਜੈਂਸੀ ਦੇ ਹਾਲਾਤਾਂ ਦੌਰਾਨ ਸੰਚਾਰ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ, ਇਸ ਲਈ ਟੈਲੀਕਮਿਊਨੀਕੇਸ਼ਨ ਵਿਭਾਗ ਦਾ ਸਾਰਾ ਸਟਾਫ਼ ਆਪਣੀ ਪੂਰੀ ਤਿਆਰੀ ਰੱਖੇ। ਉਨ੍ਹਾਂ ਕਿਹਾ ਕਿ ਸੰਚਾਰ ਵਿਭਾਗਾਂ ਦੇ ਸਾਰੇ ਅਧਿਕਾਰੀ ਤੇ ਕਰਮਚਾਰੀ ਆਪਣੀ ਡਿਊਟੀ ਉੱਪਰ ਤਾਇਨਾਤ ਰਹਿਣਗੇ ਤੇ ਲੋੜ ਪੈਣ 'ਤੇ ਤੁਰੰਤ ਆਪਣੀਆਂ ਸੇਵਾਵਾਂ ਦੇਣਗੇ। ਬੀ.ਐੱਸ.ਐੱਨ.ਐੱਲ. ਤੇ ਹੋਰ ਸੰਚਾਰ ਸੇਵਾਵਾਂ ਦੇਣ ਵਾਲੇ ਵਿਭਾਗਾਂ ਦੇ ਅਧਿਕਾਰੀਆਂ ਨੇ ਕਿਹਾ ਕਿ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਉਨ੍ਹਾਂ ਦਾ ਸਟਾਫ਼ ਪੂਰੀ ਤਰ੍ਹਾਂ ਤਿਆਰ ਹੈ ਤੇ ਉਨ੍ਹਾਂ ਵੱਲੋਂ ਇਸ ਸਬੰਧੀ ਸਾਰੇ ਲੋੜੀਂਦੇ ਪ੍ਰਬੰਧ ਕਰ ਲਏ ਗਏ ਹਨ।

# ਪੰਜਾਬ ਸਰਕਾਰ ਵੱਲੋਂ ਹਿਤੇਸ਼ ਮਹਾਜਨ ਤੇ ਰਘੁਬੀਰ ਸਿੰਘ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਟਰੱਸਟੀ ਨਿਯੁਕਤ

ਗੁਰਦਾਸਪੁਰ, 9 ਮਈ (ਜਸਵਿੰਦਰ ਸਿੰਘ): ਪੰਜਾਬ ਸਰਕਾਰ ਵੱਲੋਂ ਅੱਜ ਹਿਤੇਸ਼ ਮਹਾਜਨ ਤੇ ਰਘੁਬੀਰ ਸਿੰਘ ਨੂੰ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਟਰੱਸਟੀ ਨਿਯੁਕਤ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਨਿਯੁਕਤੀਆਂ ਕਰਕੇ ਗੁਰਦਾਸਪੁਰ ਦੇ ਮਿਹਨਤੀ ਤੇ ਇਮਾਨਦਾਰ ਆਗੂਆਂ ਨੂੰ ਮਾਣ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਹੀ ਆਪਣੇ ਇਮਾਨਦਾਰ ਤੇ ਮਿਹਨਤੀ ਆਗੂਆਂ ਨੂੰ ਬਣਦਾ ਮਾਣ ਦਿੰਦੀ ਹੈ ਤੇ ਹਿਤੇਸ਼ ਮਹਾਜਨ ਤੇ ਰਘੁਬੀਰ ਸਿੰਘ ਦੀਆਂ ਨਿਯੁਕਤੀ ਵੀ ਇਸੇ ਕੜੀ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਨਗਰ ਸੁਧਾਰ ਗੁਰਦਾਸਪੁਰ ਦੇ ਨਵ-ਨਿਯੁਕਤ ਇਹ



ਟਰੱਸਟੀ ਗੁਰਦਾਸਪੁਰ ਸ਼ਹਿਰ ਨੂੰ ਆਪਣੀਆਂ ਸ਼ਾਨਦਾਰ ਸੇਵਾਵਾਂ ਦੇਣਗੇ। ਉਨ੍ਹਾਂ ਕਿਹਾ ਕਿ ਇਹ ਦੋਵੇਂ ਆਗੂ ਇਸ ਤੋਂ ਪਹਿਲਾਂ ਵੀ ਵੱਖ-ਵੱਖ ਸੰਗਠਨਾਂ ਤੇ ਸੰਸਥਾਵਾਂ ਵਿੱਚ ਕੰਮ ਕਰ ਚੁੱਕੇ ਹਨ। ਉਧਰ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਇਸ ਨਿਯੁਕਤੀ ਲਈ ਹਿਤੇਸ਼ ਮਹਾਜਨ ਤੇ ਰਘੁਬੀਰ ਸਿੰਘ ਨੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ, ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਇਸ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ਤੇ ਇਮਨਦਾਰੀ ਨਾਲ ਨਿਭਾਉਣਗੇ।

# ਸਿਵਲ ਡਿਫੈਂਸ ਨੇ ਨੁੱਕੜ ਮੀਟਿੰਗ 'ਚ ਮੌਕ ਡਰਿੱਲ ਰਾਹੀਂ ਲੋਕਾਂ ਨੂੰ ਕੀਤਾ ਜਾਗਰੂਕ

ਅਲੀਵਾਲ, 9 ਮਈ (ਡਾ. ਸਤਨਾਮ ਸਿੰਘ ਸੰਧੂ): ਡਿਪਟੀ ਕਮਿਸ਼ਨਰ-ਕਮ-ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਡਿਫੈਂਸ ਮੌਕ ਡਰਿੱਲ ਰਾਹੀਂ ਜਾਗਰੂਕਤਾ



ਮੁਹਿੰਮ ਤਹਿਤ ਕਪਿਲ ਚੋਪੜਾ (ਸਿਵਲ ਡਿਫੈਂਸ) ਪਾਂਧਿਆ ਮੁਹੱਲਾ ਅੰਦਰਵਾਰ ਪਹਾੜੀ ਗੇਟ ਵੱਲੋਂ ਨੁੱਕੜ ਮੀਟਿੰਗ ਕਰਵਾਈ ਗਈ। ਜਿਸ ਵਿਚ ਪੋਸਟ ਵਾਰਡਨ ਹਰਬਖਸ਼ ਸਿੰਘ, ਸਰਬਜੀਤ ਸਿੰਘ, ਜਸਪ੍ਰੀਤ ਸਿੰਘ ਕਲਸੀ ਤੇ ਬੱਚਿਆਂ ਔਰਤਾਂ ਤੇ ਬਜ਼ੁਰਗਾਂ ਸਮੇਤ ਮੁਹੱਲਾ ਨਿਵਾਸੀ ਨੇ ਹਿੱਸਾ ਲਿਆ। ਇਸ ਮੌਕੇ ਹਰਬਖਸ਼ ਸਿੰਘ ਨੇ ਦੱਸਿਆ ਗਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ, ਅਫਵਾਹਾਂ ਤੋਂ ਬਚਿਆ ਜਾਵੇ। ਹਵਾਈ ਹਮਲੇ ਦੀ ਚੇਤਾਵਨੀ ਦੇਣ ਵੇਲੇ ਸਾਇਰਨ ਸੁਣਦੇ ਹੀ ਕੀ ਕਰੀਏ ਕੀ ਨਾ ਕਰੀਏ ਬਾਰੇ ਦੱਸਿਆ ਗਿਆ। ਕਿਸੇ ਵੀ ਐਮਰਜੈਂਸੀ ਲਈ ਹਮੇਸ਼ਾ ਤਿਆਰ ਰਹੋ। ਇਸ ਮੌਕੇ ਬਚਾਅ ਦੀ ਮੌਕ ਡਰਿਲ ਵੀ ਕਰਵਾਈ, ਜਿਸ ਵਿਚ ਹਾਜ਼ਰ ਬੱਚਿਆਂ ਨੇ ਹਿੱਸਾ ਲਿਆ। ਐਮਰਜੈਂਸੀ ਮੌਕੇ ਫੋਨ 01874-266376 ਬਾਰੇ ਵੀ ਦੱਸਿਆ।

# ਮਹਾਰਾਣਾ ਪ੍ਰਤਾਪ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ




ਨਵਾਂ ਸ਼ਹਿਰ, 9 ਮਈ (ਸੁਖਦੇਵ ਸਿੰਘ ਉੜਾਪੜ): ਰਾਜਪੂਤ ਸਭਾ ਸਨਾਵਾ ਵੱਲੋਂ ਪਿੰਡ ਸਨਾਵਾ ਵਿਖੇ ਮਹਾਰਾਣਾ ਪ੍ਰਤਾਪ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਕਮਲ ਬਲੱਡ ਬੈਂਕ ਕਿਸ਼ਨਪੁਰਾ ਚੌਕ ਜਲੰਧਰ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਖਬੀਰ ਸਿੰਘ ਸੁੱਖੂ ਤੇ ਰਕੇਸ਼ ਰਾਣਾ ਨੇ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਇਹ ਤੀਸਰਾ ਖ਼ੂਨਦਾਨ ਕੈਂਪ ਲਗਾਇਆ ਗਿਆ ਹੈ। ਇਸ ਕੈਂਪ ਵਿੱਚ 60 ਦੇ ਕਰੀਬ ਖ਼ੂਨਦਾਨੀਆਂ ਵੱਲੋਂ ਆਪਣਾ ਖ਼ੂਨ ਦਾਨ ਕਰਕੇ ਯੋਗਦਾਨ ਪਾਇਆ ਗਿਆ। ਇਸ ਮੌਕੇ 'ਤੇ ਬੋਲਦੇ ਸੁਖਬੀਰ ਰਾਣਾ ਤੇ ਪਵਨ ਰਾਣਾ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਲੋੜਵੰਦ ਨੂੰ ਸਮੇਂ ਸਿਰ ਕੋਈ ਸਹਾਰਾ ਮਿਲ ਸਕੇ। ਹਰ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਲੋੜਵੰਦਾਂ ਲਈ ਇੱਕ ਵਾਰ ਖ਼ੂਨ ਦਾਨ ਜ਼ਰੂਰ ਕਰਨ। ਸਮਾਜ ਵਿੱਚ ਇੱਕ ਚੰਗੇ ਨਾਗਰਿਕ ਬਣ ਕੇ ਅੱਗੇ ਵਧਣਾ ਚਾਹੀਦਾ ਹੈ। ਇਸ ਮੌਕੇ 'ਤੇ ਪ੍ਰਦੀਪ ਕੁਮਾਰ ਰਾਣਾ, ਸੁਖਬੀਰ ਰਾਣਾ, ਪਵਨ ਰਾਣਾ, ਰਜੀਵ ਕੁਮਾਰ ਰਾਣਾ, ਸੰਜੇ ਰਾਣਾ, ਨਦੀਨ ਰਾਣਾ, ਰਕੇਸ਼ ਬਿੱਟੂ, ਅਸ਼ਵਨੀ ਰਾਣਾ, ਕਿਰਪਾਲ ਸਿੰਘ ਰਾਣਾ, ਅਰਜੁਨ ਰਾਣਾ, ਪੰਡਿਤ ਵਿਸ਼ਨੂ ਬ੍ਰਹਮਾ ਆਦਿ ਹਾਜ਼ਰ ਸਨ।

# ਵਿਧਾਇਕ ਕਲਸੀ ਤੇ ਰੰਧਾਵਾ ਨੇ ਰਾਵੀ ਦਰਿਆ ਤੋਂ ਪਾਰ ਪਿੰਡਾਂ ਦਾ ਕੀਤਾ ਦੌਰਾ

ਡੇਰਾ ਬਾਬਾ ਨਾਨਕ, 9 ਮਈ (ਹੈਪੀ ਕੋਟਲੀ): ਹਿੰਦ-ਪਾਕਿ ਸਰਹੱਦ 'ਤੇ ਬਣੇ ਸੰਵੇਦਨਸ਼ੀਲ ਮਾਹੌਲ ਨੂੰ ਮੁੱਖ ਰੱਖਦਿਆਂ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਤੇ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਰਾਵੀ ਦਰਿਆ ਤੋਂ ਪਾਰ ਪਿੰਡ ਘਣੀਏ ਕੇ ਬੇਟ ਤੇ ਪਿੰਡ ਗੁਰਚੱਕ ਤੇ ਡਾਲਾ ਦਾ ਦੌਰਾ ਕੀਤਾ ਗਿਆ ਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਕੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਆਦਿੱਤਿਆ, ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ -ਕਮ- ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ, ਚੇਅਰਮੈਨ ਰਣਜੀਤ ਸਿੰਘ ਬਾਠ, ਜੋਗਾ ਸਿੰਘ ਡੀ.ਐੱਸ.ਪੀ., ਲਛਮਣ ਸਿੰਘ ਤਹਿਸੀਲਦਾਰ ਸਮੇਤ ਵੱਖ-ਵੱਖ ਅਧਿਕਾਰੀ ਮੌਜੂਦ ਸਨ। ਇਸ ਮੌਕੇ ਗੱਲਬਾਤ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਭਾਰਤ-ਪਾਕਿ ਵਿੱਚ ਮੌਜੂਦਾ ਬਣੇ ਹਾਲਾਤਾਂ ਨੂੰ ਵੇਖਦਿਆਂ ਉਨ੍ਹਾਂ ਵੱਲੋਂ ਸਰਹੱਦੀ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ। ਉਨ੍ਹਾਂ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ



ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸੁਰੱਖਿਆ ਲਈ ਪੁਖਤਾ ਪ੍ਰਬੰਧ ਕੀਤੇ ਗਏ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸਹਾਇਤਾ ਲਈ ਰਾਹਤ ਕੈਂਪ ਬਣਾਏ ਗਏ ਹਨ ਤੇ ਪਸ਼ੂਆਂ ਦੇ ਰੱਖ ਰਖਾਅ ਅਤੇ ਚਾਰੇ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ, ਇਸ ਲਈ ਲੋਕ ਕਿਸੇ ਘਬਰਾਹਟ ਵਿੱਚ ਨਾ ਆਉਣ ਤੇ ਸੁਚੇਤ ਰਹਿਣ। ਕਾਰਜਕਾਰੀ ਪੰਜਾਬ ਪ੍ਰਧਾਨ ਸ਼ੈਰੀ ਕਲਸੀ ਨੇ ਕਿਹਾ ਕਿ ਸਰਹੱਦੀ ਪਿੰਡਾਂ ਦੇ ਲੋਕਾਂ ਨੇ ਹਮੇਸ਼ਾ ਦੇਸ਼ ਦੀ ਸੁਰੱਖਿਆ ਲਈ ਮੋਹਰੀ ਹੋ ਕੇ ਭੂਮਿਕਾ ਨਿਭਾਈ ਹੈ ਤੇ ਭਾਰਤੀ ਫੌਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਹਿਯੋਗ ਕੀਤਾ ਹੈ। ਉਨ੍ਹਾਂ ਪਿੰਡ ਵਾਸੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਨੂੰ ਸਰਕਾਰ ਦੀਆਂ ਸਮੇਂ-ਸਮੇਂ 'ਤੇ ਜਾਰੀ ਹੋ ਰਹੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਫੌਜੀ ਜਵਾਨਾਂ ਨੂੰ ਮਿਲ ਕੇ ਮੌਜੂਦਾ ਸਥਿਤੀ ਦੀ ਜਾਣਕਾਰੀ ਲਈ ਤੇ ਕਿਹਾ ਕਿ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਉਨ੍ਹਾਂ ਨਾਲ ਡੱਟ ਕੇ ਖੜ੍ਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਬਰਾਉਣ ਨਾ ਸਹਿਜ ਵਿੱਚ ਰਹਿੰਦੇ ਹੋਏ ਪ੍ਰਸ਼ਾਸਨ ਨੂੰ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਵਾਸਤੇ ਸਹਿਯੋਗ ਦੇਣ। ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੇ ਸਰਹੱਦੀ ਲੋਕਾਂ ਦੀ ਬਹਾਦਰੀ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਮੁਸ਼ਕਿਲ ਦੀ ਘੜੀ ਵਿੱਚ ਆਪਸੀ ਸਹਿਯੋਗ ਨਾਲ ਇਸ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ 24 ਘੰਟੇ ਲੋਕਾਂ ਨਾਲ ਸੰਪਰਕ ਵਿੱਚ ਹਨ ਤੇ ਕਿਸੇ ਵੀ ਔਖੀ ਘੜੀ ਵਿੱਚ ਲੋਕਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

# ਡੀ.ਸੀ. ਵੱਲੋਂ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਵਿਰੁੱਧ ਹੁਕਮ ਜਾਰੀ

☛ ਅਧਿਕਾਰੀਆਂ/ਕਰਮਚਾਰੀਆਂ ਨੂੰ ਬਿਨਾਂ ਇਜਾਜ਼ਤ ਦੇ ਸਟੇਸ਼ਨ ਨਾ ਛੱਡਣ ਦੀ ਹਦਾਇਤ

ਸ਼ਹੀਦ ਭਗਤ ਸਿੰਘ ਨਗਰ, 9 ਮਈ (ਸੁਖਦੇਵ ਸਿੰਘ ਉੜਾਪੜ): ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਰੂਰੀ ਵਸਤੂਆਂ ਦੇ ਗੈਰ-ਕਾਨੂੰਨੀ ਜਮ੍ਹਾਂਖੋਰਾਂ ਵਿਰੁੱਧ ਹੁਕਮ ਜਾਰੀ ਕੀਤੇ ਹਨ ਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਜੇਕਰ ਅਜਿਹਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ।



ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨ ਜ਼ਿਲ੍ਹੇ ਭਰ ਵਿੱਚ ਜ਼ਰੂਰੀ ਵਸਤਾਂ ਦੀ ਸੁਚਾਰੂ ਉਪਲਬਧਤਾ ਨੂੰ ਯਕੀਨੀ ਬਣਾ ਰਿਹਾ ਹੈ, ਜਦੋਂ ਕਿ ਜਮ੍ਹਾਂਖੋਰੀ ਕਰਨ ਵਾਲਿਆਂ ਖਿਲਾਫ਼ ਕਾਰਵਾਈ ਹੋਵੇਗੀ। ਉਨ੍ਹਾਂ ਜ਼ਿਲ੍ਹੇ ਵਿੱਚ ਜ਼ਰੂਰੀ ਵਸਤਾਂ ਦੀ ਸੁਚਾਰੂ ਸਪਲਾਈ ਤੇ ਡਿਲੀਵਰੀ ਨੂੰ ਬਣਾਈ ਰੱਖਣ ਲਈ ਜਨਤਾ ਤੋਂ ਸਹਿਯੋਗ ਦੀ ਮੰਗ ਵੀ ਕੀਤੀ। ਜ਼ਰੂਰੀ ਵਸਤੂਆਂ ਐਕਟ, 1955 ਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ, 2023 ਦੀ ਧਾਰਾ 163 ਤਹਿਤ ਜਾਰੀ ਕੀਤੇ ਗਏ ਹੁਕਮਾਂ ਵਿੱਚ ਕਿਹਾ ਗਿਆ ਕਿ ਨਾਗਰਿਕ ਜਮ੍ਹਾਂਖੋਰੀ, ਕਾਲਾਬਜ਼ਾਰੀ ਜਾਂ ਕੀਮਤਾਂ ਵਿੱਚ ਹੇਰਾਫੇਰੀ ਦੀ ਕਿਸੇ ਵੀ ਮਾਮਲੇ ਦੀ ਰਿਪੋਰਟ ਜ਼ਿਲ੍ਹੇ ਦੇ ਸਬੰਧਤ ਅਧਿਕਾਰੀਆਂ ਨੂੰ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕੋਈ ਵੀ ਵਿਅਕਤੀ, ਵਪਾਰੀ ਜਾਂ ਸੰਸਥਾ ਜ਼ਰੂਰੀ ਵਸਤੂਆਂ ਦਾ ਭੰਡਾਰ ਨਹੀਂ ਕਰੇਗੀ, ਜਿਨ੍ਹਾਂ ਵਿੱਚ ਅਨਾਜ ਤੇ ਸਮਾਨ, ਚਾਰਾ, ਦੁੱਧ ਤੇ ਡੇਅਰੀ ਉਤਪਾਦ, ਪੈਟਰੋਲ ਤੇ ਹੋਰ ਬਾਲਣ ਤੇ ਹੋਰ ਰੋਜ਼ਾਨਾ ਲੋੜਾਂ ਦੀਆਂ ਚੀਜ਼ਾਂ ਸ਼ਾਮਲ ਹਨ। ਹੁਕਮਾਂ ਅਨੁਸਾਰ ਜ਼ਰੂਰੀ ਵਸਤੂਆਂ, ਪੈਟਰੋਲ, ਡੀਜ਼ਲ ਆਦਿ ਨਾਲ ਸਬੰਧਤ ਜਮ੍ਹਾਂਖੋਰੀ, ਜੇਕਰ ਕੋਈ ਹੈ ਤਾਂ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ (98782-30268) ਨੂੰ ਰਿਪੋਰਟ ਕੀਤੀ ਜਾ ਸਕਦੀ ਹੈ, ਪਸ਼ੂ-ਪਾਲਣ ਸੇਵਾਵਾਂ ਨਾਲ ਸਬੰਧਤ ਮਾਮਲੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਦੇ ਧਿਆਨ ਵਿੱਚ ਉਨ੍ਹਾਂ ਦੇ ਮੋਬਾਈਲ ਨੰਬਰ (78891-36823) 'ਤੇ ਲਿਆਂਦੇ ਜਾਣਗੇ। ਇਸੇ ਤਰ੍ਹਾਂ ਸਬਜ਼ੀਆਂ ਆਦਿ ਸਮੇਤ ਮੰਡੀ ਨਾਲ ਸਬੰਧਤ ਮੁੱਦਿਆਂ ਨੂੰ ਜ਼ਿਲ੍ਹਾ ਮੰਡੀ ਅਫ਼ਸਰ (98722-58599) ਦੇ ਧਿਆਨ ਵਿੱਚ ਲਿਆਂਦਾ ਜਾਵੇਗਾ, ਜਦੋਂ ਕਿ ਪਸ਼ੂਆਂ ਦੇ ਚਾਰੇ ਲਈ ਜ਼ਿਲ੍ਹਾ ਮੈਨੇਜਰ ਮਾਰਕਫੈੱਡ (98765-04725) ਨਾਲ ਸੰਪਰਕ ਕੀਤਾ ਜਾ ਸਕਦਾ ਹੈ। **ਅਫਵਾਹ ਫੈਲਾਉਣ ਵਾਲਿਆਂ ਤੋਂ ਸਾਵਧਾਨ ਰਹੋ** : ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਲੋਕਾਂ ਨੂੰ ਠਰ੍ਹੰਮੇ 'ਚ ਰਹਿਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਕਿਸੇ ਵੀ ਪਲੇਟਫਾਰਮ 'ਤੇ ਫੈਲ ਰਹੀਆਂ ਅਫਵਾਹਾਂ ਜਾਂ ਗੁੰਮਰਾਹਕੁੰਨ ਜਾਣਕਾਰੀ ਦਾ ਸ਼ਿਕਾਰ ਨਾ ਹੋਣ ਦੀ ਵੀ ਤਾਕੀਦ ਕੀਤੀ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਕਿਸੇ ਵੀ ਸਥਿਤੀ ਵਿੱਚ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਰੂਰੀ ਵਸਤਾਂ ਦੀ ਨਿਰਵਿਘਨ ਸਪਲਾਈ ਲਈ ਪਹਿਲਾਂ ਹੀ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਲੋਕ ਜ਼ਿਲ੍ਹੇ ਨਾਲ ਸਬੰਧਤ ਤਾਜ਼ਾ ਸੂਚਨਾ ਤੇ ਅਸਲ ਜਾਣਕਾਰੀ ਫੇਸਬੁੱਕ ਪੇਜ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਤੋਂ ਪ੍ਰਾਪਤ ਕਰ ਸਕਦੇ ਹਨ।

# ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਮੌਕ ਡਰਿੱਲ ਕਰਵਾਈ

ਗੁਰਦਾਸਪੁਰ, 9 ਮਈ (ਜਗਮੋਹਣ/ਬਾਗੋਵਾਣੀ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ, ਆਈ.ਏ.ਐੱਸ. ਦੀ ਰਹਿਨੁਮਾਈ ਹੇਠ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਮੌਕ ਡਰਿੱਲ ਕਰਵਾਈ ਗਈ। ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਦੀ ਨਿਗਰਾਨੀ ਹੇਠ ਹੋਈ। ਇਸ ਮੌਕੇ ਡਰਿੱਲ ਵਿੱਚ ਵੱਖ-ਵੱਖ ਵਿਭਾਗਾਂ ਦੇ 250 ਤੋਂ ਵੱਧ ਅਧਿਕਾਰੀਆਂ, ਕਰਮਚਾਰੀਆਂ, ਡਾਕਟਰਾਂ ਦੀ ਟੀਮ, ਫਾਇਰ ਬ੍ਰਿਗੇਡ ਟੀਮ, ਐੱਨ.ਜੀ.ਓ. ਤੇ ਐੱਨ.ਸੀ.ਸੀ. ਕੈਡਿਟਾਂ ਸਮੇਤ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕ ਡਰਿੱਲ ਦੌਰਾਨ ਕਰਨਲ ਅਜੇ ਸ਼ਰਮਾ, 7 ਬਟਾਲੀਅਨ ਤੇ ਉਨ੍ਹਾਂ ਦੇ ਟੀਮ ਮੈਂਬਰਾਂ ਵੱਲੋਂ ਹਾਜ਼ਰ ਵਿਅਕਤੀਆਂ ਨੂੰ ਕਿਸੇ ਵੀ ਹੰਗਾਮੀ ਸਥਿਤੀ ਦੌਰਾਨ ਆਪਣਾ ਬਚਾਅ ਕਰਨ, ਰਾਹਤ ਕਾਰਜ ਚਲਾਉਣ, ਜ਼ਖ਼ਮੀਆਂ ਨੂੰ ਬਾਹਰ ਕੱਢਣ,



ਜ਼ਖ਼ਮੀਆਂ ਨੂੰ ਫ਼ਸਟ ਏਡ ਦੇਣ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਹੰਗਾਮੀ ਹਾਲਤ ਦੌਰਾਨ ਮੌਕ ਡਰਿੱਲ ਦੀਆਂ ਹਦਾਇਤਾਂ ਦੀ ਪਾਲਣਾ ਕਰਕੇ ਅਸੀਂ ਬਹੁਤ ਹੱਦ ਤੱਕ ਆਪਣਾ ਨੁਕਸਾਨ ਘੱਟ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਮੌਕ ਡਰਿੱਲ ਤੋਂ ਜਾਣੂੰ ਹੋਣਾ ਚਾਹੀਦਾ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਨਿੱਜੀ ਤੌਰ 'ਤੇ ਇਸ ਡਰਿੱਲ ਵਿੱਚ ਹਿੱਸਾ ਲੈ ਕੇ ਸਾਰੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਇਸ ਮੌਕ ਡਰਿੱਲ ਦੌਰਾਨ ਦਿੱਤੀ ਗਈ ਸਿਖਲਾਈ ਨੂੰ ਅੱਗੇ ਹੋਰ ਲੋਕਾਂ ਤੱਕ ਵੀ ਪਹੁੰਚਾਇਆ ਜਾਵੇ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਪਾਲਣਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਡਰਿੱਲ ਦਾ ਉਦੇਸ਼ ਐਮਰਜੈਂਸੀ ਦੀਆਂ ਸੇਵਾਵਾਂ ਵਿੱਚ ਨੌਜਵਾਨ ਵਿਦਿਆਰਥੀਆਂ ਤੇ ਸਕੂਲ ਸਟਾਫ਼ ਨੂੰ ਕਿਸੇ ਵੀ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਤਿਆਰ ਕਰਨਾ ਤੇ ਉਨ੍ਹਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਸੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਮ ਲੋਕਾਂ ਨੂੰ ਮੌਕ ਡਰਿੱਲ ਦੀ ਸਿਖਲਾਈ ਦੇਣ ਲਈ ਅਜਿਹੇ ਕੈਂਪ ਜਾਰੀ ਰਹਿਣਗੇ। ਇਸ ਮੌਕੇ ਗਾਈਡੈਂਸ ਕੌਂਸਲਰ ਪਰਮਿੰਦਰ ਸਿੰਘ ਸੈਣੀ ਸਮੇਤ ਹੋਰ ਕਰਮਚਾਰੀ ਵੀ ਹਾਜ਼ਰ ਸਨ।

# ਸੈਮੀਨਾਰ ਦਾ ਮੁੱਖ ਉਦੇਸ਼ ਨਾਗਰਿਕਾਂ ਨੂੰ ਹੰਗਾਮੀ ਹਾਲਤ ਲਈ ਤਿਆਰ ਕਰਨਾ

ਸ਼ਹੀਦ ਭਗਤ ਸਿੰਘ ਨਗਰ, 9 ਮਈ (ਸੁਖਦੇਵ ਸਿੰਘ ਉੜਾਪੜ): ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀਆਂ ਹਦਾਇਤਾਂ 'ਤੇ ਦੇਸ਼ ਪ੍ਰੇਮ ਜਾਗਰੂਕਤਾ ਦੇ ਵਲੰਟੀਅਰਜ਼ ਵੱਲੋਂ ਜ਼ਿਲ੍ਹਾ ਪੱਧਰੀ ਦੇਸ਼ ਪ੍ਰੇਮ ਜਾਗਰੂਕਤਾ ਸੈਮੀਨਾਰ 10 ਮਈ ਨੂੰ ਸਵੇਰੇ 10:00 ਵਜੇ ਆਈ.ਟੀ.ਆਈ. ਨਵਾਂਸ਼ਹਿਰ ਵਿਖੇ ਕਰਵਾਇਆ ਜਾ ਰਿਹਾ ਹੈ। ਵਧੀਕ ਡਿਪਟੀ ਕਮਿਸ਼ਨਰ



(ਜ) ਰਾਜੀਵ ਵਰਮਾ ਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ ਨੇ ਅੱਜ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸੈਮੀਨਾਰ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਸਰਕਾਰੀ, ਅਰਧ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਦੇ ਵਲੰਟੀਅਰ ਨੂੰ ਸੈਮੀਨਾਰ ਵਿੱਚ ਵੱਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ, ਜਿਨ੍ਹਾਂ ਨੂੰ ਇਸ ਸਬੰਧੀ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੈਮੀਨਾਰ ਦਾ ਮੁੱਖ ਉਦੇਸ਼ ਮੌਜੂਦਾ ਤਣਾਅਪੂਰਨ ਸਥਿਤੀ ਦੇ ਮੱਦੇਨਜ਼ਰ ਨਾਗਰਿਕਾਂ ਨੂੰ ਹੰਗਾਮੀ ਹਾਲਾਤ ਲਈ ਤਿਆਰ ਕਰਨਾ ਹੈ। ਉਨ੍ਹਾਂ ਕਿਹਾ ਕਿ ਹਰ ਸ਼ਹਿਰ, ਕਸਬੇ, ਮੁਹੱਲੇ ਵਿੱਚ ਵਲੰਟੀਅਰਜ਼ ਦਾ ਨੈੱਟਵਰਕ ਕਾਇਮ ਕਰਨ ਉਪਰੰਤ ਲੋੜ ਪੈਣ 'ਤੇ ਬਿਨਾਂ ਕਿਸੇ ਦੇਰੀ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਿੱਧੀ ਤੇ ਸੰਖੇਪ ਸੂਚਨਾ ਮਿਲ ਸਕੇਗੀ ਜੋ ਮੌਕੇ 'ਤੇ ਲੋੜੀਂਦੀ ਤੇ ਯੋਗ ਕਾਰਵਾਈ ਲਈ ਸਹਾਈ ਹੋਵੇਗਾ। ਸੈਮੀਨਾਰ ਸਬੰਧੀ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ (80542-86074), ਕੋਆਰਡੀਨੇਟਰ ਅਸ਼ਵਨੀ ਜੋਸ਼ੀ (98550-66710), ਇੰਦਰਪਾਲ ਡਲ (97801-06427), ਬਹਾਦਰ ਚੰਦ (98554-20831) ਤੇ ਪ੍ਰਿੰਸੀਪਲ ਆਈ.ਟੀ.ਆਈ. ਨਵਾਂ ਸ਼ਹਿਰ (98143-12128) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੇ ਸਨਾਤਨ ਸੇਵਾ ਦਲ ਦੇ ਸਹਿਯੋਗ ਨਾਲ ਸਵੈ-ਇੱਛੁਕ ਖ਼ੂਨਦਾਨ ਕੈਂਪ ਲਗਾਇਆ

ਗੁਰਦਾਸਪੁਰ, 9 ਮਈ (ਸੰਧੂ/ਬਸਰਾ): ਮਾਣਯੋਗ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਇੱਕ ਸਵੈ-ਇੱਛੁਕ ਖ਼ੂਨਦਾਨ ਕੈਂਪ ਸਨਾਤਨ




ਸੇਵਾ ਦਲ, ਗੁਰਦਾਸਪੁਰ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਡਾ. ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ., ਵਧੀਕ ਡਿਪਟੀ ਕਮਿਸ਼ਨਰ (ਜ), ਗੁਰਦਾਸਪੁਰ ਵੱਲੋਂ ਕੀਤਾ ਗਿਆ। ਇਸ ਕੈਂਪ ਦੌਰਾਨ ਦਾਨੀਆਂ ਵੱਲੋਂ 18 ਯੂਨਿਟ ਖ਼ੂਨ ਦਾਨ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਖ਼ੂਨ ਦਾਨ ਕਰਨ ਵਾਲੇ ਦਾਨੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਬਹੁਤ ਮਹਾਨ ਦਾਨ ਹੈ ਤੇ ਮੌਜੂਦਾ ਹਾਲਾਤ ਨੂੰ ਮੁੱਖ ਰੱਖਦੇ ਹੋਏ ਇਸ ਮਹਾਨ ਕੰਮ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ, ਜ਼ਿਲ੍ਹਾ ਰੈੱਡ ਕਰਾਸ ਤੇ ਸਿਹਤ ਵਿਭਾਗ ਗੁਰਦਾਸਪੁਰ ਦੇ ਨਾਲ ਇਸੇ ਤਰ੍ਹਾਂ ਜ਼ਰੂਰਤ ਪੈਣ 'ਤੇ ਸਹਿਯੋਗ ਕਰਦੇ ਰਹਿਣ। ਸਨਾਤਨ ਸੇਵਾ ਦਲ, ਗੁਰਦਾਸਪੁਰ ਦੇ ਅਹੁਦੇਦਾਰਾਂ ਵੱਲੋਂ ਇਹ ਵਿਸ਼ਵਾਸ ਦਿੱਤਾ ਗਿਆ ਕਿ ਜਦੋਂ ਵੀ ਜ਼ਿਲ੍ਹਾ ਪ੍ਰਸ਼ਾਸਨ, ਰੈੱਡ ਕਰਾਸ ਜਾਂ ਸਿਹਤ ਵਿਭਾਗ ਨੂੰ ਜ਼ਰੂਰਤ ਪੈਂਦੀ ਹੈ ਤਾਂ ਉਹ ਹਮੇਸ਼ਾ ਹੀ ਇਨ੍ਹਾਂ ਦੀ ਹਰ ਤਰ੍ਹਾਂ ਦੇ ਨਾਲ ਮਦਦ ਕਰਨ ਦੇ ਲਈ ਤਿਆਰ ਹਨ। ਇਸ ਮੌਕੇ 'ਤੇ ਸ੍ਰੀ ਰਾਜੀਵ ਸਿੰਘ, ਸਕੱਤਰ, ਰੈੱਡ ਕਰਾਸ ਸੁਸਾਇਟੀ, ਡਾ. ਪੂਜਾ, ਇੰਚਾਰਜ, ਬਲੱਡ ਬੈਂਕ, ਗੁਰਦਾਸਪੁਰ, ਦਿਨੇਸ਼ ਠਾਕੁਰ, ਦੀਪਕ ਮਹਾਜਨ ਪ੍ਰਧਾਨ, ਸਨਾਤਨ ਸੇਵਾ ਦਲ, ਗੁਰਦਾਸਪੁਰ ਬਿਕਰਮਜੀਤ ਸਿੰਘ, ਵਿਨੋ ਮਹਾਜਨ, ਗੁਲਸ਼ਨ ਸੈਣੀ ਤੇ ਇਸ ਸਭਾ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

# ਸਿਰਲੇਖਵਾਰ ਇਸ਼ਤਿਹਾਰ/Classified Advertisements

**(U/o 5 Rule 20 CPC)**
**In the Court of**
**Sh. Jaspreet Singh**
**Additional Civil Judge (Senior Division), Baba Bakala**
CNR No. PBASB0-000107-2021
Next Date: 22.05.2025
Kulwinder Kaur W/o Harjit Singh r/o Village Baba Bakala Sahib Tehsil Baba Bakala Sahib District Amritsar
Versus
Jaiwinder Singh
Notice to: 5. Rajwant Kaur D/o Charanjit Singh R/o Village and Tehsil Baba Bakala Sahib District Amritsar

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**05.2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 07-05-2025
**Sd/- Additional Civil Judge (Senior Division), Baba Bakala**

---

**(U/o 5 Rule 20 CPC)**
**In the Court of**
**Sh. Ravinder Singh Rana**
**Civil Judge Junior Division-6, Patiala**
CNR No:- PBPT02-003902-2019
Next Date:- 23-05-2025
Jatinder Kaur
Versus
Jarnail Singh
Notice to: Sandeep Kaur Spouse:- Satwinderjit Singh Daughter Kaka Singh Kapoor Palace Back Side Kailash Cinema Civil Lines Ludhiana.

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**05.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 07-05-2025
**Sd/- Civil Judge Junior Division-6, Patiala**

---

**(U/o 5 Rule 20 CPC)**
**In the Court of**
**Ms. Minakshi**
**Civil Judge (Junior Division), Batala**
CNR No:- PBGDA0-002171-2024
Next Date:- 21-05-2025
Paramjit Kaur
Versus
Jasbir Singh
Notice to: 2. Satnam Singh S/o Joginder Singh S/o Hazara Singh R/o Village Langarwal, Tehsil Fatehgarh, Churian District Gurdaspur 6. Sukhraj Kaur D/o Joginder Singh W/o Mangal Singh R/o Gurnam Nagar, Sultanwind Road, Amritsar

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.**05.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 07-05-2025
**Sd/- Civil Judge (Junior Division), Batala**

---

**(U/o 5 Rule 20 CPC)**
**In the Court of**
**Sh. Manmohan Bhatti**
**Additional Civil Judge Senior Division Rajpura,**
CNR No. PBPTA0-001193-2024
Next Date: 31.05.2025
Lakhvir Singh
Versus
Bhagwan Singh
App For Restoration
Notice to: 1. Bhawant Singh S/o Mohinder Singh Village Rurki, Sub Tehsil Ghanaur, Tehsil Rajpura, District Patiala 2. Cooperative House Building Society Ghanaur, Tehsil Rajpura Through its Secretary

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.**05.2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 08-05-2025
**Sd/- Additional Civil Judge Senior Division Rajpura,**

---

**(U/o 5 Rule 20 CPC)**
**In the Court of**
**Sh. Hardip Singh**
**Additional District and Sessions Judge-3,**
CNR No. PBSA01-009903-2021
Next Date: 31.05.2025
Suman Goyal
Versus
Iqbal Singh
Reference under section 76 and 77 of the right to fair compensation and transparency in Land Acquistion, Rehabliation And Resettlement Act, 2013
Notice to : 1) Iqbal Singh S/o Harcharan Singh R/o Village Chao Majra, Tehsil and District SAS Nagar , Mohali 2) Sohan Singh S/o Harchand Singh R/o Village Chao Majra, Tehsil and District SAS Nagar , Mohali 3) Bahadur Singh S/o Harchand Singh R/o Village Chao Majra, Tehsil and District SAS Nagar , Mohali 4) Gurnam Singh S/o Lekh Ram R/o Chao Majra, Tehsil and District SAS Nagar , Mohali 5) Shama Goyal Spouse:- Sandeep Goyal R/o Village Chao Majra, Tehsil and District SAS Nagar , Mohali

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.**05.2025 at 10:00 A.M.
For details logon to https://highcourtchd.gov.in/?mod=district_notice&district=mohali
Dated, this day of 08-05-2025
**Sd/- Additional District and Sessions Judge-3,**

---

**(U/o 5 Rule 20 CPC)**
**In the Court of**
**Sh. Baljinder Singh Maan**
**Principal Judge, Family Court, Shaheed Bhagat Singh Nagar**
CNR No. PBSB01-004017-2023
Next Date: 28.05.2025
GW/96/2023
Jaspal
Versus
Jovan Bhutta
Petition under section 7 read with 25 guardian ward act
Notice to : General Public:- General Public

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**05.2025 at 10:00 A.M.
For details logon to https://highcourtchd.gov.in/?mod=district_notice&district=Sbsnagar
Dated, this day of 07-05-2025
**Sd/- Principal Judge, Family Court, Shaheed Bhagat Singh Nagar**

---

**(U/o 5 Rule 20 CPC)**
**In the Court of**
**Sh. Baljinder Singh Maan**
**Principal Judge, FamilyCourt, Shaheed Bhagat Singh Nagar**
CNR No. PBSB01-003308-2021
Next Date: 04.06.2025
MNT/154/2021
Kajal
Versus
Gagan Kumar
Notice to: Gagan Kumar s/o Jinder Gir R/o H.No. 3516/1390, Manmohan Nagar, Ambala City, Haryana

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.**06.2025 at 10:00 A.M.
For details logon to https://highcourtchd.gov.in/?trs=district_notice&district=SBS Nagar
Dated, this day of 07-05-2025
**Sd/- Principal Judge, FamilyCourt, Shaheed Bhagat Singh Nagar**

---

**(U/o 5 Rule 20 CPC)**
**In the Court of**
**Ms. Rubina Josan**
**Civil Judge Jr. Div., Chandigarh**
CNR No. CHCH02-003412-2024
Next Date: 19.05.2025
Canara Bank
Versus
M/s Om Spices
Notice to: 1. M/s Om Spices Through its Sole prop SH. Deepak Kumar Lower Ground Shop No-7 Kesari Plaza VIP Road Zirakpur SAS Nagar Mohali 2. Deepak Kumar Prop of M/s Om Spices R/o H No-36 Hill View Enclave Dhakoli Tehsil Derabassi SAS Nagar Mohali

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **19.**05.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 13-03-2025
**Sd/- Civil Judge Jr. Div., Chandigarh**

---

**(U/o 5 Rule 20 CPC)**
**In the Court of**
**Ms. Amandeep Kaur Rathor**
**Civil Judge Junior Division-6, Ferozepur**
CNR No. PBFZ02-001763-2024
Next Date: 28.05.2025
The Ferozepur Central Cooperative Bank Limited
Versus
Deepak Sachdeva
Notice to:Deepak Sachdeva Father:- Surinderpal R/o Ganga Mandir Wali Gali, Ferozepur City

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 30-04-2025
**Sd/- Civil Judge Junior Division-6, Ferozepur**

---

**In the Court of**
**Hon'ble Shefalika Suneja**
**Judicial Magistrate -Ist Class-4 Fatehgarh Sahib**
CNR No. PBFG03-002521-2023
Next Date: 12.06.2025
Kulwant Kaur
Versus
Jasvinder Singh
U/s 138 of NI Act PS Bassi Pathana
Notice to : Jasvinder Singh S/o Sh. Gopal Singh S/o Sh. Sardara Singh R/o Village Rattan Tibba, Tehsil Malaut, District Shri Mukatsar Sahib.

In above titled case the accused could not be served. It is ordered that accused should appear in person or through counsel on **12.**06.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-05-2025
**Sd/- Judicial Magistrate -Ist Class-4 Fatehgarh Sahib**

---

**(U/o 5 Rule 20 CPC)**
**In the Court of**
**Sh. Ajay Mittal**
**Civil Judge (Senior Division), Fazilka**
CNR No. PBFZC1-000521-2025
Next Date: 29.05.2025
Pardeep Kumar
Versus
General Public
Notice to: General Public:- General Public

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-05-2025
**Sd/- Civil Judge (Senior Division), Fazilka**

---

**BEFORE THE DISTRICT CONSUMER DISPUTES REDRESSAL COMMISSION, 9-A. OPPOSITE NIHAL BAGH, BARANDARI, PATIALA**
**Consumer Complaint No.: 158 of 2024**
**Date of Institution : 02.08.2024**
**Fixed for : 22.05.2025**
1.Pritpal Singh Aged about 19 Years S/o Sh. Gurwinder Singh R/o Peer Colony. Village Neelpur Tehsil Rajpura Distt. Patiala.
............Complainant
Versus
1. Maninder Singh Running "Cross Fitness Unisex Gym" Situated on Durga Mandir Road, Opp. Party Old Grain Market On The Second Floor Of Glamour Hub Saloon Rajpura Distt. Patiala.
..........Opposite Party
Whereas, in the above noted case. it has been proved to the satisfaction of this forum that the above mentioned Opposite Party i.e. 1. Maninder Singh Running "Cross Fitness Unisex Gym" Situated on Durga Mandir Road, Opp. Party Old Grain Market On The Second Floor Of Glamour Hub Saloon Rajpura Distt. Patiala. cannot be served through ordinary manner. Hence this proclamation under Order V. Rule 20 CPC is hereby issued against them with the direction to appear in person or through some authorized agent/counsel, on 22.05.2025 at 10:30 A.M., failing which ex-parte proceedings shall be initiated against them and the complaint against them will be decided ex-parte.
Given under my hand and the seal of the Commission this 5th day of May 2025.
**Sd/- Presiding District Consumer Commission, Patiala.**

---

**In the Court of**
**Sh. Randeep Kumar, PCS, Civil Judge (Jr. Divn.), Batala**
CNR No. PBGDA000331-2025
Next Date: 27.05.2025
Regd No. EXE/35/2025
Kulwant Singh (Now Deceased)
Versus
Viro
Nature: Suit for Permanent Injunction
Notice to: Defendants: 1, Viro wife of Surinder Singh S/o Bahadur Singh R/o Village Sangera Tehsil Batala, District Gurdaspur

In above titled Petition the respondent(s) could not be served. It is ordered that respondent(s) should appear in person or through counsel on **27.**05.2025 at 10:00 A.M.
For details logon to WWW.highcourtchd.gov.in/?trs=district_notice&district=gurdaspur
Given under my hand and the seal of the Court this 27-05-2025
**Sd/- Civil Judge (Jr. Divn.), Batala**

---

ਅਦਾਲਤੀ ਇਸ਼ਤਿਹਾਰ
ਪੇਸ਼ੀ 14-5-2025
ਵੱਲੋਂ : ਅਦਾਲਤ ਸ੍ਰੀ ਕ੍ਰਿਸ਼ਨ ਪਾਲ ਰਾਜਪੂਤ, ਆਈ ਏ ਐਸ, ਐਸ ਡੀ ਐਮ ਕਮ ਕੁਲੈਕਟਰ, ਅਬੋਹਰ।
ਕੇਸ ਨੰ: 32/2025, ਦਾਇਰ ਕਰਨ ਦੀ ਮਿਤੀ...........
ਅਨੁੰਵਾਨ ਕੇਸ : ਪਵਨ ਕੁਮਾਰ ਬਨਾਮ ਬਨਵਾਰੀ ਲਾਲ ਵਗੈਰਾ
ਦਾਵਾ ਦਖਲਯਾਬੀ ਬਜਰੀਆ ਫੱਕ ਉਲ ਰਹਿਣ ਬਾਬਤ ਜਮੀਨ 12 ਕਨਾਲ ਮੁੰਦਰਜਾ ਮੁਰੱਬਾ ਨੰ: 100 ਕਿਲਾ ਨੰ: 16(8-0) ਮੁਰੱਬਾ ਨੰ: 101 ਕਿਲਾ ਨੰ: 20/2(4-0) ਖੇਵਟ ਨੰ: 12/12 ਖਤੋਨੀ ਨੰ: 32 ਮੁਤਾਬਕ ਜਮਾਬੰਦੀ ਸਾਲ 2020-2021 (ਪੁਰਾਣਾ ਖੇਵਟ ਨੰ: 9 ਖਤੋਨੀ ਨੰ: 15 ਮੁਤਾਬਕ ਜਮਾਬੰਦੀ ਸਾਲ 1964-1965) ਵਾਕਿਆ ਰਕਬਾ ਪਿੰਡ ਮਹਿਰਾਜਪੁਰ ਤਹਿ ਅਬੋਹਰ ਜਿਲਾ ਫਾਜਿਲਕਾ
ਨੋਟਿਸ ਬਨਾਮ ਰਿਸਪੋਡੈਂਟਸ/ਫਰੀਕਸਾਨੀਆਨ:
1.ਬਨਵਾਰੀ ਲਾਲ ਪੁੱਤਰ ਹਰ ਲਾਲ ਪੁੱਤਰ ਰਾਮ ਸੁੱਖ, ਮੁਤਵਫੀ ਬਜਰੀਆ ਵਾਰਸਾਨ (ੳ)ਰਾਜਾ ਰਾਮ ਪੁੱਤਰ ਬਨਵਾਰੀ ਲਾਲ ਮੁਤਵਫੀ ਬਜਰੀਆ ਵਾਰਸ ਪ੍ਰੇਮ ਕੁਮਾਰ ਪੁੱਤਰ ਰਾਜਾ ਰਾਮ ਪੁੱਤਰ ਬਨਵਾਰੀ ਲਾਲ ਪੁੱਤਰ ਹਰ ਲਾਲ (ਅ)ਪਿਰਥੀ ਰਾਜ ਪੁੱਤਰ ਬਨਵਾਰੀ ਲਾਲ ਮੁਤਵਫੀ ਬਜਰੀਆ ਵਾਰਸ (ੲ)ਸੁਧੀਰ ਕੁਮਾਰ (ਬੀ)ਵਿਪਿਲ ਪੁੱਤਰਾਨ ਪਿਰਥੀ ਰਾਜ ਪੁੱਤਰ ਬਨਵਾਰੀ ਲਾਲ ਪੁੱਤਰ ਹਰਲਾਲ (ੲ)ਰਾਮ ਸਰੂਪ ਪੁੱਤਰ ਬਨਵਾਰੀ ਲਾਲ ਮੁਤਵਫੀ ਬਜਰੀਆ ਵਾਰਸ ਰਾਜ ਕੁਮਾਰ ਪੁੱਤਰ ਨਰਿੰਦਰ ਕੁਮਾਰ ਪੁੱਤਰ ਰਾਮ ਸਰੂਪ ਪੁੱਤਰ ਬਨਵਾਰੀ ਲਾਲ (ਹ)ਸ਼ੀਲਾ ਦੇਵੀ ਪੁੱਤਰੀ ਬਨਵਾਰੀ ਲਾਲ ਮੁਤਵਫੀ ਬਜਰੀਆ ਵਾਰਸ (ਏ)ਇੰਦਰਾਜ (ਬੀ)ਵੇਦ ਪ੍ਰਕਾਸ਼ (ਸੀ)ਦਵਿੰਦਰ ਕੁਮਾਰ (ਡੀ)ਆਤਮਾ ਰਾਮ (ਈ)ਅੰਗਰੇਜ ਪੁੱਤਰਾਨ ਵਾ (ਐਫ)ਕਵਿਤਾ ਪੁੱਤਰੀ ਸ਼ੀਲਾ ਦੇਵੀ ਪੁੱਤਰੀ ਬਨਵਾਰੀ ਲਾਲ ਪੁੱਤਰ ਹਰਲਾਲ 2.ਸ਼ੰਕਰ ਲਾਲ ਪੁੱਤਰ ਹਰ ਲਾਲ ਪੁੱਤਰ ਰਾਮ ਸੁੱਖ 3.ਮਨੀ ਰਾਮ ਪੁੱਤਰ ਰਾਮ ਲਾਲ ਪੁੱਤਰ ਰਾਮ ਸੁੱਖ 4.ਮਨਫੂਲ ਪੁੱਤਰ ਰਾਮ ਲਾਲ ਪੁੱਤਰ ਰਾਮ ਸੁੱਖ 5.ਰਾਮ ਨਰੈਣ ਪੁੱਤਰ ਰਾਮ ਲਾਲ ਪੁੱਤਰ ਰਾਮ ਸੁੱਖ 6.ਰਾਮ ਪ੍ਰਤਾਪ ਪੁੱਤਰ ਰਾਮ ਲਾਲ ਪੁੱਤਰ ਰਾਮ ਸੁੱਖ ਵਾਸੀਆਨ ਪਿੰਡ ਮਹਿਰਜਪੁਰ ਤਹਿਸੀਲ ਅਬੋਹਰ ਜਿਲਾ ਫਾਜਿਲਕਾ।
ਜਦ ਕਿ ਇਹ ਇਸ ਅਦਾਲਤ ਦੀ ਤਸੱਲੀ ਹੋ ਚੁੱਕੀ ਹੈ ਉਕਤ ਨਾਮ ਵਾਲੇ ਰਿਸਪੋਡੈਂਟਸ/ਫਰੀਕਸਾਨੀਆਨ ਦੀ ਸਾਧਾਰਨ ਢੰਗ ਨਾਲ ਸੰਮਨਾ ਤੋ ਤਾਮੀਲ ਨਹੀ ਹੋ ਸਕਦੀ। ਇਸ ਲਈ ਇਹ ਪ੍ਰਕਾਸ਼ਨਾ ਉਪਰੋਕਤ ਨਾਮ ਵਾਲੇ ਰਿਸਪੋਡੈਂਟਸ/ਫਰੀਕਸਾਨੀਆਨ ਵਾਲੇ ਦੇ ਵਿਰੁੱਧ ਜਾਰੀ ਕੀਤੀ ਜਾਦੀ ਹੈ ਕਿ ਉਹ ਇਸ ਅਦਾਲਤ ਦੇ ਸਾਹਮਣੇ ਮਿਤੀ 14-5-2025 ਨੂੰ ਸਵੇਰੇ 10:00 ਵਜੇ ਜਾਂ ਤਾਂ ਖੁਦ ਜਾਂ ਕਿਸੇ ਅਧਿਕਾਰਤ ਜਾਂ ਵਕੀਲ ਰਾਹੀ ਹਾਜਰ ਹੋਣ ਨਹੀ ਤਾਂ ਕਾਨੂੰਨ ਮੁਤਾਬਕ ਉਹਨਾ ਦੇ ਵਿਰੁੱਧ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।
ਅਜ ਮਿਤੀ 9-5-2025 ਨੂੰ ਅਦਾਲਤ ਦੀ ਮੋਹਰ ਅਤੇ ਮੇਰੇ ਹਸਤਾਖਰਾਂ ਰਾਹੀ ਜਾਰੀ ਹੋਇਆ।
ਐਸ ਡੀ ਐਮ -ਕਮ-ਕੁਲੈਕਟਰ ਅਬੋਹਰ।

---

**District Consumer Disputes Redressal Commission, Hoshiarpur.**
**No. DCDRC/HSP/2025/310**
**DATED: 07/05/2025**
CC NO. 99/24
Dt. of Instt.: 18.07.2024
Date of Hearing: 02.06.2025
**Narinder Singh Vs. Kotak Mohindera LIC & Others**
**Notice to:** Kotak Mohindera Bank Ltd. Sunder Plaza Market Tanda, Sub Tehsil Dasuya, District Hoshiarpur, Pin-144204, through its Branch Manager, Richa. OP No.3 Himanshu Uppal Deputy Branch Manager Kotak Mohindera Bank Ltd. Sunder Plaza Market, Tanda, Sub Tehsil Dasuya, District Hoshiarpur Pin Code-144204. OP No.4 Whereas it has been proved to the satisfaction of the Commission that the Opposite Party/ Parties above noted cannot be served in the ordinary way of service. Hence this proclamation is hereby issued against him and he should appear personally or through his counsel on 02.06.2025 at 10.30 a.m. failing which exparte proceedings shall be taken against him/them. Given under my hand and the seal of the Commission on this 06.05.2025.
**President, District Consumer Disputes Redressal Commission, Hoshiarpur**

---

**ਬਾ-ਅਦਾਲਤ ਮਾਨਯੋਗ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਦੁੱਧਨ ਸਾਧਾਂ ਜ਼ਿਲ੍ਹਾ ਪਟਿਆਲਾ**
**(ਪਬਲੀਕੇਸ਼ਨ ਇਸ਼ਤਿਹਾਰ)**
ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਖੇਵਟਦਾਰ ਪਿੰਡ ਜੁਲਕਾਂ, ਤਹਿਸੀਲ ਦੁੱਧਨ ਸਾਧਾਂ, ਜ਼ਿਲ੍ਹਾ ਪਟਿਆਲਾ ਦੇ ਸਿਰੀ ਕੌਰ ਵਿਧਵਾ ਜੋਗਿੰਦਰ ਸਿੰਘ ਵਾਸੀ ਪਿੰਡ ਜੁਲਕਾਂ, ਤਹਿਸੀਲ ਦੁੱਧਨ ਸਾਧਾਂ ਜ਼ਿਲ੍ਹਾ ਪਟਿਆਲਾ ਨੇ ਨਿਮਨ-ਸਹੀਕਾਰ ਦੀ ਅਦਾਲਤ ਵਿਚ ਤਕਸੀਮ ਜੇਰ ਦਫਾ 111 ਆਫ ਦੀ ਪੰਜਾਬ ਲੈਂਡ ਰੈਵਿਨਿਊ ਐਕਟ ਅਧੀਨ ਧਰਤੀ ਵਾਕਾ ਰਕਬਾ ਪਿੰਡ ਜੁਲਕਾਂ, ਤਹਿਸੀਲ ਦੁੱਧਨ ਸਾਧਾਂ, ਜ਼ਿਲ੍ਹਾ ਪਟਿਆਲਾ ਦਾ ਕੇਸ ਅਨੁਵਾਨ ਸਿਰੀ ਕੌਰ ਬਨਾਮ ਹਰਬੀਰ ਸਿੰਘ ਵਗੈਰਾ ਦਾਇਰ ਕੀਤਾ ਹੋਇਆ ਹੈ, ਇਹ ਕੇਸ ਅਦਾਲਤ ਵਿਚ ਨਿਯਤ ਮਿਤੀ 22.05.2025 ਨੂੰ ਸੁਣਵਾਈ ਅਧੀਨ ਲੱਗਾ ਹੋਇਆ ਹੈ। ਇਸ ਅਦਾਲਤ ਵਿਚ ਚਲਦੇ ਤਕਸੀਮ ਕੇਸ ਵਿਚ ਪਿੰਡ ਜੁਲਕਾਂ ਤੋਂ ਬਾਹਰ ਦੀ ਰਿਹਾਇਸ਼ ਰੱਖਦੇ ਵਿਅਕਤੀ ਪਾਰਟੀ ਬਣੇ ਹੋਏ ਹਨ। ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਚਲਦੇ ਤਕਸੀਮ ਕੇਸ ਵਿਚ ਜੇਕਰ ਕਿਸੇ ਵੀ ਵਿਅਕਤੀ ਜਾਂ ਉਸਦੇ ਵਾਰਸਾਂ ਨੂੰ ਸਬੰਧਤ ਜ਼ਮੀਨ (ਖੇਵਟ ਨੰ.60/60, ਖਤੌਨੀ ਨੰ.130 ਖਸਰਾ ਨੰ.113 (3-5), 114 (5-13), ਕਿੱਤੇ 2 ਤਦਾਦੀ 8 ਬਿਘੇ 18 ਬਿਸਵੇ ਵਾ ਖਤੌਨੀ ਨੰ.131 ਖਸਰਾ ਨੰ. 115 (4-9), 117 (6-19), 132 (8-5), 135 (7-3), ਕਿਤੇ 4 ਤਦਾਦੀ 26 ਬਿਘੇ 16 ਬਿਸਵੇ ਵਾ ਖਤੌਨੀ ਨੰ.132 ਖਸਰਾ ਨੰ. 116 (6-5), 125 (5-13), 130 (4-12) ਕਿਤੇ 3 ਕੁਲ 16 ਬਿਘੇ 10 ਬਿਸਵੇ ਵਾ ਖਤੋਨੀ ਨੰ.133 ਖਸਰਾ ਨੰ.126 (4-11), 127 (4-11), 128 (1-12-10), 129 (6-9) ਕਿਤੇ 4 ਕੁਲ 17 ਬਿਘੇ 3 ਬਿਸਵੇ 10 ਵਿਸਵਾਸੀ, ਖਤੌਨੀ ਨੰ.134 ਖਸਰਾ ਨੰ.128 ਮਿਨ (3-2-10) ਕਿਤਾ 1 ਤਦਾਦੀ 3 ਬਿਘੇ 2 ਬਿਸਵੇ 10 ਬਿਸਵਾਸੀ ਖਤੌਨੀ ਨੰ.135 ਖਸਰਾ ਨੰ. 128 ਮਿਨ (3-3) ਕਿਤਾ 1 ਤਦਾਦੀ 3 ਬਿਘੇ 3 ਬਿਸਵੇ ਕੁਲ ਕਿਤੇ 15 ਕੁਲ ਤਦਾਦੀ 75 ਬਿਘੇ 13 ਵਿਸਵੇ ਵਿਚੋਂ ਸੀਰੀ ਕੌਰ 335/3006, ਹਿੱਸਾ, ਬਲਜੀਤ ਕੌਰ 43/1503 ਅਤੇ 20/501 ਹਿੱਸਾ ਉਤਮ ਦਾਸ 23/1002 ਹਿੱਸਾ, ਜਮਨਾ ਦੇਵੀ 23/1002 ਹਿੱਸਾ ਵਾਕਾ ਰਕਬਾ ਪਿੰਡ ਜੁਲਕਾਂ, ਤਹਿ. ਦੁੱਧਨ ਸਾਧਾਂ ਜ਼ਿਲ੍ਹਾ ਪਟਿਆਲਾ) ਦੀ ਤਕਸੀਮ ਹੋਣ ਵਿਚ ਕੋਈ ਇਤਰਾਜ਼ ਹੈ, ਤਾਂ ਉਹ ਨਿਯਤ ਮਿਤੀ 22.05.2025 ਨੂੰ ਦੁਪਹਿਰ 03-00 ਵਜੇ ਨਿਮਨ-ਸਹੀਕਾਰ ਦੀ ਅਦਾਲਤ ਵਿਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਹੋ ਕੇ ਉਜਰ ਪੇਸ਼ ਕਰ ਸਕਦਾ ਹੈ, ਬਾਅਦ ਮਿਆਦ ਗੁਜਰਨੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ ਅਤੇ ਅਦਾਲਤ ਵੱਲੋਂ ਲੋੜੀਂਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਮਸੂਲਾਨ ਹਰਬੀਰ ਸਿੰਘ, ਗੁਰਮੇਲ ਸਿੰਘ, ਜਸਪਾਲ ਸਿੰਘ, ਗੁਰਨਾਮ ਸਿੰਘ ਪੁੱਤਰਾਨ ਹਿਰਦਾ ਸਿੰਘ, ਗੁਰਲਾਲ ਸਿੰਘ, ਹਰਲਾਲ ਸਿੰਘ ਪੁੱਤਰ ਜੰਗੀਰ ਸਿੰਘ, ਕੁਲਵੰਤ ਕੌਰ ਪੁੱਤਰੀ ਜੰਗੀਰ ਸਿੰਘ, ਕਾਤਾ ਦੇਵੀ ਪੁੱਤਰੀ ਦਲੀਪ ਸਿੰਘ, ਗੁਰਦਿੱਤ ਸਿੰਘ ਪੁੱਤਰ ਗੁਰਮੇਲ ਸਿੰਘ, ਜਸਵਿੰਦਰ ਸਿੰਘ ਪੁੱਤਰ ਨਛੱਤਰ ਸਿੰਘ, ਨਿਸਾ ਪੁੱਤਰ ਜਸਵਿੰਦਰ ਸਿੰਘ, ਕੁਲਵਿੰਦਰ ਰਾਮ ਪੁੱਤਰ ਨਛੱਤਰ ਸਿੰਘ, ਕੁੰਤਾ ਦੇਵੀ ਪੁੱਤਰੀ ਦਲੀਪ ਸਿੰਘ ਸਮੂਹ ਵਾਸੀਆਨ ਪਿੰਡ ਜੁਲਕਾਂ, ਤਹਿਸੀਲ ਦੁੱਧਨ ਸਾਧਾਂ, ਜ਼ਿਲ੍ਹਾ ਪਟਿਆਲਾ। ਅੱਜ ਮਿਤੀ 8.5.2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤ ਵਿਚ ਮੋਹਰ ਹੇਠ ਜਾਰੀ ਹੋਇਆ।
**ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ ਨਾਇਬ ਤਹਿਸੀਲਦਾਰ, ਦੁੱਧਨ ਸਾਧਾਂ**

---

## ਨਾਮ ਦੀ ਬਦਲੀ

ਮੈਂ, ਅਰਪਸਾਜ਼ ਸੰਧੂ ਪੁੱਤਰੀ ਪਰਮਜੀਤ ਸਿੰਘ ਸੰਧੂ ਵਾਸੀ # 15, ਪੁਰਾਣੀ ਜੇਲ੍ਹ ਰੋਡ, ਨੇੜੇ ਟਰੀਲਮ ਬਿਊਟੀ ਐਵਨਿਊ, ਅੰਮ੍ਰਿਤਸਰ ਨੇ ਆਪਣਾ ਨਾਂ ਬਦਲ ਕੇ ਅਰਪਸਾਜ਼ ਕੌਰ ਸੰਧੂ ਰੱਖ ਲਿਆ ਹੈ।

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ। **-ਇਸ਼ਤਿਹਾਰ ਮੈਨੇਜਰ**

---

**ਆਈਆਰਈਐਲ (ਇੰਡੀਆ) ਲਿਮਿਟੇਡ**
**ਆਈਆਰਈਐਲ (ਇੰਡੀਆ) ਲਿਮਿਟੇਡ**
(ਭਾਰਤ ਸਰਕਾਰ ਦਾ ਇੱਕ ਅੰਡਰਟੇਕਿੰਗ - ਪਰਮਾਣੂ ਊਰਜਾ ਵਿਭਾਗ) -
ਮਾਨਾਵਲਾਕੁਰੀਚੀ, ਤਾਮਿਲਨਾਡੂ, ਈ-ਮੇਲ: **purchase-mk@irel.co.in** ਇੱਕ **ISO** 9001, 14001 ਅਤੇ 45001 ਯੂਨਿਟ, ਫ਼ੋਨ: 04651-200402
**CIN: U15100MH1950GOI008187**
Unleashing Values

ਹਵਾਲਾ: ਐਮਕੇ/ਪੀ. ਏਡੀਵੀਟੀ/2025-26/01
ਟੈਂਡਰ ਨੋਟਿਸ/Tender Notice
**ਆਈਆਰਈਐਲ ਮਾਨਾਵਲਾਕੁਰੀਚੀ ਯੂਨਿਟ ਹੇਠ ਲਿਖੇ ਲਈ ਟੈਂਡਰ ਮੰਗਦਾ ਹੈ:**

| ਟੈਂਡਰ ਨੰਬਰ | ਵੇਰਵਾ |
|---|---|
| **GEM/2025/B/6186960** | 400-450 ਕਿਲੋਗ੍ਰਾਮ ਸਮਰੱਥਾ ਵਾਲੇ ਸਿਲੰਡਰਾਂ ਵਿੱਚ ਭਰੇ ਤਰਲ ਪੈਟਰੋਲੀਅਮ ਗੈਸ (ਐਲਪੀਜੀ) ਦੀ ਸਪਲਾਈ |
| **IREL/MK/ET/01/2526** | ਐਮਕੇ ਪਲਾਂਟ ਵਿੱਚ ਵੱਖ-ਵੱਖ ਗੋਦਾਮਾਂ ਅਤੇ ਸਟੋਰ ਯਾਰਡ ਦਾ ਪੁਨਰ ਨਿਰਮਾਣ |

ਬੋਲੀਦਾਤਾ https://gem.gov.in, https://www.irel.co.in ਅਤੇ CPP ਪੋਰਟਲ ਤੋਂ ਟੈਂਡਰ ਦਸਤਾਵੇਜ਼ ਡਾਊਨਲੋਡ ਕਰ ਸਕਦਾ ਹੈ। ਉਪਰੋਕਤ ਟੈਂਡਰ ਲਈ ਕੋਈ ਵੀ ਸੋਧ / ਵਿਸਥਾਰ ਸਿਰਫ਼ ਉਪਰੋਕਤ ਵੈੱਬਸਾਈਟਾਂ 'ਤੇ ਹੀ ਹੋਸਟ ਕੀਤਾ ਜਾਵੇਗਾ।
**ਸੀਜੀਐਮ ਅਤੇ ਮੁਖੀ, ਐਮਕੇ/ ਮੁੱਖ ਜਨਰਲ ਮੈਨੇਜਰ ਅਤੇ ਮੁਖੀ,ਐਮਕੇ**
cbc48147/12/0002/2526

---

**ਪੰਜਾਬ ਸਰਕਾਰ**
**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ**
**ਪੁੱਡਾ ਕੰਪਲੈਕਸ, ਅਰਬਨ ਅਸਟੇਟ ਫੇਜ਼-2, ਪਟਿਆਲਾ**
PUDA

ਈ-ਟੈਂਡਰ/36/ਪੁੱਡਾ/ਡੀਈ(ਐਚ)/2025/15785-791 ਮਿਤੀ 09-05-2025
ਡਿਵੀਜ਼ਨਲ ਇੰਜੀਨੀਅਰ (ਐਚ) ਪੁੱਡਾ ਪਟਿਆਲਾ **"OUVGL ਸਾਈਟਾਂ**, ਪਟਿਆਲਾ (ਪੁੱਡਾ ਇਨਕਲੇਵ-1, ਫੂਲਕੀਆਂ ਇਨਕਲੇਵ, ਪੁੱਡਾ ਇਨਕਲੇਵ-2, ਬੱਸ ਸਟੈਂਡ ਦੇ ਨੇੜੇ ਹੋਟਲ ਸਾਈਟ ਅਤੇ ਲੋਨਿਵਿ ਰੈਸਟ ਹਾਊਸ ਸਾਈਟ ਪਟਿਆਲਾ) ਵਿੱਚ 01-06-2025 ਤੋਂ 31-03-2026 ਤੱਕ ਬਾਗਬਾਨੀ ਕਾਰਜਾਂ ਦੀ ਸਾਲਾਨਾ ਦੇਖਭਾਲ ਅਤੇ ਪਾਰਥੇਨੀਅਮ ਬੂਟੀ ਅਤੇ ਹੋਰ ਜੰਗਲੀ ਵਾਧੇ ਦੀ ਕਟਾਈ (ਡੀਐਨਆਈਟੀ ਰਕਮ - 17.37 ਲੱਖ ਰੁਪਏ)" ਲਈ ਆਨਲਾਈਨ ਬੋਲੀ ਮੰਗਦਾ ਹੈ।
**ਬੰਦ ਹੋਣ ਦੀ ਮਿਤੀ ਅਤੇ ਸਮਾਂ :** 26-05-2025 ਦੁਪਹਿਰ 12:00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ: **https://eproc.punjab.gov.in**
**ਨੋਟ : ਟੈਂਡਰ ਸੂਚਨਾ ਸੰਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ ਤੇ ਹੀ ਪਾਈ ਜਾਵੇਗੀ।**
**RO.No.PR-ADVT No. NA/29839/2023/44302/Dated CHD : 5/9/2025**

---

## ਉੱਤਰ ਰੇਲਵੇ

**ਈ-ਨੀਲਾਮੀ ਨੀਲਾਮੀ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਅੰਬਾਲਾ ਛਾਉਣੀ, ਦੁਆਰਾ ਦੁਆਰਾ ਈ-ਨੀਲਾਮੀ ਕੀਤੀ ਜਾਏਗੀ, ਜਿਸ ਦਾ ਵੇਰਵਾ ਸਾਰਣੀਬਧ ਹੈ:-

| ਲ. ਨੰ. | ਕੈਟੇਗਰੀ ਅਤੇ ਵੇਰਵਾ | Area (ਖੇਤਰਫਲ) | ਈ-ਕੈਟਲਾਗ | ਈ-ਨੀਲਾਮੀ ਦੀ ਮਿਤੀਅਤੇ ਸਮਾਂ |
|---|---|---|---|---|
| 1 | ਸਰਹਿੰਦ ਰੇਲਵੇ ਸਟੇਸ਼ਨ ਉਤੇ Cloak ਰੂਮ ਮਨੈਜਮੇਂਟ ਦਾ ਠੇਕਾ ਅਲਾਟਮੈਂਟ ਲਈ। | 16.11 sqm. | UMB-PnU-CR-0325 | 23.05.2025 ਨੂੰ 12:00 ਵਜੇ |
| 2 | ਅੰਬਾਲਾ ਛਾਉਣੀ ਰੇਲਵੇ ਸਟੇਸ਼ਨ ਉਤੇ Cloak ਰੂਮ ਮਨੈਜਮੇਂਟ ਦਾ ਠੇਕਾ ਅਲਾਟਮੈਂਟ ਲਈ। | 13.38 sqm. | UMB-PnU-CR-0325 | 23.05.2025 ਨੂੰ12:00 ਵਜੇ |
| 3 | ਰਾਜਪੁਰਾ ਰੇਲਵੇ ਸਟੇਸ਼ਨ ਉਤੇ Cloak ਰੂਮ ਮਨੈਜਮੇਂਟ ਦਾ ਠੇਕਾ ਅਲਾਟਮੈਂਟ ਲਈ। | 12 sqm. | UMB-PnU-CR-0325 | 23.05.2025 ਨੂੰ 12:00 ਵਜੇ |

ਈ-ਨੀਲਾਮੀ ਲੀਜਿੰਗ ਮੰਗ ਸੂਚਨਾ, ਨੀਲਾਮੀ ਫਾਰਮ, ਇਕ ਵਾਰ ਪੰਜੀਕਰਨ ਤੇ ਵਧੇਰੇ ਜਾਣਕਾਰੀ ਲਈ, ਰੇਲਵੇ ਵੈਬਸਾਈਟ www.ireps.gov.in 'ਤੇ ਜਾਓ।
1373/2025
**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

---

## ਡੀ.ਸੀ. ਅਤੇ ਐਸ.ਪੀ. ਵੱਲੋਂ ਅਫ਼ਵਾਹਾਂ ਨੂੰ ਠੱਲ੍ਹ ਪਾਉਣ ਲਈ ਅਧਿਕਾਰੀਆਂ ਨੂੰ ਵਧੇਰੇ ਚੌਕਸੀ ਵਰਤਣ ਦੀ ਹਦਾਇਤ

ਫਤਹਿਗੜ੍ਹ ਸਾਹਿਬ, 9 ਮਈ- (ਹਰਪ੍ਰੀਤ ਕੌਰ ਟਿਵਾਣਾ) ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰਸਾਸਨਿਕ ਤੇ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਅਫ਼ਵਾਹਾਂ ਨੂੰ ਠੱਲ੍ਹ ਪਾਉਣ ਲਈ ਵਧੇਰੇ ਚੌਕਸੀ ਵਰਤਣ ਦੀ ਹਦਾਇਤ ਕੀਤੀ। ਉਹਨਾਂ ਨੇ ਕਿਹਾ ਕਿ ਪਿਛਲੇ ਇੱਕ ਦੋ ਦਿਨਾਂ ਤੋਂ ਅਜਿਹੇ ਮਾਮਲੇ ਉਹਨਾਂ ਦੇ ਧਿਆਨ ਵਿਚ ਆ ਰਹੇ ਹਨ ਕਿ ਕੁਝ ਸ਼ਰਾਰਤੀ ਕਿਸਮ ਦੇ ਅਨਸਰ, ਜਾਣਬੁੱਝ ਕੇ ਨਾਗਰਿਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਾਲੀਆਂ ਫੇਕ ਨਿਊਜ਼ ਅਤੇ ਤੱਥਹੀਣ ਸਮੱਗਰੀ ਨੂੰ ਸੋਸਲ ਮੀਡੀਆ ਉੱਤੇ ਅਪਲੋਡ ਕਰ ਰਹੇ ਹਨ ਜਿਸ ਨੂੰ ਸਖ਼ਤੀ ਨਾਲ ਰੋਕੇ ਜਾਣ ਦੀ ਤੁਰੰਤ ਲੋੜ ਹੈ। ਡਿਪਟੀ ਕਮਿਸ਼ਨਰ ਨੇ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਅਜਿਹੀਆਂ ਹਰਕਤਾਂ ਤੋਂ ਬਾਜ ਆਉਣ ਕਿਉਂਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਸਥਿਤੀ ਪੂਰੀ ਤਰ੍ਹਾਂ ਸ਼ਾਂਤਮਈ ਹੈ ਅਤੇ ਲੋਕਾਂ ਨੂੰ ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸ਼ੋਸਲ ਮੀਡੀਆ ਜਾਂ ਹੋਰ ਸਾਧਨਾਂ ਰਾਹੀਂ ਫੈਲਾਈਆਂ ਜਾ ਰਹੀਆਂ ਬੇਬੁਨਿਆਦ ਅਤੇ ਤੱਥਹੀਣ ਖ਼ਬਰਾਂ ਉੱਤੇ ਬਿਲਕੁਲ ਵੀ ਵਿਸ਼ਵਾਸ ਨਾ ਕਰਨ ਅਤੇ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਜਾਂ ਪੁਲਿਸ ਵੱਲੋਂ ਲੋਕ ਹਿੱਤ ਵਿੱਚ ਕੋਈ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਹੀ ਸਹੀ ਮੰਨਿਆ ਜਾਵੇ।

ਡਾ. ਸੋਨਾ ਥਿੰਦ ਨੇ ਕਿਹਾ ਕਿ ਵਟਸਐਪ ਉੱਤੇ ਆਉਣ ਵਾਲੀਆਂ ਗੈਰ ਪ੍ਰਮਾਣਿਤ ਖ਼ਬਰਾਂ ਨੂੰ ਵੀ ਅੱਗੇ ਕਿਸੇ ਨਾਲ ਸਾਂਝਾ ਨਾ ਕੀਤਾ ਜਾਵੇ ਕਿਉਂਕਿ ਅਫ਼ਵਾਹਾਂ ਫੈਲਾਉਣ ਵਾਲਿਆਂ ਉੱਤੇ ਪੁਲਿਸ ਦੇ ਸਾਇਬਰ ਸੈੱਲ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ਼ ਪੁਲਿਸ ਕੇਸ ਦਰਜ ਕੀਤਾ ਜਾਵੇਗਾ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਾਗਰਿਕਾਂ ਦੀ ਸੁਵਿਧਾ ਲਈ ਜ਼ਿਲ੍ਹਾ ਪੱਧਰ 'ਤੇ ਕੰਟਰੋਲ ਰੂਮ 01763-232838 ਸਥਾਪਿਤ ਕੀਤਾ ਗਿਆ ਹੈ।

---

## ਛੱਪੜ ਦੀ ਖੁੱਲ੍ਹੀ ਬੋਲੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪਿੰਡ ਜਟਾਣਾ ਖੁਰਦ ਬਲਾਕ ਸਰਦੂਲਗੜ੍ਹ (ਮਾਨਸਾ) ਦੇ ਛੱਪੜ ਦੀ ਖੁੱਲ੍ਹੀ ਬੋਲੀ ਮਿਤੀ 13.05.2025 ਦਿਨ ਮੰਗਲਵਾਰ ਨੂੰ ਸਵੇਰੇ 11 ਵਜੇ ਪੰਚਾਇਤ ਘਰ ਵਿਖੇ ਕਰਵਾਈ ਜਾਵੇਗੀ। ਛੱਪੜ ਦਾ ਰਕਬਾ 7 ਏਕੜ ਦੇ ਕਰੀਬ ਹੈ। ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਬੋਲੀ ਦੇਣ ਦੇ ਚਾਹਵਾਨ ਸੰਪਰਕ ਕਰਨ।
ਸੰਪਰਕ : ਸਰਪੰਚ ਸਵਰਨ ਸਿੰਘ 9440847000, 9781897397

## ਨਾਮ ਸੰਬਧੀ ਸੂਚਨਾ

ਮੈਂ, ਲਖਵਿੰਦਰ ਸਿੰਘ ਉਰਫ ਲੱਖਾ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਵਾਸੀ ਪਿੰਡ ਰੁਸੂਲਪੁਰ ਜੋੜਾ ਤਹਿਸੀਲ ਵਾ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਉਪਰੋਕਤ ਦੋਵੇਂ ਨਾਮ ਇਕ ਹੀ ਵਿਅਕਤੀ ਦੇ ਹਨ, ਜੋ ਕਿ ਮੇਰੇ ਹਨ।

---

**SBI ਸਟੇਟ ਬੈਂਕ ਆਫ ਇੰਡੀਆ**
ਸਟਰੈਸਡ ਅਸੈਸਟਸ ਵਸੂਲੀ ਸ਼ਾਖਾ
ਐਸਸੀਓ 15, ਪਹਿਲੀ ਅਤੇ ਦੂਜੀ ਮੰਜ਼ਿਲ, ਸੈਕਟਰ 7-ਸੀ, ਮਧਿਆ ਮਾਰਗ, ਚੰਡੀਗੜ੍ਹ, Ph.: 0172-4568244, 4568249, E-mail: sbi.05179@sbi.co.in

**[ਨਿਯਮ (8-1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ) /ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਬਕਾਇਆ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| ਕਰਜ਼ਦਾਰ:- ਸ੍ਰੀ ਜਸਮੀਤ ਸਿੰਘ ਚਾਵਲਾ ਪੁੱਤਰ ਸ੍ਰੀ ਮਨਜੀਤ ਸਿੰਘ, #46, ਬੈਂਕ ਕਲੋਨੀ, ਪਟਿਆਲਾ ਅਤੇ ਸ਼੍ਰੀਮਤੀ ਨੀਤੂ ਚਾਵਲਾ ਪਤਨੀ ਸ੍ਰੀ ਜਸਮੀਤ ਸਿੰਘ ਚਾਵਲਾ, #46, ਬੈਂਕ ਕਲੋਨੀ, ਪਟਿਆਲਾ | ਵਸੀਕਾ ਨੰਬਰ 3477 ਮਿਤੀ 30.07.2015, 3478 ਮਿਤੀ 30.07.2015 ਅਤੇ 61 ਮਿਤੀ 07.04.2015 ਦੇ ਅਧੀਨ ਸ਼੍ਰੀਮਤੀ ਨੀਤੂ ਚਾਵਲਾ ਪਤਨੀ ਸ੍ਰੀ ਜਸਮੀਤ ਸਿੰਘ ਚਾਵਲਾ ਅਤੇ ਸ੍ਰੀ ਜਸਮੀਤ ਸਿੰਘ ਚਾਵਲਾ ਪੁੱਤਰ ਸ੍ਰੀ ਮਨਜੀਤ ਸਿੰਘ ਚਾਵਲਾ ਦੇ ਨਾਮ 'ਤੇ ਦਰਜ ਮਕਾਨ ਨੰਬਰ 46 (ਪੁਰਾਣਾ ਨੰਬਰ 1777/5), ਬੈਂਕ ਕਲੋਨੀ, ਪਟਿਆਲਾ ਦਾ 192 ਵਰਗ ਗਜ਼ ਦਾ ਬਰਾਬਰ ਗਿਰਵੀਨਾਮਾ। | **24.08.2024 & Rs. 21,12,832/-** | **Rs. 21,12,832/-** 24.08.2024 ਦੇਅਨੁਸਾਰ ਅਗਲੇਰੇ ਵਿਆਜ ਅਤੇ ਅਚਨਚੇਤੀ ਖਰ਼ਚਿਆਂ, ਲਾਗਤਾਂ ਆਦਿ ਸਮੇਤ | **07.05.2025** |

ਮਿਤੀ : 09.05.2024 ਸਥਾਨੁ : ਚੰਡੀਗੜ੍ਹ **ਅਧਿਕਾਰਤ ਅਧਿਕਾਰੀ**

---

**ਸਟੇਟ ਬੈਂਕ ਆਫ ਇੰਡੀਆ**
ਹੋਮ ਲੋਨ ਸੈਂਟਰ, ਦੂਜੀ ਮੰਜ਼ਿਲ ਪ੍ਰਬੰਧਕੀ ਇਮਾਰਤ, ਮਾਡਲ ਟਾਊਨ ਬਠਿੰਡਾ

**ਕਬਜ਼ਾ ਸੂਚਨਾ** [ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਹੋਮ ਲੋਨ ਸੈਂਟਰ, ਬਠਿੰਡਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ(ਾਂ)/ ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ਾ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਸ਼੍ਰੀ ਵਿਸ਼ਵ ਰਿਸ਼ੀ ਪੁੱਤਰ ਸ਼੍ਰੀ ਪਵਨ ਰਿਸ਼ੀ ਨਿਵਾਸੀ ਮਕਾਨ ਨੰਬਰ 30546, ਗਲੀ ਨੰਬਰ 5/9, ਜੋਗੀ ਨਗਰ, ਬਠਿੰਡਾ-151001 (ਕਰਜ਼ਦਾਰ) 2. ਸ਼੍ਰੀਮਤੀ ਮਨੋਜ ਰਿਸ਼ੀ ਪਤਨੀ ਸ਼੍ਰੀ ਪਵਨ ਰਿਸ਼ੀ ਨਿਵਾਸੀ ਮਕਾਨ ਨੰਬਰ 30546, ਗਲੀ ਨੰਬਰ 5/9, ਜੋਗੀ ਨਗਰ, ਬਠਿੰਡਾ-151001 (ਜ਼ਾਮਨ) | ਸ਼੍ਰੀ ਵਿਸ਼ਵ ਰਿਸ਼ੀ ਦੀ ਰਿਹਾਇਸ਼ੀ ਜਾਇਦਾਦ ਜਿਸਦੀ ਮਾਪ 196 ਵਰਗ ਗਜ਼ ਯਾਨੀ 0 ਵਿੱਘਾ 4 ਬਿਸਵਾ ਹੈ, ਖਸਰਾ ਨੰਬਰ 4927 ਮਿਨ (0-3), 4927 ਮਿਨ (0-1) ਖੇਵਟ ਖਟੋਨੀ ਨੰਬਰ 1670/8286 ਤੋਂ 8288 ਵਿੱਚ ਸ਼ਾਮਲ ਹੈ, ਜੋ ਕਿ ਜਮਾਂਬੰਦੀ ਸਾਲ 2012-13 ਦੇ ਅਨੁਸਾਰ ਪੱਟੀ ਮਹਿਣਾ, ਬਠਿੰਡਾ ਦੀ ਮਾਲੀਆ ਸੀਮਾ ਦੇ ਅੰਦਰ ਹੈ। ਵਿਕਰੀ ਡੀਡ ਨੰਬਰ 616 ਮਿਤੀ 25.04.2017 ਦੁਆਰਾ **MCB-Z-**6/14761, ਗਲੀ ਨੰਬਰ 5/9, ਅਸ਼ੋਕ ਕਰਿਆਨਾ ਸਟੋਰ ਦੇ ਨੇੜੇ, ਜੋਗੀ ਨਗਰ, ਗੁਰੂਕੁਲ ਰੋਡ ਬਠਿੰਡਾ ਵਿਖੇ ਸਥਿਤ ਹੈ। ਅਤੇ ਪੂਰਬ: 26'11" ਨਿਰਮਾਣ ਘਰ, ਪੱਛਮ:26'11", ਗਲੀ ਆਮ 20' ਚੌੜਾ, ਉੱਤਰ: 65'6" ਰਾਮ ਫਾਲ ਦਾ ਘਰ, ਦੱਖਣ: 65'6" ਪਵਨ ਕੁਮਾਰ ਦਾ ਮਕਾਨ। | 04.03.2025 | 05.05.2025 | 04.03.2025 ਨੂੰ 38,66,366.00 ਰੁਪਏ, ਕੀਤੀ ਗਈ ਵਸੂਲੀ ਦੀ ਘੱਟ ਰਕਮ, ਜੇਕਰ ਕੋਈ ਹੈ, ਪਲੱਸ ਇੰਟਰਨੈਸ਼ਨਲ ਅਤੇ ਹੋਰ ਖਰਚੇ/ਖਰਚੇ, ਉਸ 'ਤੇ ਲਾਗਤਾਂ। |

ਮਿਤੀ: 10.05.2025 ਸਥਾਨ: ਬਠਿੰਡਾ ਅਧਿਕਾਰਤ ਅਧਿਕਾਰੀ

---

**ਇੰਡੀਅਨ ਬੈਂਕ Indian Bank**
ਇਲਾਹਾਬਾਦ ALLAHABAD
ਜ਼ੋਨਲ ਦਫ਼ਤਰ: ਐਸਸੀਓ 96, ਜ਼ਿਲ੍ਹਾ ਸ਼ਾਪਿੰਗ ਸੈਂਟਰ, ਚੌਥੀ ਮੰਜ਼ਿਲ, ਰਣਜੀਤ ਐਵਿਨਿਊ, ਅੰਮ੍ਰਿਤਸਰ-143001,
PH. NO.: 0183-2830600; FAX NO.: 0183-2500108, E-MAIL: zoamritsar@indianbank.co.in

**ਮੰਗ ਸੂਚਨਾ**
**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਸੂਚਨਾ**
ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੇ ਪੁਨਰ ਭੁਗਤਾਨ ਦੀ ਮਿਤੀ ਤੱਕ ਨਿਮਨ ਦਰਸਾਈ ਮਿਤੀ ਤੋਂ ਸਹਿਮਤ ਦਰ 'ਤੇ ਅਗਲੇਰੇ ਵਿਆਜ ਸਮੇਤ ਨਿਮਨ ਦਰਸਾਈ ਬਕਾਇਆ ਰਕਮ ਭਾਵ ਬਹੀ ਬਕਾਇਆ + ਐਮਓਆਈ ਦੀ ਰਕਮ ਦੇ ਕਰਜ਼ਿਆਂ ਦਾ ਪੁਨਰ ਭੁਗਤਾਨ ਕਰਨ ਵਿਚ ਕੁਤਾਹੀ ਕੀਤੀ ਹੈ। ਬੈਂਕ ਨੇ ਕਾਨੂੰਨ ਅਧੀਨ ਸੂਚਨਾ ਜਾਰੀ ਕਰਕੇ ਨਿਮਨ ਦਰਸਾਈ ਬਕਾਇਆ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੱਤਾ ਹੈ। ਸੂਚਨਾ ਤੁਹਾਨੂੰ ਪੰਜੀਕ੍ਰਿਤ ਡਾਕ ਦੁਆਰਾ ਭੇਜੀ ਗਈ ਸੀ ਜੋ ਕਿ ਬਿਨਾਂ ਤਾਮੀਲ ਤੋਂ ਪਰਤ ਆਈ ਹੈ।

| ਸ਼ਾਖਾ/ਕਰਜ਼ਦਾਰ (ਾਂ) /ਜ਼ਾਮਨਾ (ਾਂ)/ ਗਿਰਵੀਕਾਰ (ਾਂ) ਦਾ ਨਾਮ | ਗਿਰਵੀ/ਹਾਈਪੋਥੀਕੇਟਿਡ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ / ਐਨਪੀਏ ਦੀ ਮਿਤੀ | ਸੂਚਨਾ ਅਨੁਸਾਰ ਮੰਗ ਰਕਮ | ਪੰਜੀਕ੍ਰਿਤ ਡਾਕ ਭੇਜਣ ਦੀ ਮਿਤੀ / ਸੁਵਿਧਾ ਦਾ ਸਰੂਪ |
|---|---|---|---|---|
| ਤਰਨ ਤਾਰਨ ਸ਼ਾਖਾ 1. ਮੈਸ. ਅਰੋੜਾ ਫੀਡ ਸਟੋਰ (ਪ੍ਰੋਪਰਾਈਟਰਸ਼ਿਪ ਫਰਮ), ਪਿੰਡ ਅਤੇ ਡਾਕਖਾਨਾ ਜੀਓਬਾਲਾ ਤਰਨ ਤਾਰਨ, 2. ਸ਼੍ਰੀਮਤੀ ਸਿਮਰਨਜੀਤ ਕੌਰ ਪਤਨੀ ਨਿਰਮਾਣ ਸਿੰਘ (ਪ੍ਰੋਪਰਾਈਟਰ ਆਫ਼ ਮੈਸ. ਅਰੋੜਾ ਫੀਡ ਸਟੋਰ) ਨਿਵਾਸੀ ਪਿੰਡ ਬਕੀਪੁਰ ਤਰਨ ਤਰਨ ਤਾਰਨ ਪੰਜਾਬ 143302 | ਫਰਮ ਦੇ ਸਟਾਕ ਬੁੱਕ ਕਰਜ਼ਿਆਂ ਅਤੇ ਹੋਰ ਮੌਜੂਦਾ ਸੰਪਤੀਆਂ ਦਾ ਗਿਰਵੀਨਾਮਾ ਅਤੇ ਮੈਸਰਜ਼ ਅਰੋੜਾ ਫੀਡ ਸਟੋਰ ਪਿੰਡ ਅਤੇ ਡਾਕਖਾਨਾ ਜੀਓਬਾਲਾ ਤਰਨਤਾਰਨ ਦੇ ਅਹਾਤੇ ਵਿੱਚ ਪਈਆਂ ਬੈਂਕ ਵਿੱਤ ਤੋਂ ਖਰੀਦੀਆਂ ਗਈਆਂ ਸੰਪਤੀਆਂ ਦਾ ਗਿਰਵੀਨਾਮਾ | 31.12.2024 / 30.10.2024 | ਮਿਤੀ 18.12.2024 ਨੂੰ ਬਕਾਇਆ ਰਕਮ ਰੁ. 15,22,753.977/- (ਰੁ. ਪੰਦਰਾਂ ਲੱਖ ਬਾਈ ਹਜ਼ਾਰ ਸੱਤ ਸੌ ਤਰਵੰਜਾ ਅਤੇ ਨੌਂ ਸੌ ਸਤੱਤਰ ਪੈਸੇ ਕੇਵਲ) ਹੈ ਅਤੇ ਦਰਸਾਈ ਰਕਮ 'ਤੇ ਪੁਨਰ ਭੁਗਤਾਨ ਦੀ ਮਿਤੀ ਤੱਕ 19.12.2024 ਤੋਂ ਸਮਝੌਤਾ ਦਰ 'ਤੇ ਅਗਲੇਰਾ ਵਿਆਜ ਲਾਗੂ ਹੈ। | 03.01.2025 / 1. ਮਾਈਕਰੋ-ਸਮਾਲ-ਈਐਨਟੀ-ਓਸੀਸੀ-ਆਰਈਪੀਓ 2. ਜਨਰਲ ਐਮਐਸਐਮਈ-ਟੀਐਲ-ਆਰਈਪੀਓ |

ਉਕਤ ਕਰਜ਼ਦਾਰ (ਾਂ)/ਜ਼ਾਮਨ (ਾਂ) /ਗਿਰਵੀਕਾਰ (ਾਂ) ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਅਸੀਂ ਉਕਤ ਦਰਸਾਏ ਸੁੱਰਖਿਅਤ ਅਸਾਸਿਆਂ ਦੇ ਖਿਲਾਫ ਸੁਰੱਖਿਆ ਵਿਆਜ ਦੇ ਲਾਗੂਕਰਨ ਦੇ ਅਧਿਕਾਰਾਂ ਦੀ ਵਰਤੋਂ ਕਰਨ ਲਈ ਮਜਬੂਰ ਹੋ ਜਾਵਾਂਗੇ। ਇਹ ਸੂਚਨਾ ਸੁਰੱਖਿਅਤ ਕਰਜ਼ਦਾਤਾ ਲਈ ਉਪਲਬਧ ਕਿਸੇ ਵੀ ਹੋਰ ਅਧਿਕਾਰ/ਉਪਚਾਰ ਨਾਲ ਪੱਖਪਾਤ ਤੋਂ ਬਿਨ੍ਹਾਂ ਹੈ।
"ਅਸੀਂ ਤੁਹਾਡਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਦੇ ਤੁਹਾਡੇ ਅਧਿਕਾਰਾਂ ਨਾਲ ਸੰਬੰਧਤ ਨਿਮਨ ਗਠਿਤ ਨਿਯਮਾਂਵਲੀ ਅਤੇ ਸਰਫਾਇਸੀ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਉਂਦੇ ਹਾਂ।"
ਇਹ ਸੂਚਨਾ ਡੀਆਰਟੀ/ਡੀਆਰਟੀ ਦੇ ਆਰਓ/ਡੀਆਰਏਟੀ/ਅਦਾਲਤ ਕੋਲ ਮੌਜੂਦਾ ਲੰਬਿਤ ਕਾਰਵਾਈਆਂ ਨਾਲ ਅੱਗੇ ਵਧਣ ਦੇ ਆਪਣੇ ਅਧਿਕਾਰ ਅਤੇ ਆਦੇਸ਼ ਨੂੰ ਕਾਰਜਰੂਪ ਕਰਨ/ਆਦੇਸ਼ ਪ੍ਰਾਪਤ ਕਰਨ/ਪ੍ਰਾਪਤ ਕੀਤੇ ਜਾਣ ਸਮੇਤ ਕਾਰਵਾਈ ਸਮੇਤ ਬੈਂਕ ਨੂੰ ਉਪਲਬਧ ਕਿਸੇ ਵੀ ਹੋਰ ਉਪਚਾਰ ਦੀ ਉਲੰਘਣਾ ਤੋਂ ਬਿਨਾਂ ਹੈ।
ਮਿਤੀ :09.05.2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਧਿਕਾਰੀ

---

**ਭਾਰਤੀ ਫੌਜ**
**www.joinindianarmy.nic.in**
**142ਵਾਂ ਤਕਨੀਕੀ ਗ੍ਰੈਜੂਏਟ ਕੋਰਸ (TGC-142) (ਜਨਵਰੀ 2026)**

**ਹਾਈਲਾਈਟਸ**

**(ਹੇਠਾਂ ਦਿੱਤੀ ਗਈ ਜਾਣਕਾਰੀ ਸਿਰ਼ਫ ਆਮ ਜਾਗਰੂਕਤਾ ਲਈ ਹੈ ਅਤੇ ਤਤਕਾਲ ਗਣਨਾ ਲਈ ਹੈ) (ਕੋਰਸ ਨੋਟੀਫਿਕੇਸ਼ਨ - www.joinindianarmy.nic.in - 'ਤੇ ਪ੍ਰਕਾਸ਼ਿਤ ਕੋਰਸ ਲਈ ਲਾਗੂ ਇੱਕੋ ਇੱਕ ਅਧਿਕਾਰਤ ਇਸ਼ਤਿਹਾਰ ਹੈ)**

| ਸ਼੍ਰੇਣੀ | ਵਰਣਨ | ਨੋਟੀਫਿਕੇਸ਼ਨ ਪੈਰਾ ਨੰ. 'ਤੇ ਵਿਸਤ੍ਰਿਤ ਨਿਰਦੇਸ਼ |
|---|---|---|
| ਪ੍ਰਵੇਸ਼ ਦੀ ਕਿਸਮ | ਤਕਨੀਕੀ ਗ੍ਰੈਜੂਏਟ ਕੋਰਸ (TGC-142) (ਜਨਵਰੀ 2026) | Para 1 |
| ਉਮਰ | 01 ਜਨਵਰੀ 2026 ਨੂੰ 20 ਅਤੇ 27 ਸਾਲ | Para 2 |
| ਇਨ੍ਹਾਂ ਲਈ ਖੁੱਲ੍ਹੇ ਹਨ | ਅਣਵਿਆਹੇ ਪੁਰਸ਼ | Para 1 |
| ਸਿੱਖਿਆ ਯੋਗਤਾ | ਸੂਚਿਤ ਸਟ੍ਰੀਮ ਵਿੱਚ ਬੈਚਲਰ ਆਫ਼ ਟੈਕਨਾਲੋਜੀ | Para 2 |
| ਸਵੀਕਾਰਯੋਗ ਬੀ ਟੈਕ ਸਟ੍ਰੀਮਜ਼ | ਸੂਚੀਬੱਧ ਅਨੁਸਾਰ | Para 3 |
| ਅਰਜ਼ੀ ਕਿਵੇਂ ਦੇਣੀ ਹੈ | www.joinindidanarmy.nic.in 'ਤੇ ਔਨਲਾਈਨ | Para 11 |
| ਐਪਲੀਕੇਸ਼ਨ ਵਿੰਡੋ | 30 ਅਪ੍ਰੈਲ 2025 ਤੋਂ 29 ਮਈ 2025 | Para 15 |
| ਮੈਡੀਕਲ ਮਿਆਰ | www.joinindianarmy.nic.in 'ਤੇ ਦਿੱਤੇ ਅਨੁਸਾਰ | Para 05 |
| ਚੋਣ ਪ੍ਰਕਿਰਿਆ | ਅਰਜ਼ੀ > ਸ਼ਾਰਟਲਿਸਟਿੰਗ > ਐਸਐਸਬੀ > ਮੈਡੀਕਲ > ਮੈਰਿਟ ਸੂਚੀ > ਜੁਆਇਨਿੰਗ ਲੈਟਰ | Para 04 |
| ਸ਼ਾਰਟਲਿਸਟਿੰਗ ਲਈ ਕਟ-ਆਫ % ਅੰਕਾਂ ਦੇ ਪ੍ਰਕਾਸ਼ਨ ਦੀ ਮਿਤੀ | ਜੂਨ 2025 ਦਾ ਪਹਿਲਾ ਹਫ਼ਤਾ | - |
| SSB ਲਈ ਸੰਭਾਵਿਤ ਮਿਆਦ ਅਤੇ ਮਿਤੀਆਂ | ਜੁਲਾਈ ਤੋਂ ਸਤੰਬਰ 2025 ਦੇ ਵਿਚਕਾਰ ਪੰਜ ਦਿਨਾਂ ਐਸਐਸਬੀ (ਐਸਐਸਬੀ ਤਾਰੀਖਾਂ ਲਈ ਵਿਕਲਪ ਜੂਨ 2025 ਵਿੱਚ ਇੱਕ ਹਫ਼ਤੇ ਲਈ ਖੁੱਲ੍ਹਾ ਹੈ) | - |
| ਪ੍ਰੀ ਕਮਿਸ਼ਨ ਸਿਖਲਾਈ ਅਕੈਡਮੀ | ਇੰਡੀਅਨ ਮਿਲਟਰੀ ਅਕੈਡਮੀ (ਆਈਐਮਏ), ਦੇਹਰਾਦੂਨ | Para 7(a) |
| ਸਿਖਲਾਈ ਦੀ ਮਿਆਦ | ਜਨਵਰੀ 2026 ਤੋਂ ਦਸੰਬਰ 2026 ਤੱਕ ਲਗਭਗ 12 ਮਹੀਨੇ | Para 7 |
| ਸਿਖਲਾਈ ਦੌਰਾਨ ਵਜ਼ੀਫ਼ਾ | 56,400 ਰੁਪਏ ਪ੍ਰਤੀ ਮਹੀਨਾ | Para 9 |
| ਸਿਖਲਾਈ ਦੇ ਬਾਅਦ ਰੈਂਕ | ਲੈਫਟੀਨੈਂਟ | Para 9 |
| ਕਮਿਸ਼ਨਿੰਗ 'ਤੇ ਤਨਖਾਹ | ਸੀਟੀਸੀ ਲਗਭਗ, 17-18 ਲੱਖ ਪ੍ਰਤੀ ਸਾਲ (ਮੁਫ਼ਤ ਮੈਡੀਕਲ ਕਵਰ ਅਤੇ ਸਾਲ ਵਿੱਚ ਇੱਕ ਵਾਰ ਆਪਣੇ ਸ਼ਹਿਰ ਦੀ ਯਾਤਰਾ ਨੂੰ ਛੱਡ ਕੇ) | - |
| ਕਮਿਸ਼ਨ ਦੀ ਕਿਸਮ | ਸਥਾਈ ਕਮਿਸ਼ਨ | Para 6 |
| ਪ੍ਰਾਇਮਰੀ ਹਥਿਆਰ/ ਕਮਿਸ਼ਨ ਲਈ ਸੇਵਾ | ਇੰਜੀਨੀਅਰਾਂ ਦੀਆਂ ਕਾਰਪਸ, ਸਿਗਨਲ ਕਾਰਪਸ ਅਤੇ ਇਲੈਕਟ੍ਰਾਨਿਕਸ ਅਤੇ ਮਕੈਨੀਕਲ ਇੰਜੀਨੀਅਰਾਂ ਦੀਆਂ ਕਾਰਪਸ। ਉਮੀਦਵਾਰ ਹੋਰ ਹਥਿਆਰਾਂ/ਸੇਵਾਵਾਂ ਵਿੱਚ ਵੀ ਕਮਿਸ਼ਨ ਪ੍ਰਾਪਤ ਕਰ ਸਕਦੇ ਹਨ। | - |
| ਰਿਹਾਈ ਦੇ ਲਾਭ | ਰਿਹਾਈ 'ਤੇ ਸੇਵਾ 'ਤੇ ਨਿਰਭਰ ਕਰਦਾ ਹੈ। | - |

CBC 10601/11/0017/2526

# ਫ਼ਿਲਮੀ

## ਫ਼ਿਲਮਾਂ 'ਚ ਕਾਸਟਿਊਮ ਡਿਜ਼ਾਈਨਰ ਸੁਪਰੀਤ ਅੱਗੇ ਕੀ ਹਨ ਚੁਣੌਤੀਆਂ ?



**ਨਵਦੀਪ ਕੌਰ ਗਰੇਵਾਲ**

ਸੁਪਰੀਤ ਚੀਮਾ, ਚੰਡੀਗੜ੍ਹ ਦੇ ਜੰਮ-ਪਲ ਹਨ। ਉਨ੍ਹਾਂ ਦੇ ਪਿਤਾ ਪੁਲਿਸ ਵਿੱਚ ਨੌਕਰੀ ਕਰਦੇ ਸਨ। ਉਨ੍ਹਾਂ ਦੇ ਮਾਂ ਨੇ ਕਈ ਸਾਲ ਆਪਣਾ ਬੁਟੀਕ (ਬੀਬੀਆਂ ਦੇ ਕੱਪੜਿਆਂ ਦੀ ਸਿਲਾਈ-ਕਢਾਈ ਦੀ ਦੁਕਾਨ) ਚਲਾਇਆ। ਸੁਪਰੀਤ ਨੇ ਫੈਸ਼ਨ ਡਿਜ਼ਾਈਨਿੰਗ ਕਮ ਟੈਕਸਟਾਈਲ ਡਿਜ਼ਾਈਨਿੰਗ ਵਿੱਚ ਗ੍ਰੈਜੁਏਸ਼ਨ ਕੀਤੀ ਹੈ। ਸੁਪਰੀਤ, ਬਚਪਨ ਤੋਂ ਹੀ ਵਕੀਲ ਜਾਂ ਗਾਇਨਾਕੋਲੋਜਿਸਟ ਬਣਨਾ ਚਾਹੁੰਦੀ ਸੀ। ਪਰ ਉਹ ਆਪਣੀ ਇੱਕ ਆਂਟੀ ਤੋਂ ਬਹੁਤ ਪ੍ਰਭਾਵਿਤ ਸੀ, ਅਤੇ ਉਨ੍ਹਾਂ ਨੇ ਉਸ ਨੂੰ ਫੈਸ਼ਨ ਡਿਜ਼ਾਇਨਿੰਗ ਦੀ ਸਲਾਹ ਦਿੱਤੀ। ਸੁਪਰੀਤ ਨੇ ਕਿਹਾ, "ਮੇਰੇ ਮੰਮੀ ਦਾ ਵੀ ਬੁਟੀਕ ਸੀ, ਇਸ ਲਈ ਵੀ ਮੇਰਾ ਫੈਸ਼ਨ ਡਿਜ਼ਾਈਨਿੰਗ ਵੱਲ ਝੁਕਾਅ ਹੋ ਗਿਆ।"

### ਆਯੁਸ਼ਮਾਨ ਖੁਰਾਨਾ ਦੇ ਪਿਤਾ ਦੀ ਅਸਿਸਟੈਂਟ ਵਜੋਂ ਨੌਕਰੀ

ਸੁਪਰੀਤ ਨੇ ਦੱਸਿਆ ਕਿ ਫੈਸ਼ਨ ਡਿਜ਼ਾਈਨਿੰਗ ਦੀ ਪੜ੍ਹਾਈ ਪੂਰੀ ਹੋਣ ਬਾਅਦ, ਮਾਪੇ ਚਾਹੁੰਦੇ ਸੀ ਕਿ ਉਹ ਕੋਈ ਨੌਕਰੀ ਕਰੇ। ਸੁਪਰੀਤ ਨੂੰ ਫੈਸ਼ਨ ਇੰਡਸਟਰੀ ਵਿੱਚ ਉਸ ਵੇਲੇ ਨੌਕਰੀ ਦੇ ਬਹੁਤੇ ਬਦਲ ਨਹੀ ਮਿਲ ਰਹੇ ਸੀ, ਫਿਰ ਉਨ੍ਹਾਂ ਨੇ ਮਸ਼ਹੂਰ ਜੋਯਤਸ਼ੀ ਅਤੇ ਅਦਾਕਾਰ ਆਯੂਸ਼ਮਾਨ ਖੁਰਾਨਾ ਦੇ ਪਿਤਾ ਪੀ. ਖੁਰਾਨਾ ਦੀ ਅਸਿਸਟੈਂਟ ਵਜੋਂ ਕੰਮ ਕਰਨਾ ਸ਼ੁਰੂ ਕੀਤਾ। ਉਸ ਤੋਂ ਬਾਅਦ, ਸੁਪਰੀਤ ਨੇ ਕੁਝ ਸਮਾਂ ਇੱਕ ਨਿੱਜੀ ਟੀਵੀ ਚੈਨਲ ਨਾਲ ਕੰਮ ਕਰਨਾ ਸ਼ੁਰੂ ਕੀਤਾ। ਉਸੇ ਚੈਨਲ ਦੀ ਇੱਕ ਦਸਤਾਵੇਜ਼ੀ ਫ਼ਿਲਮ ਲਈ ਪ੍ਰੋਡਿਊਸਰਾਂ ਨਾਲ ਮੀਟਿੰਗਾਂ ਦੌਰਾਨ ਸੁਪਰੀਤ ਨੂੰ ਫ਼ਿਲਮ ਸਨਅਤ ਵਿੱਚ ਕਾਸਟਿਊਮ ਡਿਜ਼ਾਈਨਰ ਵਜੋਂ ਕੰਮ ਕਰਨ ਦਾ ਵਿਚਾਰ ਆਇਆ। ਸੁਪਰੀਤ ਕਹਿੰਦੇ ਹਨ, "ਇਸ ਤੋਂ ਪਹਿਲਾਂ ਤੱਕ ਮੈਨੂੰ ਸਿਰਫ਼ ਫੈਸ਼ਨ ਡਿਜ਼ਾਈਨਿੰਗ ਬਾਰੇ ਹੀ ਪਤਾ ਸੀ, ਕਾਸਟਿਊਮ ਡਿਜ਼ਾਈਨਿੰਗ ਵੀ ਕੋਈ ਪੇਸ਼ਾ ਹੈ, ਇਸ ਬਾਰੇ ਪਤਾ ਨਹੀ ਸੀ।" ਸੁਪਰੀਤ, ਨੌਕਰੀ ਕਰੇ ਇਹ ਤਾਂ ਉਸ ਦਾ ਪਰਿਵਾਰ ਚਾਹੁੰਦਾ ਸੀ, ਪਰ ਫ਼ਿਲਮ ਸਨਅਤ ਵਿੱਚ ਕੰਮ ਕਰੇ ਇਹ ਸਵੀਕਾਰ ਕਰਨਾ ਉਨ੍ਹਾਂ ਲਈ ਥੋੜ੍ਹਾ ਔਖਾ ਸੀ। ਸੁਪਰੀਤ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਫ਼ਿਲਮ ਸਨਅਤ ਵਿੱਚ ਕੰਮ ਕਰਨ ਦੇ ਖ਼ਿਲਾਫ਼ ਸਨ, ਪਰ ਸੁਪਰੀਤ ਸਾਹਮਣੇ ਕਈ ਸ਼ਰਤਾਂ ਰੱਖ ਕੇ ਉਨ੍ਹਾਂ ਨੇ ਇਸ ਕੰਮ ਲਈ ਸਹਿਮਤੀ ਦਿੱਤੀ ਸੀ। ਦਸੰਬਰ 2012 ਤੋਂ ਸੁਪਰੀਤ, ਫ਼ਿਲਮ ਸਨਅਤ ਵਿੱਚ ਬਤੌਰ ਕਾਸਟਿਊਮ ਡਿਜ਼ਾਈਨਰ ਕੰਮ ਕਰ ਰਹੇ ਹਨ। ਉਨ੍ਹਾਂ ਨੇ ਫ਼ਿਲਮ 'ਦਿਲ ਮੇਰਾ ਲੁੱਟਿਆ ਗਿਆ' ਤੋਂ ਸ਼ੁਰੂਆਤ ਕੀਤੀ ਸੀ। ਸੁਪਰੀਤ ਦੱਸਦੇ ਹਨ ਕਿ ਹੁਣ ਤੱਕ 40-45 ਤੋਂ ਵੱਧ ਫ਼ਿਲਮਾਂ ਲਈ ਕੰਮ ਕਰ ਚੁੱਕੇ ਹਨ।

### ਕੀ ਹੁੰਦਾ ਹੈ ਫ਼ਿਲਮਾਂ ਵਿੱਚ ਕਾਸਟਿਊਮ ਡਿਜ਼ਾਈਨਰ ਦਾ ਕੰਮ?

ਹਰ ਫ਼ਿਲਮ ਲਈ ਕਾਸਟਿਊਮ ਡਿਜ਼ਾਈਨਿੰਗ ਬਹੁਤ ਅਹਿਮ ਪਹਿਲੂ ਹੁੰਦਾ ਹੈ। ਉਨ੍ਹਾਂ ਦਾ ਕੰਮ ਕਿਰਦਾਰ ਦੇ ਮੁਤਾਬਕ, ਫ਼ਿਲਮ ਦੇ ਹਰ ਅਦਾਕਾਰ ਦੇ ਕਾਸਟਿਊਮ ਤਿਆਰ ਕਰਨ ਦਾ ਹੁੰਦਾ ਹੈ। ਸੁਪਰੀਤ ਨੇ ਦੱਸਿਆ ਕਿ ਕਿਸੇ ਅਦਾਕਾਰ ਲਈ ਕਾਸਟਿਊਮ ਤਿਆਰ ਕਰਨ ਵੇਲੇ ਕਹਾਣੀ ਤੇ ਕਿਰਦਾਰ ਦੇ ਨਾਲ-ਨਾਲ ਲੋਕੇਸ਼ਨ, ਰੰਗ ਚਾਰਟ ਸਣੇ ਹੋਰ ਕਈ ਚੀਜ਼ਾਂ ਦਾ ਧਿਆਨ ਰੱਖਣਾ ਪੈਂਦਾ ਹੈ। ਸੁਪਰੀਤ ਚੀਮਾ ਨੇ ਦੱਸਿਆ ਕਿ ਜੇ ਇੱਕ ਫਰੇਮ ਵਿੱਚ ਚਾਰ ਅਦਾਕਾਰ ਹਨ ਤਾਂ ਹਰ ਕਿਸੇ ਦੀ ਦਿੱਖ ਉਨ੍ਹਾਂ ਦੇ ਕਿਰਦਾਰ ਮੁਤਾਬਕ ਵੱਖਰੀ ਉੱਭਰੇ ਇਹ ਯਕੀਨੀ ਬਣਾਉਣ ਦਾ ਕੰਮ ਕਾਸਟਿਊਮ ਡਿਜ਼ਾਈਨਰ ਦਾ ਹੈ। ਉਨ੍ਹਾਂ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਕਾਸਟਿਊਮ ਡਿਜ਼ਾਈਨਰ ਨੂੰ ਸਕ੍ਰਿਪਟ ਸੁਣਾਈ ਜਾਂਦੀ ਹੈ। ਇਸ ਤੋਂ ਬਾਅਦ ਡਾਇਰੈਕਟਰ ਆਪਣੇ ਵਿਚਾਰ ਰੱਖਦਾ ਹੈ। ਕਾਸਟਿਊਮ ਡਿਜ਼ਾਈਨਰ ਆਪਣੇ ਲੇਅ-ਆਊਟ, ਉਦਾਹਰਣਾਂ, ਸਕੈਚ ਵਗੈਰਾ ਦਿਖਾਉਂਦੇ ਹਨ। ਫਿਰ ਡਾਇਰੈਕਟਰ ਅਤੇ ਡਿਜ਼ਾਈਨਰ ਦੀ ਸਹਿਮਤੀ ਨਾਲ ਫ਼ਾਈਨਲ ਲੁਕ ਤੈਅ ਕੀਤੀ ਜਾਂਦੀ ਹੈ।

ਸੁਪਰੀਮ ਕਹਿੰਦੇ ਹਨ ਕਿ ਉਨ੍ਹਾਂ ਨੂੰ ਇੱਕ ਰੰਗਾਂ ਦਾ ਚਾਰਟ ਦਿੱਤਾ ਜਾਂਦਾ ਹੈ, ਜਿਸ ਵਿੱਚ ਰਹਿ ਕੇ ਕਾਸਟਿਊਮ ਤਿਆਰ ਕਰਨੇ ਹੁੰਦੇ ਹਨ। ਕਲਾਕਾਰਾਂ ਦਾ ਵੀ ਪੱਖ ਜਾਣਿਆ ਜਾਂਦਾ ਹੈ। ਫਿਰ ਪ੍ਰੋਡਿਊਸਰ ਨਾਲ ਕਾਸਟਿਊਮ ਦੇ ਬਜਟ ਬਾਰੇ ਚਰਚਾ ਹੁੰਦੀ ਹੈ। ਜਦੋਂ ਸ਼ੂਟ ਸ਼ੁਰੂ ਹੁੰਦਾ ਹੈ ਤਾਂ ਹਰ ਸੀਨ ਮੁਤਾਬਕ, ਕਲਾਕਾਰ ਤੱਕ ਸਮੇਂ ਸਿਰ ਕੱਪੜੇ ਪਹੁੰਚਾਉਣਾ, ਜ਼ਰੂਰਤ ਪੈਣ 'ਤੇ ਕੱਪੜੇ ਭੀੜੇ-ਖੁੱਲ੍ਹੇ ਕਰਵਾਉਣਾ ਵਗੈਰਾ ਵੀ ਕਾਸਟਿਊਮ ਡਿਜ਼ਾਈਨਰ ਦੀ ਡਿਊਟੀ ਹੁੰਦੀ ਹੈ। ਸ਼ੂਟ ਖ਼ਤਮ ਹੋਣ ਬਾਅਦ ਵੀ ਕੁਝ ਤੈਅ ਸਮੇਂ ਤੱਕ ਕਾਸਟਿਊਮ ਡਿਪਾਰਟਮੈਂਟ ਕੱਪੜੇ ਸੰਭਾਲ ਕੇ ਰੱਖਦਾ ਹੈ ਤਾਂ ਕਿ ਫ਼ਿਲਮ ਦੇ ਪੈਚ-ਵਰਕ ਦੌਰਾਨ ਜ਼ਰੂਰਤ ਪੈਣ 'ਤੇ ਵਰਤੇ ਜਾ ਸਕਣ। ਸੁਪਰੀਤ ਨੇ ਕਿਹਾ, "ਫ਼ਿਲਮ ਦਾ ਸ਼ੂਟ ਮੁਕੰਮਲ ਹੋ ਜਾਣ ਮਗਰੋਂ ਉਹ ਸਾਰੇ ਕੱਪੜੇ ਪ੍ਰੋਡਕਸ਼ਨ ਟੀਮ ਨੂੰ ਸੌਂਪ ਦਿੰਦੇ ਹਾਂ।" ਸੁਪਰੀਤ ਕਹਿੰਦੇ ਹਨ, "ਇੱਕ ਸਹੀ ਕਾਸਟਿਊਮ ਹੀ ਅਦਾਕਾਰ ਦਾ ਕਿਰਦਾਰ ਹੋਰ ਨਿਖਾਰਦਾ ਹੈ।"

> **ਉਹ ਵਾਕਿਆ ਜਿਸ ਨੇ ਸੁਪਰੀਤ ਚੀਮਾਂ ਨੂੰ ਲੰਬਾ ਸਮਾਂ ਡਰਾਇਆ**
>
> "ਇੱਕ ਰਾਤ ਅਸੀਂ 2-3 ਵਜੇ ਕੰਮ ਤੋਂ ਵਾਪਸ ਆ ਰਹੇ ਸੀ। ਇੱਕ ਗੱਡੀ ਮੋਹਾਲੀ ਸੱਤ ਫ਼ੇਜ਼ ਨੇੜੇ ਸਾਡਾ ਪਿੱਛਾ ਕਰਨ ਲੱਗੀ। ਜਿਸ ਵਿੱਚ 5-6 ਆਦਮੀ ਸਨ ਜਿਨ੍ਹਾਂ ਨੇ ਸ਼ਰਾਬ ਪੀਤੀ ਹੋਈ ਸੀ। ਉਨ੍ਹਾਂ ਨੇ ਡਰਾਈਵਰ ਨੂੰ ਕਿਹਾ ਕਿ ਇਸ ਨੂੰ ਛੱਡ ਜਾ ਤੇ ਤੂੰ ਜਾ। ਪਰ ਉਹ ਗੱਡੀ ਚਲਾਉਂਦਾ ਰਿਹਾ। ਤੇ ਅੰਤ ਨੂੰ ਪੁਲਿਸ ਕੋਲ ਪਹੁੰਚਣ 'ਤੇ ਉਹ ਲੋਕ ਗਏ।



ਸੁਪਰੀਤ ਕਹਿੰਦੇ ਹਨ ਕਿ ਹਰ ਫ਼ਿਲਮ ਲਈ ਕਾਸਟਿਊਮ ਡਿਜ਼ਾਈਨਿੰਗ ਬੇਹੱਦ ਅਹਿਮ ਹੈ, ਪਰ ਕਈ ਵਾਰ ਉਨ੍ਹਾਂ ਨੂੰ ਬਣਦੀ ਇੱਜ਼ਤ ਨਹੀ ਦਿੱਤੀ ਜਾਂਦੀ। ਉਨ੍ਹਾਂ ਦੱਸਿਆ, "ਅਜਿਹਾ ਵੀ ਹੁੰਦਾ ਹੈ ਜਦੋਂ ਕਈ ਕਲਾਕਾਰ ਸਾਡੇ ਮੁਤਾਬਕ ਕਾਸਟਿਊਮ ਪਾਉਣ ਦੀ ਬਜਾਇ, ਆਪਣੀ ਮਰਜ਼ੀ ਦੇ ਕਾਸਟਿਊਮ ਦੀ ਮੰਗ ਕਰਦੇ ਹਨ। ਅਜਿਹੇ ਮਾਮਲਿਆਂ ਵਿੱਚ ਜੇਕਰ ਡਾਇਰੈਕਟਰ ਵੀ ਸਾਨੂੰ ਸਹਿਯੋਗ ਨਹੀ ਦਿੰਦੇ ਤਾਂ ਅਸੀ ਕੁਝ ਨਹੀ ਕਰ ਸਕਦੇ।"

### ਸ਼ੁਰੂਆਤੀ ਦਿਨਾਂ ਦੀਆਂ ਚੁਣੌਤੀਆਂ

ਸੁਪਰੀਤ ਖੁਦ ਨੂੰ ਖੁਸ਼ਕਿਸਮਤ ਮੰਨਦੇ ਹਨ ਕਿ ਫ਼ਿਲਮ ਸਨਅਤ ਵਿੱਚ ਉਨ੍ਹਾਂ ਨੂੰ ਚੰਗੇ ਲੋਕਾਂ ਨਾਲ ਕੰਮ ਕਰਨ ਅਤੇ ਸਿੱਖਣ ਦਾ ਮੌਕਾ ਮਿਲਿਆ। ਉਹ ਕਹਿੰਦੇ ਹਨ ਕਿ ਬਚਪਨ ਤੋਂ ਹੀ ਅੰਤਰਮੁਖੀ ਸੁਭਾਅ ਹੋਣ ਕਰਕੇ ਉਹ ਜ਼ਿਆਦਾ ਲੋਕਾਂ ਨਾਲ ਗੱਲ ਕਰਨ ਤੋਂ ਝਿਜਕਦੇ ਸਨ, ਪਰ ਕਰੀਅਰ ਦੀ ਸ਼ੁਰੂਆਤ ਵਿੱਚ ਮਿਲੇ ਰਾਣਾ ਰਣਬੀਰ, ਜਿਵਿਧਾ ਆਸਥਾ ਵਰਗੇ ਲੋਕਾਂ ਨੇ ਉਨ੍ਹਾਂ ਨੂੰ ਹੱਲਾਸ਼ੇਰੀ ਦਿੱਤੀ। ਸ਼ੁਰੂਆਤੀ ਦਿਨਾਂ ਨੂੰ ਯਾਦ ਕਰਦਿਆਂ ਸੁਪਰੀਤ ਕਹਿੰਦੇ ਹਨ, "ਮੈਨੂੰ ਨਹੀ ਪਤਾ ਸੀ ਕਿ ਕਾਸਟਿਊਮ ਲਿਜਾਣ ਦੇ ਲਈ ਟੀਮ ਹੁੰਦੀ ਹੈ, ਮੈਂ ਖੁਦ ਹੀ ਕਾਸਟਿਊਮ ਢੋਅ ਰਹੀ ਹੁੰਦੀ ਸੀ।" ਕਰੀਅਰ ਦੀ ਸ਼ੁਰੂਆਤ ਦਾ ਹੀ ਇੱਕ ਹੋਰ ਕਿੱਸਾ ਸੁਪਰੀਤ ਸਾਂਝਾ ਕਰਦੇ ਹਨ ਜਦੋਂ ਉਹ ਕਿਸੇ ਸ਼ੂਟ ਲਈ ਚੰਡੀਗੜ੍ਹ ਤੋਂ ਜਲੰਧਰ ਗਏ ਸਨ। ਉਨ੍ਹਾਂ ਦੱਸਿਆ, "ਪ੍ਰੋਡਕਸ਼ਨ ਵਾਲਿਆਂ ਨੇ ਮੈਨੂੰ ਇੱਕ ਬੇਹੱਦ ਮਾੜੇ ਹਾਲਾਤ ਵਾਲੇ ਹੋਟਲ ਵਿੱਚ ਠਹਿਰਾਇਆ ਸੀ । ਮੈਂ ਅਤੇ ਮੇਰੇ ਟੇਲਰ ਮਾਸਟਰ (ਦਰਜ਼ੀ) ਨੇ ਇੱਕ ਕਮਰੇ ਵਿੱਚ ਜਾਗ ਕੇ ਰਾਤ ਕੱਟੀ ਸੀ।" "ਉਸ ਵੇਲੇ ਮੈਂ ਘਰ ਵਾਲਿਆਂ ਨੂੰ ਵੀ ਦੱਸ ਨਹੀਂ ਸਕਦੀ ਸੀ, ਕਿਉਂਕਿ ਜੇ ਦੱਸਦੀ ਤਾਂ ਉਹ ਇਸ ਖੇਤਰ ਨੂੰ ਛੱਡਣ ਲਈ ਕਹਿੰਦੇ।" ਸੁਪਰੀਤ ਕਹਿੰਦੇ ਹਨ ਕਿ ਹੁਣ ਸਮੇਂ ਦੇ ਨਾਲ ਮੈਨੂੰ ਵੀ ਤਰੀਕਾ ਆ ਗਿਆ ਹੈ ਅਤੇ ਫ਼ਿਲਮ ਇੰਡਸਟਰੀ ਵਿੱਚ ਵੀ ਕਾਫ਼ੀ ਚੰਗੇ ਬਦਲਾਅ ਆਏ ਹਨ, ਇਸ ਦਾ ਇੱਕ ਕਾਰਨ ਫ਼ਿਲਮਾਂ ਦੇ ਵਧੇ ਬਜਟ ਅਤੇ ਪੇਸ਼ੇਵਾਰਤਾ ਵੀ ਹਨ।

### 'ਆਪਣੇ ਹੀ ਪੈਸਿਆਂ ਲਈ ਇੰਝ ਕਹਿਣਾ ਪੈਂਦਾ ਜਿਵੇਂ ਉਧਾਰ ਮੰਗਦੇ ਹੋਈਏ'

ਸੁਪਰੀਤ ਦੱਸਦੇ ਹਨ ਕਿ ਫ਼ਿਲਮ ਸਨਅਤ ਵਿੱਚ ਕਾਸਟਿਊਮ ਡਿਜ਼ਾਈਨਰ ਵਜੋਂ ਕੰਮ ਕਰਕੇ ਹਰ ਕੋਈ ਚੰਗੀ ਆਮਦਨ ਕਰ ਸਕਦਾ ਹੈ, ਪਰ ਲੋਕਾਂ ਨੂੰ ਕੁਝ ਗੱਲਾਂ ਸਮਝ ਕੇ ਇਸ ਖੇਤਰ ਵਿੱਚ ਆਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਅਜ਼ਾਦ ਤੌਰ 'ਤੇ ਕੰਮ ਕਰਨ ਵਾਲੇ ਕਾਸਟਿਊਮ ਡਿਜ਼ਾਈਨਰਾਂ ਨੂੰ ਪ੍ਰੋਜੈਕਟ ਦੇ ਹਿਸਾਬ ਨਾਲ ਅਦਾਇਗੀ ਹੁੰਦੀ ਹੈ। ਉਹ ਕਹਿੰਦੇ ਹਨ, "ਕਈ ਵਾਰ ਲਗਾਤਾਰ ਕਈ ਪ੍ਰੋਜੈਕਟ ਆ ਜਾਂਦੇ ਹਨ, ਪਰ ਕਈ ਵਾਰ ਤੁਸੀ ਪੂਰੀ ਤਰ੍ਹਾਂ ਵਿਹਲੇ ਹੁੰਦੇ ਹੋ। ਤੁਹਾਡੇ ਨਿੱਜੀ ਖ਼ਰਚੇ ਤਾਂ ਹੋ ਹੀ ਰਹੇ ਹੁੰਦੇ ਹਨ, ਉਸ ਵੇਲੇ ਆਮਦਨੀ ਨਾ ਆਉਣ ਨਾਲ ਕਈ ਵਾਰ ਮੁਸ਼ਕਿਲ ਹੋ ਜਾਂਦੀ ਹੈ।" ਸੁਪਰੀਤ ਦੱਸਦੇ ਹਨ, "ਪੰਜਾਬੀ ਫ਼ਿਲਮ ਸਨਅਤ ਵਿੱਚ ਪੈਸੇ ਸਮੇਂ ਸਿਰ ਨਹੀ ਮਿਲਦੇ। ਕਈ ਵਾਰ ਆਪਣੇ ਹੀ ਪੈਸੇ ਲੈਣ ਲਈ ਵਾਰ-ਵਾਰ ਕਹਿਣਾ ਪੈਂਦਾ ਹੈ ਜਿਵੇਂ ਕਿਸੇ ਤੋਂ ਉਧਾਰ ਲੈ ਰਹੀਏ ਹੋਈਏ।" "ਵਾਰ-ਵਾਰ ਸੁਨੇਹੇ ਦੇਣ ਤੋਂ ਬਾਅਦ ਵੀ ਕਿਸ਼ਤਾਂ ਵਿੱਚ ਪੈਸੇ ਮਿਲਦੇ ਹਨ।" ਸੁਪਰੀਤ ਮੁਤਾਬਕ, ਇਨ੍ਹਾਂ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਇਸ ਖੇਤਰ ਵਿੱਚ ਪੈਰ ਰੱਖਣਾ ਚਾਹੀਦਾ ਹੈ। ਉਹ ਕਹਿੰਦੇ ਹਨ, "ਇਨ੍ਹਾਂ ਦੋ ਚੀਜ਼ਾਂ ਤੋਂ ਇਲਾਵਾ ਬਾਕੀ ਤਾਂ ਸਭ ਠੀਕ ਹੈ।"

### 'ਜਿੱਥੇ ਸਮਝੌਤੇ ਦੀ ਨੌਬਤ ਆਈ, ਮੈਂ ਪ੍ਰੋਜੈਕਟ ਛੱਡੇ'

ਸੁਪਰੀਤ ਚੀਮਾ ਖੁਦ ਨੂੰ ਖੁਸ਼-ਕਿਸਮਤ ਸਮਝਦੇ ਹਨ ਕਿ ਉਨ੍ਹਾਂ ਨੂੰ ਇਸ ਖੇਤਰ ਵਿੱਚ ਕੰਮ ਕਰਦਿਆਂ ਲਿੰਗ ਭੇਦ ਦਾ ਵੱਡੇ ਪੱਧਰ 'ਤੇ ਸਾਹਮਣਾ ਨਹੀ ਕਰਨਾ ਪਿਆ। ਉਹ ਕਹਿੰਦੇ ਹਨ ਕਿ ਕਾਸਟਿਊਮ ਵਿੱਚ ਕੁੜੀਆਂ ਉੱਤੇ ਭਰੋਸਾ ਕੀਤਾ ਜਾਂਦਾ ਹੈ, ਹੋਰ ਖੇਤਰਾਂ ਦੀ ਤਰ੍ਹਾਂ ਉਨ੍ਹਾਂ ਨਾਲ ਲਿੰਗ-ਭੇਦ ਨਹੀ ਦੇਖਣ ਨੂੰ ਮਿਲਦਾ। ਉਹ ਕਹਿੰਦੇ ਹਨ ਕਿ ਸਾਰਿਆਂ ਵਿੱਚੋਂ ਕੋਈ ਇੱਕ-ਅੱਧਾ ਆਪਣੀ ਸੋਚ ਕਾਰਨ ਤੁਹਾਡੇ 'ਤੇ ਬੇ-ਭਰੋਸਗੀ ਜਤਾਵੇ ਤਾਂ ਇਹ ਤਾਂ ਹੋ ਜਾਂਦਾ ਹੈ, ਪਰ ਆਮ ਤੌਰ 'ਤੇ ਅਜਿਹਾ ਨਹੀ ਹੁੰਦਾ। ਸੁਪਰੀਤ ਨੇ ਇਹ ਵੀ ਦੱਸਿਆ ਕਿ ਜੇ ਕਿਤੇ ਬਾਹਰ ਅਸੁਰੱਖਿਅਤ ਹਾਲਾਤ ਵਿੱਚ ਕੰਮ ਕਰ ਰਹੇ ਹੋਈਏ ਤਾਂ ਟੀਮ ਕੁੜੀਆਂ ਦੀ ਸੁਰੱਖਿਆ ਦਾ ਧਿਆਨ ਰੱਖਦੀ ਹੈ। ਪਰ ਨਾਲ ਹੀ ਉਹ ਕਹਿੰਦੇ ਹਨ ਕਿ ਸਿਰਫ਼ ਫ਼ਿਲਮਾਂ ਵਿੱਚ ਹੀ ਨਹੀ, ਹਰ ਕਿੱਤੇ ਵਿੱਚ ਕੁੜੀਆਂ ਨੂੰ ਕੁਝ ਸਮੱਸਿਆਵਾਂ ਆਉਂਦੀਆਂ ਹਨ, ਤੁਹਾਡੇ ਅੰਦਰ ਸਪੱਸ਼ਟਤਾ ਚਾਹੀਦੀ ਹੈ ਕਿ ਤੁਸੀ ਕਿਵੇਂ ਕੰਮ ਕਰਨਾ ਚਾਹੁੰਦੇ ਹੋ। ਉਨ੍ਹਾਂ ਕਿਹਾ ਕਿ ਉਹ ਸ਼ੁਰੂ ਤੋਂ ਹੀ ਸਪੱਸ਼ਟ ਸਨ ਕਿ ਉਹ ਕਦੇ ਵੀ ਕੋਈ ਛੋਟਾ ਰਾਹ ਨਹੀ ਅਪਣਾਉਣਗੇ ਜਾਂ 'ਸਮਝੌਤਾ' ਨਹੀ ਕਰਨਗੇ। ਸੁਪਰੀਤ ਨੇ ਕਿਹਾ, "ਮੇਰੇ ਲਈ ਜਿੱਥੇ ਵੀ ਸਮਝੌਤੇ ਦੀ ਨੌਬਤ ਆਈ, ਮੈਂ ਪ੍ਰੋਜੈਕਟ ਛੱਡੇ ਹਨ। ਇੱਕ ਗੀਤ ਸੀ ਜਿਸ ਦੌਰਾਨ ਮੈਨੂੰ ਇੱਕ ਸ਼ਖਸ ਦਾ ਰਵੱਈਆ ਗ਼ੈਰ-ਵਾਜਬ ਲੱਗਿਆ, ਤਾਂ ਮੈਂ ਉਹ ਪ੍ਰੋਜੈਕਟ ਹੀ ਛੱਡ ਦਿੱਤਾ ਸੀ। ਮੈਂ ਉਸ ਸ਼ਖਸ ਨਾਲ ਹੁਣ ਤੱਕ ਕਦੇ ਕੰਮ ਨਹੀ ਕੀਤਾ।" ਸੁਪਰੀਤ ਨੇ ਦੱਸਿਆ ਕਿ ਜਦੋਂ ਤੱਕ ਉਨ੍ਹਾਂ ਦਾ ਪ੍ਰੋਜੈਕਟ ਚੱਲ ਰਿਹਾ ਹੁੰਦਾ ਹੈ, ਉਦੋਂ ਤੱਕ ਉਹ ਹਰ ਸਮੇਂ ਟੀਮ ਦੇ ਫੋਨ-ਮੈਸੇਜ ਦਾ ਜਵਾਬ ਦਿੰਦੇ ਹਨ ਪਰ ਜਿਵੇਂ ਹੀ ਪ੍ਰੋਜੈਕਟ ਖਤਮ ਹੁੰਦਾ ਹੈ ਤਾਂ ਉਹ ਬਿਨ੍ਹਾਂ ਮਤਲਬ ਕਿਸੇ ਨਾਲ ਰਾਬਤਾ ਨਹੀ ਰੱਖਦੇ। ਚੀਮਾ ਨੇ ਕਿਹਾ ਕਿ ਅੰਤ ਵਿੱਚ ਹਰ ਕਿਸੇ ਨੂੰ ਤੁਹਾਡੇ ਤੋਂ ਕੰਮ ਚਾਹੀਦਾ ਹੈ। ਜੇ ਕੋਈ ਤੁਹਾਡੇ ਤੋਂ ਕਾਸਟਿਊਮ ਬਣਵਾਉਣ ਦਾ ਪੰਜ-ਦਸ ਜਾਂ ਉਸ ਤੋਂ ਵੱਧ ਬਜਟ ਰੱਖ ਰਹੇ ਹਨ, ਤਾਂ ਉਹ ਤੁਹਾਡੇ ਕੰਮ ਕਰਕੇ ਨਿਵੇਸ਼ ਕਰ ਰਿਹਾ ਹੈ। ਉਹ ਕਹਿੰਦੇ ਹਨ, "ਜੇ ਤੁਸੀ ਸਮੇਂ ਸਿਰ ਸਹੀ ਕੰਮ ਕਰ ਕੇ ਦਿਓਗੇ ਤਾਂ ਤੁਹਾਨੂੰ ਦੁਬਾਰਾ ਕੰਮ ਦਿੱਤਾ ਜਾਏਗਾ, ਕੰਮ ਮਿਲਣਾ ਨਾ ਮਿਲਣਾ ਤੁਹਾਡੇ ਰਵੱਈਏ ਅਤੇ ਕੰਮ ਉੱਤੇ ਨਿਰਭਰ ਕਰਦਾ ਹੈ।"

### 'ਉਸ ਖ਼ਤਰਨਾਕ ਰਾਤ ਨੇ ਮੈਨੂੰ ਬਹੁਤ ਡਰਾ ਦਿੱਤਾ ਸੀ'

ਸੁਪਰੀਤ ਨੇ 2017 ਦਾ ਇੱਕ ਕਿੱਸਾ ਸੁਣਾਇਆ ਜਦੋਂ ਉਹ 'ਰੇਡੂਆ' ਨਾਮ ਦੀ ਇੱਕ ਫ਼ਿਲਮ ਕਰ ਰਹੇ ਸੀ। ਸ਼ੂਟ ਤੋਂ ਪਰਤਣ ਵੇਲੇ ਰਾਤ ਦੇ 2-3 ਵੱਜ ਚੁੱਕੇ ਸਨ ਅਤੇ ਉਨ੍ਹਾਂ ਨੇ ਪਹਿਲਾਂ ਆਪਣੀ ਟੀਮ ਨੂੰ ਉਨ੍ਹਾਂ ਦੇ ਘਰਾਂ ਵਿੱਚ ਛੱਡਿਆ ਅਤੇ ਬਾਅਦ ਵਿੱਚ ਡਰਾਈਵਰ ਸੁਪਰੀਤ ਨੂੰ ਛੱਡਣ ਜਾ ਰਿਹਾ ਸੀ। ਸੁਪਰੀਤ ਮੁਤਾਬਕ, ਮੋਹਾਲੀ ਦੇ ਸੱਤ ਫੇਜ਼ ਨੇੜੇ ਇੱਕ ਗੱਡੀ ਉਨ੍ਹਾਂ ਦੇ ਪਿੱਛੇ ਲੱਗ ਗਈ ਜਿਸ ਵਿੱਚ ਪੰਜ-ਛੇ ਆਦਮੀ ਸਨ ਜਿਨ੍ਹਾਂ ਨੇ ਸ਼ਰਾਬ ਪੀਤੀ ਹੋਈ ਸੀ। ਉਨ੍ਹਾਂ ਦੱਸਿਆ, " ਉਹ ਸਾਡੇ ਵੱਲ ਬੋਤਲਾਂ ਸੁੱਟ ਰਹੇ ਸਨ ਅਤੇ ਡਰਾਈਵਰ ਨੂੰ ਕਹਿ ਰਹੇ ਸੀ ਕਿ ਤੂੰ ਇਸ ਕੁੜੀ ਨੂੰ ਛੱਡ ਜਾ ਅਤੇ ਖੁਦ ਚਲਾ ਜਾ। ਉਹ ਸਾਡੀ ਕਾਰ ਨੂੰ ਟੱਕਰ ਵੀ ਮਾਰ ਰਹੇ ਸੀ।" "ਮੈਂ ਉਸ ਡਰਾਈਵਰ ਦੀ ਸ਼ੁਕਰਗੁਜ਼ਾਰ ਹਾਂ ਜਿਸ ਨੇ ਗੱਡੀ ਨਹੀ ਰੋਕੀ। ਕਾਫ਼ੀ ਦੇਰ ਤੱਕ ਉਹ ਸਾਡਾ ਪਿੱਛਾ ਕਰਦੇ ਰਹੇ। ਫਿਰ ਸਾਨੂੰ ਪੁਲਿਸ ਦੀ ਪੈਟਰੋਲਿੰਗ ਟੀਮ ਮਿਲ ਗਈ ਜਿਨ੍ਹਾਂ ਨੇ ਸਾਨੂੰ ਘਰ ਤੱਕ ਛੱਡਿਆ।" ਸੁਪਰੀਤ ਕਹਿੰਦੇ ਹਨ, "ਉਹ ਇੱਕ ਖ਼ਤਰਨਾਕ ਰਾਤ ਸੀ ਜਿਸ ਦਾ ਖ਼ਿਆਲ ਬਹੁਤ ਸਾਲਾਂ ਤੱਕ ਡਰਾਉਂਦਾ ਰਿਹਾ।" "ਬਹੁਤ ਸਮੇਂ ਤੱਕ ਉਹ ਰਾਤ ਮੈਨੂੰ ਡਰਾਉਂਦੀ ਰਹੀ। ਉਸ ਦੇ ਬਾਅਦ ਤੋਂ ਪਹਿਲਾਂ ਟੀਮ ਮੈਨੂੰ ਮੇਰੇ ਘਰ ਛੱਡਦੀ ਸੀ, ਫਿਰ ਉਹ ਆਪਣੇ ਘਰ ਜਾਂਦੇ ਸਨ। ਜਾਂ ਫਿਰ ਮੈਂ ਜ਼ਿਆਦਾ ਦੇਰ ਰਾਤ ਤੱਕ ਸ਼ੂਟ 'ਤੇ ਨਹੀ ਰੁਕਦੀ ਸੀ।" ਹੁਣ ਤੱਕ ਦੇ ਕਰੀਅਰ ਦੇ ਤਜਰਬਿਆਂ ਵਿੱਚੋਂ ਸੁਪਰੀਤ ਇੱਕ ਹੋਰ ਘਟਨਾ ਸਾਂਝੀ ਕਰਦੇ ਹਨ ਜੋ ਕਿ ਬਹੁਤੀ ਪੁਰਾਣੀ ਨਹੀ ਹੈ। ਸੁਪਰੀਤ ਦੱਸਦੇ ਹਨ ਕਿ ਉਨ੍ਹਾਂ ਦੀ ਨਿਮਰਤਾ ਨਾਲ ਬੋਲਣ ਦੀ ਆਦਤ ਨੂੰ ਕਈ ਵਾਰ ਲੋਕ ਹਲਕੇ ਵਿੱਚ ਲੈ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਇੱਕ ਪ੍ਰੋਜੈਕਟ ਦੌਰਾਨ ਇੱਕ ਸ਼ਖਸ ਨੇ ਉਨ੍ਹਾਂ ਨਾਲ ਇੰਨੀ ਉੱਚੀ ਗੱਲ ਕੀਤੀ ਕੇ ਮਨ ਨੂੰ ਬਹੁਤ ਠੇਸ ਪਹੁੰਚੀ। ਸੁਪਰੀਤ ਕਹਿੰਦੇ ਹਨ ਕਿ ਕਈ ਵਾਰ ਇਸ ਤਰ੍ਹਾਂ ਦੇ ਇਨਸਾਨਾਂ ਕਾਰਨ ਕੰਮ ਕਰਨ ਤੋਂ ਮਨ ਉੱਠ ਜਾਂਦਾ ਹੈ।

### 'ਮੇਰਾ ਕਰੀਅਰ ਹੀ ਮੇਰੀ ਪਛਾਣ ਸੀ'

ਭਾਵੇਂ ਅੱਜਕਲ੍ਹ ਕੁੜੀਆਂ ਹਰ ਖੇਤਰ ਵਿੱਚ ਮੁਕਾਮ ਹਾਸਲ ਕਰ ਰਹੀਆਂ ਹਨ, ਪਰ ਕਈ ਕਿੱਤਿਆਂ ਵਿੱਚ ਕੁੜੀਆਂ ਲਈ ਘਰ-ਪਰਿਵਾਰ ਅਤੇ ਕਰੀਅਰ ਵਿਚਕਾਰ ਤਾਲਮੇਲ ਬਿਠਾਉਣਾ ਬਹੁਤ ਔਖਾ ਹੋ ਜਾਂਦਾ ਹੈ। ਸੁਪਰੀਤ ਕਹਿੰਦੇ ਹਨ ਕਿ ਵਿਆਹ ਤੋਂ ਪਹਿਲਾਂ ਕੰਮ ਕਰਨਾ ਫਿਰ ਵੀ ਸੌਖਾ ਹੈ, ਪਰ ਵਿਆਹ ਤੋਂ ਬਾਅਦ ਜੇਕਰ ਸਹਿਯੋਗ ਦੇਣ ਵਾਲਾ ਪਤੀ ਜਾਂ ਪਰਿਵਾਰ ਨਹੀ ਮਿਲਦਾ ਤਾਂ ਕਈ ਕੁੜੀਆਂ ਨੂੰ ਕਰੀਅਰ ਉੱਥੇ ਹੀ ਖ਼ਤਮ ਕਰਨਾ ਪੈ ਜਾਂਦਾ ਹੈ। ਸੁਪਰੀਤ ਚੀਮਾ ਤਲਾਕਸ਼ੁਦਾ ਹਨ ਅਤੇ ਕਹਿੰਦੇ ਹਨ ਕਿ ਉਨ੍ਹਾਂ ਦੇ ਤਲਾਕ ਦੇ ਕਈ ਕਾਰਨਾਂ ਵਿੱਚ ਇੱਕ ਕਾਰਨ ਉਨ੍ਹਾਂ ਦਾ ਆਪਣੇ ਕਰੀਅਰ ਨੂੰ ਤਵੱਜੋ ਦੇਣਾ ਵੀ ਸੀ। ਸੁਪਰੀਤ ਮੁਤਾਬਕ, ਉਨ੍ਹਾਂ ਦੇ ਸਹੁਰਾ ਪਰਿਵਾਰ ਨੂੰ ਫ਼ਿਲਮ ਇੰਡਸਟਰੀ ਵਿੱਚ ਉਨ੍ਹਾਂ ਦਾ ਕੰਮ ਕਰਨਾ ਪਸੰਦ ਨਹੀ ਸੀ। ਇਸ ਕਾਰਨ ਉਨ੍ਹਾਂ ਨੇ 2018 ਵਿੱਚ ਕੰਮ ਛੱਡ ਦਿੱਤਾ ਸੀ ਅਤੇ ਫਿਰ 2021 ਤੋਂ ਮੁੜ ਸ਼ੁਰੂ ਕੀਤਾ। ਉਨ੍ਹਾਂ ਕਿਹਾ, "ਮੇਰਾ ਕਰੀਅਰ ਹੀ ਮੇਰੀ ਪਛਾਣ ਸੀ, ਮੈਂ ਇਸ ਨੂੰ ਨਹੀ ਛੱਡ ਸਕਦੀ ਸੀ।" ਕਾਸਟਿਊਮ ਡਿਜ਼ਾਈਨਿੰਗ ਵਿੱਚ ਖੁਦ ਲਈ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਸੁਪਰੀਤ ਕਹਿੰਦੇ ਹਨ ਕਿ ਪੰਜਾਬੀ ਦੇ ਨਾਲ-ਨਾਲ ਉਹ ਬਾਲੀਵੁੱਡ ਵਿੱਚ ਕੰਮ ਕਰ ਸਕਦੇ ਹਨ ਪਰ ਹੁਣ ਉਨ੍ਹਾਂ ਦੀ ਇੱਛਾ ਹੈ ਕਿ ਕਾਰੋਬਾਰ ਵਿੱਚ ਵੀ ਆਪਣੀ ਕਿਸਮਤ ਅਜ਼ਮਾਉਣ। ਸੁਪਰੀਤ ਕਹਿੰਦੇ ਹਨ ਕਿ ਉਹ ਖੁਦ ਦਾ ਇੱਕ ਫੈਸ਼ਨ ਬਰੈਂਡ ਬਣਾਉਣਾ ਚਾਹੁੰਦੇ ਹਨ ਤਾਂ ਜੋ ਉਹ ਵਿੱਤੀ ਪੱਖੋਂ ਮਜ਼ਬੂਤ ਹੋ ਸਕਣ। ਸੁਪਰੀਤ ਕਹਿੰਦੇ ਹਨ, "ਅਸੀ ਕੈਮਰੇ ਪਿੱਛੇ ਕਿੰਨੀ ਮਿਹਨਤ ਕਰਦੇ ਹਾਂ, ਕੋਈ ਨੋਟਿਸ ਹੀ ਨਹੀ ਕਰਦਾ। ਭਾਵੇਂ ਪਿੱਛੇ ਰਹਿਣਾ ਅਸੀ ਚੁਣਿਆ ਹੈ, ਪਰ ਪਤਾ ਤਾਂ ਹੋਣਾ ਚਾਹੀਦਾ ਹੈ ਕਿ ਕੈਮਰੇ ਦੇ ਪਿੱਛੇ ਰਹਿਣ ਵਾਲਿਆਂ ਦੀ ਕਿੰਨੀ ਮਿਹਨਤ ਲਗਦੀ ਹੈ।" "ਖ਼ਾਸ ਕਰਕੇ ਇੱਕ ਔਰਤ ਜਦੋਂ ਆਪਣਾ ਘਰ ਛੱਡ ਕੇ ਕੰਮ ਕਰਨ ਲਈ ਨਿਕਲਦੀ ਹੈ ਤਾਂ ਕਿੰਨਾ ਸੋਚ ਸਮਝ ਕੇ ਨਿਕਲਦੀ ਹੈ, ਪਰ ਜੇ ਤੁਸੀ ਉਸ ਦੇ ਕੰਮ ਨੂੰ ਨੋਟਿਸ ਨਾ ਕਰੋ ਜਾਂ ਹਲਕੇ ਵਿੱਚ ਲਓ ਤਾਂ ਦਿਲ ਟੁੱਟਦਾ ਹੈ। ਪਰ ਕੰਮ ਬਹੁਤ ਹੌਸਲਾ ਵੀ ਦਿੰਦਾ ਹੈ।"

## ਬਜ ਬਜ ਘਾਟ ਦਾ ਦੁਖਾਂਤ 'ਗੁਰੂ ਨਾਨਕ ਜਹਾਜ਼'

**ਰਜਵਿੰਦਰ ਪਾਲ ਸ਼ਰਮਾ**
**70873-67969**

ਪਿਛਲੇ ਕਾਫ਼ੀ ਸਮੇਂ ਤੋਂ ਚਰਚਾ ਵਿੱਚ ਆਈ ਗਾਇਕ ਅਤੇ ਅਦਾਕਾਰ ਤਰਸੇਮ ਜੱਸੜ ਦੀ ਫਿਲਮ 'ਗੁਰੂ ਨਾਨਕ ਜਹਾਜ਼' ਰਿਲੀਜ਼ ਹੋ ਗਈ ਹੈ। ਇਹ ਫਿਲਮ 1914 ਵਿੱਚ ਵਾਪਰੇ ਕੌਮਾਗਾਟਾ ਮਾਰੂ ਦੁਖਾਂਤ ਨੂੰ ਬਿਆਨ ਕਰਦੀ ਹੈ। ਜਦੋਂ 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ (ਕੌਮਾਗਾਟਾ ਮਾਰੂ ਜਹਾਜ਼) ਵਿੱਚ 376 ਯਾਤਰੀਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਿੱਖ ਸਨ, ਨੂੰ ਲੈ ਕੇ ਵੈਨਕੂਵਰ ਦੇ ਕੰਢੇ ਪਹੁੰਚ ਗਏ ਤਾਂ ਕੈਨੇਡਾ ਸਰਕਾਰ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਉਤਰਨ ਨਹੀ ਦਿੱਤਾ। ਇਸ ਘਟਨਾ ਤੋਂ ਬਾਅਦ ਉਪਜਿਆ ਰੋਹ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਅਤੇ ਨਸਲੀ ਵਿਤਕਰੇ ਵਿਰੁੱਧ ਵਿਰੋਧ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਬਣ ਗਿਆ, ਜਿਸ ਨੇ ਅੱਗੇ ਜਾ ਕੇ ਭਾਰਤੀ ਆਜ਼ਾਦੀ ਅੰਦੋਲਨ ਨੂੰ ਮਜ਼ਬੂਤੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ। 'ਗੁਰੂ ਨਾਨਕ ਜਹਾਜ਼' ਫਿਲਮ ਵਿੱਚ ਪਹਿਲੀ ਵਾਰ ਸਮੁੰਦਰੀ ਜਹਾਜ਼ ਰਾਹੀ ਕੈਨੇਡਾ ਦੀ ਧਰਤੀ 'ਤੇ ਪਹੁੰਚੇ 28 ਗ਼ਦਰੀ ਬਾਬਿਆਂ ਨਾਲ ਉੱਥੇ ਕੀ ਅਤੇ ਕਿਵੇਂ ਘਟਨਾਕ੍ਰਮ ਵਾਪਰਿਆ, ਦੀ ਕਹਾਣੀ ਨੂੰ ਬਿਆਨ ਕੀਤਾ ਗਿਆ ਹੈ। ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗ਼ਦਰ ਪਾਰਟੀ ਸਮਰਥਕਾਂ ਅੰਦਰ ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। ਵੈਨਕੂਵਰ ਦੇ ਸਿੱਖ ਭਾਈਚਾਰੇ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਅਗਵਾਈ ਅਧੀਨ ਇਨ੍ਹਾਂ ਮੁਸਾਫ਼ਰਾਂ ਨੂੰ ਕੈਨੇਡਾ ਵਿੱਚ ਉਤਾਰਨ ਲਈ ਸੰਘਰਸ਼ ਵਿੱਢਿਆ ਗਿਆ। ਇਸ ਸੰਘਰਸ਼ ਵਿੱਚ ਮੇਵਾ ਸਿੰਘ ਨੇ ਭਾਗ ਸਿੰਘ ਤੇ ਬਲਵੰਤ ਸਿੰਘ ਦੇ ਸਾਥੀ ਬਣ ਕੇ ਮੋਹਰੀ ਭੂਮਿਕਾ ਨਿਭਾਈ। ਫਿਲਮ ਵਿੱਚ ਤਰਸੇਮ ਜੱਸੜ ਮੇਵਾ ਸਿੰਘ ਲੋਪੋਕੇ ਅਤੇ ਗੁਰਪ੍ਰੀਤ ਘੁੱਗੀ ਬਾਬਾ ਗੁਰਦਿੱਤ ਸਿੰਘ ਦੀ ਭੂਮਿਕਾ ਵਿੱਚ ਦਰਸ਼ਕਾਂ ਦੇ ਦਿਲਾਂ ਨੂੰ ਛੂਹ ਰਹੇ ਹਨ। ਫਿਲਮ ਰਾਹੀ ਪੰਜਾਬੀਆਂ ਨੂੰ ਉਨ੍ਹਾਂ ਦੇ ਵਡਮੁੱਲੇ ਇਤਿਹਾਸ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ। ਇਹ ਫਿਲਮ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਨੇ ਅਨਿਆਂ ਅਤੇ ਗੁਲਾਮੀ ਵਿਰੁੱਧ ਆਵਾਜ਼ ਬੁਲੰਦ ਕੀਤੀ। ਜਿਵੇਂ ਹੁਣ ਪੰਜਾਬ ਦੇ ਨੌਜਵਾਨ ਕੈਨੇਡਾ ਜਾਣ ਲਈ ਵਹੀਰਾਂ ਘੱਤ ਰਹੇ ਹਨ, ਸੌ ਸਾਲ ਪਹਿਲਾਂ ਇਹ ਸੰਭਵ ਨਹੀ ਸੀ ਕਿਉਂਕਿ ਅੰਗਰੇਜ਼ ਹਕੂਮਤ ਭਾਰਤੀਆਂ ਨਾਲ ਨਸਲ ਅਤੇ ਰੰਗ ਕਾਰਨ ਭੇਦਭਾਵ ਕਰਦੀ ਸੀ। ਗਿਆਨੀ ਗੁਰਦਿੱਤ ਸਿੰਘ ਵੱਲੋਂ ਲੀਜ਼ 'ਤੇ ਲਿਆ ਗਿਆ ਜਹਾਜ਼ ਕੌਮਾਗਾਟਾ ਮਾਰੂ ਜਦੋਂ ਭਾਰਤੀ ਯਾਤਰੀਆਂ ਨੂੰ ਲੈ ਕੇ ਵੈਨਕੂਵਰ ਪਹੁੰਚਿਆ ਤਾਂ ਅੰਗਰੇਜ਼ ਹਕੂਮਤ ਨੇ ਕੁੱਝ ਯਾਤਰੀਆਂ ਨੂੰ ਇਜਾਜ਼ਤ ਦੇ ਕੇ ਬਾਕੀਆਂ ਨੂੰ ਵਾਪਸ ਭਾਰਤ ਭੇਜ ਦਿੱਤਾ ਜਿਸ ਦਾ ਕੈਨੇਡਾ ਦੇ ਨਾਲ ਨਾਲ ਪੂਰੇ ਦੇਸ਼ ਵਿੱਚ ਵਿਰੋਧ ਹੋਇਆ। ਵੈਨਕੂਵਰ ਤੋਂ ਮੁੜਿਆ ਇਹ ਜਹਾਜ਼ ਜਦੋਂ ਕਲਕੱਤਾ ਦੇ ਬਜ ਬਜ ਘਾਟ 'ਤੇ ਪਹੁੰਚਿਆ ਤਾਂ ਉੱਥੇ ਅੰਗਰੇਜ਼ ਹਕੂਮਤ ਨੇ ਨਿਰਦੋਸ਼ ਯਾਤਰੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਜਿਸ ਨੂੰ ਇਤਿਹਾਸ ਵਿੱਚ ਕੌਮਾਗਾਟਾ ਮਾਰੂ ਜਾਂ ਬਜ ਬਜ ਘਾਟ ਦੇ ਦੁਖਾਂਤ ਵਜੋਂ ਯਾਦ ਕੀਤਾ ਜਾਂਦਾ ਹੈ। 'ਵਿਹਲੀ ਜਨਤਾ ਫਿਲਮਜ਼' ਵੱਲੋਂ ਪੇਸ਼ ਕੀਤੀ ਇਸ ਫਿਲਮ ਦਾ ਨਿਰਮਾਣ ਮਨਪ੍ਰੀਤ ਜੌਹਲ ਵੱਲੋਂ ਕੀਤਾ ਗਿਆ ਹੈ, ਜਦੋਂਕਿ ਨਿਰਦੇਸ਼ਨ ਜ਼ਿੰਮੇਵਾਰੀਆਂ ਨੂੰ ਸ਼ਰਨ ਆਰਟ ਦੁਆਰਾ ਅੰਜਾਮ ਦਿੱਤਾ ਗਿਆ ਹੈ। ਫਿਲਮ ਨੂੰ ਲਿਖਿਆ ਹੈ ਹਰਨਵ ਬੀਰ ਸਿੰਘ ਅਤੇ ਸ਼ਰਨ ਆਰਟ ਨੇ। ਤਰਸੇਮ ਜੱਸੜ ਅਤੇ ਗੁਰਪ੍ਰੀਤ ਘੁੱਗੀ ਤੋਂ ਇਲਾਵਾ ਐਡਵਰਡ ਸੋਨੇਨਬਲਿਕ, ਮਾਰਕ ਬਿਨਿੰਗਟਨ, ਬਲਵਿੰਦਰ ਬੁਲਟ ਅਤੇ ਹਰਸ਼ਰਨ ਸਿੰਘ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਦੇਖ ਕੇ ਪੰਜਾਬ ਦੇ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਸ ਨੂੰ ਸਮੇਂ ਦੀਆਂ ਸਰਕਾਰਾਂ ਨੇ ਬਹੁਤਾ ਮਾਣ ਸਨਮਾਨ ਨਹੀ ਦਿੱਤਾ। ਇਹ ਫਿਲਮ ਜਿੱਥੇ ਇਤਿਹਾਸ ਦੇ ਪੰਨਿਆਂ 'ਤੇ ਜੰਮੀ ਧੂੜ ਉਠਾ ਕੇ ਗਿਆਨ ਵਿੱਚ ਵਾਧਾ ਕਰਨ ਵਾਲੀ ਹੈ, ਉੱਥੇ ਪੰਜਾਬੀ ਫਿਲਮ ਇੰਡਸਟਰੀ ਲਈ ਇਤਿਹਾਸਕ ਫਿਲਮਾਂ ਬਣਾਉਣ ਦੀ ਕੜੀ ਵਿੱਚ ਇੱਕ ਹੋਰ ਅਹਿਮ ਕੜੀ ਜੁੜ ਗਈ ਹੈ।




## ਪੰਜਾਬੀ ਸਿਨੇਮਾ ਦਾ ਮਾਣ ਵਿਜੈ ਟੰਡਨ

**ਅੰਗਰੇਜ ਸਿੰਘ ਵਿਰਦੀ**
**94646-28857**

ਅਦਾਕਾਰ ਵਿਜੈ ਟੰਡਨ ਪੰਜਾਬੀ ਸਿਨੇਮਾ ਦਾ ਇੱਕ ਅਜਿਹਾ ਅਦਾਕਾਰ ਹੈ ਜਿਸ ਨੇ ਸੱਤਰ ਦੇ ਦਹਾਕੇ ਵਿੱਚ ਆਪਣੇ ਫਿਲਮੀ ਕਰੀਅਰ ਦਾ ਆਗਾਜ਼ ਕੀਤਾ ਤੇ 50 ਸਾਲ ਦਾ ਸ਼ਾਨਦਾਰ ਸਫ਼ਰ ਤੈਅ ਕਰਕੇ ਉਹ ਅੱਜ ਵੀ ਪੰਜਾਬੀ ਫਿਲਮਾਂ ਵਿੱਚ ਪੂਰੀ ਸ਼ਿੱਦਤ ਨਾਲ ਆਪਣੀ ਅਦਾਕਾਰੀ ਦੇ ਰੰਗ ਬਿਖੇਰ ਰਿਹਾ ਹੈ। ਪੰਜਾਬੀ ਸਿਨੇਮਾ ਦੀ ਝੋਲੀ ਵਿੱਚ ਬਹੁਤ ਸਾਰੀਆਂ ਖ਼ੂਬਸੂਰਤ ਫਿਲਮਾਂ ਪਾਉਣ ਵਾਲਾ ਵਿਜੈ ਟੰਡਨ ਅਜਿਹਾ ਇਕੱਲਾ ਸ਼ਖ਼ਸ ਹੈ ਜਿਸ ਦੀ ਬਤੌਰ ਲੇਖਕ, ਨਿਰਮਾਤਾ ਅਤੇ ਅਦਾਕਾਰ ਵਜੋਂ 1993 ਵਿੱਚ ਰਿਲੀਜ਼ ਹੋਈ ਫਿਲਮ 'ਕਚਹਿਰੀ' ਨੂੰ ਸਾਲ 1994 ਵਿੱਚ ਬਿਹਤਰੀਨ ਫਿਲਮ ਲਈ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਹ ਪੰਜਾਬੀ ਸਿਨੇਮਾ ਦਾ ਮਾਣ ਹੈ। ਤੇਰਾਂ ਮਾਰਚ 1950 ਨੂੰ ਸੋਹਣ ਲਾਲ ਟੰਡਨ ਅਤੇ ਮਾਤਾ ਸਤਿਆਵਤੀ ਦੇ ਘਰ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਓਂ ਵਿੱਚ ਪੈਦਾ ਹੋਏ ਵਿਜੈ ਟੰਡਨ ਨੇ ਮੁੱਢਲੀ ਸਿੱਖਿਆ ਜਗਰਾਓਂ ਤੋਂ ਹੀ ਹਾਸਲ ਕੀਤੀ, ਉਪਰੰਤ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਤੋਂ ਗ੍ਰੈਜੂਏਸ਼ਨ ਕੀਤੀ। ਚੰਡੀਗੜ੍ਹ ਪੜ੍ਹਦਿਆਂ ਹੀ ਉਸ ਦੀ ਦਿਲਚਸਪੀ ਅਦਾਕਾਰੀ ਵੱਲ ਹੋ ਗਈ ਤੇ ਉਹ ਚੰਡੀਗੜ੍ਹ ਥੀਏਟਰ ਗਰੁੱਪ ਦਾ ਹਿੱਸਾ ਬਣ ਗਿਆ। ਇੱਥੇ ਹੀ ਥੀਏਟਰ ਕਰਦੇ ਹੋਏ ਉਸ ਦੀ ਮੁਲਾਕਾਤ ਪ੍ਰਸਿੱਧ ਅਦਾਕਾਰ ਮਿਹਰ ਮਿੱਤਲ ਨਾਲ ਹੋ ਗਈ ਜਿਸ ਨੇ ਵਿਜੈ ਦੇ ਫਿਲਮੀ ਕਰੀਅਰ ਨੂੰ ਬਣਾਉਣ ਵਿੱਚ ਵੱਡੀ ਭੂਮਿਕਾ ਅਦਾ ਕੀਤੀ। ਉਸ ਜ਼ਮਾਨੇ ਦੀਆਂ ਥੀਏਟਰ ਦੀਆਂ ਉੱਘੀਆਂ ਹਸਤੀਆਂ ਨਾਟਕਕਾਰ ਗੁਰਸ਼ਰਨ ਸਿੰਘ, ਹਰਪਾਲ ਟਿਵਾਣਾ, ਸਰਦਾਰ ਭਾਗ ਸਿੰਘ, ਸੁਰਜੀਤ ਸੇਠੀ ਅਤੇ ਕਪੂਰ ਸਿੰਘ ਘੁੰਮਣ ਨਾਲ ਉਸ ਨੂੰ ਕੰਮ ਕਰਨ ਦਾ ਮੌਕਾ ਮਿਲਿਆ। ਰੰਗਮੰਚ ਕਰਦਿਆਂ ਉਸ ਦੀ ਅਦਾਕਾਰੀ ਵਿੱਚ ਨਿਖਾਰ ਆਉਣ ਲੱਗਾ। 1969 ਵਿੱਚ ਉਸ ਨੇ ਬਲਵੰਤ ਗਾਰਗੀ ਦਾ ਲਿਖਿਆ ਮਸ਼ਹੂਰ ਨਾਟਕ 'ਗਗਨ ਮੈ ਥਾਲ' ਵਿੱਚ ਮਹੱਤਵਪੂਰਨ ਕਿਰਦਾਰ ਅਦਾ ਕੀਤਾ ਜਿਸ ਨੂੰ ਦਰਸ਼ਕਾਂ ਦਾ ਅਥਾਹ ਪਿਆਰ ਮਿਲਿਆ। ਥੀਏਟਰ ਵਿੱਚ ਖੇਡੇ ਅਣਗਿਣਤ ਨਾਟਕਾਂ ਜ਼ਰੀਏ ਅਦਾਕਾਰੀ ਵਿੱਚ ਪਰਿਪੱਕਤਾ ਹਾਸਲ ਕਰਨ ਤੋਂ ਬਾਅਦ ਉਸ ਨੇ ਪੰਜਾਬੀ ਫਿਲਮਾਂ ਵੱਲ ਰੁਖ਼ ਕੀਤਾ ਤੇ ਪ੍ਰਸਿੱਧ ਫਿਲਮਸਾਜ਼ ਇੰਦਰਜੀਤ ਹਸਨਪੁਰੀ ਨੇ ਉਸ ਨੂੰ ਆਪਣੀ ਪੰਜਾਬੀ ਫਿਲਮ 'ਤੇਰੀ ਮੇਰੀ ਇੱਕ ਜਿੰਦੜੀ' ਲਈ ਸਾਈਨ ਕਰ ਲਿਆ ਜੋ ਨਾਮਵਰ ਅਦਾਕਾਰ ਵਰਿੰਦਰ ਦੀ ਵੀ ਪਹਿਲੀ ਫਿਲਮ ਸੀ। ਬੇਸ਼ੱਕ ਫਿਲਮ ਦੀ ਸ਼ੂਟਿੰਗ 13 ਜਨਵਰੀ 1971 ਨੂੰ ਸ਼ੁਰੂ ਹੋ ਗਈ ਸੀ, ਪਰ ਕਿਸੇ ਕਾਰਨ ਫਿਲਮ ਨੂੰ ਪੂਰੇ ਹੋਣ ਵਿੱਚ 4 ਸਾਲ ਲੱਗ ਗਏ ਤੇ ਉਸ ਤੋਂ ਪਹਿਲਾਂ ਉਸ ਨੂੰ ਬਤੌਰ ਮੁੱਖ ਅਦਾਕਾਰ ਲੈ ਕੇ ਕਾਮੇਡੀਅਨ ਮਿਹਰ ਮਿੱਤਲ ਨੇ ਆਪਣੇ ਮਸ਼ਹੂਰ ਨਾਟਕ ਲਾਡਲਾ 'ਤੇ ਆਧਾਰਿਤ ਫਿਲਮ 'ਮਾਂ ਦਾ ਲਾਡਲਾ' ਦਾ ਨਿਰਮਾਣ ਕਰ ਕੇ ਉਸ ਨੂੰ ਆਪਣੇ ਬੈਨਰ ਐੱਮ.ਐੱਮ. ਫਿਲਮਜ਼ ਪ੍ਰਾਈਵੇਟ ਲਿਮਟਿਡ, ਬੰਬੇ ਦੇ ਬੈਨਰ ਹੇਠ 6 ਅਪਰੈਲ 1973 ਨੂੰ ਰਿਲੀਜ਼ ਕਰ ਦਿੱਤਾ ਜਿਸ ਨੂੰ ਸਿਨੇ ਪ੍ਰੇਮੀਆਂ ਦਾ ਅਥਾਹ ਪਿਆਰ ਮਿਲਿਆ। ਇਹ ਫਿਲਮ ਵਿਜੈ ਟੰਡਨ ਦੇ ਫਿਲਮੀ ਕਰੀਅਰ ਦੀ ਪਹਿਲੀ ਫਿਲਮ ਦੇ ਤੌਰ 'ਤੇ ਜਾਣੀ ਜਾਂਦੀ ਹੈ। ਪੰਜਾਬੀ ਸਿਨੇਮਾ ਵਿੱਚ ਉਸ ਦਾ ਫਿਲਮੀ ਸਫ਼ਰ ਸ਼ਾਨਦਾਰ ਰਿਹਾ। ਉਸ ਨੇ ਪੰਜਾਬੀ ਫਿਲਮਾਂ ਵਿੱਚ ਹੀਰੋ ਦੇ ਨਾਲ ਨਾਲ ਖ਼ਲਨਾਇਕ ਦੇ ਕਿਰਦਾਰ ਵੀ ਅਦਾ ਕੀਤੇ। ਉਸ ਦਾ ਪੰਜਾਬੀ ਫਿਲਮਾਂ ਵਿੱਚ 1973 ਤੋਂ ਸ਼ੁਰੂ ਹੋਇਆ ਸਫ਼ਰ ਅੱਜ ਵੀ ਨਿਰੰਤਰ ਜਾਰੀ ਹੈ। ਉਸ ਦੀਆਂ ਕੁੱਝ ਮਸ਼ਹੂਰ ਫਿਲਮਾਂ ਵਿੱਚ 'ਮਿੱਤਰ ਪਿਆਰੇ ਨੂੰ' (1975), 'ਤੇਰੀ ਮੇਰੀ ਇੱਕ ਜਿੰਦੜੀ' (1975), 'ਸੱਚਾ ਮੇਰਾ ਰੂਪ ਹੈ' (1976), 'ਸਵਾ ਲਾਖ ਸੇ ਏਕ ਲੜਾਊਂ' (1976), 'ਟਾਕਰਾ' (1976), 'ਸ਼ਹੀਦ ਊਧਮ ਸਿੰਘ' (1977), 'ਵੰਗਾਰ' (1977), 'ਯਮਲਾ ਜੱਟ' (1977), 'ਕਚਹਿਰੀ' (1993), 'ਜੱਟ ਐਂਡ ਜੂਲੀਅਟ-2' (2013), 'ਮਿਸਟਰ ਐਂਡ ਮਿਸਿਜ਼ 420' (2014), 'ਲੌਂਗ ਲਾਚੀ' (2018), 'ਅਫ਼ਸਰ' (2018), 'ਅਸੀਸ' (2018), 'ਗੋਲਕ ਬੈਂਕ ਤੇ ਬਟੂਆ' (2018), 'ਰੱਬ ਦਾ ਰੇਡੀਓ-2' (2019) ਆਦਿ ਪ੍ਰਮੁੱਖ ਹਨ। ਅਦਾਕਾਰੀ ਤੋਂ ਇਲਾਵਾ ਉਸ ਨੇ ਆਪਣੀ ਪੰਜਾਬੀ ਫਿਲਮ 'ਕਚਹਿਰੀ' ਦੇ ਸੰਵਾਦ ਵੀ ਲਿਖੇ ਹਨ। ਇਸ ਫਿਲਮ 'ਚ ਪ੍ਰਸਿੱਧ ਅਦਾਕਾਰ ਯੋਗਰਾਜ ਸਿੰਘ ਤੇ ਗੁਰਦਾਸ ਮਾਨ ਮੁੱਖ ਭੂਮਿਕਾ 'ਚ ਸਨ ਤੇ ਇਸ ਫਿਲਮ ਨੂੰ 1994 'ਚ 'ਬੈਸਟ ਫੀਚਰ ਫਿਲਮ' ਦਾ ਨੈਸ਼ਨਲ ਐਵਾਰਡ ਮਿਲ ਚੁੱਕਾ ਹੈ। ਉਸ ਨੇ ਪ੍ਰਸਿੱਧ ਬੌਲੀਵੁੱਡ ਫਿਲਮ 'ਸਰਹੱਦ ਪਾਰ' ਦੀ ਕਹਾਣੀ ਲਿਖੀ, ਜਿਸ ਵਿੱਚ ਅਦਾਕਾਰ ਸੰਜੇ ਦੱਤ, ਤੱਬੂ, ਮਹਿਮਾ ਚੌਧਰੀ, ਚੰਦਰਚੂੜ੍ਹ ਸਿੰਘ ਵਰਗੇ ਅਦਾਕਾਰਾਂ ਨੇ ਅਦਾਕਾਰੀ ਕੀਤੀ। ਉਸ ਨੇ ਹਿੰਦੀ ਫਿਲਮਾਂ ਤੋਂ ਇਲਾਵਾ ਕਈ ਪੰਜਾਬੀ ਫਿਲਮਾਂ ਦੇ ਸੰਵਾਦ ਅਤੇ ਸਕਰਿਪਟ ਵੀ ਲਿਖੀ। ਵਿਜੈ ਨੇ ਫਿਲਮਾਂ ਵਿੱਚ ਅਦਾਕਾਰੀ ਅਤੇ ਲੇਖਣੀ ਦੇ ਨਾਲ ਨਾਲ ਦੇਸ਼ਾਂ, ਵਿਦੇਸ਼ਾਂ 'ਚ ਸਟੇਜ ਸ਼ੋਅ ਅਤੇ ਨਾਟਕ ਕਰਨੇ ਵੀ ਜਾਰੀ ਰੱਖੇ। ਇਸ ਤੋਂ ਬਾਅਦ ਉਸ ਨੇ 15 ਦੇ ਕਰੀਬ ਟੀਵੀ ਲੜੀਵਾਰਾਂ ਵਿੱਚ ਕੰਮ ਵੀ ਕੀਤਾ, ਜਿਨ੍ਹਾਂ 'ਚ ਪ੍ਰਸਿੱਧ ਲੜੀਵਾਰ 'ਦੋ ਅਕਾਲਗੜ੍ਹ', 'ਸਰਹਿੰਦ', 'ਰਾਣੋ', 'ਆਪਣੀ ਮਿੱਟੀ', 'ਮਨ ਜੀਤੈ ਜਗੁ ਜੀਤ' ਤੇ ਹਿੰਦੀ ਨਾਟਕ 'ਬੁਨਿਆਦ', 'ਤਾਰ' ਤੇ 'ਦਾਦਾ ਦਾਦੀ ਕੀ ਕਹਾਨੀਆਂ' ਸ਼ਾਮਲ ਹਨ। ਵਿਜੈ ਟੰਡਨ ਦਾ ਵਿਆਹ ਸੁਨੀਤਾ ਟੰਡਨ ਨਾਲ ਹੋਇਆ ਅਤੇ ਇਨ੍ਹਾਂ ਦੇ ਤਿੰਨ ਬੱਚੇ ਹਨ ਇੱਕ ਪੁੱਤਰ ਤੇ ਦੋ ਧੀਆਂ। ਉਸ ਦੇ ਬੱਚੇ ਵੀ ਅਦਾਕਾਰੀ ਦਾ ਸ਼ੌਕ ਰੱਖਦੇ ਹਨ। ਉਨ੍ਹਾਂ ਦੀ ਬੇਟੀ ਪੂਜਾ ਟੰਡਨ ਨੇ ਅਦਾਕਾਰ ਦਿਲਜੀਤ ਦੁਸਾਂਝ ਦੀ ਪਹਿਲੀ ਫਿਲਮ 'ਦਿ ਲਾਇਨ ਆਫ ਪੰਜਾਬ' ਵਿੱਚ ਦਿਲਜੀਤ ਦੁਸਾਂਝ ਨਾਲ ਬਤੌਰ ਮੁੱਖ ਅਦਾਕਾਰਾ ਪੰਜਾਬੀ ਫਿਲਮੀ ਇੰਡਸਟਰੀ ਵਿੱਚ ਕਦਮ ਰੱਖਿਆ ਸੀ। ਜੇਕਰ ਉਸ ਦੇ 50 ਸਾਲ ਤੋਂ ਵੱਧ ਸਮੇਂ ਦੇ ਫਿਲਮੀ ਕਰੀਅਰ ਦੀ ਗੱਲ ਕੀਤੀ ਜਾਵੇ ਤਾਂ 70ਵਿਆਂ ਦੇ ਦਹਾਕੇ ਦੇ ਫਿਲਮੀ ਕਲਾਕਾਰਾਂ ਤੋਂ ਲੈ ਕੇ ਹੁਣ ਤੱਕ ਨਵੀ ਪੀੜ੍ਹੀ ਦੇ ਹਰ ਫਿਲਮੀ ਕਲਾਕਾਰ ਨਾਲ ਉਸ ਨੂੰ ਕੰਮ ਕਰਨ ਦਾ ਲੰਬਾ ਤਜਰਬਾ ਹੈ। ਉਹ ਪੰਜਾਬੀ ਸਿਨੇਮਾ ਦਾ ਅੱਧੀ ਸਦੀ ਦਾ ਇਤਿਹਾਸ ਹੈ ਜਿਸ ਦੇ ਤਜਰਬੇ ਤੋਂ ਬਹੁਤ ਕੁੱਝ ਸਿੱਖਿਆ ਜਾ ਸਕਦਾ ਹੈ।



## ਪ੍ਰਤਿਭਾਸ਼ਾਲੀ ਫ਼ਿਲਮਸਾਜ਼ ਅਤੇ ਲੇਖਕ : ਸਤਿਆਜੀਤ ਰੇਅ

**ਪ੍ਰੋ. ਨਵ ਸੰਗੀਤ ਸਿੰਘ**
**9417692015**

ਬੰਗਲਾ ਫ਼ਿਲਮਸਾਜ਼ ਸਤਿਆਜੀਤ ਰੇਅ ਵੀਹਵੀ ਸਦੀ 'ਚ ਵਿਸ਼ਵ ਦੀਆਂ ਮਹਾਨਤਮ ਫਿਲਮ ਹਸਤੀਆਂ ਵਿੱਚੋਂ ਇੱਕ ਸੀ, ਜਿਸ ਨੇ ਯਥਾਰਥਵਾਦੀ ਧਾਰਾ ਦੀਆਂ ਫਿਲਮਾਂ ਨੂੰ ਨਵੀ ਦਿਸ਼ਾ ਪ੍ਰਦਾਨ ਕੀਤੀ। ਇਸ ਤੋਂ ਇਲਾਵਾ ਉਹਨੇ ਸਾਹਿਤ ਤੇ ਚਿੱਤਰਕਲਾ ਵਰਗੀਆਂ ਹੋਰ ਵਿਧਾਵਾਂ ਵਿੱਚ ਵੀ ਆਪਣੀ ਪ੍ਰਤਿਭਾ ਦੀ ਛਾਪ ਛੱਡੀ। ਮੁੱਖ ਤੌਰ ਤੇ ਉਹ ਫਿਲਮ ਨਿਰਦੇਸ਼ਕ ਵਜੋਂ ਜਾਣਿਆ ਜਾਂਦਾ ਹੈ ਪਰ ਲੇਖਕ, ਨਿਰਮਾਤਾ ਅਤੇ ਸਾਹਿਤਕਾਰ ਵਜੋਂ ਵੀ ਉਸ ਨੇ ਜ਼ਿਕਰਯੋਗ ਪ੍ਰਸਿੱਧੀ ਪ੍ਰਾਪਤ ਕੀਤੀ। ਸਤਿਆਜੀਤ ਰੇਅ ਦਾ ਜਨਮ 2 ਮਈ 1921 ਈ. ਨੂੰ ਕਲਕੱਤਾ (ਹੁਣ ਕੋਲਕਾਤਾ) ਵਿਖੇ ਸੁਕੁਮਾਰ ਰੇਅ ਦੇ ਘਰ ਮਾਂ ਸੁਪ੍ਰਭਾ ਰੇਅ ਦੀ ਕੁੱਖੋਂ ਹੋਇਆ। ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਤਿਆਜੀਤ ਰੇਅ ਦੇ ਪਿਤਾ ਸੁਕੁਮਾਰ ਰੇਅ ਦੀ ਮੌਤ 1923 ਈ. 'ਚ ਹੋਈ, ਜਦੋਂ ਉਹ ਸਿਰਫ ਦੋ ਸਾਲਾਂ ਦਾ ਸੀ। ਉਹਦੀ ਪਾਲਣਾ ਪੋਸ਼ਣਾ ਮਾਂ ਨੇ ਆਪਣੇ ਪੇਕੇ ਰਹਿ ਕੇ ਕੀਤੀ। ਉਸ ਦੀ ਮੁੱਢਲੀ ਪੜ੍ਹਾਈ ਘਰ ਹੀ ਵਿੱਚ ਹੋਈ। ਤੇ ਸੰਨ 1936 ਵਿੱਚ ਬਾਲੀਗੰਜ ਗੌਰਮਿੰਟ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ। ਉਹਦੀ ਮਾਂ ਰਵੀਂਦ੍ਰ ਸੰਗੀਤ ਦੀ ਜਾਣੀ-ਪਛਾਣੀ ਗਾਇਕਾ ਸੀ ਤੇ ਉਹਦੀ ਆਵਾਜ਼ ਬੜੀ ਦਮਦਾਰ ਸੀ। ਰੇਅ ਦੇ ਦਾਦਾ ਉਪੇਂਦਰ ਕਿਸ਼ੋਰ ਇੱਕ ਲੇਖਕ ਤੇ ਚਿੱਤਰਕਾਰ ਸਨ ਤੇ ਪਿਤਾ ਵੀ ਬੰਗਲਾ ਵਿੱਚ ਰੋਚਕ ਬਾਲ ਕਵਿਤਾਵਾਂ ਲਿਖਦੇ ਸਨ ਅਤੇ ਚਿੱਤਰਕਾਰੀ ਵੀ ਕਰਦੇ ਸਨ। ਇਹ ਪਰਿਵਾਰ ਟੈਗੋਰ ਘਰਾਣੇ ਦੇ ਕਾਫੀ ਨੇੜੇ ਸੀ। ਪ੍ਰੈਜ਼ੀਡੈਂਸੀ ਕਾਲਜ ਕਲਕੱਤਾ ਤੋਂ ਗ੍ਰੈਜੂਏਸ਼ਨ ਕਰਨ ਪਿੱਛੋਂ ਰੇਅ ਪੇਂਟਿੰਗ ਦੇ ਅਧਿਐਨ ਲਈ ਟੈਗੋਰ ਦੀ ਰਵੀਂਦ੍ਰ ਭਾਰਤੀ ਯੂਨੀਵਰਸਿਟੀ ਸ਼ਾਂਤੀ ਨਿਕੇਤਨ ਚਲਾ ਗਿਆ। ਇੱਥੇ ਉਸ ਨੇ ਨੰਦ ਲਾਲ ਬੋਸ ਤੇ ਵਿਨੋਦ ਬਿਹਾਰੀ ਮੁਖੋਪਾਧਿਆਇ ਵਰਗੇ ਪ੍ਰਸਿੱਧ ਕਲਾਕਾਰਾਂ ਤੋਂ ਸਿੱਖਿਆ ਪ੍ਰਾਪਤ ਕੀਤੀ, ਜਿਨ੍ਹਾਂ 'ਤੇ ਉਸ ਨੇ ਪਿੱਛੋਂ 'ਇਨਰ ਆਈ ਫਿਲਮ' ਵੀ ਬਣਾਈ ਸੀ। 1941 ਵਿੱਚ ਬਿਜੋਇਆ ਦਾਸ ਨਾਲ ਵਿਆਹੇ ਸਤਿਆਜੀਤ ਰੇਅ ਦਾ ਇੱਕ ਬੇਟਾ ਹੈ ਸੰਦੀਪ ਰੇਅ, ਜੋ ਆਪਣੇ ਪਿਤਾ ਵਾਂਗ ਹੀ ਫਿਲਮਸਾਜ਼ ਹੈ। 1942 ਵਿੱਚ ਮੱਧ ਭਾਰਤ ਦੇ ਕਲਾ-ਸਮਾਰਕਾਂ ਦੀ ਯਾਤਰਾ ਕਰਨ ਪਿੱਛੋਂ ਉਸ ਨੇ ਸ਼ਾਂਤੀਨਿਕੇਤਨ ਨੂੰ ਛੱਡ ਦਿੱਤਾ। ਛੇਤੀ ਹੀ ਉਹ ਨੂੰ ਬ੍ਰਿਟਿਸ਼ ਵਿਗਿਆਨ ਏਜੰਸੀ ਡੀ ਜੇ ਕੇਮਰ ਐਂਡ ਕੰਪਨੀ ਵਿੱਚ ਕਮਰਸ਼ੀਅਲ ਆਰਟਿਸਟ ਵਜੋਂ ਨੌਕਰੀ ਮਿਲ ਗਈ, ਜਿੱਥੇ ਉਸ ਨੇ ਪੁਸਤਕਾਂ ਦੀ ਡਿਜ਼ਾਈਨਿੰਗ ਅਤੇ ਰੇਖਾਂਕਨ ਤੇ ਕਾਫ਼ੀ ਕੰਮ ਕੀਤਾ। ਜਿਨ੍ਹਾਂ ਕਿਤਾਬਾਂ ਤੇ ਉਸ ਨੇ ਡਿਜ਼ਾਈਨਿੰਗ ਕੀਤੀ, ਉਨ੍ਹਾਂ ਵਿੱਚ ਵਿਭੂਤੀਭੂਸ਼ਣ ਬੰਧੋਪਾਧਿਆਇ ਦੀ 'ਪਾਥੇਰ ਪਾਂਚਾਲੀ' ਦਾ ਸੰਖੇਪ ਰੂਪਾਂਤਰਣ ਵੀ ਸ਼ਾਮਲ ਸੀ। ਰੇਅ ਫਿਲਮ ਨਿਰਮਾਣ ਨਾਲ ਸਬੰਧਿਤ ਬਹੁਤੇ ਕੰਮ ਆਪ ਹੀ ਕਰਦਾ ਸੀ। ਇਨ੍ਹਾਂ ਵਿੱਚ ਨਿਰਦੇਸ਼ਨ, ਪਟਕਥਾ, ਪਿੱਠਵਰਤੀ ਸੰਗੀਤ, ਕਲਾ-ਨਿਰਦੇਸ਼ਨ, ਸੰਪਾਦਨ ਆਦਿ ਸ਼ਾਮਲ ਹੈ। ਰੇਅ ਨੇ ਬੰਗਲਾ ਭਾਸ਼ਾ ਤੇ ਬਾਲ-ਸਾਹਿਤ ਵਿੱਚ ਦੋ ਲੋਕਪ੍ਰਿਅ ਪਾਤਰਾਂ ਦੀ ਸਿਰਜਣਾ ਕੀਤੀ- ਜਾਸੂਸ ਫ਼ੇਲੂਦਾ ਅਤੇ ਪ੍ਰੋਫੈਸਰ ਸ਼ੰਕੂ। ਉਸ ਨੇ ਕਈ ਕਹਾਣੀਆਂ ਵੀ ਲਿਖੀਆਂ, ਜੋ ਬਾਰਾਂ-ਬਾਰਾਂ ਕਹਾਣੀਆਂ ਦੇ ਸੰਗ੍ਰਹਿ ਵਿੱਚ ਪ੍ਰਕਾਸ਼ਿਤ ਹੋਈਆਂ ਅਤੇ ਸਦਾ ਉਨ੍ਹਾਂ ਦੇ ਨਾਂ ਵਿੱਚ ਇਨ੍ਹਾਂ ਬਾਰਾਂ ਨਾਲ ਸਬੰਧਤ ਸ਼ਬਦਾਂ ਦੀ ਖੇਡ ਹੁੰਦੀ ਸੀ। ਉਦਾਹਰਣ ਲਈ 'ਇਕੋਰ ਪਿਠੇ ਦੁਏ' (ਯਾਨੀ ਇੱਕ ਦੇ ਉੱਤੇ ਦੋ)। ਰੇਅ ਨੂੰ ਪਹੇਲੀਆਂ ਅਤੇ ਬਹੁਅਰਥੀ ਸ਼ਬਦਾਂ ਦੀ ਖੇਡ ਨਾਲ ਬਹੁਤ ਪ੍ਰੇਮ ਸੀ। ਰੇਅ ਦੀਆਂ ਕਰੀਬ ਸਾਰੀਆਂ ਹੀ ਕਹਾਣੀਆਂ ਹਿੰਦੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋ ਚੁੱਕੀਆਂ ਹਨ। ਰੇਅ ਦੇ ਦੋ ਬਾਲ-ਨਾਵਲਾਂ ('ਸੋਨੇ ਦਾ ਕਿਲ੍ਹਾ' ਅਤੇ 'ਮਾਸਟਰ ਅੰਸ਼ੂਮਾਨ') ਦਾ ਪੰਜਾਬੀ ਅਨੁਵਾਦ ਇਨ੍ਹਾਂ ਸਤਰਾਂ ਦੇ ਲੇਖਕ ਵੱਲੋਂ ਕੀਤਾ ਗਿਆ, ਜੋ ਕ੍ਰਮਵਾਰ 1991 ਅਤੇ 1992 ਵਿੱਚ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸਦੇ ਇੱਕ ਹੋਰ ਬਾਲ-ਨਾਵਲ 'ਪ੍ਰੋਫ਼ੈਸਰ ਸ਼ੰਕੂ ਦੇ ਕਾਰਨਾਮੇ' ਦੇ ਪੰਜਾਬੀ ਅਨੁਵਾਦ ਦਾ ਕਾਰਜ ਵੀ ਜਾਰੀ ਹੈ। ਰੇਅ ਦਾ ਲੱਗਭੱਗ ਸਾਰਾ ਸਾਹਿਤ ਵੀ ਬੰਗਲਾ ਭਾਸ਼ਾ ਦੀ ਸਾਹਿਤਕ ਪੱਤ੍ਰਿਕਾ 'ਏਕਸਾਨ' ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸ ਨੇ 1982 ਵਿੱਚ ਆਪਣੀ ਸਵੈਜੀਵਨੀ ਲਿਖੀ ਸੀ "ਜਖਨ ਛੋਟੋ ਛਿਲਾਮ" (ਜਦੋਂ ਮੈਂ ਛੋਟਾ ਸਾਂ)। ਇਸ ਤੋਂ ਬਿਨਾਂ ਉਸ ਨੇ ਫਿਲਮਾਂ ਤੇ ਕਈ ਕਿਤਾਬਾਂ ਵੀ ਲਿਖੀਆਂ, ਜਿਨ੍ਹਾਂ ਵਿੱਚ ਪ੍ਰਸਿੱਧ ਹੈ 'ਅਵਰ ਫਿਲਮਜ਼ ਦੇਅਰ ਫ਼ਿਲਮਜ਼'। 1976 ਵਿੱਚ ਪ੍ਰਕਾਸ਼ਿਤ ਇਹ ਕਿਤਾਬ ਆਲੋਚਨਾ ਦਾ ਸੰਗ੍ਰਹਿ ਹੈ। ਇਸ ਦੇ ਪਹਿਲੇ ਭਾਗ ਵਿੱਚ ਭਾਰਤੀ ਸਿਨੇਮਾ ਦਾ ਵੇਰਵਾ ਹੈ ਤੇ ਦੂਜਾ ਹਾਲੀਵੁੱਡ 'ਤੇ ਕੇਂਦਰਿਤ ਹੈ। ਰੇਅ ਨੇ ਚਾਰਲੀ ਚੈਪਲਿਨ ਅਤੇ ਅਕੀਰਾ ਕੁਰੋਸਾਵਾ ਵਰਗੇ ਨਿਰਦੇਸ਼ਕਾਂ ਤੇ ਨਵ-ਯਥਾਰਥਵਾਦ ਜਿਹੇ ਵਿਸ਼ਿਆਂ ਤੇ ਵਿਸ਼ੇਸ਼ ਧਿਆਨ ਦਿੱਤਾ ਹੈ। 1976 ਵਿੱਚ ਹੀ ਇੱਕ ਹੋਰ ਕਿਤਾਬ 'ਵਿਸ਼ੇ ਚਲਚਿਤਰ' ਲਿਖੀ, ਜਿਸ ਵਿੱਚ ਸਿਨੇਮਾ ਦੇ ਵਿਭਿੰਨ ਪਹਿਲੂਆਂ ਬਾਰੇ ਸੰਖੇਪ ਵੇਰਵਾ ਹੈ। ਇਸ ਤੋਂ ਬਿਨਾਂ ਫ਼ਿਲਮਾਂ ਬਾਰੇ ਹੀ ਇੱਕ ਕਿਤਾਬ 'ਇਹਨੂੰ ਸ਼ੂਟਿੰਗ ਕਹਿੰਦੇ ਹਨ' ਅਤੇ ਫਿਲਮਾਂ ਤੇ ਹੋਰ ਲੇਖ ਵੀ ਪ੍ਰਕਾਸ਼ਿਤ ਹੋਏ ਹਨ। ਰੇਅ ਨੇ ਬੇਤੁਕੀਆਂ ਕਵਿਤਾਵਾਂ ਦਾ ਇੱਕ ਸੰਗ੍ਰਹਿ "ਘੋੜੇ ਦੇ ਅੰਡਿਆਂ ਦਾ ਗੁੱਛਾ" (ਤੋੜਾਯ ਬਾਧਾ ਘੋੜਾਰ ਡਿਮ) ਵੀ ਲਿਖਿਆ, ਜਿਸ ਵਿੱਚ ਲੁਈਸ ਕੈਰੋਲ ਦੀ ਕਵਿਤਾ "ਜੰਬਰ ਰੋਕੀ" ਦਾ ਅਨੁਵਾਦ ਵੀ ਸ਼ਾਮਲ ਹੈ। ਉਸ ਨੇ ਬੰਗਲਾ ਵਿੱਚ ਮੁੱਲਾ ਨਸਰੂਦੀਨ ਦੀਆਂ ਕਹਾਣੀਆਂ ਦਾ ਸੰਗ੍ਰਹਿ ਵੀ ਛਪਵਾਇਆ। ਰੇਅ ਨੇ ਆਪਣੇ ਜੀਵਨ ਵਿੱਚ 37 ਫਿਲਮਾਂ ਦਾ ਨਿਰਦੇਸ਼ਨ ਦਿੱਤਾ, ਜਿਨ੍ਹਾਂ ਵਿੱਚ ਫ਼ੀਚਰ, ਡਾਕੂਮੈਂਟਰੀ ਅਤੇ ਲਘੂ ਫਿਲਮਾਂ ਸ਼ਾਮਲ ਹਨ। ਹਿੰਦੀ ਸਿਨੇਮਾ ਨੂੰ ਵੀ ਉਹਨੇ 'ਸਦਗਤੀ' ਅਤੇ 'ਸ਼ਤਰੰਜ ਕੇ ਖਿਲਾੜੀ' ਜਿਹੀਆਂ ਯਾਦਗਾਰੀ ਫ਼ਿਲਮਾਂ ਪ੍ਰਦਾਨ ਕੀਤੀਆਂ ਹਨ। ਉਹਦੀ ਪਹਿਲੀ ਫਿਲਮ 'ਪਾਥੇਰ ਪਾਂਚਾਲੀ' (1955) ਨੂੰ ਕਾਨ ਫੈਸਟੀਵਲ ਵਿੱਚ 'ਸਰਵੋਤਮ ਮਾਨਵੀ ਪ੍ਰਾਲੇਖ ਪੁਰਸਕਾਰ' ਸਮੇਤ ਕੁੱਲ ਗਿਆਰਾਂ ਅੰਤਰਰਾਸ਼ਟਰੀ ਪੁਰਸਕਾਰ ਮਿਲੇ। ਵਿਸ਼ਵ ਵਿੱਚ ਭਾਰਤੀ ਫਿਲਮਾਂ ਨੂੰ ਨਵੀ ਪਛਾਣ ਦਿਵਾਉਣ ਵਾਲੇ ਰੇਅ ਨੂੰ ਭਾਰਤ ਰਤਨ (1992) ਤੋਂ ਇਲਾਵਾ ਪਦਮਸ਼੍ਰੀ (1958), ਪਦਮ ਭੂਸ਼ਣ (1965), ਪਦਮਵਿਭੂਸ਼ਨ (1971), ਰੇਮਨ ਮੈਗਸੇਸੇ ਪੁਰਸਕਾਰ (1967) ਨਾਲ ਸਨਮਾਨਿਤ ਕੀਤਾ ਗਿਆ। ਵਿਸ਼ਵ ਸਿਨੇਮਾ ਨੂੰ ਵਿਲੱਖਣ ਯੋਗਦਾਨ ਦੇਣ ਬਦਲੇ ਰੇਅ ਨੂੰ 'ਆਨਰੇਰੀ ਆਸਕਰ ਅਵਾਰਡ' ਵੀ ਪ੍ਰਦਾਨ ਕੀਤਾ ਗਿਆ। ਉਕਤ ਤੋਂ ਬਿਨਾਂ ਉਸ ਨੂੰ ਕੁੱਲ 32 ਰਾਸ਼ਟਰੀ ਪੁਰਸਕਾਰ ਮਿਲੇ। ਰੇਅ ਨੂੰ ਹੋ ਵੀ ਬਹੁਤ ਸਾਰੇ ਇਨਾਮ-ਸਨਮਾਨ ਤੇ ਪੁਰਸਕਾਰ ਪ੍ਰਾਪਤ ਹੋਏ। ਆਕਸਫੋਰਡ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ। ਚਾਰਲੀ ਚੈਪਲਿਨ ਪਿੱਛੋਂ ਇਹ ਸਨਮਾਨ ਪ੍ਰਾਪਤ ਕਰਨ ਵਾਲਾ ਉਹ ਪਹਿਲਾ ਫਿਲਮ ਨਿਰਦੇਸ਼ਕ ਸੀ। 1985 ਵਿੱਚ ਉਸਨੂੰ ਦਾਦਾ ਸਾਹਿਬ ਫਾਲਕੇ ਮਿਲਿਆ। ਮੌਤ ਤੋਂ ਕੁਝ ਸਮਾਂ ਪਹਿਲਾਂ ਅਕਾਦਮੀ ਪੁਰਸਕਾਰ ਅਤੇ ਭਾਰਤ ਦਾ ਸਰਵਉੱਚ ਸਨਮਾਨ 'ਭਾਰਤ ਰਤਨ' ਪ੍ਰਦਾਨ ਕੀਤਾ ਗਿਆ। ਮੌਤ ਪਿੱਛੋਂ ਉਹਨੂੰ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਫਿਲਮ ਉਤਸਵ ਵਿੱਚ 'ਅਕਿਰਾ ਕਰੋਸਾਵਾ ਪੁਰਸਕਾਰ' ਪ੍ਰਦਾਨ ਕੀਤਾ ਗਿਆ, ਜਿਸਨੂੰ ਸ਼ਰਮੀਲਾ ਟੈਗੋਰ ਨੇ ਪ੍ਰਾਪਤ ਕੀਤਾ। 1973 ਵਿੱਚ ਫ਼ਿਲਮ 'ਘਾਰੇ ਬਾਇਰੇ' ਤੇ ਕੰਮ ਕਰਦਿਆਂ ਉਸ ਨੂੰ ਦਿਲ ਦਾ ਦੌਰਾ ਪਿਆ। ਇਸ ਫ਼ਿਲਮ ਨੂੰ ਉਹਨੇ ਪਿੱਛੋਂ ਆਪਣੇ ਬੇਟੇ ਸੰਦੀਪ ਰੇਅ ਦੀ ਮਦਦ ਨਾਲ 1974 ਵਿੱਚ ਪੂਰਾ ਕੀਤਾ। 1992 ਵਿੱਚ ਦਿਲ ਦੀ ਕਮਜ਼ੋਰੀ ਕਰਕੇ ਉਹਦੀ ਸਿਹਤ ਲਗਾਤਾਰ ਵਿਗੜਦੀ ਗਈ ਅਤੇ 23 ਅਪਰੈਲ 1992 ਵਿੱਚ ਉਸਦਾ ਦਿਹਾਂਤ ਹੋ ਗਿਆ। ਉਸਦੀ ਮੌਤ ਤੇ ਕੋਲਕਾਤਾ ਸ਼ਹਿਰ ਦੇ ਹਜ਼ਾਰਾਂ ਲੋਕ ਉਸ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਏ।



# ਮਕਬੂਜਾ ਕਸ਼ਮੀਰ ਵਿੱਚ ਸਾਰੇ ਮਦਰਸੇ ਬੰਦ
## ਅੱਤਵਾਦੀ ਲਾਂਚ ਸੈਂਟਰ ਖਾਲੀ ਕਰਕੇ ਟਰੇਨੀ ਅੱਤਵਾਦੀਆਂ ਨੂੰ ਦੂਰ ਦਰਾਜ ਇਲਾਕਿਆਂ 'ਚ ਭੇਜਿਆ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੀ. ਓ. ਕੇ. ਅਰਥਾਤ ਮਕਬੂਜਾ ਕਸ਼ਮੀਰ ਵਿੱਚ ਸਾਰੇ ਮਦਰਸਿਆਂ ਨੂੰ ਤੁਰੰਤ ਬੰਦ ਕਰਕੇ ਉਹਨਾਂ ਵਿੱਚ ਪੜ੍ਹਦੇ ਅਤੇ ਆਤੰਕੀ ਗਤੀਆਂ ਵਿਧੀਆਂ ਨਾਲ ਟਰੇਨਿੰਗ ਲੈ ਰਹੇ ਸਾਰੇ ਬਾਲਕ ਤੇ ਦੂਸਰੇ ਆਤੰਕੀਆਂ ਨੂੰ ਉਥੋਂ ਦੂਰ ਪਾਕਿਸਤਾਨ ਦੇ ਅੰਦਰਲੇ ਹਿੱਸਿਆਂ ਵਿੱਚ ਭੇਜਿਆ ਗਿਆ ਹੈ। ਬੀਬੀਸੀ ਉਰਦੂ ਸਰਵਿਸ ਦੀ ਸੂਚਨਾ ਦੇ ਅਨੁਸਾਰ ਉਹਨਾਂ ਨੂੰ ਪਾਕਿਸਤਾਨੀ ਫੌਜੀ ਪਹਿਰੇ ਦੇ ਵਿੱਚ ਦੂਸਰੇ ਇਲਾਕਿਆਂ ਵਿੱਚ ਅਰਥਾਤ ਮਿਲਟਰੀ ਸੇਫ ਜੋਨ ਵਿੱਚ ਭੇਜਿਆ ਗਿਆ ਹੈ।ਇਹ ਸਾਰਾ ਕੁਝ ਉਸ ਵੇਲੇ ਹੋਇਆ ਹੈ ਜਦੋਂ ਪੀਓ ਕੇ ਤੋਂ ਇਥੇ ਸੈਲਿੰਗ ਜਾਰੀ ਹੈ ਅਤੇ ਦੋਨੋਂ ਪਾਸੇ ਮਰਨ ਦੀਆਂ ਖ਼ਬਰਾਂ ਜਾਰੀ ਕੀਤੀਆਂ ਜਾ ਰਹੀਆਂ ਹਨ।ਇੱਥੇ ਇਹ ਵਰਨਣਯੋਗ ਹੈ ਕਿ ਅਜੇ ਵੀ ਪਾਕਿਸਤਾਨ ਆਤੰਕਵਾਦੀ ਟਿਕਾਣਿਆਂ ਦੀ ਗੱਲ ਨੂੰ ਨਹੀਂ ਮੰਨ ਰਿਹਾ ਅਤੇ ਉਲਜਲੂਲ ਅਤੇ ਫੇਕ ਨਿਊਜ਼ ਫੈਲਾ ਕੇ ਆਪਣੀਆਂ ਕਰਤੂਤਾਂ ਤੇ ਪਰਦਾ ਪਾ ਰਿਹਾ ਹੈ ਅੱਜ ਵੀ ਭਾਰਤੀ ਵਿਦੇਸ਼ ਪਰਵਕਤਾ ਨੇ ਪਾਕਿਸਤਾਨ ਦੀ ਅਜਿਹੀਆਂ ਫੇਕ ਡਿਸਇਨਫਰਮੇਸ਼ਨ ਦੀਆਂ ਚੀਜ਼ਾਂ ਦੇ ਬਾਰੇ ਵਿੱਚ ਖੁੱਲ੍ਹੇ ਰੂਪ ਦੇ ਵਿੱਚ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਪਾਕਿਸਤਾਨ ਝੂਠ ਦਾ ਇੱਕ ਵੱਡਾ ਇਨਫੋਰਮੇਸ਼ਨ ਦਾਇਰਾ ਚਲਾ ਰਿਹਾ ਹੈ ਅਤੇ ਉਹਨਾਂ ਦੇ ਦੁਆਰਾ ਵੈਬਸਾਈਟ ਅਤੇ ਟੀਵੀ ਚੈਨਲਾਂ ਦੇ ਨਾਲ ਨਾਲ ਸੋਸ਼ਲ ਮੀਡੀਆ ਤੇ ਫੇਕ ਨਿਊਜ਼ ਦਜੇ ਭਾਰਤ ਦੇ ਵਿਚਾਲੇ ਭੰਡੀ ਪ੍ਰਚਾਰ ਅਤੇ ਦੂਸਰੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਜਿਹਨਾਂ ਵਿੱਚ ਭਾਰਤ ਵਿੱਚ ਵਿਰੋਧੀ ਪ੍ਰਚਾਰ ਕੀਤਾ ਜਾ ਰਿਹਾ ਹੈ।ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਕਿਸਤਾਨ ਦੀਆਂ ਅਜਿਹੀਆਂ ਹਰਕਤਾਂ ਤੇ ਕਰਤੂਤਾਂ ਤੇ ਨਜ਼ਰ ਰੱਖਣ ਅਤੇ ਕੁੱਝ ਵੀ ਅਜਿਹਾ ਨਾ ਕਰਨ ਜਿਨਾਂ ਵਿੱਚ ਫਿਰਕੂ ਸਹਿਣਸ਼ੀਲਤਾ ਪੰਜਾਬੇ ਉਧਰ ਹਾਲੇ ਵੀ ਵੱਡੇ ਪੱਧਰ ਤੇ ਸਰਹੱਦ ਤੋਂ ਅੱਤਵਾਦੀਆਂ ਨੂੰ ਇਧਰਲੇ ਪਾਸੇ ਵਾਰਦਾਤਾਂ ਕਰਨ ਵਾਸਤੇ ਭੇਜਣ ਦਾ ਸਿਲਸਿਲਾ ਜਾਰੀ ਹੈ ਤੇ ਇਸੇ ਸੰਦਰਭ ਆਤੰਕਵਾਦੀਆਂ ਨੂੰ ਮਾਰ ਵਿਚ ਭਾਰਤੀ ਫੌਜ ਨੇ ਅੱਜ ਸੱਤ ਮੁਕਾਇਆ ਹੈ।

ਚੰਡੀਗੜ੍ਹ ਹਾਊਸਿੰਗ ਬੋਰਡ
CHANDIGARH HOUSING BOARD
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਮੀਨਾ ਸ਼ਰਮਾ ਸੁਪਤਨੀ ਸ੍ਰੀ ਦਿਨੇਸ਼ ਕੁਮਾਰ ਸ਼ਰਮਾ** ਦੇ ਨਾਮ ਤੋਂ **ਸ੍ਰੀ ਜਗਦੇਵ ਸਿੰਘ ਸਪੁੱਤਰ ਸ੍ਰੀ ਹਜ਼ੂਰਾ ਸਿੰਘ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 63, ਚੰਡੀਗੜ੍ਹ ਵਿਚ ਇੱਕ ਕਮਰੇ ਦਾ ਫਲੈਟ (ਈਡਬਲਿਊਐਸ) ਵਰਗ ਦੀ ਰਿਹਾਇਸ਼ੀ ਇਕਾਈ ਨੰ. 2364-ਬੀ (ਦੂਜੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 63, ਚੰਡੀਗੜ੍ਹ ਵਿਚ ਇੱਕ ਕਮਰੇ ਦਾ ਫਲੈਟ (ਈਡਬਲਿਊਐਸ) ਵਰਗ ਦੀ ਰਿਹਾਇਸ਼ੀ ਇਕਾਈ ਨੰ. 2364-ਬੀ (ਦੂਜੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਮੀਨਾ ਸ਼ਰਮਾ ਸੁਪਤਨੀ ਸ੍ਰੀ ਦਿਨੇਸ਼ ਕੁਮਾਰ ਸ਼ਰਮਾ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀਮਤੀ ਮੀਨਾ ਸ਼ਰਮਾ ਸੁਪਤਨੀ ਸ੍ਰੀ ਦਿਨੇਸ਼ ਕੁਮਾਰ ਸ਼ਰਮਾ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 25.03.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਜਗਦੇਵ ਸਿੰਘ ਸਪੁੱਤਰ ਸ੍ਰੀ ਹਜ਼ੂਰਾ ਸਿੰਘ** ਨੂੰ ਵੇਚ ਦਿੱਤੀ ਹੈ। **ਸ੍ਰੀ ਜਗਦੇਵ ਸਿੰਘ ਸਪੁੱਤਰ ਸ੍ਰੀ ਹਜ਼ੂਰਾ ਸਿੰਘ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

ਚੰਡੀਗੜ੍ਹ ਹਾਊਸਿੰਗ ਬੋਰਡ
CHANDIGARH HOUSING BOARD
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਦੀਪਕ ਰਾਵਤ ਸਪੁੱਤਰ ਸ੍ਰੀ ਭੋਪਾਲ ਸਿੰਘ ਰਾਵਤ** ਦੇ ਨਾਮ ਤੋਂ **ਸ੍ਰੀਮਤੀ ਸੁਮਨ ਲਤਾ ਸੁਪਤਨੀ ਸ੍ਰੀ ਸੌਰਭ ਵਰਮਾ ਅਤੇ ਸ੍ਰੀ ਸੌਰਭ ਵਰਮਾ ਸਪੁੱਤਰ ਸ੍ਰੀ ਰਾਕੇਸ਼ ਵਰਮਾ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਮਾਡਰਨ ਹਾਊਸਿੰਗ ਕੰਪਲੈਕਸ ਮਨੀਮਾਜਰਾ, ਚੰਡੀਗੜ੍ਹ ਵਿਚ ਵਰਗ-4 ਦੀ ਰਿਹਾਇਸ਼ੀ ਇਕਾਈ ਨੰ. 5307-3 (ਤੀਜੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਮਾਡਰਨ ਹਾਊਸਿੰਗ ਕੰਪਲੈਕਸ ਮਨੀਮਾਜਰਾ, ਚੰਡੀਗੜ੍ਹ ਵਿਚ ਵਰਗ-4 ਦੀ ਰਿਹਾਇਸ਼ੀ ਇਕਾਈ ਨੰ. 5307-3 (ਤੀਜੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਦੀਪਕ ਰਾਵਤ ਸਪੁੱਤਰ ਸ੍ਰੀ ਭੋਪਾਲ ਸਿੰਘ ਰਾਵਤ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਦੀਪਕ ਰਾਵਤ ਸਪੁੱਤਰ ਸ੍ਰੀ ਭੋਪਾਲ ਸਿੰਘ ਰਾਵਤ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 24.09.2024 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀਮਤੀ ਸੁਮਨ ਲਤਾ ਸੁਪਤਨੀ ਸ੍ਰੀ ਸੌਰਭ ਵਰਮਾ ਅਤੇ ਸ੍ਰੀ ਸੌਰਭ ਵਰਮਾ ਸਪੁੱਤਰ ਸ੍ਰੀ ਰਾਕੇਸ਼ ਵਰਮਾ** ਨੂੰ ਵੇਚ ਦਿੱਤੀ ਹੈ। **ਸ੍ਰੀਮਤੀ ਸੁਮਨ ਲਤਾ ਸੁਪਤਨੀ ਸ੍ਰੀ ਸੌਰਭ ਵਰਮਾ ਅਤੇ ਸ੍ਰੀ ਸੌਰਭ ਵਰਮਾ ਸਪੁੱਤਰ ਸ੍ਰੀ ਰਾਕੇਸ਼ ਵਰਮਾ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

## ਬਾਬਾ ਜੈਮਲ ਸਿੰਘ ਭਿੰਡਰ ਦੀ ਅੰਤਿਮ ਅਰਦਾਸ 18 ਨੂੰ

ਪਟਿਆਲਾ, 9 ਮਈ (ਚ.ਨ.ਸ.) : ਸਾਡੇ ਸਤਿਕਾਰਯੋਗ ਬਾਬਾ ਜੈਮਲ ਸਿੰਘ ਜੀ ਭਿੰਡਰ ਜੋ ਬੀਤੀ 7 ਮਈ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ, ਉਨ੍ਹਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ 18 ਮਈ ਦਿਨ ਐਤਵਾਰ ਨੂੰ ਸਵੇਰੇ 10.00 ਵਜੇ ਤੋਂ 2.00 ਵਜੇ ਤੱਕ ਗੁਰਦੁਆਰਾ ਸਤਿਸੰਗ ਭਵਨ ਨਿਊ ਮੇਹਰ ਸਿੰਘ ਕਲੋਨੀ ਪਟਿਆਲਾ ਵਿਖੇ ਹੋਵੇਗੀ।

## ਜੰਮੂ ਅਤੇ ਚੰਡੀਗੜ੍ਹ ਹਵਾਈ ਅੱਡੇ ਬੰਦ ਹੋਣ ਕਾਰਨ ਭਾਰਤੀ ਰੇਲਵੇ ਵੱਲੋਂ ਰੇਲਾਂ ਦਾ ਪ੍ਰਬੰਧ

ਨਵੀਂ ਦਿੱਲੀ, 9 ਮਈ (ਚ.ਨ.ਸ.) : ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਰੇਲ ਸੰਚਾਲਨ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ, ਉਨ੍ਹਾਂ ਰੇਲਵੇ ਅਧਿਕਾਰੀਆਂ ਨੂੰ ਵੱਖ-ਵੱਖ ਸਰਕਾਰੀ ਏਜੰਸੀਆਂ ਨਾਲ ਤਾਲਮੇਲ ਕਰਨ ਅਤੇ ਸਰਹੱਦੀ ਖੇਤਰਾਂ ਦੇ ਲੋਕਾਂ ਦੀ ਮੱਦਦ ਲਈ ਰੇਲ ਗੱਡੀਆਂ ਚਲਾਉਣ ਦੇ ਨਿਰਦੇਸ਼ ਦਿੱਤੇ। ਨਿਯਮਤ ਰੇਲਗੱਡੀਆਂ ਦੇ ਨਾਲ-ਨਾਲ, ਲੋੜ ਅਨੁਸਾਰ ਵਿਸ਼ੇਸ਼ ਰੇਲਗੱਡੀਆਂ ਵੀ ਚਲਾਈਆਂ ਜਾਣੀਆਂ ਚਾਹੀਦੀਆਂ ਹਨ। ਰੇਲਵੇ ਮੰਤਰੀ ਦੇ ਨਿਰਦੇਸ਼ਾਂ 'ਤੇ 9 ਮਈ, 2025 ਨੂੰ ਜੰਮੂ ਅਤੇ ਊਧਮਪੁਰ ਤੋਂ ਚਾਰ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਗਈਆਂ। ਰੇਲਵੇ ਨੇ ਪਹਿਲੀ ਵਿਸ਼ੇਸ਼ ਰੇਲਗੱਡੀ 04612 ਨੂੰ ਸਵੇਰੇ 10:45 ਵਜੇ ਜੰਮੂ ਸਟੇਸ਼ਨ ਤੋਂ ਚਲਾਇਆ, ਜਿਸ ਵਿੱਚ 12 ਅਣ-ਰਾਖਵੇਂ ਕਲਾਸ ਕੋਚ ਅਤੇ 12 ਰਾਖਵੇਂ ਕਲਾਸ ਕੋਚ ਸਨ। 20 ਡੱਬਿਆਂ ਵਾਲੀ ਵੰਦੇ ਭਾਰਤ ਐਕਸਪ੍ਰੈਸ ਊਧਮਪੁਰ ਤੋਂ ਦੁਪਹਿਰ 12:45 ਵਜੇ ਰਵਾਨਾ ਹੋਈ ਅਤੇ ਜੰਮੂ ਅਤੇ ਪਠਾਨਕੋਟ ਹੁੰਦੇ ਹੋਏ ਨਵੀਂ ਦਿੱਲੀ ਪਹੁੰਚੀ। BB LHB ਡੱਬਿਆਂ ਵਾਲੀ ਇੱਕ ਵਿਸ਼ੇਸ਼ ਰੇਲਗੱਡੀ ਸ਼ਾਮ 7:00 ਵਜੇ ਜੰਮੂ ਸਟੇਸ਼ਨ ਤੋਂ ਚਲਾਈ ਗਈ। ਇੱਕ ਹੋਰ ਵੰਦੇ ਭਾਰਤ ਵਿਸ਼ੇਸ਼ ਰੇਲਗੱਡੀ ਚਲਾਈ ਗਈ ਜੋ ਜੰਮੂ ਤੋਂ ਦੁਪਹਿਰ 3:30 ਵਜੇ ਰਵਾਨਾ ਹੋਈ ਅਤੇ ਸ਼ਾਮ ਨੂੰ ਨਵੀਂ ਦਿੱਲੀ ਸਟੇਸ਼ਨ ਪਹੁੰਚੇਗੀ।

ਚੰਡੀਗੜ੍ਹ ਹਾਊਸਿੰਗ ਬੋਰਡ
CHANDIGARH HOUSING BOARD
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਤ੍ਰਿਲੋਕ ਸਿੰਘ ਸਪੁੱਤਰ ਸ੍ਰੀ ਪ੍ਰਤਾਪ ਸਿੰਘ** ਦੇ ਨਾਮ ਤੋਂ **ਸ੍ਰੀਮਤੀ ਮੰਜੂ ਬਿਸ਼ਟ ਸੁਪਤਨੀ ਸ੍ਰੀ ਮੋਹਨ ਸਿੰਘ ਬਿਸ਼ਟ (ਸਪੁੱਤਰੀ ਸ੍ਰੀ ਤ੍ਰਿਲੋਕ ਸਿੰਘ)** ਦੇ ਨਾਮ 'ਤੇ **ਤਬਾਦਲਾ ਡੀਡ** ਦੇ ਆਧਾਰ 'ਤੇ **ਸੈਕਟਰ 45-ਡੀ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 3088/1 (ਪਹਿਲੀ ਮੰਜ਼ਿਲ)** ਦਾ ਤਬਾਦਲਾ/ਪਰਿਵਰਤਨ।
**(ਪਿਤਾ ਤੋਂ ਸਪੁੱਤਰੀ)**

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 45-ਡੀ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 3088/1 (ਪਹਿਲੀ ਮੰਜ਼ਿਲ) ਸ੍ਰੀ ਤ੍ਰਿਲੋਕ ਸਿੰਘ ਸਪੁੱਤਰ ਸ੍ਰੀ ਪ੍ਰਤਾਪ ਸਿੰਘ** ਦੇ ਨਾਮ 'ਤੇ ਦਰਜ ਹੈ। **ਸ੍ਰੀਮਤੀ ਮੰਜੂ ਬਿਸ਼ਟ ਸੁਪਤਨੀ ਸ੍ਰੀ ਮੋਹਨ ਸਿੰਘ ਬਿਸ਼ਟ (ਸਪੁੱਤਰੀ ਸ੍ਰੀ ਤ੍ਰਿਲੋਕ ਸਿੰਘ)** ਵੱਲੋਂ 25.03.2025 ਨੂੰ ਸਬ ਰਜਿਸਟਰਾਰ ਯੂ. ਟੀ., ਚੰਡੀਗੜ੍ਹ ਦੇ ਦਫ਼ਤਰ ਵਿਚ ਉਨ੍ਹਾਂ ਦੇ ਨਾਮ 'ਤੇ ਕਾਰਜਰੂਪ ਅਤੇ ਪੰਜੀਕ੍ਰਿਤ ਤਬਾਦਲਾ ਡੀਡ ਦੇ ਆਧਾਰ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਮਾਲਕੀ ਅਧਿਕਾਰ ਬਾਰੇ ਸੂਚਨਾ ਦਿੱਤੀ ਗਈ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸੰਬੰਧੀ ਕੋਈ ਵੀ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਕੋਲ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

ਚੰਡੀਗੜ੍ਹ ਹਾਊਸਿੰਗ ਬੋਰਡ
CHANDIGARH HOUSING BOARD
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਰਾਜ ਕੁਮਾਰੀ ਸੁਪਤਨੀ ਸਵਰਗੀ ਸ੍ਰੀ ਰਮੇਸ਼ ਚੰਦਰ** ਦੇ ਨਾਮ ਤੋਂ **ਸ੍ਰੀ ਕੁਮਾਰ ਵਰੁਣ ਸਪੁੱਤਰ ਸ੍ਰੀ ਸ਼ਿਆਮ ਸੁੰਦਰ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 51-ਏ, ਚੰਡੀਗੜ੍ਹ ਵਿਚ ਵਰਗ-2 ਦੀ ਰਿਹਾਇਸ਼ੀ ਇਕਾਈ ਨੰ. 1-ਸੀ (ਤੀਜੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 51-ਏ, ਚੰਡੀਗੜ੍ਹ ਵਿਚ ਵਰਗ-2 ਦੀ ਰਿਹਾਇਸ਼ੀ ਇਕਾਈ ਨੰ. 1-ਸੀ (ਤੀਜੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਰਾਜ ਕੁਮਾਰੀ ਸੁਪਤਨੀ ਸਵਰਗੀ ਸ੍ਰੀ ਰਮੇਸ਼ ਚੰਦਰ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀਮਤੀ ਰਾਜ ਕੁਮਾਰੀ ਸੁਪਤਨੀ ਸਵਰਗੀ ਸ੍ਰੀ ਰਮੇਸ਼ ਚੰਦਰ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 06.05.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਕੁਮਾਰ ਵਰੁਣ ਸਪੁੱਤਰ ਸ੍ਰੀ ਸ਼ਿਆਮ ਸੁੰਦਰ** ਨੂੰ ਵੇਚ ਦਿੱਤੀ ਹੈ। **ਸ੍ਰੀ ਕੁਮਾਰ ਵਰੁਣ ਸਪੁੱਤਰ ਸ੍ਰੀ ਸ਼ਿਆਮ ਸੁੰਦਰ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਉਤਰ ਰੇਲਵੇ**

ਈ-ਟੈਂਡਰਿੰਗ

**ਖੁਲ੍ਹੀ ਨਿਵਿਦਾ ਸੂਚਨਾ ਨੰਬਰ ਐਨਆਈਟੀ-01/2025-26 ਮਿਤੀ 09.05.2025**

ਸੀਨੀਅਰ ਡਵੀਜਨਲ ਬਿਜਲੀ ਇੰਜੀਨੀਅਰ/ ਜੀ, ਉਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮ ਦੇ ਲਈ 15:00 ਵਜੇ ਤਕ ਜਾਂ ਕੰਮ ਦੇ ਸਾਹਮਣੇ ਦਿਖਾਈ ਗਈ ਸਮਾਪਤੀ ਦੀ ਮਿਤੀ ਤਕ ਖੁਲ੍ਹੀ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ।

| ਲ. ਨੰ. | ਨਿਵਿਦਾ ਸੰਖਿਆ | ਕੰਮ ਦਾ ਕੰਮ | ਲਗਭਗ ਲਾਗਤ (ਰੁ) | ਬੋਲੀ ਪ੍ਰਤੀਭੂਤੀ (ਰੁ) | ਪੂਰਾ ਹੋਣ ਦਾ ਸਮਾਂ | ਬੰਦ ਕਰਨ ਅਤੇ ਖੋਹਲਣ ਦੀ ਮਿਤੀ |
|---|---|---|---|---|---|---|
| 1 | 30-ਬਿਜਲੀ-01/2025-26 (ਓਪਨ ਟੈਂਡਰ) | ਅੰਬਾਲਾ ਡਵੀਜਨ ਵਿਚ ਅੰਬਾਲਾ-ਸਹਾਰਨਪੁਰ ਸੈਕਸ਼ਨ ਤੇ ਸਰਸਾਵਾ-ਕਲਾਨੌਰ ਸਟੇਸ਼ਨਾਂ ਦੇ ਵਿਚ ਆਈਬੀਐਸ ਦੇ ਪ੍ਰਾਵਧਾਨ, ਕਾਲਕਾ-ਸ਼ਿਮਲਾ ਸੈਕਸ਼ਨ ਵਿਚ ਸਟੇਸ਼ਨ ਮਾਸਟਰ ਰੂਮ ਦੇ ਲਈ ਰੂਮ ਹੀਟਰ ਅਤੇ ਬਿਜਲੀ ਸਪਲਾਈ ਪ੍ਰਬੰਧ, (ਟਕਸਾਲ, ਗੁਮਮਨ, ਕੋਡ, ਸੋਨਵਾਰਾ, ਧਰਮਪੁਰ, ਕੁਮਾਰ ਹੱਟੀ, ਡਗਸ਼ਾਈ, ਬੜੋਗ, ਸੋਲਨ, ਸਲੋਗਰਾ, ਕੰਡਾਘਾਟ, ਕਨੋਹ, ਕੈਥਲੀਘਾਟ, ਸ਼ੋਗੀ, ਤਾਰਾਦੇਵੀ, ਜਤੋਗ, ਸਮਰ ਹਿਲ) ਰਨਿੰਗ ਰੂਮ, ਹਸਪਤਾਲ ਅਤੇ ਅਧਿਕਾਰੀ ਵਿਸ਼੍ਰਾਮ ਗ੍ਰਹਿ ਵਿਚ ਊਰਜਾ ਕੁਸ਼ਲ ਵਾਟਰ ਹੀਟਰ ਦਾ ਵਿਸਤਾਰ, ਰੇਲ ਵਿਹਾਰ ਕਲੋਨੀ ਵਿਚ ਇਨਡੋਰ ਸਪੋਰਟਸ ਕੰਪਲੈਕਸ ਦਾ ਪ੍ਰਾਵਧਾਨ, ਖਾਨਆਲਮਪੁਰਾ ਦੇ ਆਰਓਐਚ ਡਿਪੋ ਵਿਚ ਬੀਟੀਪੀਐਨ ਵੈਗਨਾਂ ਦੇ ਰਖਰਖਾਅ ਦੀ ਸਮਰਥਾ ਵਧਾਉਣ ਦੇ ਲਈ ਬੁਨਿਆਦੀ ਸਹੂਲਤਾਂ ਦਾ ਵਿਸਤਾਰ ਅਤੇ ਰੇਲਵਿਹਾਰ ਸਟੇਡੀਅਮ ਅੰਬਾਲਾ ਕੈਂਟ ਵਿਚ ਮਿਟੀ ਭਰ ਕੇ ਜਮੀਨ ਸਮਤਲ ਕਰਨ ਅਤੇ ਕ੍ਰਿਕੇਟ ਪਿਚ ਦੀ ਉਸਾਰੀ ਨਾਲ ਸਬੰਧਿਤ ਬਿਜਲੀ ਕੰਮ। | ₹ 9125753.83 | ₹ 182500.00 | 04 ਮਹੀਨੇ | 02.06.2025 |

1) ਸਾਰੀਆਂ ਸ਼ਰਤਾਂ ਦੇ ਅਨੁਸਾਰ PAN/TIN/GST ਸਮੇਤ ਸਾਰੇ ਸਬੰਧਤ ਯੋਗਤਾ ਦਸਤਾਵੇਜਾਂ ਦੀ ਸਕੈਨ ਕੀਤੀਆਂ ਗਈਆਂ ਕਾਪੀਆਂ ਅਪਲੋਡ ਕਰਨਾ ਜਰੂਰੀ ਹਨ। 2) ਜਰੂਰੀ ਬੋਲੀ ਸੁਰੱਖਿਆ ਨੈਟ ਬੈਕਿੰਗ/ਜਾਂ ਪੇਮੇਂਟ ਗੇਟਵੇ ਭੁਗਤਾਨ ਦੇ ਮਾਧਿਅਮ ਨਾਲ ਕੇਵਲ ਨਿਵਿਦਾ ਦੀ ਅੰਤਮ ਮਿਤੀ ਅਤੇ ਸਮੇਂ ਦੇ 15:00 ਵਜੇ ਤੋਂ ਪਹਿਲਾਂ ਤੋਂ ਆਨਲਾਈਨ ਭੁਗਤਾਨ ਸਵੀਕਾਰ ਹੋਵੇਗੀ। 3) ਕੰਮ ਨਿਵਿਦਾਵਾਂ ਦੀ ਈ-ਨਿਵਿਦਾ ਵਿਚ ਭਾਗ ਲੈਣ ਦੇ ਲਈ ਨਿਵਿਦਾਕਰਤਾਵਾਂ ਦੇ ਕੋਲ ਤੀਜੀ ਸ਼੍ਰੇਣੀ ਦਾ ਡਿਜੀਟਲ ਦਸਤਖਤਸ਼ੁਦਾ ਸਰਟੀਫਿਕੇਟ ਹੋਣਾ ਚਾਹੀਦਾ। 4) ਵੇਰਵੇ ਦੇ ਲਈ, ਕਿਰਪਾ ਆਈਆਰਈਪੀਐਸ ਵੈਬਸਾਈਟ www.ireps.gov.in 'ਤੇ ਲਾਗ ਇਨ ਕਰੋ। 5. ਜੀਐਸਟੀ ਅਧਿਨਿਯਮ 2017 ਦੇ ਅਨੁਸਾਰ ਜੀਐਸਟੀ ਲਗਾਇਆ ਜਾਵੇਗਾ। 1389/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਬੀਤੀ ਅੱਧੀ ਰਾਤ ਪਾਕਿਸਤਾਨ ਵਿੱਚ 9 ਅੱਤਵਾਦੀ ਠਿਕਾਣੇ ਵਿੱਚ ਭਾਰਤ ਨੇ ਜਵਾਬੀ ਕਾਰਵਾਈ ਨੇ ਏਅਰ ਸਟਰਾਈਕ ਰਾਹੀਂ ਕਈ ਆਤੰਕੀ ਖਤਮ ਕਰ ਦਿੱਤੇ। ਭਾਜਪਾ ਨੇਤਾ ਐਡਵੋਕੇਟ ਸੌਰਭ ਕਪੂਰ ਨੇ ਕਿਹਾ ਕਿ 'ਆਪਰੇਸ਼ਨ ਸਿੰਦੂਰ' 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਭਾਰਤੀ ਨਾਗਰਿਕਾਂ 'ਤੇ ਆਤੰਕੀ ਹਮਲੇ ਦਾ ਬਦਲਾ ਹੈ। ਸੌਰਭ ਕਪੂਰ ਨੇ ਕਿਹਾ ਕਿ ਭਾਰਤ ਨੇ ਸਾਬਿਤ ਕਰ ਦਿੱਤਾ ਹੈ ਕਿ ਹੁਣ **ਜਿਸ ਘਰ 'ਚੋਂ ਆਤੰਕੀ ਨਿਕਲੇਗਾ, ਉਸ ਘਰ ਵਿੱਚ ਵੱੜ ਕੇ ਮਾਰਨਗੇ। ਪੂਰੇ ਭਾਰਤ ਦੇਸ਼ ਵਿੱਚ ਆਤੰਕ ਦੇ ਖਿਲਾਫ ਇਸ ਹਮਲੇ ਨਾਲ ਖੁਸ਼ੀ ਦੀ ਲਹਿਰ ਹੈ। ਪੂਰਾ ਦੇਸ਼ ਭਾਰਤੀ ਸੈਨਾ ਦੇ ਨਾਲ ਖੜ੍ਹਾ ਹੈ। ਸੌਰਭ ਕਪੂਰ ਨੇ ਹਰ ਨਾਗਰਿਕ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ।**

**ਉਤਰ ਰੇਲਵੇ**

**ਖੁਲ੍ਹੀ ਨਿਵਿਦਾ ਸੂਚਨਾ ਸੰਖਿਆ ETrU-T-01-2025-26**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਕ.ਵਿ./ ਉਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਕੰਮਾਂ ਦੇ ਲਈ ਈ-ਟੈਂਡਰਿੰਗ ਦੇ ਮਾਧਿਅਮ ਨਾਲ ਟੈਂਡਰਾਂ ਦੀ ਮੰਗ ਕਰਦੇ ਹਨ। ਇਨਾਂ ਟੈਂਡਰਾਂ ਨੂੰ ਹਰੇਕ ਕੰਮ ਦੇ ਅਗੇ ਦਰਸਾਈ ਗਈ ਮਿਤੀ ਨੂੰ 15:00 ਵਜੇ ਤਕ www.ireps.gov.in ਤੇ ਅਪਲੋਡ ਕੀਤਾ ਜਾ ਸਕਦਾ ਹੈ। ਇਨਾਂ ਨੂੰ 15:00 ਵਜੇ ਦੇ ਉਪਰੰਤ ਤੁਰੰਤ ਖੋਹਲਿਆ ਜਾਵੇਗਾ।

| ਨਿਵਿਦਾ ਸੰਖਿਆ | ਕੰਮ ਦਾ ਵੇਰਵਾ |
|---|---|
| ETrU-T-01-2025-26 | ਬਸੀ ਪਠਾਨਾ ਸਟੇਸ਼ਨ ਦੇ ਗੁਡਸ ਸਾਈਡਿੰਗ ਵਿਚ ਅੱਧੇ ਗੁਡਸ ਰੇਕ ਦੇ ਇਕ ਹੁਕ ਪਲੇਸਮੇਂਟ ਦੇ ਪ੍ਰਾਵਧਾਨ ਦੇ ਨਾਲ 50 ਹਟ੍ਸ, ਏਕਲ ਪੜਾਅ 25 ਕੇਵੀ ਏਸੀ ਓਐਚਈ ਦਾ ਡਿਜਾਈਨ, ਸਪਲਾਈ, ਉਸਾਰੀ, ਪ੍ਰੀਖਸ਼ਣ ਅਤੇ ਕਮਿਸ਼ਨਿੰਗ ਲਈ ਕੰਮ। |

| ਨਿਵਿਦਾ ਬੰਦ/ ਖੁਲਣ ਦੀ ਮਿਤੀ: | ਲਗਭਗ ਲਾਗਤ | ਬਿਆਨਾ ਰਾਸ਼ੀ | ਕੰਮ ਪੂਰਾ ਕਰਨ ਦਾ ਸਮਾਂ | ਵੈਧਤਾ ਸਮਾਂ |
|---|---|---|---|---|
| 02.06.2025 | ₹45,73,244.90/- | ₹91,500/- | 04 ਮਹੀਨੇ | 60 ਦਿਨ |

ਟੈਂਡਰ ਫਾਰਮ ਦੀ ਕੀਮਤ: Downloading through IREPS Portal-NIL (₹ 3,000/- Sr.DEE/TRD/UMB ਆਫਿਸ ਤੋਂ ਹਾਰਡ ਕਾਪੀ ਦੇ ਲਈ)

1. ਟੈਂਡਰਕਾਰ ਨੂੰ ਸਾਰੀਆਂ ਜਰੂਰੀ ਯੋਗਤਾ ਦਸਤਾਵੇਜ ਅਤੇ PAN/GSTIN ਦੀ Scanned Copies IRESP ਪੋਰਟਲ ਤੇ ਅਪਲੋਡ ਕਰਨੀ ਹੈ। 2. ਟੈਂਡਰਕਾਰ ਦੇ ਕੋਲ ਈ-ਟੈਂਡਰ ਵਿਚ ਭਾਗ ਲੈਣ ਦੇ ਲਈ Class-III Digital Signature Certificate ਹੋਣੀ ਚਾਹੀਦੀ। 3. ਕੰਮ ਵਿਚ GST, BOCWW, Income Tax ਅਤੇ ਨਿਯਮ ਅਨੁਸਾਰ ਜਰੂਰੀ ਟੈਕਸ ਲਾਗੂ ਹੋਣਗੇ। 4. ਟੈਂਡਰ ਡਾਕੂਮੈਂਟ ਅਤੇ ਟੈਂਡਰ ਸੂਚਨਾ ਦੀ ਵਿਸਤ੍ਰਿਤ ਜਾਣਕਾਰੀ ਦੇ ਲਈ ਰੇਲਵੇ ਦੀ ਵੈਬਸਾਈਟ www.ireps.gov.in ਤੇ ਜਾਓ।

ਨੰਬਰ: ETrU-T-01-2025-26 ਤਾਰੀਕ: 09.05.2025 1380/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**SMFG IndiaCredit** Pragati Ki Nayi Pehchaan

**ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ**
*(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਕ੍ਰੈਡਿਟ ਕੰਪਨੀ ਲਿਮ.)*

**ਕਾਰਪੋਰੇਟ ਦਫਤਰ :** 10ਵੀਂ ਮੰਜ਼ਿਲ, ਦਫ਼ਤਰ ਨੰ. 101, 102 ਅਤੇ 103, 2 ਨਾਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051

**ਕਬਜ਼ੇ ਸੰਬੰਧੀ ਨੋਟਿਸ (ਅਚੱਲ ਜਾਇਦਾਦ ਲਈ) (ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 (1) ਦੇ ਤਹਿਤ)**

ਜਦੋਂ ਕਿ ਹੇਠ ਹਸਤਾਖਰ ਕਰਨ ਵਾਲਾ SMFG ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਦਾ ਅਧਿਕਾਰਤ ਅਧਿਕਾਰੀ ਹੈ, ਜਿਸਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਿਲ, ਪੁਰਾਣੀ ਨੰਬਰ 307, ਨਵੀਂ ਨੰਬਰ 165, ਪੂਨਾਮਲੀ ਹਾਈ ਰੋਡ ਮਦੂਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ 10ਵੀਂ ਮੰਜ਼ਿਲ, ਦਫਤਰ ਨੰਬਰ 101, 102 ਅਤੇ 103, 2 ਉੱਤਰੀ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ), ਮੁੰਬਈ 400051, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਸੁਰੱਖਿਆ ਹਿੱਤ ਐਕਟ, 2002 (54) ਦੇ ਤਹਿਤ ਹੈ, ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮਾਂ ਦੀ ਧਾਰਾ 3 ਦੇ ਨਾਲ ਪੜ੍ਹੇ ਗਏ ਧਾਰਾ 13 (12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, 2002 ਨੇ 09-08-2024 ਨੂੰ ਜਾਰੀ ਕੀਤਾ ਡਿਮਾਂਡ ਨੋਟਿਸ ਜਿਸ ਵਿੱਚ ਕਰਜ਼ਾ ਲੈਣ ਵਾਲੇ (ਆਂ) 1) ਘਈ ਟਰੇਡਿੰਗ ਕੰਪਨੀ, 2) ਮੁਕੇਸ਼, 3) ਰਾਨੂ ਨੂੰ ਲੋਨ ਅਕਾਊਂਟ ਨੰਬਰ (ਆਂ) # 197601311761362 ਦੇ ਤਹਿਤ ਨੋਟਿਸ ਵਿੱਚ ਦੱਸੀ ਗਈ ਰਕਮ 1,29,37,559.38/- ਰੁਪਏ (ਇੱਕ ਕਰੋੜ ਸੈਂਤੀ ਲੱਖ ਪੰਜ ਸੌ ਉਨਾਹਠ ਅਤੇ ਅਠੱਤੀ ਪੈਸੇ ਕੇਵਲ) 10 ਫਰਵਰੀ, 2025 ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕਰਨ ਲਈ ਕਿਹਾ ਗਿਆ ਹੈ।

ਕਰਜ਼ਾ ਲੈਣ ਵਾਲੇ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਾ ਲੈਣ ਵਾਲੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ ਸਾਲ 07 ਮਈ 2025 ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 ਦੀ ਉਪ ਧਾਰਾ (4) ਦੇ ਤਹਿਤ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਖਾਸ ਕਰਕੇ ਕਰਜ਼ਾ ਲੈਣ ਵਾਲੇ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ SMFG ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਦੇ 10 ਫਰਵਰੀ, 2025 ਨੂੰ 1,29,37,559.38/- ਰੁਪਏ (ਇੱਕ ਕਰੋੜ ਉਨੱਤੀ ਲੱਖ ਸੈਂਤੀ ਹਜ਼ਾਰ ਪੰਜ ਸੌ ਉਨਾਹਠ ਅਤੇ ਅਠੱਤੀ ਪੈਸੇ ਕੇਵਲ) ਦੀ ਰਕਮ ਅਤੇ ਉਸ 'ਤੇ ਵਿਆਜ ਦੇ ਅਧੀਨ ਹੋਵੇਗਾ। ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।

**ਅਚੱਲ ਸੰਪਤੀ ਦਾ ਵੇਰਵਾ:** ਜਾਇਦਾਦ ਦਾ ਮਾਲਕ - ਮੁਕੇਸ਼ ਘਈ ਪੁੱਤਰ ਸ਼੍ਰੀ ਤਰਲਾਸ਼ ਕੁਮਾਰ ਦੀ ਜਾਇਦਾਦ ਦਾ ਵੇਰਵਾ ਪਲਾਟ ਨੰਬਰ 12 'ਤੇ ਘਰ 215 ਵਰਗ ਗਜ਼ ਮਾਪਦਾ ਹੋਇਆ। ਸਾਲ 2008-09 ਲਈ ਜਮਾਂਬੰਦੀ ਅਨੁਸਾਰ ਖਸਰਾ ਨੰਬਰ 18//4,7 ਖਾਤਾ ਨੰਬਰ 1838/1901, ਹਡਬਸਟ ਨੰਬਰ 176 ਵਿੱਚ ਸਥਿਤ ਹੈ। ਇਹ ਪਿੰਡ 'ਸ਼ੇਰਪੁਰ ਕਲਾਂ' ਵਿੱਚ ਸਥਿਤ ਹੈ, ਜਿਸਨੂੰ 'ਨਹਿਰੂ ਨਗਰ' ਵਜੋਂ ਜਾਣਿਆ ਜਾਂਦਾ ਹੈ। ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। ਸੀਮਾਵਾਂ: - ਪੂਰਬ:- ਗਲੀ 30 ਚੌੜਾ 42'6", ਪੱਛਮ :- ਆਂਢ-ਗੁਆਂਢ 42'6", ਉੱਤਰ:- ਅਮਰ ਕਾਟੇਜ 94", ਦੱਖਣ:- ਜਗਦੇਵ ਸਿੰਘ 94"।

**ਸਥਾਨ : ਲੁਧਿਆਣਾ ਮਿਤੀ :** 10.05.2025 ਸਹੀ/- ਅਧਿਕਾਰਤ ਅਧਿਕਾਰੀ
ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਕ੍ਰੈਡਿਟ ਕੰਪਨੀ ਲਿਮ.)

# ਸਿੱਖ ਯੂਨਾਈਟਿਡ ਫ਼ਰੰਟ ਵੱਲੋਂ ਭਾਰਤੀ ਰੱਖਿਆ ਬਲਾਂ ਦੀ ਬਹਾਦਰੀ ਅਤੇ ਦ੍ਰਿੜਤਾ ਦਾ ਪੂਰਨ ਸਮੱਰਥਨ

ਜੰਮੂ, 9 ਮਈ (ਚ.ਨ.ਸ.) : ਸਿੱਖ ਯੂਨਾਈਟਿਡ ਫਰੰਟ ਜੰਮੂ-ਕਸ਼ਮੀਰ ਦੇ ਚੇਅਰਮੈਨ ਸੁਦਰਸ਼ਨ ਸਿੰਘ ਵਜ਼ੀਰ ਦੀ ਪ੍ਰਧਾਨਗੀ ਹੇਠ ਇੱਕ ਐਮਰਜੈਂਸੀ ਪ੍ਰੈਸ ਕਾਨਫਰੰਸ ਕੀਤੀ ਗਈ। ਉਨ੍ਹਾਂ ਹੋਰ ਸਿੱਖ ਸੰਗਠਨਾਂ ਨਾਲ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਅਤੇ ਵਿਦੇਸ਼ਾਂ ਵਿੱਚ ਕਿਤੇ ਵੀ ਸਥਿਤ ਸਾਰੇ ਸਿੱਖ ਅੱਤਵਾਦ ਵਿਰੁੱਧ ਕਾਰਵਾਈ ਦੇ ਸਮੱਰਥਨ ਵਿੱਚ ਭਾਰਤ ਸਰਕਾਰ ਦੇ ਨਾਲ ਖੜ੍ਹੇ ਹਨ। ਸ੍ਰੀ ਵਜ਼ੀਰ ਨੇ ਅੱਗੇ ਕਿਹਾ ਕਿ ਸਿੱਖ ਭਾਰਤੀ ਰੱਖਿਆ ਬਲਾਂ ਦੀ ਬਹਾਦਰੀ ਅਤੇ ਦ੍ਰਿੜਤਾ ਦਾ ਪੂਰਾ ਸਮੱਰਥਨ ਕਰਦੇ ਹਨ ਅਤੇ ਪਾਕਿਸਤਾਨ ਵੱਲੋਂ ਉਸਦੀਆਂ ਅੱਤਵਾਦੀ ਗਤੀਵਿਧੀਆਂ ਵਿਰੁੱਧ ਸ਼ੁਰੂ ਕੀਤੀ ਗਈ ਕਾਰਵਾਈ ਦੀ ਸ਼ਲਾਘਾ ਕਰਦੇ ਹਨ,। ਉਨ੍ਹਾਂ ਅੱਗੇ ਕਿਹਾ ਕਿ ਸਿੱਖਾਂ ਦਾ ਆਪਣੇ ਧਾਰਮਿਕ ਸਥਾਨਾਂ ਦੀ ਬੇਅਦਬੀ ਦਾ ਬਦਲਾ ਲੈਣ ਦਾ ਇਤਿਹਾਸ ਰਿਹਾ ਹੈ, ਇਸ ਲਈ ਪਾਕਿਸਤਾਨ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਨਾਗਰਿਕ ਖੇਤਰਾਂ 'ਤੇ ਬੇਤੁੱਕੀ ਗੋਲੀਬਾਰੀ ਨਾ ਕਰੇ ਅਤੇ ਟਕਰਾਅ ਦੀ ਨੈਤਿਕਤਾ ਦੀ ਪਾਲਣਾ ਕਰੇ।ਸ੍ਰੀ ਵਜ਼ੀਰ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ਅਤੇ ਸਾਰੀਆਂ ਰਾਜ ਸਰਕਾਰਾਂ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਵਧਾਈ ਦਿੱਤੀ।

ਚੰਡੀਗੜ੍ਹ ਹਾਊਸਿੰਗ ਬੋਰਡ
CHANDIGARH HOUSING BOARD
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਕ੍ਰਿਸ਼ਨ ਕੁਮਾਰ ਸਪੁੱਤਰ ਸ੍ਰੀ ਫਕੀਰ ਚੰਦ** ਦੇ ਨਾਮ ਤੋਂ **ਸ੍ਰੀ ਤਰਜਿੰਦਰ ਸਿੰਘ ਸਪੁੱਤਰ ਸ੍ਰੀ ਦਾਰਾ ਸਿੰਘ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 63, ਚੰਡੀਗੜ੍ਹ ਵਿਚ ਇੱਕ ਕਮਰੇ ਦਾ ਫਲੈਟ (ਈਡਬਲਿਊਐਸ) ਵਰਗ ਦੀ ਰਿਹਾਇਸ਼ੀ ਇਕਾਈ ਨੰ. 2409-ਏ (ਪਹਿਲੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 63, ਚੰਡੀਗੜ੍ਹ ਵਿਚ ਇੱਕ ਕਮਰੇ ਦਾ ਫਲੈਟ (ਈਡਬਲਿਊਐਸ) ਵਰਗ ਦੀ ਰਿਹਾਇਸ਼ੀ ਇਕਾਈ ਨੰ. 2409-ਏ (ਪਹਿਲੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਕ੍ਰਿਸ਼ਨ ਕੁਮਾਰ ਸਪੁੱਤਰ ਸ੍ਰੀ ਫਕੀਰ ਚੰਦ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਕ੍ਰਿਸ਼ਨ ਕੁਮਾਰ ਸਪੁੱਤਰ ਸ੍ਰੀ ਫਕੀਰ ਚੰਦ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 24.04.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਤਰਜਿੰਦਰ ਸਿੰਘ ਸਪੁੱਤਰ ਸ੍ਰੀ ਦਾਰਾ ਸਿੰਘ** ਨੂੰ ਵੇਚ ਦਿੱਤੀ ਹੈ। **ਸ੍ਰੀ ਤਰਜਿੰਦਰ ਸਿੰਘ ਸਪੁੱਤਰ ਸ੍ਰੀ ਦਾਰਾ ਸਿੰਘ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**SMFG INDIA CREDIT COMPANY LIMITED**

SMFG IndiaCredit Pragati Ki Nayi Pehchaan

ਕਾਰਪੋਰੇਟ ਦਫ਼ਤਰ: 10ਵੀਂ ਮੰਜ਼ਿਲ, ਦਫ਼ਤਰ ਨੰਬਰ 101,102 ਅਤੇ 103, 2 ਨੌਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ), ਮੁੰਬਈ - 400051

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**

ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ 15 ਦਿਨਾਂ ਦਾ ਈ-ਆਕਸ਼ਨ ਵਿਕਰੀ ਨੋਟਿਸ, ਜੋ ਕਿ ਸੁਰੱਖਿਆ ਵਿਆਜ (ਇਨਫੋਰਸਮੈਂਟ) ਨਿਯਮ, 2002 ਦੇ ਨਿਯਮ 8 ਅਤੇ 9 ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ, ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀਆਂ ਗਈਆਂ ਅਚੱਲ ਜਾਇਦਾਦਾਂ ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀਆਂ ਗਈਆਂ/ਚਾਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਕਬਜ਼ਾ **ਐਸਐਮਐਫਜੀ** ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ("**ਐਸਐਮਐਫਜੀ** ਇੰਡੀਆ ਕ੍ਰੈਡਿਟ") ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਵੇਚਿਆ ਜਾਵੇਗਾ। ਹੇਠਾਂ ਦੱਸੇ ਗਏ ਕਰਜ਼ਦਾਰਾਂ ਅਤੇ ਜ਼ਾਮਨਾਂ ਤੋਂ **ਐਸਐਮਐਫਜੀ** ਇੰਡੀਆ ਕ੍ਰੈਡਿਟ/ਸੁਰੱਖਿਅਤ ਲੈਣਦਾਰ ਦੇ ਬਕਾਏ, ਇੱਥੇ ਦੱਸੇ ਗਏ ਬਕਾਏ ਅਤੇ ਵਸੂਲੀ ਦੀ ਮਿਤੀ ਤੱਕ ਉਸ 'ਤੇ ਹੋਰ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ। ਰਿਜ਼ਰਵ ਕੀਮਤ, ਅਰਨੈਸਟ ਮਨੀ ਡਿਪਾਜ਼ਿਟ (ਈਐਮਡੀ) ਅਤੇ ਈਐਮਡੀ ਡਿਪਾਜ਼ਿਟ ਦੀ ਆਖਰੀ ਮਿਤੀ ਵੀ ਇੱਥੇ ਹੇਠਾਂ ਦੱਸੀ ਗਈ ਹੈ:

| | ਕਰਜ਼ਦਾਰ (ਾਂ)/ਜ਼ਾਮਨ (ਾਂ)/ਕਰਜ਼ ਖਾਤਾ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਰਾਖਵੀਂ ਕੀਮਤ, ਬਿਆਨਾ ਰਕਮ ਅਤੇ ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖਰੀ ਮਿਤੀ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|
| ਲ. ਨੰ. 1 | 1. ਜੰਗ ਫੌਰਜਿੰਗਜ਼ 2. ਅੰਮ੍ਰਿਤਪਾਲ ਸਿੰਘ ਦਹੇਲਾ 3. ਸੁਖਵਿੰਦਰ ਸਿੰਘ ਦਹਾਲੇ 4. ਪ੍ਰਭਜੀਤ ਕੌਰ 5. ਸੁਖਵਿੰਦਰ ਕੌਰ 6. ਗੁਰਪ੍ਰੀਤ ਕੌਰ 7. ਹਰਦੀਪ ਕੌਰ | 1,07,72,208.65/-(ਰੁ. ਇਕ ਕਰੋੜ ਸੱਤ ਲੱਖ ਬਹੱਤਰ ਹਜ਼ਾਰ ਦੋ ਸੌ ਅੱਠ ਅਤੇ ਪੈਂਹਠ ਪੈਸੇ ਕੇਵਲ) 28.10.2022 ਅਨੁਸਾਰ ਬਕਾਇਆ | ਰਿਜ਼ਰਵ ਕੀਮਤ 63,42,300/- ਰੁਪਏ (ਤਰੇਠ ਲੱਖ ਬਤਾਲੀ ਹਜ਼ਾਰ ਤਿੰਨ ਸੌ ਰੁਪਏ ਸਿਰਫ਼) ਹੋਵੇਗੀ ਅਤੇ ਬਿਆਨਾ ਰਾਸ਼ੀ 6,34,230/- ਰੁਪਏ (ਛੇ ਲੱਖ ਚੌਂਤੀ ਹਜ਼ਾਰ ਦੋ ਸੌ ਤੀਹ ਰੁਪਏ ਸਿਰਫ਼) ਹੋਵੇਗੀ। ਈਐਮਡੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 27.05.2025 ਹੈ। | ਮਿਤੀ : 28 ਮਈ 2025 ਸਮਾ : ਸਵੇਰੇ 11.00 ਤੋਂ ਬਾ.ਦੁ. 01.00 ਵਜੇ ਤੱਕ (ਹਰੇਕ ਪੰਜ ਮਿੰਟ ਦੇ ਅਸੀਮਤ ਵਾਧਿਆਂ ਸਮੇਤ) |
| ਅਚੱਲ ਜਾਇਦਾਦ ਦਾ ਵੇਰਵਾ: ਜਾਇਦਾਦ ਦਾ ਸਾਰਾ ਹਿੱਸਾ ਜਿਸ ਵਿੱਚ ਖਸਰਾ ਨੰਬਰ 824, ਮਕਾਨ ਨੰਬਰ 11220 ਗਲੀ ਨੰਬਰ 5, ਪਿੰਡ ਢੋਲੇਵਾਲ ਆਬਾਦੀ ਪ੍ਰਤਾਪ ਨਗਰ, ਸ਼ਿਵ ਮੰਦਿਰ ਨੇੜੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਸੰਦਰਭਿਤ। | | | | |
| ਲ. ਨੰ. 2 | 1. ਪ੍ਰਦੀਪ ਲਾਈਟ ਡੈਕੋਰੇਟਰ 2. ਪ੍ਰਦੀਪ ਕੁਮਾਰ ਆਨੰਦ, 3. ਸੁਨੈਨਾ ਆਨੰਦ | ਰੁ. 51,44,565/- (ਰੁ. ਇਕਵੰਜਾ ਲੱਖ ਚੁਤਾਲੀ ਹਜ਼ਾਰ ਪੰਜ ਸੌ ਪੈਂਹਠ ਕੇਵਲ) | ਰਿਜ਼ਰਵ ਕੀਮਤ 32,80,500/- ਰੁਪਏ (ਬੱਤੀ ਲੱਖ ਅੱਸੀ ਹਜ਼ਾਰ ਪੰਜ ਸੌ ਰੁਪਏ ਸਿਰਫ਼) ਹੋਵੇਗੀ ਅਤੇ ਬਿਆਨਾ ਰਾਸ਼ੀ 3,28,050/- ਰੁਪਏ (ਤਿੰਨ ਲੱਖ ਅਠਾਈ ਹਜ਼ਾਰ ਪੰਜਾਹ ਰੁਪਏ ਸਿਰਫ਼) ਹੋਵੇਗੀ। ਈਐਮਡੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 27.05.2025 ਹੈ। | ਮਿਤੀ : 28 ਮਈ 2025 ਸਮਾ : ਸਵੇਰੇ 11.00 ਤੋਂ ਬਾ.ਦੁ. 01.00 ਵਜੇ ਤੱਕ (ਹਰੇਕ ਪੰਜ ਮਿੰਟ ਦੇ ਅਸੀਮਤ ਵਾਧਿਆਂ ਸਮੇਤ) |
| ਅਚੱਲ ਜਾਇਦਾਦ ਦਾ ਵੇਰਵਾ: ਖਸਰਾ ਨੰਬਰ 7/24-15-26-6//20-11-7//25-19//26-7//16-6//10 ਖਾਤਾ ਨੰਬਰ 55/55-56/56 ਤੋਂ 58-57/59-58/60-64/66, ਸਾਲ 2008-09 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਬਲੋਕੇ ਐਚ.ਬੀ. ਵਿਖੇ ਸਥਿਤ, 333 ਵਰਗ ਗਜ਼ ਦੇ ਖੇਤਰ ਵਿੱਚ ਸਥਿਤ ਹੈ। ਨੰ.103, ਅਬਾਦੀ ਜਿਸਨੂੰ ਸੰਤ ਵਿਹਾਰ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ। ਹੱਦਬੰਦੀ: ਪੂਰਬ: ਸੜਕ ਮਾਪ 25'10" ਪੱਛਮ: ਗੁਆਂਢੀ ਮਾਪ 44'0' ਉੱਤਰ: ਗੁਆਂਢੀ ਮਾਪ 98' 0' ਦੱਖਣ: ਮਾਪ. 35'+13'6"ਅੰਦਰ ਵਕਰ+71' | | | | |
| ਲ. ਨੰ. 3 | 1. ਅਸ਼ੋਕਾ ਨਿਟਿੰਗ ਵਰਕਸ, 2. ਅਸ਼ੋਕ ਕੁਮਾਰ, 3. ਮਮਤਾ ਰਾਣੀ, 4. ਰਾਮ ਗੋਪਾਲ। | ਰੁ. 56,27,393/- (ਰੁ. ਛਪੰਜਾ ਲੱਖ ਸਤਾਈ ਹਜ਼ਾਰ ਤਿੰਨ ਸੌ ਤਰਾਨਵੇਂ ਕੇਵਲ) 28 ਅਕਤੂਬਰ 2022 ਅਨੁਸਾਰ ਬਕਾਇਆ | ਜਾਇਦਾਦ 1 ਲਈ ਰਿਜ਼ਰਵ ਕੀਮਤ 13,16,392/- ਰੁਪਏ (ਤੇਰਾਂ ਲੱਖ ਸੋਲ੍ਹਾਂ ਹਜ਼ਾਰ ਤਿੰਨ ਸੌ ਬਾਨਵੇਂ ਸਿਰਫ਼) ਅਤੇ ਜਾਇਦਾਦ 2 ਲਈ 20,98,718/- ਰੁਪਏ (ਵੀਹ ਲੱਖ ਅਠਾਨਵੇਂ ਹਜ਼ਾਰ ਸੱਤ ਸੌ ਅਠਾਰਾਂ ਸਿਰਫ਼) ਹੋਵੇਗੀ ਅਤੇ ਬਿਆਨਾ ਰਾਸ਼ੀ ਜਮ੍ਹਾਂ ਰਕਮ 1 ਲਈ 1,31,640/- ਰੁਪਏ (ਇੱਕ ਲੱਖ ਇਕੱਤੀ ਹਜ਼ਾਰ ਛੇ ਸੌ ਚਾਲੀ ਸਿਰਫ਼) ਅਤੇ ਜਾਇਦਾਦ 2 ਲਈ 2,09,872/- ਰੁਪਏ (ਦੋ ਲੱਖ ਨੌਂ ਹਜ਼ਾਰ ਅੱਠ ਸੌ ਬਾਨਵੇਂ ਸਿਰਫ਼) ਹੋਵੇਗੀ। ਈਐਮਡੀ ਜਮ੍ਹਾਂ ਕਰਨ ਦੀ ਆਖਰੀ ਮਿਤੀ 27.05.2025 ਹੈ। | ਮਿਤੀ : 28 ਮਈ 2025 ਸਮਾ : ਸਵੇਰੇ 11.00 ਤੋਂ ਬਾ.ਦੁ. 01.00 ਵਜੇ ਤੱਕ (ਹਰੇਕ ਪੰਜ ਮਿੰਟ ਦੇ ਅਸੀਮਤ ਵਾਧਿਆਂ ਸਮੇਤ) |
| ਅਚੱਲ ਜਾਇਦਾਦ ਦਾ ਵੇਰਵਾ: ਜਾਇਦਾਦ 1 ਖਸਰਾ ਨੰਬਰ 1449, 1450, 1448, 1447, 1499/1 ਵਾਲੀ ਜਾਇਦਾਦ ਦਾ ਸਾਰਾ ਹਿੱਸਾ ਜਿਸ ਵਿੱਚ ਗਲੀ ਨੰਬਰ 6 ਬਚਿਤਰ ਨਗਰ ਵਾਕੀਆ ਗਿੱਲ ਨੰਬਰ 2 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਜਾਇਦਾਦ 2 ਖਸਰਾ ਨੰਬਰ 1449, 1450, 1448, 1447 ਵਾਕੀਆ ਗਿੱਲ 2 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। | | | | |

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਅਮੀਨ ਕੁਮਾਰ ameen.kumar@smfgindia.com +91 8685987810 ਅਤੇ ਹਰਮਨੀ ਜੌਲੀ Harmani.Jolly@smfgindia.com +918655901470 'ਤੇ ਸੰਪਰਕ ਕਰੋ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ SMFG ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ/ਸੁਰੱਖਿਅਤ ਲੈਣਦਾਰ ਦੀ ਵੈੱਬਸਾਈਟ ਯਾਨੀ www.smfgindia.com/https://smfgindia.auctiontiger.net ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ।

ਮਿਤੀ: 10/05/2025, ਸਥਾਨ: ਪੰਜਾਬ — ਸਹੀ/- ਅਧਿਕਾਰਤ ਅਧਿਕਾਰੀ- ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ।

**ਪੰਜਾਬ ਸਰਕਾਰ** — **ਟੈਂਡਰ ਸੂਚਨਾ**

| ਲ. ਨੰ. | ਵਿਭਾਗ ਦਾ ਨਾਮ | ਟੈਂਡਰ/ਸੂਚਨਾ/ਕੰਮ ਦਾ ਨਾਮ | ਖੁੱਲ੍ਹਣ ਦੀ ਮਿਤੀ/ ਬੰਦ ਹੋਣ ਦੀ ਮਿਤੀ | ਰਕਮ/ਜਮ੍ਹਾਂ ਬਿਆਨਾ ਰਕਮ (ਅਨੁਮਾਨਤ) ਲੱਖਾਂ ਵਿਚ | ਨੋਡਲ ਅਧਿਕਾਰੀ/ ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਡਿਵੀਜ਼ਨਲ ਭੂਮੀ ਸੰਭਾਲ ਅਫ਼ਸਰ, ਫਿਰੋਜ਼ਪੁਰ | ਭੂਮੀਗਤ ਪਾਈਪਲਾਈਨ ਵਿਛਾਉਣ, 250, 300, 350 ਅਤੇ 400 ਮਿਲੀਮੀਟਰ ਵਿਆਸ ਵਾਲੇ ਆਰਸੀਸੀ ਪਾਈਪਾਂ ਨੂੰ ਘਟਾਉਣ ਅਤੇ ਜੋੜਨ, ਰਾਈਜ਼ਰ ਦੀ ਫਿਕਸਿੰਗ, ਏਏਵੀ, ਏਅਰ ਵੈਂਟ ਪਾਈਪਾਂ ਅਤੇ ਪੰਪ ਸਟੈਂਡਾਂ ਅਤੇ ਹੌਦੀਜ਼ ਦੀ ਉਸਾਰੀ ਲਈ ਖਾਈ ਵਿੱਚ ਖੁਦਾਈ ਵਿੱਚ ਮਿੱਟੀ ਦਾ ਕੰਮ। | 08.05.2025 / 23.05.2025 | 1.21 LACS | 950030087 dsco.dswc.ferozepur@punjab.gov.in |
| 2. | ਡਿਵੀਜ਼ਨਲ ਭੂਮੀ ਸੰਭਾਲ ਦਫ਼ਤਰ, ਜਲੰਧਰ | ਜਲੰਧਰ ਅਤੇ ਕਪੂਰਥਲਾ ਵਿਖੇ ਸਿਵਲ ਵਰਕਸ ਸਮੇਤ ਆਰਸੀਸੀ ਭੂਮੀਗਤ ਪਾਈਪਲਾਈਨ ਵਿਛਾਉਣਾ | 08.05.2025 / 19.05.2025 | 20.00 THOUSAND | 9814030101 dsco.dswc.jalandhar@punjab.gov.in |
| 3. | ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ | ਲੱਡਬੰਜਾਰਾ ਦੇ ਮਾਈਨਰ 10 ਦੇ 19380/ਆਰ ਦੇ ਵਾਟਰ ਕੋਰਸਾਂ ਦੀ ਭੂਮੀਗਤ ਪਾਈਪਲਾਈਨ ਵਿਛਾਉਣਾ | 30.04.2025 / 15.05.2025 | 1.40 LACS | 9646407185 XENIBLEHAL@GMAIL.COM |
| 4. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਮੰਡਲ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਬਟਾਲਾ | ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਰੋੜ ਖੇੜਾ ਬਲਾਕ ਬਟਾਲਾ ਵਿੱਚ ਲਖਵਿੰਦਰ ਸਿੰਘ, ਦਵਿੰਦਰ ਸਿੰਘ, ਕਸ਼ਮੀਰ ਸਿੰਘ, ਹਰਜਿੰਦਰ ਸਿੰਘ ਆਦਿ ਦੇ ਨੇੜੇ ਲਿੰਕ ਰੋਡ ਦਾ ਨਿਰਮਾਣ। | 08.05.2025 / 14.05.2025 | 54.80 THOUSAND | 9814744141 eecdbatalapwdpb@gmail.com |
| 5. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਮੰਡਲ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਰੂਪਨਗਰ | ਨੰਗਲ ਜ਼ਿਲ੍ਹਾ ਰੂਪਨਗਰ ਵਿਖੇ ਸਕੂਲ ਆਫ਼ ਐਮੀਨੈਂਸ ਵਿੱਚ ਆਲ ਵੇਦਰ ਇਨਡੋਰ ਸਵੀਮਿੰਗ ਪੂਲ | 12.05.2025 / 03.06.2025 | 7.91 LACS | 9876647324 pwdropar@yahoo.co.in |
| 6. | ਕਾਰਜਕਾਰੀ ਇੰਜੀਨੀਅਰ, ਰਾਸ਼ਟਰੀ ਰਾਜਮਾਰਗ ਮੰਡਲ,ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਅੰਮ੍ਰਿਤਸਰ | ਕਾਰਜਕਾਰੀ ਇੰਜੀਨੀਅਰ, ਨੈਸ਼ਨਲ ਹਾਈਵੇ ਡਿਵੀਜ਼ਨ, ਪੀਡਬਲਯੂਡੀ ਭ ਅਤ ਮ, ਅੰਮ੍ਰਿਤਸਰ ਲਈ 1 ਸਾਲ ਲਈ 1 ਨੰਬਰ ਸੇਡਾਨ ਵਾਹਨ ਦੀ ਨਿਯੁਕਤੀ ਜਿਸ ਨੂੰ 3 ਸਾਲਾਂ ਤੱਕ ਵਧਾਇਆ ਜਾ ਸਕਦਾ ਹੈ (ਮਾਰੂਤੀ ਸਿਆਜ਼/ਮਾਰੂਤੀ ਡਿਜ਼ਾਇਰ/ਹੁੰਡਾਈ ਔਰਾ/ਹੌਂਡਾ ਅਮੇਜ਼ ਆਦਿ) | 12.05.2025 / 19.05.2025 | 0.11 LACS | 9988254750 eecw1asr@gmail.com |
| 7. | ਡਾਇਰੈਕਟਰ, ਪਸ਼ੂ ਪਾਲਣ, ਪੰਜਾਬ, ਪਸ਼ੂਧਨ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ | ਚਿੱਲਰ 200 ਲੀਟਰ-1, ਚਿੱਲਰ 20 ਲੀਟਰ-1, ਏਅਰ ਕੰਪ੍ਰੈਸਰ -1, ਓ2 ਅਤੇ ਐਨ ਸਿਲੰਡਰ -6 ਹਰੇਕ, ਵੰਡ ਪ੍ਰਣਾਲੀ, ਸਟੀਮ ਬਾਇਲਰ ਸਿਸਟਮ -1, ਪੈਰੀਸਟਾਲਟਿਕ ਪੰਪ-1, ਬੈਟਰੀ ਦੇ ਨਾਲ ਯੂਪੀਐਸ -1, ਆਟੋਮੈਟਿਕ ਲੇਬਲਿੰਗ ਮਸ਼ੀਨ ਅਤੇ ਪ੍ਰਿੰਟਰ -1 ਦੀ ਖਰੀਦ | 12.05.2025 / 02.06.2025 | 2.00 LACS | 8284911937 dahpunjab@gmail.com |
| 8. | ਡਿਪਟੀ ਕਮਿਸ਼ਨਰ, ਬਰਨਾਲਾ | 2025-26 (1/6/2025 ਤੋਂ 31.3.2026) ਲਈ ਡੀਏਸੀ ਕੰਪਲੈਕਸ ਬਰਨਾਲਾ ਵਿੱਚ ਸਫਾਈ ਲਈ ਟੈਂਡਰ (ਸਿਰਫ਼ ਦਸ ਮਹੀਨਿਆਂ ਲਈ) | 08.05.2025 / 22.05.2025 | 0.00 LACS | 9780007950 dndcbnl@gmail.com |
| 9. | ਕਾਰਜਕਾਰੀ ਇੰਜੀਨੀਅਰ, ਸੂਬਾਈ ਮੰਡਲ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਅੰਮ੍ਰਿਤਸਰ | ਸਰਕਾਰੀ ਐਲੀਮੈਂਟਰੀ ਸਕੂਲ ਅਮਰਕੋਟ ਅਤੇ ਸਰਕਾਰੀ ਐਲੀਮੈਂਟਰੀ ਸਕੂਲ, ਜੰਡਿਆਲਾ ਗੁਰੂ ਦੀ ਮੁੱਖ ਮੁਰੰਮਤ | 09.05.2025 / 22.05.2025 | 2.70 LACS | 9888404112 ee.pd.amritsar.pwd@punjab.gov.in |
| 10. | ਮੈਂਬਰ ਸਕੱਤਰ, ਜੰਗਲੀ ਜੀਵ ਵਿਭਾਗ ਖਰੀਦ ਕਮੇਟੀ-ਕਮ-ਫੀਲਡ ਡਾਇਰੈਕਟਰ, ਛੱਤਬੀੜ | ਮਿੰਨੀ ਚਿੜੀਆਘਰ ਬੀੜ ਤਲਾਬ ਬਠਿੰਡਾ ਅਤੇ ਲੁਧਿਆਣਾ ਚਿੜੀਆਘਰ ਲੁਧਿਆਣਾ ਦੇ ਜਾਨਵਰਾਂ ਅਤੇ ਪੰਛੀਆਂ ਲਈ ਫੀਡ ਅਤੇ ਚਾਰੇ ਦੀ ਸਪਲਾਈ | 12.05.2025 / 26.05.2025 | 1.85 LACS | 9463596843 mczpchhatbir@gmail.com |
| 11. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀਡਬਲਿਊਡੀ (ਭ ਅਤੇ ਮ) ਡਿਵੀਜ਼ਨ, ਸੰਗਰੂਰ | ਸੰਗਰੂਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਤਲਾਅ ਦੇ ਪੁਨਰ ਨਿਰਮਾਣ ਅਤੇ ਨਵੀਨੀਕਰਨ ਲਈ ਸਮੱਗਰੀ ਅਤੇ ਹੁਨਰਮੰਦ ਮਜ਼ਦੂਰਾਂ ਦੀ ਸਪਲਾਈ (ਨਰੇਗਾ ਉਸਾਰੀ ਦਾ ਕੰਮ) | 09.05.2025 / 23.05.2025 | 4.98 LACS | 9780020165 xenprsangrur@yahoo.in |
| 12. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1 ਚੰਡੀਗੜ੍ਹ | ਕੋਠੀ ਨੰਬਰ 45/2, ਚੰਡੀਗੜ੍ਹ ਵਿਖੇ ਨਵੇਂ ਬਣੇ ਬਾਥਰੂਮਾਂ ਅਤੇ ਇਸ ਨਾਲ ਸਬੰਧਤ ਹੋਰ ਸਾਰੇ ਕੰਮਾਂ ਵਿੱਚ ਜਨਤਕ ਸਿਹਤ ਸੇਵਾਵਾਂ ਪ੍ਰਦਾਨ ਕਰਨਾ। | 10.05.2025 / 26.05.2025 | 77.68 THOUSAND | 9872519223 eegwd1@yahoo.in |
| 13. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1, ਜਲੰਧਰ | ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਜਲੰਧਰ ਦੀ ਇਮਾਰਤ ਵਿੱਚ ਜ਼ਮੀਨੀ ਮੰਜ਼ਿਲ 'ਤੇ ਮੌਜੂਦਾ ਟਾਇਲਟ ਬਲਾਕ (ਐਮਏ ਬ੍ਰਾਂਚ ਨੇੜੇ ਜੈਂਟਸ ਟਾਇਲਟ + ਐਮਏ ਬ੍ਰਾਂਚ ਨੇੜੇ ਔਰਤਾਂ ਲਈ ਟਾਇਲਟ + ਪੌੜੀਆਂ ਨੇੜੇ ਜੈਂਟਸ ਟਾਇਲਟ) ਦੀ ਮੁਰੰਮਤ ਅਤੇ ਨਵੀਨੀਕਰਨ (ਜਮ੍ਹਾਂ ਕੰਮ) | 12.05.2025 / 25.05.2025 | 29.00 THOUSAND | 9615000057 eewss.div1jalandharpb@yahoo.com |
| 14. | ਕਾਰਜਕਾਰੀ ਇੰਜੀਨੀਅਰ/ਪਟਿਆਲਾ ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਡਿਵੀਜ਼ਨ, ਡਬਲਿਊਆਰਡੀ, ਪੰਜਾਬ, ਪਟਿਆਲਾ | ਸ਼੍ਰੀ ਕਾਲੀ ਮਾਤਾ ਮੰਦਰ ਅਤੇ ਰਾਜਿੰਦਰਾ ਝੀਲ/ਟੈਂਕ ਦੇ ਸਰੋਵਰ ਨੂੰ ਤਾਜ਼ਾ ਪਾਣੀ ਪ੍ਰਦਾਨ ਕਰਨ ਲਈ ਪੁਰਾਣੀ ਪਾਈਪ ਲਾਈਨ ਨੂੰ ਹਟਾਉਣਾ ਅਤੇ ਨਵੀਂ ਪਾਈਪ ਲਾਈਨ ਵਿਛਾਉਣਾ। | 08.05.2025 / 22.05.2025 | 1.48 LACS | 9888652218 eedrg.dwr.ptl@punjab.gov.in |
| 15. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1, ਪਟਿਆਲਾ | ਮੌਜੂਦਾ ਜਲ ਸਪਲਾਈ ਸਕੀਮ ਤਰਖੇੜੀ ਕਲਾਂ, ਬਲਾਕ ਨਾਭਾ, ਜ਼ਿਲ੍ਹਾ ਪਟਿਆਲਾ (15ਵੇਂ ਵਿੱਤ ਕਮਿਸ਼ਨ ਅਧੀਨ) ਵਿਖੇ ਪੀਵੀਸੀ ਪਾਈਪਲਾਈਨ ਅਤੇ ਇਸ ਨਾਲ ਜੁੜੇ ਹੋਰ ਸਾਰੇ ਕੰਮ ਪ੍ਰਦਾਨ ਕਰਨਾ। | 12.05.2025 / 26.05.2025 | 19.77 THOUSAND | 9041049149 eewss_gwpta@yahoo.com |
| 16. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਡਿਵੀਜ਼ਨ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਨਾਭਾ (ਪਟਿਆਲਾ) | ਬਨੇਰਾ ਤੋਂ ਨਰਮਣਾ ਵਾਇਆ ਰਾਧਾ ਸਵਾਮੀ ਸਤਿਸੰਗ ਘਰ ਦਾ ਨਵਾਂ ਨਿਰਮਾਣ। ਨਾਬਾਰਡ-30 ਸਾਲ 2024-25 ਅਧੀਨ ਲੰਬਾਈ 1.60 ਕਿਲੋਮੀਟਰ, ਕੰਮ ਪੂਰਾ ਹੋਣ ਤੋਂ ਬਾਅਦ 5 ਸਾਲ ਦੀ ਰੁਟੀਨ ਰੱਖ-ਰਖਾਅ (ਦੂਜੇ ਸਾਲ ਤੋਂ 5ਵੇਂ ਸਾਲ) (ਪਹਿਲੇ ਸਾਲ ਨੂੰ ਨੁਕਸ ਦੇਣਦਾਰੀ ਦੀ ਮਿਆਦ ਮੰਨਿਆ ਜਾਵੇਗਾ) | 09.05.2025 / 16.05.2025 | 1.23 LACS | 9872472745 xennabha@gmail.com |
| 17. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 2, ਬਠਿੰਡਾ | ਟਿਊਬਵੈੱਲ ਤੋਂ ਨਹਿਰ ਅਧਾਰਤ ਬਲਾਕ ਰਾਮਪੁਰਾ ਜ਼ਿਲ੍ਹਾ ਬਠਿੰਡਾ ਤੱਕ ਜਲ ਸਪਲਾਈ ਯੋਜਨਾ ਭੂੰਦੜ ਦਾ ਮੁਲਾਂਕਣ (ਨਾਬਾਰਡ 30 ਪ੍ਰੋਜੈਕਟ ਅਧੀਨ) | 12.05.2025 / 03.06.2025 | 5.07 LACS | 9803000038 xenwss2bti@yahoo.in |
| 18. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰਬਰ 1, ਮੋਗਾ | ਪਿੰਡ ਕਾਹਨ ਸਿੰਘ ਵਾਲਾ, ਬਲਾਕ ਮੋਗਾ-2, ਜ਼ਿਲ੍ਹਾ ਮੋਗਾ (ਨਾਬਾਰਡ-30 ਅਧੀਨ) ਨੂੰ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਦਾਨ ਕਰਨ ਦਾ ਵਾਧਾ | 10.05.2025 / 19.05.2025 | 76.00 THOUSAND | 7087424344 xenrws_moga1@yahoo.com |
| 19. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰਬਰ 1, ਸੰਗਰੂਰ | ਅਗਸਤ ਡਬਲਯੂ/ਐਸ/ਐਸ ਕਮਾਲਪੁਰ, ਬੁਸ਼ੇਰਾ, ਫਤਿਹਗੜ੍ਹ, ਖੋਖਰ ਕਲਾਂ, ਕੋਟੜਾ ਲਹਿਲ, ਸ਼ਾਹਪੁਰ ਥੇਰ, ਸੁਲੱਰ ਘਰਾਟ (ਨਾਬਾਰਡ-30) ਓਐਚਐਸਆਰ/ਟੀਡਬਲਿਊ/ਸੀ.ਡਬਲਿਊ | 12.05.2025 / 04.06.2025 | 693.48 LACS | 7392900000 xenphsangrur@yahoo.in |
| 20. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 2, ਫਿਰੋਜ਼ਪੁਰ | 1. ਪੈਕੇਜ-03 ਡਬਲਯੂ.ਐਸ.ਐਸ. ਝਾਵਲਾ, ਵਿਰਕ ਖੁਰਦ, ਕੋਹਰ ਸਿੰਘ ਵਾਲਾ ਲਈ 2. ਪੈਕੇਜ-06 ਡਬਲਯੂ.ਐਸ.ਐਸ. ਘੰਗਾ ਖੁਰਦ ਲਈ 3. ਡਬਲਯੂਐਸਐਸ ਸਵਾਹ ਵਾਲਾ, ਚੱਕ ਸਵਾਹ ਵਾਲਾ ਚੱਕ ਸੈਦੋ ਕੇ ਬੂੜ ਵਾਲਾ ਅਤੇ ਝੜੀ ਵਾਲਾ ਬਲਾਕ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਲਈ ਪੈਕੇਜ-10 (ਸਟੇਟ ਸ਼ੇਅਰ/ਜੇਜੇਐਮ ਅਧੀਨ) | 12.05.2025 / 02.06.2025 | 11.25 LACS | 9888784300 eewss.div2ferozepurpb@yahoo.com |
| 21. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰਬਰ 1, ਲੁਧਿਆਣਾ | ਜਲ ਸਪਲਾਈ ਸਕੀਮ ਝੋਰੜਾਂ ਬਲਾਕ ਰਾਏਕੋਟ, ਜਿਲਾ. ਲੁਧਿਆਣਾ। (ਸਿਰਲੇਖ 4215 ਅਧੀਨ)। | 09.05.2025 / 23.05.2025 | 38.46 THOUSAND | 9023196303 div1ldh@gmail.com |
| 22. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਰੂਪਨਗਰ | 1. ਡਬਲਿਊਐਸਐਸ ਬਨ ਮਾਜਰਾ ਜ਼ਿਲ੍ਹਾ ਰੋਪੜ ਦੇ ਖਰਾਬ ਟਿਊਬਵੈੱਲ ਦੀ ਥਾਂ 'ਤੇ ਟਿਊਬਵੈੱਲ (ਅਕਾਰ 200 ਐਮਐਮ ਆਈਡੀ 190ਮੀਟਰ ਡੂੰਘਾ) ਦੀ ਸਥਾਪਨਾ (2 ਅਦਦ) (ਐਚ-4215)।2. ਮੌਜੂਦਾ ਦਰਗਾਹਸ਼ਾਹ ਖਾਲਿਦ (3 ਅਦਦ) ਜ਼ਿਲ੍ਹਾ ਰੋਪੜ (ਟਿਊਬਵੈੱਲ, ਓਐਚਐਸਆਰ ਅਤੇ ਸੀ/ਡਬਲਿਊ) (ਐਨ-30) ਦੇ ਅਧੀਨ ਕਵਰਡ ਪਿੰਡ ਮਾਜਰੀ ਜੱਟਾਂ (2 ਅਦਦ) ਦੇ ਲਈ ਡਬਲਿਊਐਸਐਸਦੀ ਵੰਡ। | 09.05.2025 / 26.05.2025 | 1.46 LACS | 1881512487 division_ropar@yahoo.co.in |
| 23. | ਕਾਰਜਕਾਰੀ ਇੰਜੀਨੀਅਰ, ਬਿਲਡਿੰਗ ਅਤੇ ਸਟੋਰ ਡਿਵੀਜ਼ਨ, ਪੰਜਾਬ ਚੰਡੀਗੜ੍ਹ | ਬੀਐਮਐਲ ਨਹਿਰ ਅਤੇ ਭੂਮੀਗਤ ਜਲ ਵਿਭਾਗ, ਪਟਿਆਲਾ ਦੇ ਸੁੱਕੇ ਰੁੱਖਾਂ ਦੀ ਲੱਕੜ ਦਾ ਨਿਪਟਾਰਾ | 10.05.2025 / 02.06.2025 | 4.30 THOUSAND | 8196817336 eeworkshop38@gmail.com |
| 24. | ਸਟੋਰ ਕੰਟਰੋਲਰ, ਪੰਜਾਬ, ਚੰਡੀਗੜ੍ਹ | ਐਕਸ-ਰੇ ਮਸ਼ੀਨ ਅਤੇ ਨਾ-ਵਰਤੋਂਯੋਗ ਸਟੋਰਾਂ ਦਾ ਨਿਪਟਾਰਾ। | 10.05.2025 / 02.06.2025 | 10.00 Percent | 9877100569 cospunjab@yahoo.in |
| 25. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਪੰਜਾਬ, ਚੰਡੀਗੜ੍ਹ | 1. ਸੈਕਟਰ-39ਸੀ, ਚੰਡੀਗੜ੍ਹ ਵਿੱਚ ਪੰਜਾਬ ਸਰਕਾਰ ਦੇ ਮਕਾਨ ਵਰਗ-1(ਜੀ-1, 2 ਅਤੇ 4) ਦੀਆਂ ਬਾਲਕੋਨੀਆਂ ਵਿੱਚ ਟਾਈਲਾਂ ਪ੍ਰਦਾਨ ਕਰਨ ਅਤੇ ਵਿਛਾਉਣ ਲਈ ਐਸ/ਆਰ। 2. ਪੰਜਾਬ ਸਰਕਾਰ ਦੇ ਘਰਾਂ ਸੈਕਟਰ-39ਸੀ, ਚੰਡੀਗੜ੍ਹ ਵਿੱਚ ਸਾਹਮਣੇ ਅਤੇ ਪਿਛਲੇ ਵਿਹੜੇ ਵਿੱਚ ਚੈਕਰਡ ਟਾਈਲਾਂ ਪ੍ਰਦਾਨ ਕਰਨ ਅਤੇ ਵਿਛਾਉਣ ਲਈ ਐਸ/ਆਰ | 10.05.2025 / 26.05.2025 | 132.69 THOUSAND | 9646900868 eeprovincialdivisionpwd@gmail.com |
| 26. | ਮੰਡਲ ਭੂਮੀ ਸੰਭਾਲ ਅਧਿਕਾਰੀ, ਗੁਰਦਾਸਪੁਰ | ਆਰਸੀਸੀ ਭੂਮੀਗਤ ਪਾਈਪਲਾਈਨ ਵਿਛਾਉਣ ਲਈ ਖਾਈ ਦੀ ਖੁਦਾਈ ਲਈ ਧਰਤੀ ਦਾ ਕੰਮ ਜ਼ਿਲ੍ਹਾ ਗੁਰਦਾਸਪੁਰ | 09.05.2025 / 14.05.2025 | 15.00 THOUSAND | 9501866722 dsco.dswc.gurdaspur@punjab.gov.in |
| 27. | ਕਾਰਜਕਾਰੀ ਇੰਜੀਨੀਅਰ (ਇਲੈਕਟ੍ਰੀਕਲ), ਪੰਚਾਇਤੀ ਰਾਜ ਲੋਕ ਨਿਰਮਾਣ, ਐਸ.ਏ.ਐਸ.ਨਗਰ। | ਪਿੰਡ ਘੁੰਗਰਾਲੀ ਬਲਾਕ ਖੰਨਾ ਜ਼ਿਲ੍ਹਾ ਲੁਧਿਆਣਾ ਵਿੱਚ ਖੰਭਿਆਂ 'ਤੇ ਗਲੀ ਦੀਆਂ ਲਾਈਟਾਂ ਦੀ ਸਥਾਪਨਾ ਅਤੇ ਕਾਰਜਸ਼ੀਲਤਾ | 09.05.2025 / 23.05.2025 | 38.00 THOUSAND | 7355000017 xenprelect@gmail.com |

ਹੋਰ ਜਾਣਕਾਰੀ ਲਈ ਅਤੇ ਸ਼ੁਧਤਾ ਅਤੇ ਅਡੈਂਡਮ ਜੇ ਕੋਈ ਹੋਵੇ, ਕਿਰਪਾ ਕਰਕੇ ਜਾਓ:
wss.punjab.gov.in,eproc.punjb.gov.in,irrigation.punjab.gov.in,www.barnala.gov.in,www.chhatbirzoo.gov.in,www.eproc.punjab.gov.in,www.husbandrypunjab.org,
RO No PR-ADVT.No:-26/12/1256/2023/44309/Dated Chd:- 5/9/2025
RO Code : 26/12/1256/2023/44309

ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ

## ਸ਼ਹਿਤੂਤ ਦੇ ਪੱਤੇ ਚਬਾਉਣ ਨਾਲ ਸਰੀਰ ਦਿਨ ਭਰ ਤਾਜ਼ਾ ਅਤੇ ਊਰਜਾਵਾਨ ਰਹਿੰਦਾ



ਤੁਸੀਂ ਸ਼ਹਿਤੂਤ ਦੇ ਫਲ ਜ਼ਰੂਰ ਖਾਧੇ ਹੋਣਗੇ ਮਿੱਠੇ, ਰਸੀਲੇ ਅਤੇ ਬਹੁਤ ਸੁਆਦੀ, ਪਰ ਕੀ ਤੁਸੀਂ ਕਦੇ ਇਸਦੇ ਪੱਤੇ ਚਬਾਉਣ ਦੀ ਕੋਸ਼ਿਸ਼ ਕੀਤੀ ਹੈ ? ਜੇ ਨਹੀਂ ? ਇਸ ਲਈ ਹੁਣ ਸਮਾਂ ਹੈ ਕਿ ਤੁਸੀਂ ਇਸ ਗੁਪਤ ਦਵਾਈ ਨੂੰ ਆਪਣੀ ਸਵੇਰ ਦੀ ਰੁਟੀਨ ਵਿੱਚ ਸ਼ਾਮਲ ਕਰੋ। ਹਾਂ, ਆਯੁਰਵੇਦ ਦੇ ਖਜ਼ਾਨੇ ਵਿੱਚ ਸ਼ਹਿਤੂਤ ਦੇ ਪੱਤਿਆਂ ਦਾ ਬਹੁਤ ਹੀ ਖਾਸ ਦਰਜਾ ਹੈ। ਖਾਸ ਕਰਕੇ ਗਰਮੀਆਂ ਵਿੱਚ ਜਦੋਂ ਸਰੀਰ ਨੂੰ ਠੰਢਕ, ਊਰਜਾ ਅਤੇ ਰੋਗ ਪ੍ਰਤੀਰੋਧਕ ਸ਼ਕਤੀ ਦੀ ਲੋੜ ਹੁੰਦੀ ਹੈ, ਸਵੇਰੇ-ਸਵੇਰੇ ਜਦੋਂ ਪੇਟ ਖਾਲੀ ਹੁੰਦਾ ਹੈ, ਤਾਂ ਸਰੀਰ ਕਿਸੇ ਵੀ ਔਸ਼ਧੀ ਸਮੱਗਰੀ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਸੋਖ ਲੈਂਦਾ ਹੈ। ਅਜਿਹੀ ਸਥਿਤੀ ਵਿੱਚ, ਸ਼ਹਿਤੂਤ ਦੇ ਪੱਤੇ ਚਬਾਉਣ ਨਾਲ ਨਾ ਸਿਰਫ਼ ਪਾਚਨ ਤੰਤਰ ਮਜ਼ਬੂਤ ਹੁੰਦਾ ਹੈ ਸਗੋਂ ਸਰੀਰ ਦਿਨ ਭਰ ਤਾਜ਼ਾ ਅਤੇ ਊਰਜਾਵਾਨ ਵੀ ਰਹਿੰਦਾ ਹੈ।

**ਬਲੱਡ ਸ਼ੂਗਰ ਨੂੰ ਕੰਟਰੋਲ ਕਰਦਾ** ; ਸ਼ੂਗਰ ਦੇ ਮਰੀਜ਼ਾਂ ਲਈ ਸ਼ਹਿਤੂਤ ਦੇ ਪੱਤੇ ਬਹੁਤ ਫਾਇਦੇਮੰਦ ਹੁੰਦੇ ਹਨ। ਇਨ੍ਹਾਂ ਵਿੱਚ ਕੁਦਰਤੀ ਮਿਸ਼ਰਣ ਹੁੰਦਾ ਹੈ, ਜੋ ਕਾਰਬੋਹਾਈਡਰੇਟ ਨੂੰ ਗਲੂਕੋਜ਼ ਵਿੱਚ ਬਦਲਣ ਦੀ ਪ੍ਰਕਿਰਿਆ ਨੂੰ ਹੌਲੀ ਕਰ ਦਿੰਦਾ ਹੈ, ਜਿਸ ਨਾਲ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਵਿੱਚ ਰੱਖਿਆ ਜਾਂਦਾ ਹੈ।

**ਇਮਿਊਨਿਟੀ ਬੂਸਟਰ ਵਜੋਂ ਕਰਦਾ ਕੰਮ** ; ਇਨ੍ਹਾਂ ਪੱਤਿਆਂ ਵਿੱਚ ਮੌਜੂਦ ਐਂਟੀਆਕਸੀਡੈਂਟ ਸਰੀਰ ਨੂੰ ਫ੍ਰੀ ਰੈਡੀਕਲਸ ਨਾਲ ਲੜਨ ਵਿੱਚ ਮਦਦ ਕਰਦੇ ਹਨ, ਜਿਸ ਨਾਲ ਇਮਿਊਨਿਟੀ ਵਧਦੀ ਹੈ ਅਤੇ ਵਾਇਰਲ ਜਾਂ ਬੈਕਟੀਰੀਆ ਦੀ ਲਾਗ ਨੂੰ ਰੋਕਿਆ ਜਾਂਦਾ ਹੈ।

**ਪਾਚਨ ਕਿਰਿਆ ਨੂੰ ਸੁਧਾਰਦਾ** ; ਸ਼ਹਿਤੂਤ ਦੇ ਪੱਤਿਆਂ ਵਿੱਚ ਕੁਦਰਤੀ ਫਾਈਬਰ ਹੁੰਦਾ ਹੈ ਜੋ ਕਬਜ਼ ਤੋਂ ਰਾਹਤ ਦਿਵਾਉਂਦਾ ਹੈ ਅਤੇ ਪੇਟ ਸਾਫ਼ ਰੱਖਦਾ ਹੈ।

**ਬਲੱਡ ਪ੍ਰੈਸ਼ਰ ਨੂੰ ਕਰੇ ਸੰਤੁਲਿਤ** ; ਇਹ ਪੱਤੇ ਉਨ੍ਹਾਂ ਲੋਕਾਂ ਲਈ ਬਹੁਤ ਫਾਇਦੇਮੰਦ ਹਨ ਜੋ ਹਾਈ ਬੀਪੀ ਜਾਂ ਘੱਟ ਬੀਪੀ ਦੀ ਸਮੱਸਿਆ ਤੋਂ ਪੀੜਤ ਹਨ। ਇਹ ਖੂਨ ਸੰਚਾਰ ਨੂੰ ਬਿਹਤਰ ਬਣਾਉਂਦੇ ਹਨ ਅਤੇ ਤਣਾਅ ਘਟਾਉਣ ਵਿੱਚ ਮਦਦ ਕਰਦੇ ਹਨ।

**ਚਮੜੀ ਨੂੰ ਬਣਾਉਂਦਾ ਚਮਕਦਾਰ** ; ਸ਼ਹਿਤੂਤ ਦੇ ਪੱਤਿਆਂ ਵਿੱਚ ਬੁਢਾਪਾ ਰੋਕੂ ਗੁਣ ਹੁੰਦੇ ਹਨ। ਨਿਯਮਤ ਵਰਤੋਂ ਚਮੜੀ ਨੂੰ ਸੁਧਾਰਦੀ ਹੈ, ਦਾਗ-ਧੱਬਿਆਂ ਨੂੰ ਘਟਾਉਂਦੀ ਹੈ ਅਤੇ ਚਿਹਰੇ 'ਤੇ ਕੁਦਰਤੀ ਚਮਕ ਵਾਪਸ ਲਿਆਉਂਦੀ ਹੈ।

**ਭਾਰ ਘਟਾਉਣ ਵਿੱਚ ਮਦਦਗਾਰ** ; ਇਨ੍ਹਾਂ ਪੱਤਿਆਂ ਵਿੱਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਅਤੇ ਇਹ ਮੈਟਾਬੋਲਿਜ਼ਮ ਨੂੰ ਤੇਜ਼ ਕਰਦੇ ਹਨ। ਇਹ ਉਨ੍ਹਾਂ ਲੋਕਾਂ ਲਈ ਇੱਕ ਕੁਦਰਤੀ ਮਦਦਗਾਰ ਹੋ ਸਕਦਾ ਹੈ ਜੋ ਭਾਰ ਘਟਾਉਣਾ ਚਾਹੁੰਦੇ ਹਨ।

# 80ਵੇਂ ਵਿਜੇ ਦਿਵਸ ਦਾ ਜਸ਼ਨ, ਪੁਤਿਨ ਨਾਲ 27 ਦੇਸ਼ਾਂ ਦੇ ਆਗੂ ਸ਼ਾਮਲ

## *ਫੌਜੀ ਪਰੇਡ ਵਿੱਚ 11,000 ਤੋਂ ਵੱਧ ਸੈਨਿਕਾਂ ਨੇ ਲਿਆ ਹਿੱਸਾ*

ਮਾਸਕੋ, 9 ਮਈ (ਚ.ਨ.ਸ.) : ਦੂਜੇ ਵਿਸ਼ਵ ਯੁੱਧ ਵਿੱਚ ਨਾਜ਼ੀ ਜਰਮਨੀ ਤੇ ਸੋਵੀਅਤ ਯੂਨੀਅਨ ਦੀ ਜਿੱਤ ਦੀ ਯਾਦ ਵਿੱਚ ਮਾਸਕੋ ਦੇ ਰੈੱਡ ਸਕੁਏਅਰ ਵਿਖੇ ਆਯੋਜਿਤ 80ਵੇਂ ਵਿਜੇ ਦਿਵਸ ਸਮਾਰੋਹ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ 27 ਦੇਸ਼ਾਂ ਦੇ ਨੇਤਾਵਾਂ ਦੇ ਨਾਲ ਸ਼ਾਮਲ ਹੋਏ। ਰੈੱਡ ਸਕੁਏਅਰ 'ਤੇ ਜਿੱਤ ਦਿਵਸ ਪਰੇਡ ਨੂੰ ਸੰਬੋਧਨ ਕਰਦੇ ਹੋਏ ਪੁਤਿਨ ਨੇ ਜ਼ੋਰ ਦੇ ਕੇ ਕਿਹਾ ਕਿ ਨਾਜ਼ੀ ਜਰਮਨੀ ਨੂੰ ਸਹਿਯੋਗੀਆਂ ਦੇ ਸਮੂਹਿਕ ਯਤਨਾਂ ਨਾਲ ਹਰਾਇਆ ਗਿਆ ਸੀ ਅਤੇ ਨੌਰਮੈਂਡੀ ਵਿੱਚ ਸਹਿਯੋਗੀ ਫੌਜਾਂ ਦੇ ਉਤਰਨ ਨਾਲ ਦੂਜਾ ਮੋਰਚਾ ਖੁੱਲ੍ਹ ਗਿਆ, ਜਿਸ ਨਾਲ ਮਹਾਨ ਦੇ ਸ਼ਭਗਤੀ ਵਾਲੇ ਯੁੱਧ ਵਿੱਚ ਸੋਵੀਅਤ ਲੋਕਾਂ ਦੀ ਜਿੱਤ ਨੇੜੇ ਆਈ। ਉਨ੍ਹਾਂ ਕਿਹਾ, ਨਾਜ਼ੀ ਜਰਮਨੀ, ਫੌਜੀ ਜਾਪਾਨ ਅਤੇ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਉਨ੍ਹਾਂ ਦੇ ਸਹਿਯੋਗੀਆਂ ਦੀ ਪੂਰੀ ਹਾਰ ਸਹਿਯੋਗੀ ਦੇਸ਼ਾਂ ਦੇ ਸਾਂਝੇ ਯਤਨਾਂ ਸਦਕਾ ਹੋਈ ਸੀ। ਅਸੀਂ ਹਮੇਸ਼ਾ ਯਾਦ ਰੱਖਾਂਗੇ ਕਿ ਸੋਵੀਅਤ ਖੇਤਰ ਤੇ ਫੈਸਲਾਕੁੰਨ ਲੜਾਈਆਂ ਤੋਂ ਬਾਅਦ, ਯੂਰਪ ਵਿੱਚ ਇੱਕ ਦੂਜਾ ਮੋਰਚਾ ਖੁੱਲ੍ਹਿਆ ਜਿਸਨੇ ਜਿੱਤ ਨੂੰ ਨੇੜੇ ਲਿਆਉਣ ਵਿੱਚ ਮਦਦ ਕੀਤੀ।

ਮਾਸਕੋ ਵਿੱਚ ਜਿੱਤ ਦਿਵਸ ਦੇ ਜਸ਼ਨਾਂ ਵਿੱਚ 27 ਦੇਸ਼ਾਂ ਦੇ ਨੇਤਾ ਸ਼ਾਮਲ ਹੋ ਰਹੇ ਹਨ, ਜਿਨ੍ਹਾਂ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਉਨ੍ਹਾਂ ਦੇ ਬ੍ਰਾਜ਼ੀਲੀ ਹਮਰੁਤਬਾ ਲੁਈਜ਼ ਇਨਾਸੀਓ ਲੂਲਾ ਦਾ ਸਿਲਵਾ ਸ਼ਾਮਲ ਹਨ। ਭਾਰਤ ਦੀ ਨੁਮਾਇੰਦਗੀ ਰੱਖਿਆ ਰਾਜ ਮੰਤਰੀ ਸੰਜੇ ਸੇਠ ਨੇ ਕੀਤੀ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਚੱਲ ਰਹੇ ਆਪ੍ਰੇਸ਼ਨ ਸਿੰਦੂਰ ਕਾਰਨ ਵਿਦੇਸ਼ ਯਾਤਰਾ ਕਰਨ ਤੋਂ ਅਸਮਰੱਥ ਸਨ। ਜਿੱਤ ਦਿਵਸ ਪਰੇਡ ਵਿੱਚ ਸਰਬੀਆ ਦੇ ਰਾਸ਼ਟਰਪਤੀ ਅਲੈਕਸੈਂਡਰ ਵੁਸਿਕ, ਸਲੋਵਾਕ ਪ੍ਰਧਾਨ ਮੰਤਰੀ ਰਾਬਰਟ ਫਿਕੋ, ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸੈਂਕੋ, ਕਿਊਬਾ ਦੇ ਰਾਸ਼ਟਰਪਤੀ ਮਿਗੁਏਲ ਡਿਆਜ਼-ਕੈਨਲ, ਵੀਅਤਨਾਮ ਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਟੂ ਲਾਮ, ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ, ਫਲਸਤੀਨੀ ਰਾਸ਼ਟਰਪਤੀ ਮਹਿਮੂਦ ਅੱਬਾਸ ਅਤੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਸ਼ਾਮਲ ਸਨ। ਇਸ ਸਾਲ ਮਾਸਕੋ ਦੇ ਰੈੱਡ ਸਕੁਏਅਰ ਤੇ ਹੋਈ ਫੌਜੀ ਪਰੇਡ ਵਿੱਚ 11,000 ਤੋਂ ਵੱਧ ਸੈਨਿਕਾਂ ਨੇ ਹਿੱਸਾ ਲਿਆ। ਰੈੱਡ ਸਕੁਏਅਰ ਪਰੇਡ ਵਿੱਚ ਚੀਨ, ਮਿਸਰ, ਮੰਗੋਲੀਆ, ਮਿਆਂਮਾਰ ਅਤੇ ਵੀਅਤਨਾਮ ਸਮੇਤ 13 ਦੇਸ਼ਾਂ ਦੇ ਟੁਕੜੀਆਂ ਨੇ ਵੀ ਹਿੱਸਾ ਲਿਆ।



# ਮਿੱਟੀ ਰਿਸਰਚ ਮਸ਼ੀਨ 'ਧਰਤੀ ਦਾ ਡਾਕਟਰ' ਕਿਸਾਨਾਂ ਲਈ ਵਰਦਾਨ : ਅਚਾਰੀਆ ਬਾਲ ਕ੍ਰਿਸ਼ਨ

ਹਰਿਦੁਆਰ, 9 ਮਈ (ਚ.ਨ.ਸ.) : ਪਤੰਜਲੀ ਸੰਸਥਾ ਵੱਲੋਂ ਅਚਾਰੀਆ ਬਾਲਕ੍ਰਿਸ਼ਨ ਦੇ ਮਾਰਗਦਰਸ਼ਨ ਵਿੱਚ ਮਿੱਟੀ ਰਿਸਰਚ ਸੰਸਥਾ ਧਰਤੀ ਦਾ ਡਾਕਟਰ ਤੋਹਫੇ ਦੇ ਰੂਪ ਵਿੱਚ ਭੇਟ ਕੀਤਾ। ਇਸ ਮਸ਼ੀਨ ਦੇ ਪ੍ਰਯੋਗ ਨਾਲ ਨਾ ਕੇਵਲ ਕਿਸਾਨਾਂ ਨੂੰ ਆਪਣੀ ਖੇਤੀਬਾੜੀ ਜ਼ਮੀਨ ਦੀ ਮਿੱਟੀ ਦੀ ਜਾਂਚ ਕਰਨ ਵਿੱਚ ਮਦਦ ਮਿਲੇਗੀ ਨਾਲ ਹੀ ਜੈਵਿਕ ਅਤੇ ਰਸਾਇਣਕ ਖੇਤੀ ਲਈ ਜ਼ਰੂਰੀ ਪ੍ਰਯੋਗ ਲਈ ਸੁਝਾਅ ਵੀ ਪ੍ਰਾਪਤ ਕੀਤੇ ਜਾਣਗੇ। ਇਸ ਮੌਕੇ 'ਤੇ ਐਗਰੀ ਸਾਇੰਸ ਦੇ ਪ੍ਰਬੰਧਕ ਨਿਰਦੇਸ਼ਕ ਅਚਾਰੀਆ ਬਾਲ ਕ੍ਰਿਸ਼ਨ ਨੇ ਦੱਸਿਆ ਕਿ ਮਿੱਟੀ ਜਾਂਚ ਮਸ਼ੀਨ ਧਰਤੀ ਦਾ ਡਾਕਟਰ ਨੂੰ ਪਹਿਲਾਂ ਹੀ ਪ੍ਰਮਾਣ ਪੱਤਰ ਪ੍ਰਵਾਨ ਕੀਤਾ ਜਾ ਚੁੱਕਾ ਹੈ। ਜਿਸ ਵਿੱਚ ਪੋਸ਼ਕ ਤੱਤ, ਨਾਈਟ੍ਰੋਜਨ, ਫਾਸਫੋਰਸ, ਬੋਰਾਨ, ਆਇਰਨ, ਜ਼ਿੰਕ, ਕਾਪਰ ਅਤੇ ਮੈਗਨੀਸ਼ੀਅਮ ਸ਼ਾਮਲ ਹਨ। ਇਸ ਮਸ਼ੀਨ ਨੂੰ ਭਾਰਤ ਸਰਕਾਰ ਵੱਲੋਂ ਪੇਟੈਂਟ ਅਤੇ ਸੀ.ਈ. ਸਰਟੀਫਿਕੇਟ ਪ੍ਰਾਪਤ ਹੈ। ਉਨ੍ਹਾਂ ਦੱਸਿਆ ਕਿ ਇਸ ਮਸ਼ੀਨ ਨੂੰ ਪਤੰਜਲੀ ਦੇ ਵਿਗਿਆਨਕਾਂ ਵਲੋਂ ਸਾਲਾਂ ਦੀ ਮਿਹਨਤ ਤੋਂ ਬਾਅਦ ਵਿਕਸਤ ਕੀਤਾ ਗਿਆ ਹੈ ਜੋ ਕਿਸਾਨਾਂ ਲਈ ਵਰਦਾਨ ਹੈ। ਅਚਾਰੀਆ ਨੇ ਦੱਸਿਆ ਕਿ ਇਸ ਮਸ਼ੀਨ ਨਾਲ ਸਰਲ ਵਿਧੀਆਂ ਵਿੱਚ ਖੇਤੀ ਕੀਤੀ ਜਾ ਸਕੇਗੀ। ਸੰਸਥਾ ਦੇ ਨਿਰਦੇਸ਼ਕ ਡਾ.ਰਜਿੰਦਰ ਕੁਮਾਰ ਯਾਂਦਵ ਨੇ ਦੱਸਿਆ ਕਿ ਧਰਤੀ ਦਾ ਡਾਕਟਰ ਦੇਸ਼ ਦੇ ਕਿਸਾਨਾਂ ਅਤੇ ਭਾਰਤ ਸਰਕਾਰ ਦੀ ਮੁਦਰਾ ਸਿਹਤ ਯੋਜਨਾ ਦੇ ਲਈ ਬੜੀ ਉਪਯੋਗੀ ਮਸ਼ੀਨ ਸਾਬਿਤ ਹੋਵੇਗੀ।



# ਆਈ.ਪੀ.ਐਲ. ਦੇ ਬਾਕੀ ਮੈਚਾਂ ਦੀਆਂ ਤਰੀਕਾਂ ਦਾ ਬੀ.ਸੀ.ਸੀ.ਆਈ. ਵੱਲੋਂ ਐਲਾਨ



ਨਵੀਂ ਦਿੱਲੀ, 9 ਮਈ (ਚ.ਨ.ਸ.) : ਭਾਰਤ ਤੇ ਪਾਕਿਸਤਾਨ ਵਿਚਕਾਰ ਵਧਦੇ ਫੌਜੀ ਟਕਰਾਅ ਕਾਰਨ ਇੰਡੀਅਨ ਪ੍ਰੀਮੀਅਰ ਲੀਗ 2025 ਸ਼ੁੱਕਰਵਾਰ ਨੂੰ ਮੁਲਤਵੀ ਕਰ ਦਿੱਤੀ ਗਈ। ਬੀਸੀਸੀਆਈ ਦੇ ਇੱਕ ਅਧਿਕਾਰੀ ਨੇ ਕਿਹਾ ਸੀ ਕਿ ਮੌਜੂਦਾ ਸਥਿਤੀ ਵਿੱਚ ਟੂਰਨਾਮੈਂਟ ਜਾਰੀ ਰੱਖਣਾ ਉਚਿਤ ਨਹੀਂ ਹੋਵੇਗਾ।ਬੀਸੀਸੀਆਈ ਦੇ ਇੱਕ ਅਧਿਕਾਰੀ ਨੇ ਦੱਸਿਆ ਇਹ ਚੰਗਾ ਨਹੀਂ ਲੱਗਦਾ ਕਿ ਜਦੋਂ ਦੇਸ਼ ਜੰਗ ਵਿੱਚ ਹੈ ਤਾਂ ਕ੍ਰਿਕਟ ਚੱਲ ਰਿਹਾ ਹੈ। ਹੁਣ ਬੋਰਡ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਲੀਗ ਦਾ ਬਾਕੀ ਸੀਜ਼ਨ ਕਦੋਂ ਸ਼ੁਰੂ ਹੋਵੇਗਾ। ਬੀਸੀਸੀਆਈ ਤੋਂ ਆ ਰਹੀ ਜਾਣਕਾਰੀ ਦੇ ਅਨੁਸਾਰ ਆਈਪੀਐਲ ਨੂੰ 1 ਹਫ਼ਤੇ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਸਥਿਤੀ ਆਮ ਹੋਣ ਤੇ ਨਵਾਂ ਸ਼ਡਿਊਲ ਜਾਰੀ ਕੀਤਾ ਜਾਵੇਗਾ।ਆਈਪੀਐਲ ਦੇ ਅਕਾਊਂਟ 'ਤੇ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ, ਇਹ ਫੈਸਲਾ ਆਈਪੀਐਲ ਗਵਰਨਿੰਗ ਕੌਂਸਲ ਨੇ ਸਾਰੇ ਮੁੱਖ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਲਿਆ ਗਿਆ ਹੈ। ਜਿਸ ਵਿੱਚ ਜ਼ਿਆਦਾਤਰ ਫ੍ਰੈਂਚਾਇਜ਼ੀ ਆਪਣੇ ਖਿਡਾਰੀਆਂ ਦੀਆਂ ਚਿੰਤਾਵਾਂ ਤੇ ਭਾਵਨਾਵਾਂ ਦੇ ਨਾਲ-ਨਾਲ ਪ੍ਰਸਾਰਕਾਂ, ਸਪਾਂਸਰਾਂ ਅਤੇ ਪ੍ਰਸ਼ੰਸਕਾਂ ਦੇ ਵਿਚਾਰ ਪ੍ਰਗਟ ਕਰਦੇ ਹਨ।ਆਈਪੀਐਲ ਨੇ ਕਿਹਾ, ਬੀਸੀਸੀਆਈ ਇਸ ਮਹੱਤਵਪੂਰਨ ਮੋੜ 'ਤੇ ਦੇਸ਼ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਅਸੀਂ ਭਾਰਤ ਸਰਕਾਰ, ਹਥਿਆਰਬੰਦ ਸੈਨਾਵਾਂ ਅਤੇ ਆਪਣੇ ਦੇਸ਼ ਦੇ ਲੋਕਾਂ ਨਾਲ ਆਪਣੀ ਏਕਤਾ ਦਾ ਪ੍ਰਗਟਾਵਾ ਕਰਦੇ ਹਾਂ। ਬੋਰਡ ਸਾਡੀਆਂ ਹਥਿਆਰਬੰਦ ਸੈਨਾਵਾਂ ਦੀ ਬਹਾਦਰੀ, ਹਿੰਮਤ ਅਤੇ ਨਿਰਸਵਾਰਥ ਸੇਵਾ ਨੂੰ ਸਲਾਮ ਕਰਦਾ ਹੈ, ਜਿਨ੍ਹਾਂ ਦੇ ਆਪ੍ਰੇਸ਼ਨ ਸਿੰਦੂਰ ਅਧੀਨ ਬਹਾਦਰੀ ਭਰੇ ਯਤਨ ਦੇਸ਼ ਦੀ ਰੱਖਿਆ ਅਤੇ ਪ੍ਰੇਰਿਤ ਕਰਦੇ ਰਹਿੰਦੇ ਹਨ।

# ਆਈ. ਪੀ. ਐਲ. ਮੁਅੱਤਲ ਹੋਣ ਮਗਰੋਂ ਹੁਣ ਜੰਗ ਲਈ ਤਿਆਰ ਹੋਣਗੇ ਧੋਨੀ !



ਨਵੀਂ ਦਿੱਲੀ, 9 ਮਈ (ਚ.ਨ.ਸ.) : ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਿਹਾ ਤਣਾਅ ਹੁਣ ਹੋਰ ਵਧਦਾ ਜਾਪ ਰਿਹਾ ਹੈ। ਦੋਵੇਂ ਦੇਸ਼ ਤਿੰਨ ਦਿਨਾਂ ਤੋਂ ਲਗਾਤਾਰ ਇੱਕ ਦੂਜੇ 'ਤੇ ਹਮਲੇ ਕਰ ਰਹੇ ਹਨ। ਭਾਵੇਂ ਭਾਰਤ ਨੂੰ ਕੋਈ ਵੱਡਾ ਨੁਕਸਾਨ ਨਹੀਂ ਹੋਇਆ ਹੈ, ਪਰ ਪਾਕਿਸਤਾਨ ਘਬਰਾਹਟ ਦੀ ਸਥਿਤੀ ਵਿੱਚ ਹੈ। ਇਸ ਦੌਰਾਨ, ਵੱਡੀ ਖ਼ਬਰ ਸਾਹਮਣੇ ਆਈ ਹੈ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਸਥਿਤੀ ਵਿੱਚ ਸੁਧਾਰ ਨਹੀਂ ਹੁੰਦਾ ਹੈ, ਤਾਂ ਟੈਰੀਟੋਰੀਅਲ ਆਰਮੀ ਨੂੰ ਵੀ ਤਿਆਰ ਰਹਿਣ ਲਈ ਕਿਹਾ ਗਿਆ ਹੈ। ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਐਮਐਸ ਧੋਨੀ ਵੀ ਇਸ ਫੌਜ ਦਾ ਹਿੱਸਾ ਹਨ। ਇਸ ਫੌਜ ਵਿੱਚ ਉਸਨੂੰ ਲੈਫਟੀਨੈਂਟ ਕਰਨਲ ਦਾ ਆਨਰੇਰੀ ਖਿਤਾਬ ਦਿੱਤਾ ਗਿਆ ਹੈ। ਸਚਿਨ ਤੇਂਦੁਲਕਰ ਭਾਰਤੀ ਹਵਾਈ ਸੈਨਾ ਵਿੱਚ ਗਰੁੱਪ ਕੈਪਟਨ ਵੀ ਹਨ। ਇਸਦਾ ਮਤਲਬ ਹੈ ਕਿ ਜੇਕਰ ਚੀਜ਼ਾਂ ਅੱਗੇ ਵਧਦੀਆਂ ਹਨ ਤਾਂ ਐਮਐਸ ਧੋਨੀ ਨੂੰ ਵੀ ਤਿਆਰ ਰਹਿਣਾ ਪਵੇਗਾ।ਭਾਰਤ ਨੂੰ ਤਿੰਨ ਆਈਸੀਸੀ ਖਿਤਾਬ ਦਿਵਾਉਣ ਵਾਲੇ ਕਪਤਾਨ ਐਮਐਸ ਧੋਨੀ ਨੇ ਹੁਣ ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਚੁੱਕੇ ਹਨ। ਹਾਲਾਂਕਿ ਕੁਝ ਦਿਨ ਪਹਿਲਾਂ ਤੱਕ ਉਹ ਆਈਪੀਐਲ ਵਿੱਚ ਆਪਣੀ ਟੀਮ ਲਈ ਖੇਡ ਰਿਹਾ ਸੀ, ਪਰ ਹੁਣ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਮੱਦੇਨਜ਼ਰ ਆਈਪੀਐਲ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਅਜਿਹੀ ਸਥਿਤੀ ਵਿੱਚ, ਸਾਰੇ ਖਿਡਾਰੀ ਹੌਲੀ-ਹੌਲੀ ਆਪਣੇ ਘਰਾਂ ਨੂੰ ਵਾਪਸ ਆ ਰਹੇ ਹਨ। ਹੁਣ ਖ਼ਬਰ ਆਈ ਹੈ ਕਿ ਭਾਰਤ ਸਰਕਾਰ ਨੇ ਵੀ ਟੈਰੀਟੋਰੀਅਲ ਆਰਮੀ ਨੂੰ ਇਸ ਪੂਰੇ ਮਾਮਲੇ ਨਾਲ ਨਜਿੱਠਣ ਲਈ ਤਿਆਰ ਰਹਿਣ ਲਈ ਕਿਹਾ ਹੈ। ਧੋਨੀ ਇਸ ਵਿੱਚ ਲੈਫਟੀਨੈਂਟ ਕਰਨਲ ਹਨ।ਭਾਵੇਂ ਟੈਰੀਟੋਰੀਅਲ ਆਰਮੀ ਸਿੱਧੇ ਤੌਰ ਤੇ ਮੋਰਚਾ ਨਹੀਂ ਲੈਂਦੀ, ਪਰ ਜਦੋਂ ਯੁੱਧ ਦਾ ਸਮਾਂ ਆਉਂਦਾ ਹੈ, ਤਾਂ ਇਸਨੂੰ ਜੰਗ ਦੇ ਮੈਦਾਨ ਵਿੱਚ ਵੀ ਤਾਇਨਾਤ ਕੀਤਾ ਜਾਂਦਾ ਹੈ।

## ਲੋਕ ਸਭਾ ਸਪੀਕਰ ਵੱਲੋਂ ਮਹਾਰਾਣਾ ਪ੍ਰਤਾਪ ਨੂੰ ਸ਼ਰਧਾਂਜਲੀ ਭੇਟ



ਨਵੀਂ ਦਿੱਲੀ, 9 ਮਈ (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਦੇ ਸਪੀਕਰ ਸ੍ਰੀ ਓਮ ਬਿਰਲਾ ਨੇ ਅੱਜ ਮਹਾਰਾਣਾ ਪ੍ਰਤਾਪ ਜਯੰਤੀ ਦੇ ਮੌਕੇ ਤੇ ਸੰਸਦ ਭਵਨ ਕੰਪਲੈਕਸ ਵਿੱਚ ਪ੍ਰੇਰਨਾ ਸਥਲ ਤੇ ਮਹਾਰਾਣਾ ਪ੍ਰਤਾਪ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਲੋਕ ਸਭਾ ਦੇ ਸਕੱਤਰ-ਜਨਰਲ, ਸ਼੍ਰੀ ਉਤਪਲ ਕੁਮਾਰ ਸਿੰਘ ਅਤੇ ਰਾਜ ਸਭਾ ਦੇ ਸਕੱਤਰ-ਜਨਰਲ, ਸ਼੍ਰੀ ਪੀ.ਸੀ. ਮੋਦੀ ਨੇ ਵੀ ਇਸ ਮੌਕੇ ਤੇ ਮਹਾਰਾਣਾ ਪ੍ਰਤਾਪ ਨੂੰ ਸ਼ਰਧਾਂਜਲੀ ਭੇਟ ਕੀਤੀ।

## ਦੀਕਸ਼ਾ ਅਤੇ ਪ੍ਰਣਵੀ ਨੇ ਕੀਤੀ ਚੰਗੀ ਸ਼ੁਰੂਆਤ, ਸਾਂਝੇ ਤੌਰ 'ਤੇ 19ਵੇਂ ਸਥਾਨ 'ਤੇ

ਸਿਓਲ, 9 ਮਈ (ਚ.ਨ.ਸ.) : ਭਾਰਤੀ ਮਹਿਲਾ ਗੋਲਫਰਾਂ ਦੀਕਸ਼ਾ ਡਾਗਰ ਅਤੇ ਪ੍ਰਣਵੀ ਉਰਸ ਨੇ ਇੱਥੇ ਮੀਂਹ ਤੋਂ ਪ੍ਰਭਾਵਿਤ ਅਰਾਮਕੋ ਕੋਰੀਆ ਚੈਂਪੀਅਨਸ਼ਿਪ ਦੇ ਪਹਿਲੇ ਦਿਨ ਇੱਕ ਓਵਰ 73 ਦੇ ਕਾਰਡ ਨਾਲ ਚੰਗੀ ਸ਼ੁਰੂਆਤ ਕੀਤੀ। ਜਦੋਂ ਤੱਕ ਦੀਕਸ਼ਾ ਨੌਵੇਂ ਹੋਲ ਤੇ ਪਹੁੰਚੀ, ਉਹ ਚੋਟੀ ਦੇ 10 ਵਿੱਚ ਸੀ। ਪਰ ਉਸਨੇ ਇੱਕ ਬੋਗੀ ਕੀਤੀ ਅਤੇ ਇੱਕ ਓਵਰ ਵਿੱਚ ਸਾਂਝੇ 19ਵੇਂ ਸਥਾਨ ਤੇ ਖਿਸਕ ਗਈ। ਪ੍ਰਣਵੀ ਨੇ ਆਪਣੇ 73 ਦੇ ਕਾਰਡ ਦੌਰਾਨ ਸਿਰਫ਼ ਇੱਕ ਬਰਡੀ ਅਤੇ ਦੋ ਬੋਗੀ ਕੀਤੀਆਂ, ਜਿਸ ਨਾਲ ਉਹ ਸਾਂਝੇ 19ਵੇਂ ਸਥਾਨ 'ਤੇ ਰਹੀ।

# ਲੋਕ ਸਭਾ ਸਪੀਕਰ ਨੇ ਗੁਰੂਦੇਵ ਰਬਿੰਦਰਨਾਥ ਟੈਗੋਰ ਨੂੰ ਸ਼ਰਧਾਂਜਲੀ ਕੀਤੀ ਭੇਟ



ਨਵੀਂ ਦਿੱਲੀ, 9 ਮਈ (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਦੇ ਸਪੀਕਰ ਸ੍ਰੀ ਓਮ ਬਿਰਲਾ ਨੇ ਅੱਜ ਸੰਵਿਧਾਨ ਸਦਨ ਦੇ ਸੈਂਟਰਲ ਹਾਲ ਵਿੱਚ ਗੁਰੂਦੇਵ ਰਬਿੰਦਰਨਾਥ ਟੈਗੋਰ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਫੁੱਲ ਭੇਟ ਕੀਤੇ।ਸੰਸਦ ਮੈਂਬਰ, ਸਾਬਕਾ ਮੈਂਬਰ, ਸਕੱਤਰ-ਜਨਰਲ, ਲੋਕ ਸਭਾ, ਸ੍ਰੀ ਉਤਪਲ ਕੁਮਾਰ ਸਿੰਘ, ਸਕੱਤਰ-ਜਨਰਲ, ਰਾਜ ਸਭਾ, ਸ੍ਰੀ ਪੀ.ਸੀ. ਮੋਦੀ ਅਤੇ ਹੋਰ ਪਤਵੰਤਿਆਂ ਨੇ ਵੀ ਇਸ ਮੌਕੇ 'ਤੇ ਗੁਰੂਦੇਵ ਰਬਿੰਦਰਨਾਥ ਟੈਗੋਰ ਨੂੰ ਸ਼ਰਧਾਂਜਲੀ ਭੇਟ ਕੀਤੀ। ਭਾਰਤ ਦੇ ਪਹਿਲੇ ਨੋਬਲ ਪੁਰਸਕਾਰ ਜੇਤੂ, ਗੁਰੂਦੇਵ ਰਬਿੰਦਰਨਾਥ ਟੈਗੋਰ ਨੇ ਭਾਰਤ ਦੇ ਸੱਭਿਆਚਾਰਕ ਅਤੇ ਸਾਹਿਤਕ ਖੇਤਰ ਵਿੱਚ ਇੱਕ ਸਥਾਈ ਵਿਰਾਸਤ ਛੱਡੀ। ਉਨ੍ਹਾਂ ਦੀਆਂ ਰਚਨਾਵਾਂ ਨੇ ਭਾਰਤੀ ਜਨਤਾ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕੀਤੀ ਅਤੇ ਉਨ੍ਹਾਂ ਦੀਆਂ ਦੋ ਮਹੱਤਵਪੂਰਨ ਰਚਨਾਵਾਂ, ਜਨ ਗਣ ਮਨ ਅਤੇ ਅਮਰ ਸ਼ੋਨਾਰ ਬੰਗਲਾ ਕ੍ਰਮਵਾਰ ਭਾਰਤ ਅਤੇ ਬੰਗਲਾਦੇਸ਼ ਦੇ ਰਾਸ਼ਟਰੀ ਗੀਤ ਹਨ। ਗੁਰੂਦੇਵ ਰਬਿੰਦਰਨਾਥ ਟੈਗੋਰ ਦੀ ਤਸਵੀਰ ਜੋ ਸੰਵਿਧਾਨ ਸਦਨ ਦੇ ਕੇਂਦਰੀ ਹਾਲ ਵਿੱਚ ਪ੍ਰਦਰਸ਼ਿਤ ਹੈ, ਸ੍ਰੀ ਅਤੁਲ ਬੋਸ ਦੁਆਰਾ ਪੇਂਟ ਕੀਤੀ ਗਈ ਸੀ ਅਤੇ 12 ਸਤੰਬਰ, 1958 ਨੂੰ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਦੁਆਰਾ ਇਸਦਾ ਉਦਘਾਟਨ ਕੀਤਾ ਗਿਆ ਸੀ।

*ਭੋਗ 'ਤੇ ਵਿਸ਼ੇਸ਼*
## ਡਾ. ਭੁਪਿੰਦਰ ਸਿੰਘ ਆਨੰਦ ਦਾ ਜੀਵਨ ਸੰਘਰਸ਼ਮਈ ਰਿਹਾ

ਸਾਡੇ ਸਤਿਕਾਰ ਯੋਗ ਗੁਰਮੁੱਖ ਪਿਆਰੇ ਡਾ.ਭੁਪਿੰਦਰ ਸਿੰਘ ਅਨੰਦ ਜੀ ਦਾ ਜਨਮ ਲਾਇਲਪੁਰ,ਪਾਕਿਸਤਾਨ ਵਿਖੇ 2 ਅਗਸਤ 1936 ਨੂੰ ਡਾ.ਹਰਨਾਮ ਸਿੰਘ ਜੀ ਤੇ ਸਰਦਾਰਨੀ ਪ੍ਰੇਮ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਆਪ 1947 ਦੀ ਵੰਡ ਤੋਂ ਮਗਰੋਂ ਪਟਿਆਲਾ ਵਿਖੇ ਆ ਗਏ ਸਨ। ਇੱਥੇ ਆਪ ਜੀ ਦਾ ਜੀਵਨ ਬਹੁਤ ਸੰਘਰਸ਼ਮਈ ਰਿਹਾ। ਆਪ ਜੀ ਸ਼ਹਿਰ ਦੇ ਸੀਨੀਅਰ ਅਤੇ ਨਾਮਵਰ ਡਾਕਟਰ ਸਨ। ਆਪ ਜੀ ਦਾ ਆਨੰਦ ਕਾਰਜ 1960 ਵਿੱਚ ਬਹੁਤ ਹੀ ਸੁੱਘੜ ਸਿਆਣੀ ਸ੍ਰੀਮਤੀ ਸੁਰਿੰਦਰ ਕੌਰ ਜੀ ਨਾਲ ਹੋਇਆ। ਪਿਤਾ ਜੀ ਡਾ.ਹਰਨਾਮ ਸਿੰਘ ਜੀ ਦੇ ਗੁਰਪੁਰੀ ਸਿਧਾਰਨ ਤੋਂ ਬਾਅਦ ਉਨ੍ਹਾਂ ਦੇ ਪਦ ਚਿੰਨ੍ਹਾਂ 'ਤੇ ਚੱਲਦੇ ਹੋਏ ਆਪਣੇ ਭੈਣ-ਭਰਾਵਾਂ ਦੀ ਅਗਵਾਈ ਕੀਤੀ। ਆਪ ਜੀ ਦੇ ਸਪੁੱਤਰ ਡਾ.ਜਤਿੰਦਰ ਸਿੰਘ ਜੀ ਤੇ ਡਾ.ਬਰਜਿੰਦਰ ਸਿੰਘ ਜੀ ਤੇ ਦੋ ਸਪੁੱਤਰੀਆਂ ਡਾ.ਅੰਮ੍ਰਿਤਪਾਲ ਕੌਰ ਤੇ ਪ੍ਰੋਫੈਸਰ ਬੀਰਿੰਦਰ ਕੌਰ ਹਨ,ਜੋ ਕਿ ਚੰਗੇ ਖਾਨਦਾਨ ਵਿੱਚ ਵਿਆਹੀਆਂ ਹੋਈਆਂ ਹਨ ਜੋ ਕਿ ਆਪ ਜੀ ਦੇ ਪਾਏ ਪੂਰਨਿਆਂ ਅਨੁਸਾਰ ਖੁਸ਼ਹਾਲ ਗੁਰਸਿੱਖੀ ਪਰਿਵਾਰਕ ਜੀਵਨ ਬਤੀਤ ਕਰ ਰਹੇ ਹਨ। ਆਪ ਆਪਣੇ ਪੋਤਰੇ ਪੋਤਰੀਆਂ ਦੀ ਖਿੜੀ ਫੁੱਲਵਾੜੀ ਵਿੱਚੋਂ ਮਿਤੀ 6 ਮਈ 2025 ਨੂੰ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।ਆਪ ਜੀ ਦੇ ਨਮਿਤ ਭੋਗ ਅਤੇ ਅੰਤਿਮ ਅਰਦਾਸ ਮਿਤੀ 11 ਮਈ 2025 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਹਸਨਪੁਰ ਸਾਹਮਣੇ ਵੇਰਕਾ ਮਿਲਕ ਪਲਾਂਟ ਸਰਹੰਦ ਰੋਡ, ਪਟਿਆਲਾ ਵਿਖੇ ਪਵੇਗਾ।

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

### ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ
ਕਿ ਸਾਡੇ ਸਤਿਕਾਰਯੋਗ

**ਡਾ. ਭੁਪਿੰਦਰ ਸਿੰਘ ਜੀ**
ਅਨੰਦ ਕਲੀਨਿਕ ਪਾਸੀ ਰੋਡ

6 ਮਈ, 2025 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ
ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।
ਉਨਾਂ ਦੀ ਆਤਮਕ ਸ਼ਾਂਤੀ ਲਈ ਭੋਗ ਅਤੇ ਅੰਤਿਮ ਅਰਦਾਸ
**ਮਿਤੀ 11 ਮਈ 2025, ਦਿਨ ਐਤਵਾਰ ਨੂੰ**
ਦੁਪਹਿਰ 12:30 ਤੋਂ 2:00 ਵਜੇ ਤਕ ਹੋਵੇਗੀ।
ਸਥਾਨ: ਗੁ:ਸਾਹਿਬ ਹਸਨਪੁਰ
ਸਾਹਮਣੇ ਵੇਰਕਾ ਮਿਲਕ ਪਲਾਂਟ
ਸਰਹਿੰਦ ਰੋਡ, ਪਟਿਆਲਾ

ਵੱਲੋਂ
ਸਮੂਹ ਅਨੰਦ ਪਰਿਵਾਰ
ਮੋ: 9888088149, 9417871307


# ਝੋਨੇ ਦੀ ਸਿੱਧੀ ਬਿਜਾਈ 'ਤੇ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਪ੍ਰਾਪਤ ਕਰੋ

1. ਪੰਜਾਬ ਸਰਕਾਰ ਵੱਲੋਂ ਸਾਲ 2025-26 ਦੌਰਾਨ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਦਿੱਤੀ ਜਾ ਰਹੀ ਹੈ।
2. ਕਿਸਾਨ ਵੀਰ ਆਪਣੀ ਸਹਿਮਤੀ, ਹੇਠ ਲਿਖੇ ਲਿੰਕ 'ਤੇ ਰਜਿਸਟਰ ਕਰਕੇ ਦੇ ਸਕਦੇ ਹਨ https://agrisubsidy.agrimachinerypb.com/#/dsr-registration
3. ਕਿਸਾਨ ਵੀਰ ਲਿੰਕ ਖੋਲ੍ਹ ਕੇ ਆਪਣਾ ਆਧਾਰ ਨੰਬਰ ਭਰਨਗੇ। ਕਾਸ਼ਤਕਾਰ ਕਿਸਾਨ ਦੀ ਨਿੱਜੀ ਅਤੇ ਬੈਂਕ ਸਬੰਧੀ ਜਾਣਕਾਰੀ ਅਨਾਜ ਖਰੀਦ/ਈ. ਮੰਡੀਕਰਨ ਪੋਰਟਲ ਵਿੱਚ ਕੀਤੀ ਰਜਿਸਟ੍ਰੇਸ਼ਨ ਅਨੁਸਾਰ ਹੀ ਰਹੇਗੀ।
4. ਉਸ ਉਪਰੰਤ ਕਿਸਾਨ ਵੱਲੋਂ ਸਿਰਫ਼ ਆਪਣੀ ਸਿੱਧੀ ਬਿਜਾਈ ਅਧੀਨ ਜ਼ਮੀਨ ਦੇ ਵੇਰਵੇ ਹੀ ਦਿੱਤੇ ਜਾਣੇ ਹਨ। ਉਦਾਹਰਣ ਲਈ ਕਿਸਾਨ ਵੱਲੋਂ ਜ਼ਮੀਨ ਦਾ ਜ਼ਿਲ੍ਹਾ/ਤਹਿਸੀਲ-ਸਬ ਤਹਿਸੀਲ/ਪਿੰਡ/ਖੇਵਟ ਨੰਬਰ/ਖਸਰਾ ਨੰਬਰ ਅਤੇ ਸਿੱਧੀ ਬਿਜਾਈ ਅਧੀਨ ਰਕਬੇ ਦੀ ਜਾਣਕਾਰੀ (ਕਨਾਲ/ ਮਰਲਾ/ ਬਿੱਘਾ) ਜਾਂ ਵਿਸਵਾ ਵਿੱਚ ਦਿੱਤੀ ਜਾਵੇ।
5. ਕਾਸ਼ਤਕਾਰ ਕਿਸਾਨ ਆਪ ਰਜਿਸਟ੍ਰੇਸ਼ਨ 10 ਮਈ, 2025 ਤੋਂ ਲਿੰਕ - https://agrisubsidy.agrimachinerypb.com/#/dsr-registration ਉੱਪਰ ਜਾ ਕੇ ਕਰ ਸਕਦੇ ਹਨ।
6. ਝੋਨੇ ਦੀ ਸਿੱਧੀ ਬਿਜਾਈ ਦੀ ਪਹਿਲੀ ਤਸਦੀਕ 1 ਜੁਲਾਈ, 2025 ਤੋਂ 15 ਜੁਲਾਈ, 2025 ਤੱਕ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਕੀਤੀ ਜਾਵੇਗੀ।

**ਵਧੇਰੇ ਜਾਣਕਾਰੀ ਲਈ ਕਿਸਾਨ ਵੀਰ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਨਾਲ ਸੰਪਰਕ ਕਰ ਸਕਦੇ ਹਨ:**

| | | | |
|---|---|---|---|
| ਅੰਮ੍ਰਿਤਸਰ | 77983-10001 | ਤਰਨ ਤਾਰਨ | 98140-16068 |
| ਬਰਨਾਲਾ | 98157-25699 | ਰੋਪੜ | 78885-67518 |
| ਬਠਿੰਡਾ | 88720-10029 | ਸੰਗਰੂਰ | 88720-10028 |
| ਫ਼ਰੀਦਕੋਟ | 91462-00703 | ਮਾਨਸਾ | 98964-01313 |
| ਫ਼ਤਹਿਗੜ੍ਹ ਸਾਹਿਬ | 75080-18721 | ਫ਼ਾਜ਼ਿਲਕਾ | 98148-00161 |
| ਫ਼ਿਰੋਜ਼ਪੁਰ | 98140-07884 | ਪਠਾਨਕੋਟ | 98552-26781 |
| ਗੁਰਦਾਸਪੁਰ | 94630-71919 | ਪਟਿਆਲਾ | 98147-31147 |
| ਮੋਗਾ | 94651-00101 | ਸ੍ਰੀ ਮੁਕਤਸਰ ਸਾਹਿਬ | 98720-25038 |
| ਹੁਸ਼ਿਆਰਪੁਰ | 88720-26514 | ਐਸ.ਏ.ਐਸ. ਨਗਰ | 98723-04259 |
| ਲੁਧਿਆਣਾ | 88722-00575 | ਜਲੰਧਰ | 98149-43333 |
| ਕਪੂਰਥਲਾ | 95920-94002 | ਸ਼ਹੀਦ ਭਗਤ ਸਿੰਘ ਨਗਰ | 78885-67518 |



ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ
ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

# ਧਰਤੀ 'ਤੇ ਜੀਵਨ ਜਾਂ ਬਨਸਪਤੀ ਪਾਣੀ ਤੋਂ ਬਿਨਾਂ ਸੰਭਵ ਨਹੀਂ



ਬਰਨਾਲਾ, 9 ਮਈ (ਸੁਖਵਿੰਦਰ ਸਿੰਘ ਭੰਡਾਰੀ):ਪਾਣੀ ਕੁਦਰਤ ਦੀ ਅਨਮੋਲ ਦਾਤ ਹੈ। ਪਾਣੀ ਨੂੰ ਜੀਵਨ ਦਾ ਮੂਲ ਆਧਾਰ ਕਿਹਾ ਜਾਂਦਾ ਹੈ। ਇਸ ਮੌਕੇ ਕਰਵਾਈ ਗੋਸ਼ਟੀ ਦੌਰਾਨ ਨਰ ਨਾਰਾਇਣ ਸੇਵਾ ਸੰਸਥਾਨ ਦੇ ਪ੍ਰਧਾਨ ਸ਼ਿਆਮ ਸੁੰਦਰ ਗੁਪਤਾ ਨੇ ਕਿਹਾ ਕਿ ਪਾਣੀ ਨੂੰ ਸਾਰੇ ਧਰਮਾਂ 'ਚ ਅਹਿਮ ਸਥਾਨ ਦਿੱਤਾ ਗਿਆ ਹੈ ਸਿੱਖ ਧਰਮ 'ਚ ਪਾਣੀ ਨੂੰ ਪਿਤਾ ਦਾ ਦਰਜਾ, ਸਨਾਤਨ ਧਰਮ 'ਚ ਪਾਣੀ ਨੂੰ ਜਲ ਦੇਵਤਾ ਕਿਹਾ ਜਾਂਦਾ ਹੈ। ਧਰਤੀ ਦੇ ਕੁੱਲ ਖੇਤਰਫਲ ਦਾ 71 ਫ਼ੀਸਦੀ ਹਿੱਸਾ ਪਾਣੀ ਹੈ, ਜਿਸ ਵਿੱਚੋਂ ਧਰਤੀ ਹੇਠਲਾ ਕੇਵਲ ਤਿੰਨ ਪ੍ਰਤੀਸ਼ਤ ਪਾਣੀ ਹੀ ਪੀਣਯੋਗ ਹੈ। ਇਸ ਮੌਕੇ ਸਮਾਜ ਸੇਵੀ ਮੁਨੀਸ਼ ਗੋਇਲ ਨੇ ਕਿਹਾ ਕਿ ਧਰਤੀ ਹੇਠਲਾ ਪਾਣੀ ਸੈਂਕੜੇ ਸਾਲਾਂ 'ਚ ਸਾਫ਼ ਹੁੰਦਾ ਹੋਇਆ ਕੁਦਰਤੀ ਤੱਤ ਤੋਂ ਬਣਾਏ ਗਏ ਪੱਤਣਾਂ 'ਚ ਸਾਂਭਿਆ ਜਾਂਦਾ ਹੈ। ਇਹ ਅੱਵਲ ਦਰਜੇ ਦਾ ਸਾਫ਼ ਹੁੰਦਾ ਹੈ ਕਿਉਂਕਿ ਇਸ ਦੀ ਸਫ਼ਾਈ ਲਈ ਸੈਂਕੜੇ ਹਜ਼ਾਰਾਂ ਸਾਲ ਲੱਗ ਗਏ ਹਨ। ਕੋਲੋਨਾਈਜ਼ਰ ਪਿਆਰਾ ਲਾਲ ਰਾਏਸਰ ਵਾਲਿਆਂ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਨਾਲ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਰਿਹਾ ਹੈ। ਪੰਜਾਬ ਦਾ 45 ਫ਼ੀਸਦੀ ਪਾਣੀ ਪੀਣਯੋਗ ਨਹੀਂ। ਕੋਪਲ ਕੰਪਨੀ ਦੇ ਐਮਡੀ ਸੰਜੀਵ ਬਾਂਸਲ ਮੁਲਰ ਘਰਾਟ ਵਾਲਿਆਂ ਨੇ ਕਿਹਾ ਕਿ ਪੰਜਾਬ ਦੇ 117 ਬਲਾਕ ਡਾਰਕ ਜ਼ੋਨ ਐਲਾਨੇ ਗਏ ਹਨ। ਬਰਨਾਲਾ ਬਲਾਕ ਵੀ ਡਾਰਕ ਜ਼ੋਨ 'ਚ ਸ਼ਾਮਿਲ ਹੈ। ਇਸ ਮੌਕੇ ਸਮਾਜ ਸੇਵੀ ਨੀਰਜ ਬਾਲਾ ਦਾਨੀਆ ਨੇ ਕਿਹਾ ਕਿ ਵਿਸ਼ਵ ਦੇ 400 ਕਰੋੜ ਤੋਂ ਵੱਧ ਲੋਕਾਂ ਨੂੰ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ, ਜਿਸ ਵਿੱਚ ਭਾਰਤ ਦੇ 100 ਕਰੋੜ ਲੋਕ ਸ਼ਾਮਿਲ ਹਨ। ਪੰਜਾਬ ਅੰਦਰ ਹਰ ਸਾਲ ਲਗਭਗ ਇੱਕ ਮੀਟਰ ਪਾਣੀ ਹਰ ਸਾਲ ਹੇਠਾਂ ਚਲਾ ਜਾਂਦਾ ਹੈ। ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਪਾਣੀ ਦੀ ਵੱਧ ਤੋਂ ਵੱਧ ਸੰਜਮ ਨਾਲ ਵਰਤੋਂ ਕਰੀਏ। ਇਸ ਦੌਰਾਨ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਮਾਜ ਸੇਵੀ ਬਬੀਤਾ ਜਿੰਦਲ ਨੇ ਕਿਹਾ ਕਿ ਬੁਰਸ਼ ਕਰਨ ਸਮੇਂ ਟੂਟੀ ਬੰਦ ਰੱਖੋ। ਘਰਾਂ ਅਤੇ ਗੱਡੀਆਂ ਨੂੰ ਧੋਣ ਦੀ ਬਜਾਏ ਪੋਚੇ ਨਾਲ ਸਾਫ਼ ਕਰੋ। ਜੇਕਰ ਘਰ ਦੀ ਟੂਟੀ ਖਰਾਬ ਹੈ ਤਾਂ ਤੁਰੰਤ ਠੀਕ ਕਰਾਓ। ਘੱਟ ਪਾਣੀ ਵਾਲੀਆਂ ਫ਼ਸਲਾਂ ਬੀਜੋ। ਵੱਧ ਤੋਂ ਵੱਧ ਪੌਦੇ ਲਗਾਏ ਜਾਣ, ਘਰਾਂ, ਦਫ਼ਤਰਾਂ 'ਚ ਬਰਸਾਤੀ ਪਾਣੀ ਲਈ ਹਾਰਵੈਸਟਿੰਗ ਸਿਸਟਮ ਲਗਾਏ ਜਾਣ।

# ਫ਼ੌਜ ਦੀ ਬਹਾਦਰੀ 'ਤੇ ਪੂਰੇ ਦੇਸ਼ ਨੂੰ ਮਾਣ : ਸੰਜੀਵ ਬਾਂਸਲ, ਗੀਤੂ ਬਾਂਸਲ

ਬਰਨਾਲਾ, 9 ਮਈ (ਸੁਖਵਿੰਦਰ ਸਿੰਘ ਭੰਡਾਰੀ):22 ਅਪ੍ਰੈਲ ਨੂੰ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ 'ਚ ਇਕ ਕਾਇਰਾਨਾ ਅੱਤਵਾਦੀ ਹਮਲੇ 'ਚ 26 ਬੇਦੋਸ਼ੇ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ ਸੀ। ਇਸ ਬਰਬਰਤਾਪੂਰਨ ਘਟਨਾ ਦਾ ਮੂੰਹ-ਤੋੜ ਜਵਾਬ ਦਿੰਦੇ ਹੋਏ, ਭਾਰਤੀ ਫ਼ੌਜ ਨੇ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) 'ਚ ਸਥਿਤ 9 ਅੱਤਵਾਦੀ ਟਿਕਾਣਿਆਂ ਨੂੰ ਇਕ ਸਫ਼ਲ ਹਵਾਈ ਹਮਲੇ 'ਚ ਤਬਾਹ ਕਰ ਦਿੱਤਾ ਅਤੇ ਪਾਕਿਸਤਾਨ ਵੱਲੋਂ ਕੀਤੇ ਡਰੋਨ ਹਮਲਿਆਂ ਦਾ ਕਰਾਰਾ ਜਵਾਬ ਦਿੱਤਾ ਜਾ ਰਿਹਾ ਹੈ। ਇਸ ਸੰਬੰਧੀ ਉੱਘੇ ਕਾਰੋਬਾਰੀ ਸੰਜੀਵ ਬਾਂਸਲ ਐਮਡੀ ਕੋਪਲ ਕੰਪਨੀ ਮੁਲਰ ਘਰਾਟ ਅਤੇ ਗੀਤੂ ਬਾਂਸਲ ਕੋਪਲ ਕੰਪਨੀ ਵਾਲਿਆਂ ਨੇ ਕਿਹਾ ਕਿ ਭਾਰਤੀ ਫ਼ੌਜ ਦੀ ਇਸ ਸਫ਼ਲ ਕਾਰਵਾਈ 'ਤੇ ਪੂਰਾ ਦੇਸ਼ ਫ਼ਖ਼ਰ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਫ਼ੌਜ ਨੇ ਜਿਸ ਸਿਆਣਪ, ਸਟੀਕ ਰਣਨੀਤੀ ਤੇ ਹਿੰਮਤ ਨਾਲ ਇਸ ਕਾਰਵਾਈ ਨੂੰ ਅੰਜਾਮ ਦਿੱਤਾ, ਉਹ ਹਰ ਭਾਰਤੀ ਲਈ ਮਾਣ ਵਾਲੀ ਗੱਲ ਹੈ। ਪੂਰਾ ਦੇਸ਼ ਫ਼ੌਜ ਦੇ ਨਾਲ ਦ੍ਰਿੜਤਾ ਨਾਲ ਖੜ੍ਹਾ ਹੈ। ਸੰਜੀਵ ਬਾਂਸਲ ਨੇ ਕਿਹਾ ਕਿ ਪੰਜਾਬ



ਨੇ ਹਮੇਸ਼ਾ ਦੇਸ਼ ਦੀ ਏਕਤਾ ਤੇ ਅਖੰਡਤਾ 'ਚ ਮੋਹਰੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ, ਇਸ ਲਈ ਸਾਨੂੰ ਵਧੇਰੇ ਸੁਚੇਤ ਤੇ ਜਾਗਰੂਕ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਤੋਂ ਡਰਿਆ ਹੋਇਆ ਦੁਸ਼ਮਣ ਦੇਸ਼ ਭਾਰਤੀ ਸਰਹੱਦਾਂ ਅਤੇ ਭਾਰਤੀ ਠਿਕਾਣਿਆਂ ਤੇ ਗੋਲੀਬਾਰੀ ਕਰ ਰਿਹਾ ਹੈ। ਸਾਨੂੰ ਅਜਿਹੀ ਹਰ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਪਵੇਗਾ।

# ਜ਼ਿਲ੍ਹਾ ਮੈਜਿਸਟਰੇਟ ਨੇ ਜ਼ਰੂਰੀ ਵਸਤਾਂ ਦੇ ਭੰਡਾਰ ਕਰਨ 'ਤੇ ਲਗਾਈ ਪਾਬੰਦੀ

ਬਰਨਾਲਾ, 9 ਮਈ (ਬਘੇਲ ਸਿੰਘ ਧਾਲੀਵਾਲ/ਚਮਕੌਰ ਸਿੰਘ ਗੱਗੀ):ਮੌਜੂਦਾ ਹਾਲਾਤ ਦੌਰਾਨ ਕੁਝ ਦੁਕਾਨਦਾਰਾਂ ਵੱਲੋਂ ਖਾਣ-ਪੀਣ ਦੀਆਂ ਵਸਤੂਆਂ, ਪੈਟਰੋਲ, ਡੀਜ਼ਲ, ਚਾਰਾ ਅਤੇ ਹੋਰ ਰੋਜ਼ਾਨਾ ਲੋੜਾਂ ਵਾਲੀਆਂ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਰੋਕਣ ਲਈ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਟੀ ਬੈਨਿਥ ਨੇ ਜ਼ਰੂਰੀ ਵਸਤਾਂ ਜ਼ਿਲ੍ਹੇ ਵਿੱਚ ਅਨਾਜ ਅਤੇ ਹੋਰ ਖਾਣ ਪੀਣ ਦੀਆਂ ਵਸਤੂਆਂ, ਚਾਰਾ, ਦੁੱਧ ਤੇ ਡੇਅਰੀ ਉਤਪਾਦਾਂ, ਪੈਟਰੋਲ ਤੇ ਹੋਰ ਬਾਲਣ ਅਤੇ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਦਾ ਭੰਡਾਰ ਕਰਨ ਉੱਤੇ ਪਾਬੰਦੀ ਲਗਾਈ ਹੈ। ਜਾਰੀ ਹੁਕਮਾਂ ਵਿੱਚ ਉਹਨਾਂ ਕਿਹਾ ਕਿ ਜ਼ਿਲ੍ਹਾ ਵਾਸੀ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਆਦਿ ਸਬੰਧੀ ਸਬੰਧਿਤ ਅਧਿਕਾਰੀ ਨੂੰ ਇਸ ਦੀ ਰਿਪੋਰਟ ਕਰ ਸਕਦੇ ਹਨ। ਉਹਨਾਂ ਕਿਹਾ ਕਿ ਕਿਸ ਵਪਾਰੀ ਜਾਂ ਪ੍ਰਾਈਵੇਟ ਵਿਅਕਤੀ ਵੱਲੋਂ ਕਿਸੇ ਕਿਸਮ ਦੀ ਜਮ੍ਹਾਂਖੋਰੀ ਕੀਤੀ ਜਾ ਰਹੀ ਹੈ ਤਾਂ ਉਸ ਸਬੰਧੀ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ, ਹਰਸ਼ਰਨਜੀਤ ਸਿੰਘ ਨਾਲ ਮੋਬਾਈਲ ਨੰਬਰ 97797—25465 'ਤੇ, ਏ ਐਫ ਐਸ.ਓ ਪ੍ਰਦੀਪ ਸਿੰਘ ਨਾਲ ਫੋਨ ਨੰਬਰ 98720—18044 'ਤੇ ਅਤੇ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਬਰਨਾਲਾ ਕਮਲਜੀਤ ਸਿੰਘ ਫੋਨ ਨੰਬਰ 95011—18071 'ਤੇ, ਡਾ. ਗਗਨਜੋਤ ਸਿੰਘ ਫੋਨ ਨੰਬਰ 96643—43592 'ਤੇ, ਜ਼ਿਲ੍ਹਾ ਮੰਡੀ ਅਫਸਰ ਬਰਨਾਲਾ ਬਿਰਦਿੰਦਰ ਸਿੰਘ ਫੋਨ ਨੰਬਰ 99882—12210 'ਤੇ, ਕੁਲਵਿੰਦਰ ਸਿੰਘ ਫੋਨ ਨੰਬਰ 98151—80178 'ਤੇ, ਡੀ.ਐਮ ਸਮੀਤੀ ਕਮਲਪ੍ਰੀਤ ਫੋਨ ਨੰਬਰ 94179—45150 'ਤੇ, ਐਫ.ਐਸ.ਓ ਯਸ਼ੀਨ ਫੋਨ ਨੰਬਰ 75278—84373 'ਤੇ ਅਤੇ ਚੀਫ ਫਾਰਮੇਸੀ ਅਫਸਰ ਪਵਨ ਕੁਮਾਰ ਫੋਨ ਨੰਬਰ 98728—69002 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਕਾਲਾਬਾਜ਼ਾਰੀ, ਜਮ੍ਹਾਂਖੋਰੀ ਅਤੇ ਵਸਤੂਆਂ ਦੀ ਫ਼ਰਜ਼ੀ ਘਾਟ ਨੂੰ ਰੋਕਣ ਲਈ ਸਖ਼ਤ ਕਾਰਵਾਈ ਅਮਲ ਵਿੱਚ ਲਿਆਉਣ। ਉਹਨਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਵਿਅਕਤੀ, ਵਪਾਰੀ ਜਾਂ ਸੰਗਠਨ ਨੂੰ ਅਨਾਜ ਅਤੇ ਸਬੰਧਿਤ ਸਮਾਨ, ਚਾਰਾ, ਦੁੱਧ ਅਤੇ ਡੇਅਰੀ ਉਤਪਾਦ, ਪੈਟਰੋਲ, ਡੀਜ਼ਲ ਤੇ ਹੋਰ ਬਾਲਣ ਵਰਗੀਆਂ ਜ਼ਰੂਰੀ ਵਸਤੂਆਂ ਨੂੰ ਜਮ੍ਹਾਂਖੋਰੀ ਨਹੀਂ ਕਰਨ ਦਿੱਤੀ ਜਾਵੇਗੀ ਅਤੇ ਇਸ ਸਬੰਧੀ ਕੀਤੀ ਗਈ ਉਲੰਘਣਾ ਨੂੰ ਸਖਤੀ ਨਾਲ ਨਜਿੱਠਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਜਮ੍ਹਾਂਖੋਰੀ ਤੋਂ ਬਚਣ ਦੀ ਅਪੀਲ ਕਰਦਿਆਂ ਭਰੋਸਾ ਦਿਵਾਇਆ ਹੈ ਕਿ ਜ਼ਿਲ੍ਹੇ ਵਿੱਚ ਰਾਸ਼ਨ, ਦੁੱਧ, ਅਨਾਜ, ਦਾਲਾਂ ਅਤੇ ਹੋਰ ਖਪਤਕਾਰ ਸਮਾਨ ਸਮੇਤ ਜ਼ਰੂਰੀ ਵਸਤੂਆਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਵੀ ਦੁਕਾਨਦਾਰ ਜਾਂ ਵਪਾਰੀ ਵਸਤੂਆਂ ਦੀ ਫਰਜ਼ੀ ਘਾਟ ਜਾਂ ਸ਼ੋਸ਼ਣਕਾਰੀ ਕੀਮਤਾਂ ਵਿੱਚ ਸ਼ਾਮਿਲ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਭਲਕੇ ਦੇ ਧਰਨੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ



ਤਪਾ ਮੰਡੀ, 9 ਮਈ (ਭੂਸ਼ਨ ਘੜੈਲਾ):ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਮੌਕੇ ਵੱਡੇ ਵੱਡੇ ਚੋਣ ਵਾਅਦੇ ਕੀਤੇ ਸਨ, ਜਿਨ੍ਹਾਂ ਵਿੱਚੋਂ ਇੱਕ ਵਾਅਦਾ ਸਿੱਖਿਆ ਅਤੇ ਸਿਹਤ ਵਿਭਾਗ ਵਿੱਚ ਇਨਕਲਾਬੀ ਬਦਲਾਅ ਲਿਆਉਣ ਲਈ ਭਰਤੀ ਕੈਲੰਡਰ ਲਾਗੂ ਕਰਕੇ ਹਰੇਕ ਸਾਲ ਭਰਤੀਆਂ ਕਰਨ ਬਾਰੇ ਸੀ। ਹੁਣ ਜਦੋਂ ਤਿੰਨ ਸਾਲ ਤੋਂ ਵੱਧ ਸਮਾਂ ਲੰਘਣ ਮਗਰੋ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸਿੱਖਿਆ ਅਤੇ ਸਿਹਤ ਵਿਭਾਗ ਵੱਡੀ ਗਿਣਤੀ ਅੰਦਾਜ਼ਨ 22000 ਆਸਾਮੀਆਂ ਭਰੇ ਜਾਣ ਦੇ ਦਾਅਵੇ ਕਰਦੀ ਹੈ ਤਾਂ ਦੂਜੇ ਸਿੱਖਿਆ ਅਤੇ ਸਿਹਤ ਵਿਭਾਗ ਦੇ ਬੇਰੁਜ਼ਗਾਰਾਂ ਦਾ ਆਖਣਾ ਹੈ ਕਿ ਉਪਰੋਕਤ ਅੰਕੜੇ ਮਹਿਜ਼ ਖ਼ਾਨਾਪੂਰਤੀ ਹੈ, ਜਦਕਿ ਅਮਲੀ ਰੂਪ ਵਿੱਚ ਪੰਜਾਬ ਸਰਕਾਰ ਵੱਲੋਂ ਇੱਕ ਵੀ ਪੋਸਟ ਨਹੀਂ ਕੱਢੀ ਗਈ। ਇਸੇ ਕਾਰਨ ਵੱਖ ਵੱਖ ਬੇਰੁਜ਼ਗਾਰ ਜਥੇਬੰਦੀਆਂ ਉੱਤੇ ਆਧਾਰਤ ਬੇਰੁਜ਼ਗਾਰ ਸਾਂਝੇ ਮੋਰਚੇ ਨੇ 11 ਮਈ ਨੂੰ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ ਕ੍ਰਾਂਤੀ ਮਹਿਜ਼ ਡਰਾਮੇਬਾਜ਼ੀ ਹੈ,ਜਿਸਦਾ ਭਾਂਡਾ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਭੰਨਿਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ ਐਨ ਟੀ ਟੀ,ਈਟੀਟੀ, ਮਾਸਟਰ ਕੇਡਰ, ਲੈਕਚਰਾਰ, ਸਹਾਇਕ ਪ੍ਰੋਫ਼ੈਸਰ ਅਤੇ ਪ੍ਰੋਫ਼ੈਸਰ ਪੱਧਰ ਤੱਕ ਦੀ ਇੱਕ ਅਸਾਮੀ ਜੇਕਰ ਸਰਕਾਰ ਨੇ ਕੱਢੀ ਹੋਵੇ ਤਾਂ ਇਸ਼ਤਿਹਾਰ ਸਾਂਝਾ ਕੀਤਾ ਜਾਵੇ। ਜਦਕਿ ਆਮ ਆਦਮੀ ਪਾਰਟੀ ਨੇ 343 ਲੈਕਚਰਾਰ ਅਤੇ 646 ਪੀ ਟੀ ਆਈ ਅਧਿਆਪਕਾਂ ਦੀਆਂ ਪੋਸਟਾਂ ਰੱਦ ਜ਼ਰੂਰ ਕੀਤੀਆਂ ਹਨ।ਉਨ੍ਹਾਂ ਚਿਤਾਵਨੀ ਦਿੰਦੇ ਕਿਹਾ ਕਿ ਪੰਜਾਬ ਸਰਕਾਰ ਇਸ ਮੁੱਦੇ ਉੱਤੇ ਸਿੱਧੀ ਜਨਤਕ ਬਹਿਸ ਕਰੇ। ਉਹਨਾਂ ਦੱਸਿਆ ਕਿ ਫੋਕੀ ਸਿੱਖਿਆ ਕ੍ਰਾਂਤੀ ਦੀ ਫੂਕ ਕੱਢਣ ਲਈ,ਮਾਸਟਰ ਕੇਡਰ,ਲੈਕਚਰਾਰ,ਸਹਾਇਕ ਪ੍ਰੋਫ਼ੈਸਰ ਅਤੇ ਮਲਟੀਪਰਪਜ਼ ਹੈਲਥ ਵਰਕਰ ਪੁਰਸ਼ ਦੀਆਂ ਪ੍ਰਵਾਨ ਹੋ ਚੁੱਕੀਆਂ ਅਸਾਮੀਆਂ ਜਾਰੀ ਕਰਵਾਉਣ,ਉਮਰ ਹੱਦ ਛੋਟ ਲੈਣ,ਮਾਸਟਰ ਕੇਡਰ ਵਿੱਚ ਥੋਪੀ ਬੇਤੁਕੀ ਸ਼ਰਤ 55 ਪ੍ਰਤੀਸ਼ਤ ਲਾਜ਼ਮੀ ਅੰਕ ਰੱਦ ਕਰਵਾਉਣ, ਆਰਟ ਐਂਡ ਕਰਾਫਟ ਦੀਆਂ 250 ਅਸਾਮੀਆਂ ਦਾ ਲਿਖਤੀ ਪੇਪਰ ਤੁਰੰਤ ਕਰਵਾਉਣ ਅਤੇ ਮਲਟੀਪਰਪਜ਼ ਹੈਲਥ ਵਰਕਰ ਦੀਆਂ 270 ਪੋਸਟਾਂ ਵਿੱਚ ਉਮਰ ਹੱਦ ਛੋਟ ਲੈਣ ਲਈ 11 ਮਈ ਦਿਨ ਐਤਵਾਰ ਨੂੰ ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਕੋਠੀ ਦਾ ਘਿਰਾਉ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਭਾਵੇਂ ਲੱਖ ਮਾੜੀਆਂ ਸਨ, ਪਰ ਉਹ ਅਕਸਰ ਹੀ 5 ਸਾਲਾਂ ਵਿੱਚ ਕਰੀਬ 2 ਵਾਰ ਪੋਸਟਾਂ ਕੱਢ ਦਿੰਦੀਆਂ ਸਨ।ਪ੍ਰੰਤੂ ਕੈਲੰਡਰ ਲਾਗੂ ਕਰਨ ਦਾ ਐਲਾਨ ਕਰਕੇ ਵੀ ਕੋਈ ਪੋਸਟ ਨਹੀਂ ਕੱਢੀ।ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਾਕਾਮੀ ਕਾਰਨ ਹਜ਼ਾਰਾਂ ਬੇਰੁਜ਼ਗਾਰ ਓਵਰਏਜ਼ ਹੋਏ ਸਨ,ਪਰ ਸਿਤਮ ਇਹ ਵੀ ਹੈ ਮੌਜੂਦਾ ਸਰਕਾਰ ਦੇ 3 ਸਾਲਾ ਕਾਰਜਕਾਲ ਵਿੱਚ ਹਜ਼ਾਰਾਂ ਹੋਰ ਬੇਰੁਜ਼ਗਾਰ ਉਮਰ ਹੱਦ ਲੰਘਾ ਬੈਠੇ ਹਨ। ਇਸ ਲਈ ਮੰਗਾਂ ਦੀ ਪ੍ਰਾਪਤੀ ਲਈ ਬੇਰੁਜ਼ਗਾਰ ਸਿੱਖਿਆ ਮੰਤਰੀ ਦੀ ਕੋਠੀ ਦੇ ਘਿਰਾਓ ਲਈ ਤਿਆਰ ਬਰ ਤਿਆਰ ਹਨ। ਇਸ ਮੌਕੇ ਕਰਮਜੀਤ ਸਿੰਘ ਜਗਜੀਤ ਪੁਰਾ,ਵਿਕਰਮ ਤਪਾ, ਵਿਪਨ ਤਪਾ,ਰੋਹਿਤ ਕੁਮਾਰ,ਗੋਲਡੀ ਤਪਾ,ਜਸਵੀਰ ਸਿੰਘ ਤਪਾ,ਬਲਵਿੰਦਰ ਸਿੰਘ ਤਪਾ,ਸ਼ਿੰਦਰ ਕੌਰ,ਗੁਰਵਿੰਦਰ ਸਿੰਘ,ਜਸਵੰਤ ਰਾਏ ਅਤੇ ਜਗਜੀਤ ਕੌਰ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੰਟਰੋਲ ਰੂਮ ਸਥਾਪਤ

ਬਰਨਾਲਾ, 9 ਮਈ (ਬਘੇਲ ਸਿੰਘ ਧਾਲੀਵਾਲ):ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਵਰਤਮਾਨ ਹਲਾਤਾਂ ਦੇ ਮੱਦੇਨਜ਼ਰ ਇਕ 24 ਘੰਟੇ ਚੱਲਣ ਵਾਲਾ ਕੰਟਰੋਲ ਰੂਮ ਸਥਾਪਿਤ ਕੀਤਾ ਹੈ। ਇਹ ਜਾਣਕਾਰੀ ਜ਼ਿਲ੍ਹਾ ਮੈਜਿਸਟ੍ਰੇਟ ਟੀ ਬੈਨਿਥ ਨੇ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਕੰਟਰੋਲ ਰੂਮ ਦੇ ਜ਼ਿਲ੍ਹਾ ਪ੍ਰਸ਼ਾਸਨ 01679-233031, ਐਸਐਸਪੀ ਦਫ਼ਤਰ 97795-45100 ਅਤੇ 98726-00040 ਹੈਲਪ ਲਾਈਨ ਨੰਬਰ ਜਾਰੀ ਕੀਤੇ ਹਨ। ਜ਼ਿਲ੍ਹਾ ਵਾਸੀ ਕਿਸੇ ਕਿਸਮ ਦੀ ਸੂਚਨਾ ਦੇਣ ਜਾਂ ਜਾਣਕਾਰੀ ਲਈ ਇਨ੍ਹਾਂ ਨੰਬਰ 'ਤੇ ਕਾਲ ਕਰ ਸਕਦੇ ਹਨ। ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਪ੍ਰਕਾਰ ਦੀ ਅਫ਼ਵਾਹ ਤੋਂ ਬਚਿਆ ਜਾਵੇ ਅਤੇ ਅਫ਼ਵਾਹ ਫੈਲਾਉਣ ਵਾਲੇ ਸੁਨੇਹੇ ਫੇਸਬੁੱਕ, ਵਟਸਐਪ, ਰੀਲਾਂ ਆਦਿ ਨੂੰ ਅੱਗੇ ਸ਼ੇਅਰ ਨਾ ਕੀਤਾ ਜਾਵੇ।

# ਐੱਮ.ਐਸ.ਯੂ. ਦੀ ਚੋਣ ਵਿੱਚ ਅਮਨਦੀਪ ਕਾਂਸਲ ਮੰਡਲ ਪ੍ਰਧਾਨ ਬਣੇ



ਧੂਰੀ, 9 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪਾਵਰਕਾਮ ਮੁਲਾਜ਼ਮਾਂ ਤੇ ਅਧਾਰਿਤ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਰਜਿ:, (ਐਮ.ਐਸ.ਯੂ) ਦੀ ਮੰਡਲ ਕਮੇਟੀ ਦੀ ਹਰਪਾਲ ਸਿੰਘ ਸੂਬਾ ਪ੍ਰਧਾਨ ਅਤੇ ਪੁਨੀਤ ਪਰਾਸ਼ਰ ਜੁਆਇੰਟ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਚੋਣ ਵਿੱਚ ਅਮਨਦੀਪ ਕਾਂਸਲ ਨੂੰ ਸਰਬਸੰਮਤੀ ਨਾਲ ਮੰਡਲ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਬਾਕੀ ਆਹੁੱਦੇਦਾਰਾਂ ਦੀ ਕੀਤੀ ਗਈ ਚੋਣ ਵਿੱਚ ਅਮੀਸ਼ ਜਿੰਦਲ ਮੀਤ ਪ੍ਰਧਾਨ, ਅੰਮ੍ਰਿਤਪਾਲ ਸਿੰਘ ਸਕੱਤਰ, ਸ਼ਵੇਤ ਗੋਇਲ ਸਹਾਇਕ ਸਕੱਤਰ, ਨਵੀਨ ਸਿੰਗਲਾ ਸੰਯੁਕਤ ਸਕੱਤਰ, ਦਿਕਸ਼ਾ ਕੈਸ਼ੀਅਰ, ਹਰਤੇਸ਼ ਸ਼ਰਮਾ ਅਤੇ ਹੇਮਨਪ੍ਰੀਤ ਸਿੰਘ ਚੀਫ ਆਰਗੇਨਾਈਜਰ, ਲਖਵੀਰ ਸਿੰਘ, ਪ੍ਰਵੀਨ ਕੁਮਾਰ ਅਤੇ ਜਸਪਾਲ ਸਿੰਘ ਪ੍ਰੈਸ ਸਕੱਤਰ, ਨਵੀਨ ਸਿੰਗਲਾ ਅਤੇ ਗੁਰਪ੍ਰੀਤ ਸਿੰਘ ਦਫ਼ਤਰੀ ਸਕੱਤਰ, ਅਸ਼ਵਨੀ ਕੁਮਾਰ, ਤਰਸੇਮ ਸਿੰਘ ਐਡੀਟਰ ਅਤੇ ਹਰਜਿੰਦਰ ਸਿੰਘ ਅਤੇ ਨਿਸ਼ਾ ਬਾਂਸਲ ਕਾਰਜਕਾਰੀ ਮੈਂਬਰ ਚੁਣੇ ਗਏ। ਇਸ ਮੌਕੇ ਨਵਨਿਯੁਕਤ ਪ੍ਰਧਾਨ ਅਮਨਦੀਪ ਕਾਂਸਲ ਨੇ ਸਾਥੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਮੰਗਾਂ ਦੀ ਪ੍ਰਾਪਤੀ ਲਈ ਤੱਤਪਰ ਰਹਿਣਗੇ।

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਮਹੀਨਾਵਾਰ ਮੀਟਿੰਗ





ਭਦੌੜ, 9 ਮਈ (ਸੁਖਵਿੰਦਰ ਪਲਾਹਾ):ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬਲਾਕ ਸ਼ਹਿਣਾ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਝਿਹਿਆ ਵਾਲੀ ਭਦੌੜ ਵਿਖੇ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਜਗਸੀਰ ਸਿੰਘ ਸ਼ਹਿਣਾ ਨੇ ਕੀਤੀ, ਜਿਸ ਵਿਚ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਉੱਗੋਕੇ ਵਿਸ਼ੇਸ਼ ਤੌਰ 'ਤੇ ਪਹੁੰਚੇ।

ਮੀਟਿੰਗ ਵਿੱਚ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ ਜਿਸ ਵਿੱਚ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਜਾਣੂ ਕਰਵਾਇਆ ਗਿਆ। ਪਿਛਲੇ ਦਿਨੀਂ ਹੋਈ ਮੀਟਿੰਗ ਭਾਰਤ ਮਾਲਾ ਸੜਕ ਦੇ ਸੰਬੰਧ ਵਿੱਚ ਡੀ ਸੀ ਬਰਨਾਲਾ ਨੇ ਕਿਹਾ ਕਿ ਮੈਂ ਜਲਦੀ ਸਾਰਿਆਂ ਮਸਲਿਆਂ ਦਾ ਹੱਲ ਕਰਵਾਗਾਂ। ਮੀਟਿੰਗ ਵਿੱਚ ਦੱਸਿਆ ਗਿਆ ਕਿ ਟੋਲ ਪਲਾਜ਼ਾ ਮੱਲੀਆਂ ਦੇ ਅਧਿਕਾਰੀ ਲੋਕਾਂ ਨੂੰ ਹੈਰਾਨ ਕਰਦੇ ਹਨ ਜੋ ਕਿ 20 ਕਿਲੋਮੀਟਰ ਤੱਕ ਦੇ ਪਿੰਡ ਨੂੰ ਟੋਲ ਫ੍ਰੀ ਹੈ ਪਰ ਇਹ ਧੱਕੇ ਨਾਲ ਪਰਚੀ ਵਸੂਲ ਰਹੇ ਹਨ। ਜੇ ਇਹ ਨਾ ਬਾਜ ਆਏ ਤਾਂ ਜਥੇਬੰਦੀ ਧਰਨਾ ਲਾਉਣ ਲਈ ਮਜਬੂਰ ਹੋਵੇਗੀ। ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਹਰਚਰਨ ਸਿੰਘ ਸੁਖਪੁਰਾ, ਜ਼ਿਲ੍ਹਾ ਮੀਤ ਪ੍ਰਧਾਨ ਬਲਵੰਤ ਸਿੰਘ ਚੀਮਾ, ਜ਼ਿਲ੍ਹਾ ਪ੍ਰੈਸ ਸਕੱਤਰ ਕਰਮਜੀਤ ਸਿੰਘ ਭਦੌੜ, ਜ਼ਿਲ੍ਹਾ ਆਗੂ ਮੇਵਾ ਸਿੰਘ ਨੀਲੋਂ ਕੋਠੇ, ਬਲਾਕ ਜਰਨਲ ਸਕੱਤਰ ਭਿੰਦਾ ਸਿੰਘ ਢਿੱਲਵਾਂ, ਬਲਾਕ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਜੰਗੀਆਣਾ, ਬਲਾਕ ਖਜ਼ਾਨਚੀ ਹਰਬੰਸ ਸਿੰਘ ਭਦੌੜ, ਬਲਾਕ ਪ੍ਰੈਸ ਸਕੱਤਰ ਵਜ਼ੀਰ ਸਿੰਘ ਭਦੌੜ, ਬਲਾਕ ਆਗੂ ਲਛਮਣ ਸਿੰਘ ਉੱਗੋਕੇ, ਗੁਰਮੇਲ ਸਿੰਘ ਜਗਜੀਤਪੁਰਾ, ਪਾਲ ਸਿੰਘ ਜੋਧਪੁਰ, ਗੋਗੀ ਸਿੰਘ ਚੀਮਾ, ਸੁਖਦੇਵ ਗਿੱਲ ਕੋਠੇ, ਮਲਕੀਤ ਸਿੰਘ ਸ਼ਹਿਣਾ ਆਦਿ ਹਾਜ਼ਰ ਸਨ।

# ਖੋਖਰ ਕਲਾਂ ਦੇ ਨਿਰਾਸ਼ ਕਿਸਾਨਾਂ ਦੇ ਚਿਹਰਿਆਂ 'ਤੇ ਮਾਨ ਸਰਕਾਰ ਨੇ ਲਿਆਂਦੀ ਰੌਣਕ : ਸਿੱਧੂ

ਲਹਿਰਾਗਾਗਾ, 9 ਮਈ (ਗੁਰਦੀਪ ਸਿੰਘ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਕਿਸੇ ਵੀ ਕਿਸਮ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ ਜਾਵੇਗੀ,ਪਿੰਡ ਖੋਖਰ ਕਲਾਂ ਦੇ ਨਿਰਾਸ਼ ਕਿਸਾਨਾਂ ਦੇ ਚਿਹਰਿਆਂ 'ਤੇ ਉਸ ਸਮੇਂ ਰੌਣਕ ਦੇਖੀ ਗਈ ਜਦੋਂ ਪਿਛਲੇ ਦਿਨੀ ਖਜ਼ਾਨਾ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਦੇ ਯਤਨਾਂ ਸਦਕਾ ਉਨ੍ਹਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਵਾਸਤੇ ਅੰਡਰਗਰਾਊਂਡ ਪਾਈਪ ਲਾਈਨ ਮਨਜ਼ੂਰ ਕਰਕੇ ਉਸ ਦਾ ਕੰਮ ਤੁਰੰਤ ਸ਼ੁਰੂ ਕਰਵਾਇਆ ਗਿਆ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੇ ਭਰਾ ਸਰਦਾਰ ਗੁਰਜੀਤ ਸਿੰਘ ਸਿੱਧੂ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ, ਉਹਨਾਂ ਕਿਹਾ ਖੋਖਰ ਕਲਾਂ ਅਤੇ ਇਲਾਕੇ ਦੇ ਹੋਰ ਬਹੁਤ ਸਾਰੇ ਪਿੰਡਾਂ ਦੀ ਇਹ ਕਾਫੀ ਸਮੇਂ ਤੋਂ ਮੰਗ ਸੀ, ਕਿ ਕਿਸਾਨਾਂ ਦੇ ਖੇਤਾਂ ਦੀ ਸਿੰਚਾਈ ਲਈ ਨਹਿਰੀ ਪਾਣੀ ਵਾਸਤੇ ਪਾਈਪ ਲਾਈਨ ਮਨਜ਼ੂਰ ਕੀਤੀ ਜਾਵੇ,ਪਰ ਸਮੇਂ ਸਮੇਂ ਤੇ ਪਿਛਲੀਆਂ ਸਰਕਾਰਾਂ ਵਲੋਂ ਇਲਾਕੇ ਦੇ ਕਿਸਾਨਾਂ ਦੀ ਇਸ ਮੰਗ ਵੱਲ ਕੋਈ ਧਿਆਨ ਨਹੀਂ ਦਿੱਤਾ ਦਿੱਤਾ ਗਿਆ, ਪ੍ਰੰਤੂ ਹੁਣ ਮਾਨ ਸਰਕਾਰ ਨੇ ਇਹ ਫੈਸਲਾ ਹੀ ਕਰ ਲਿਆ ਹੈ ,ਕਿ ਪੰਜਾਬ ਦਾ ਕਿਸਾਨ ਆਪਣੇ ਖੇਤਾਂ ਦੀ ਸਿੰਚਾਈ ਲਈ ਪਾਈਪ ਲਾਈਨ ਦੇ ਰਾਹੀਂ ਨਿਰਵਿਘਨ ਨਹਿਰੀ ਪਾਣੀ ਦੀ ਸਪਲਾਈ ਲਵੇਗਾ, ਜੋ ਉਨਾ ਕਿਹਾ ਕਰ ਦਿਖਾਇਆ ਹੈ, ਸੋ ਅਸੀਂ ਆਪਣੇ ਪਿੰਡ ਖੋਖਰ ਕਲਾਂ ਅਤੇ ਸਾਰੇ ਇਲਾਕੇ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਤੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਪੁਰਾਣੇ ਸਮੇਂ ਤੋਂ ਇਸ ਲਮਕਦੀ ਆ ਰਹੀ ਮੰਗ ਨੂੰ ਪੂਰਾ ਕਰਕੇ ਕਿਸਾਨਾਂ ਦੇ ਚਿਹਰੇ ਤੇ ਰੌਣਕ ਲਿਆਂਦੀ ਹੈ, ਇਸ ਸਮੇਂ ਉਹਨਾਂ ਦੇ ਨਾਲ ਰਾਮ ਸਿੰਘ ਸਾਬਕਾ ਸਰਪੰਚ, ਹਰਮੀਤ ਸਿੰਘ ਕਮੇਟੀ ਪ੍ਰਧਾਨ, ਸੰਸਾਰ ਸਿੰਘ ਸਕੱਤਰ ਕਮੇਟੀ, ਹਰਦੀਪ ਸਿੰਘ ਖਜਾਨਚੀ ,ਨਿਰਮਲ ਸਿੰਘ ਖਾਲਸਾ, ਜਸਪਾਲ ਸਿੰਘ ਲੱਖਾ, ਜਗਤਾਰ ਸਿੰਘ ਬੱਬੂ, ਜਸਵਿੰਦਰ ਸਿੰਘ ਸਾਬਕਾ ਪੰਚ ਅਤੇ ਗੁਰਵਿੰਦਰ ਸਿੰਘ ਨੰਬਰਦਾਰ ਮੌਜੂਦ ਸਨ।



# ਆਮ ਆਦਮੀ ਕਲੀਨਿਕ ਲੋਕਾਂ ਲਈ ਬਣੇ ਵਰਦਾਨ: ਦਲਵੀਰ ਸਿੰਘ ਢਿੱਲੋਂ

ਧੂਰੀ, 9 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਅਤੇ ਮੁੱਖ ਮੰਤਰੀ ਕੈਂਪਸ ਦਫ਼ਤਰ, ਧੂਰੀ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਆਮ ਆਦਮੀ ਕਲੀਨਿਕ ਸ਼ੁਰੂ ਕਰਕੇ ਲੋਕਾਂ ਨੂੰ ਘਰਾਂ ਦੇ ਨੇੜੇ ਇਲਾਜ ਦੀ ਮੁਫ਼ਤ ਸਹੂਲਤ ਮੁਹੱਈਆਂ ਕਰਵਾਈ ਹੈ। ਉਨ੍ਹਾਂ ਦੱਸਿਆ ਕਿ ਹਲਕਾ ਧੂਰੀ ਸਮੇਤ ਪੂਰੇ ਜ਼ਿਲ੍ਹਾ ਸੰਗਰੂਰ ਵਿੱਚ ਖੋਲ੍ਹੇ ਗਏ 46 ਆਮ ਆਦਮੀ ਕਲੀਨਿਕਾਂ ਤੋਂ ਹੁਣ ਤੱਕ 15,75,952 ਵਿਅਕਤੀਆਂ ਨੇ ਆਪਣੀ ਸਿਹਤਜਾਂਚ ਕਰਵਾਈ, ਜਦਕਿ 02,06,756 ਮਰੀਜ਼ਾਂ ਦੇ ਲੈਬ ਟੈਸਟ ਵੀ ਮੁਫ਼ਤ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਨੇ ਸਿਹਤ ਤੇ ਸਿੱਖਿਆ ਖੇਤਰ ਨੂੰ ਤਰਜੀਹੀ ਖੇਤਰ ਬਣਾਇਆ ਹੈ, ਜਿਸ ਦੇ ਸਾਰਥਿਕ ਸਿੱਟੇ



ਨਿੱਕਲ ਰਹੇ ਹਨ। ਉਨ੍ਹਾਂ ਦੱਸਿਆ ਕਿ ਹਰੇਕ ਕਲੀਨਿਕ ਵਿੱਚ 01 ਡਾਕਟਰ, 01 ਫਾਰਮਸਿਸਟ, 01 ਲੈਬ ਟੈਕਨੀਸ਼ੀਅਨ ਅਤੇ 01 ਹੈਲਪਰ ਡਿਊਟੀ ਤੇ ਤਾਇਨਾਤ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿਖੇ ਆਨ-ਲਾਈਨ ਪੋਰਟਲ ਤੇ ਮਰੀਜ਼ਾਂ ਦੀ ਐਂਟਰੀ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਬਿਮਾਰੀ ਦਾ ਮੁਕੰਮਲ ਰਿਕਾਰਡ ਰੱਖਿਆ ਜਾਂਦਾ ਹੈ। ਆਮ ਆਦਮੀ ਕਲੀਨਿਕਾਂ ਵਿਖੇ ਦਵਾਈਆਂ ਉਪਲੱਬਧ ਕਰਵਾਉਣ ਤੋਂ ਇਲਾਵਾ ਐਚ.ਬੀ., ਬਲੱਡ ਸ਼ੂਗਰ, ਬਲੱਡ ਗਰੁੱਪ, ਐਚ.ਆਈ.ਵੀ., ਐਚ.ਸੀ.ਵੀ. (ਕਾਲਾ ਪੀਲੀਆ), ਐਚ.ਬੀ.ਐਸ.ਏ.ਜੀ (ਜਿਗਰ ਦੀਆਂ ਬਿਮਾਰੀਆਂ ਨਾਲ ਸਬੰਧਤ), ਵੀ.ਡੀ.ਆਰ.ਐਲ (ਗਰਭ ਦੌਰਾਨ ਜਾਂਚ), ਪਿਸ਼ਾਬ ਰਾਹੀਂ ਸ਼ੂਗਰ ਦੀ ਜਾਂਚ, ਪਿਸ਼ਾਬ ਰਾਹੀਂ ਅਲਬੁਮੇਨ (ਪੀਲੀਆ) ਦੀ ਜਾਂਚ, ਖ਼ੂਨ ਰਾਹੀਂ ਮਲੇਰੀਆ ਦੀ ਜਾਂਚ, ਆਦਿ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਆਮ ਲੋਕਾਂ ਵੱਲੋਂ ਇਹਨਾਂ ਕਲੀਨਿਕਾਂ ਸਬੰਧੀ ਤਸੱਲੀ ਪ੍ਰਗਟਾਈ ਜਾ ਰਹੀ ਹੈ ਕਿਉਂਕਿ ਇਨ੍ਹਾਂ ਕਲੀਨਿਕਾਂ ਵਿੱਚ ਆਮ ਬਿਮਾਰੀਆਂ ਦੀ ਜਾਂਚ ਅਤੇ ਕਲੀਨਿਕਲ ਟੈਸਟਾਂ ਸਮੇਤ ਵੱਖ-ਵੱਖ ਸੇਵਾਵਾਂ ਆਮ ਲੋਕਾਂ ਨੂੰ ਬਿਨਾਂ ਕਿਸੇ ਮੁਸ਼ਕਿਲ ਦੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ

# ਕਣਕ ਦੀ ਆਮਦ 'ਤੇ ਖਰੀਦ ਦਾ ਕੰਮ ਲਗਭਗ ਮੁਕੰਮਲ : ਡੀ. ਸੀ.

ਬਠਿੰਡਾ, 9 ਮਈ (ਜਗਸੀਰ ਭੁੱਲਰ): ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਜਿਥੇ ਕਣਕ ਦੀ ਆਮਦ ਤੇ ਖਰੀਦ ਦਾ ਕੰਮ ਲਗਭਗ ਮੁਕੰਮਲ ਹੋਣ ਵਾਲਾ ਹੈ, ਉਥੇ ਹੀ ਲਿਫਟਿੰਗ ਦਾ ਕੰਮ ਆਖਰੀ ਪੜਾਅ ਤੇ ਪਹੁੰਚ ਚੁੱਕਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਕੀਤੀ ਗਈ ਰੀਵਿਊ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 8 ਮਈ 2025 ਤੱਕ 889378 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ 'ਚੋ ਵੱਖ-ਵੱਖ ਖਰੀਦ ਏਜੰਸੀਆਂ ਨੇ 885723 ਮੀਟ੍ਰਿਕ ਕਣਕ ਦੀ ਖਰੀਦ ਕੀਤੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਖਰੀਦ ਏਜੰਸੀਆਂ ਵੱਲੋਂ ਖਰੀਦੀ ਗਈ ਕਣਕ ਦੀ ਅਦਾਇਗੀ ਵਜੋਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 1951.21 ਕਰੋੜ ਰੁਪਏ ਜਮ੍ਹਾਂ ਵੀ ਕਰਵਾਏ ਗਏ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ 8 ਮਈ 2025 ਅਪ੍ਰੈਲ ਤੱਕ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਖਰੀਦੀ ਗਈ ਕਣਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 270744 ਮੀਟ੍ਰਿਕ ਟਨ, ਮਾਰਕਫ਼ੈਡ 190392, ਪਨਸਪ 202566, ਵੇਅਰ ਹਾਊਸ 154746 ਤੇ ਪ੍ਰਾਈਵੇਟ ਵਪਾਰੀਆਂ ਵਲੋਂ 67275 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।

# ਸੁਣਵਾਈ ਅਧੀਨ ਮਾਮਲਿਆਂ ਦੇ ਆਧਾਰ 'ਤੇ ਕੈਦੀ ਦੀ ਸਮੇਂ ਤੋਂ ਪਹਿਲਾਂ ਰਿਹਾਈ ਤੋਂ ਨਾਂਹ ਨਹੀਂ ਕੀਤਾ ਜਾ ਸਕਦੀ : ਹਾਈਕੋਰਟ

ਭਗਤਾ ਭਾਈ ਕਾ, 9 ਮਈ (ਸਵਰਨ ਸਿੰਘ ਭਗਤਾ): ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਅਪਰਾਧਿਕ ਨਿਆਂ ਦਾ ਧਿਆਨ ਕੈਦੀਆਂ ਦੇ ਸੁਧਾਰ ਤੇ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਉਨ੍ਹਾਂ ਨੂੰ ਸਜ਼ਾ ਦੇਣ ਤੇ ਇਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਮੌਜੂਦਾ ਨੀਤੀ ਅਜਿਹੀ ਮੁਲਤਵੀ ਕਰਨ ਦੀ ਆਗਿਆ ਨਹੀਂ ਦਿੰਦੀ, ਤਾਂ ਰਾਜ ਕੈਦੀ ਦੀ ਜਲਦੀ ਰਿਹਾਈ ਦੀ ਬੇਨਤੀ ਤੇ ਫੈਸਲਾ ਲੈਣ ਵਿੱਚ ਦੇਰੀ ਨਹੀਂ ਕਰ ਸਕਦਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਸਟਿਸ ਹਰਪ੍ਰੀਤ ਸਿੰਘ ਬਰਾੜ ਨੇ ਐਡਵੋਕੇਟ ਮੰਜੂ ਗੋਇਲ ਧੁੱਨੀਕੇ (ਪੰਜਾਬ ਐਂਡ ਹਰਿਆਣਾ ਹਾਈਕੋਰਟ) ਵਾਲੇ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਕੀਤਾ।ਜਸਟਿਸ ਬਰਾੜ ਨੇ ਕਿਹਾ ਕਿ 18ਵੀਂ ਸਦੀ ਵਿੱਚ ਉਭਰਿਆ ਸੁਧਾਰ ਅਤੇ ਪੁਨਰਵਾਸ ਦਾ ਸਿਧਾਂਤ ਅਪਰਾਧੀ ਨੂੰ ਅਪਰਾਧ ਤੋਂ ਵੱਖ ਕਰਨ ਦਾ ਉਦੇਸ਼ ਰੱਖਦਾ ਹੈ ਅਤੇ ਸਾਨੂੰ ਉਸ ਦੁਆਰਾ ਕੀਤੇ ਗਏ ਇੱਕ ਭਿਆਨਕ ਕੰਮ ਤੋਂ ਪਰੇ ਦੇਖਣ ਲਈ ਮਜਬੂਰ ਕਰਦਾ ਹੈ। ਸਾਡੇ ਵਰਗੇ ਸੱਭਿਅਕ ਸਮਾਜ ਵਿੱਚ, ਇਹ ਸੱਚਮੁੱਚ ਮੰਦਭਾਗਾ ਹੋਵੇਗਾ ਜੇਕਰ ਕਿਸੇ ਅਪਰਾਧੀ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਨ ਅਤੇ ਪੂਰੀ ਤਰ੍ਹਾਂ ਸਮਝਣ ਅਤੇ ਉਸ ਜਾਗਰੂਕਤਾ ਨੂੰ ਸਮਾਜ ਵਿੱਚ ਫਲਦਾਇਕ ਯੋਗਦਾਨ ਪਾਉਣ ਲਈ ਵਰਤਣ ਦਾ ਮੌਕਾ ਨਹੀਂ ਦਿੱਤਾ ਜਾਂਦਾ। ਅਦਾਲਤ ਨੇ ਅੱਗੇ ਕਿਹਾ ਕਿ ਸਜ਼ਾ-ਸੁਧਾਰ ਸੰਸਥਾ ਨੂੰ ਸਿਰਫ਼ ਸਜ਼ਾ ਦੇਣ ਲਈ ਹੀ ਨਹੀਂ, ਸਗੋਂ ਪੁਨਰਵਾਸ ਲਈ ਵੀ ਦੇਖਿਆ ਜਾਣਾ ਚਾਹੀਦਾ ਹੈ। ਜਸਟਿਸ ਬਰਾੜ ਨੇ ਜ਼ੋਰ ਦੇ ਕੇ ਕਿਹਾ ਕਿ ਅਪਰਾਧੀ ਨੂੰ ਆਪਣੀ ਗਲਤੀ ਨੂੰ ਸੁਧਾਰਨ ਅਤੇ ਸਜ਼ਾ ਪੂਰੀ ਹੋਣ ਤੋਂ ਬਾਅਦ ਕਾਨੂੰਨ ਦੀ ਪਾਲਣਾ ਕਰਨ ਵਾਲੇ ਮੈਂਬਰ ਵਜੋਂ ਸਮਾਜ ਵਿੱਚ ਮੁੜ ਸ਼ਾਮਲ ਹੋਣ ਦੀ ਆਗਿਆ ਦੇਣ ਦੇ ਵਿਚਾਰ ਦੁਆਰਾ ਸੇਧਿਤ ਹੋਣਾ ਚਾਹੀਦਾ ਹੈ। ਇਹ ਫੈਸਲਾ ਉਸ ਮਾਮਲੇ ਵਿੱਚ ਆਇਆ ਜਿੱਥੇ ਪਟੀਸ਼ਨਰਾਂ ਨੂੰ ਇੱਕ ਵਾਧੂ ਸੈਸ਼ਨ ਜੱਜ ਨੇ ਜੁਲਾਈ 2008 ਵਿੱਚ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 302 ਅਤੇ 34 ਅਤੇ ਅਸਲਾ ਐਕਟ ਦੀਆਂ ਧਾਰਾਵਾਂ ਅਧੀਨ ਕਤਲ ਅਤੇ ਹੋਰ ਅਪਰਾਧਾਂ ਲਈ ਦਰਜ ਕੀਤੀ ਗਈ ਐਫਆਈਆਰ ਤੋਂ ਪੈਦਾ ਹੋਏ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਸੀ। ਹਰਿਆਣਾ ਵਿੱਚ ਇੱਕ ਰਾਜ ਪੱਧਰੀ ਕਮੇਟੀ ਨੇ 6 ਅਗਸਤ 2024 ਦੇ ਹੁਕਮ ਰਾਹੀਂ ਪਟੀਸ਼ਨਰ ਨੂੰ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਕਿ ਉਹ 9 ਹੋਰ ਅਪਰਾਧੀਆਂ ਦੇ ਅਪਰਾਧਾਂ ਵਿੱਚ ਸ਼ਾਮਲ ਸੀ। ਉਸਦੇ ਆਚਰਣ ਦਾ ਹੋਰ ਮੁਲਾਂਕਣ ਕਰਨ ਦੀ ਲੋੜ ਸੀ, ਕਿਉਂਕਿ ਉਸਨੂੰ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।ਜਸਟਿਸ ਬਰਾੜ ਨੇ ਕਿਹਾ ਕਿ ਇੱਕ ਵਿਧੀਵਤ ਤੌਰ ਤੇ ਬਣਾਈ ਗਈ ਨੀਤੀ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਹਰੇਕ ਕੇਸ ਤੇ ਇਸਦੀ ਭਾਵਨਾ ਅਨੁਸਾਰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮੇਂ ਤੋਂ ਪਹਿਲਾਂ ਰਿਹਾਈ ਲਈ ਕੇਸ ਤੇ ਵਿਚਾਰ ਕਰਨ ਵਿੱਚ ਨਾਜਾਇਜ਼ ਦੇਰੀ ਆਜ਼ਾਦੀ ਦੀ ਬੇਇਨਸਾਫ਼ੀ ਘਟਾਉਣ ਦੇ ਬਰਾਬਰ ਹੈ।

ਮਾਮਲੇ ਦੇ ਤੱਥਾਂ ਦਾ ਹਵਾਲਾ ਦਿੰਦੇ ਹੋਏ, ਬੈਂਚ ਨੇ ਨੋਟ ਕੀਤਾ ਕਿ 13 ਅਗਸਤ, 2008 ਦੀ ਸਮੇਂ ਤੋਂ ਪਹਿਲਾਂ ਰਿਹਾਈ ਨੀਤੀ, ਲੰਬਿਤ ਮਾਮਲਿਆਂ ਜਾਂ ਆਚਰਣ ਤੇ ਆਮ ਨਿਰੀਖਣ ਵਰਗੇ ਆਧਾਰਾਂ ਤੇ ਕੇਸ ਨੂੰ ਮੁਲਤਵੀ ਕਰਨ ਦੀ ਕੋਈ ਗੁੰਜਾਇਸ਼ ਪ੍ਰਦਾਨ ਨਹੀਂ ਕਰਦੀ ਸੀ। ਜਸਟਿਸ ਬਰਾੜ ਨੇ ਸਪੱਸ਼ਟ ਕੀਤਾ ਕਿ ਸਮਰੱਥ ਅਥਾਰਟੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਲਾਗੂ ਨੀਤੀ ਦੇ ਅਨੁਸਾਰ ਕੇਸ ਦਾ ਮੁਲਾਂਕਣ ਕਰੇ ਅਤੇ ਬਿਨੈਕਾਰ ਦੇ ਦਾਅਵੇ ਨੂੰ ਸਵੀਕਾਰ ਜਾਂ ਰੱਦ ਕਰਨ ਲਈ ਇੱਕ ਤਰਕਪੂਰਨ ਆਦੇਸ਼ ਪਾਸ ਕਰੇ।ਰਾਜ ਪੱਧਰੀ ਕਮੇਟੀ ਦੇ ਹੁਕਮ ਨੂੰ ਪਾਸੇ ਰੱਖਦਿਆਂ, ਜਸਟਿਸ ਬਰਾੜ ਨੇ ਉੱਤਰਦਾਤਾਵਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਲਾਗੂ ਨੀਤੀ ਅਤੇ ਕਾਨੂੰਨ ਦੇ ਅਨੁਸਾਰ, ਤਰਜੀਹੀ ਤੌਰ ਤੇ ਅੱਠ ਹਫ਼ਤਿਆਂ ਦੇ ਅੰਦਰ-ਅੰਦਰ, ਪਹਿਲਾਂ ਦੇ ਫੈਸਲੇ ਵਿੱਚ ਦਰਸਾਏ ਅਨੁਸਾਰ, ਕੇਸ ਤੇ ਦੁਬਾਰਾ ਵਿਚਾਰ ਕਰਨ।

# ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ ਦੇਸ਼ ਦੇ ਨਾਲ





ਬਠਿੰਡਾ, 9 ਮਈ( ਦੀਪਕ ਸ਼ਰਮਾ): ਅੰਬੇਡਕਰ ਪਾਰਕ ਵਿੱਚ ਚੱਲ ਰਹੇ ਧਰਨੇ ਦੇ ਸੋਹਲਵੇਂ ਦਿਨ ਬੱਸ ਸਟੈਂਡ ਨੂੰ ਬਚਾਉਣ ਲਈ ਲੱਗੇ ਮੋਰਚੇ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ । ਕਮੇਟੀ ਦੇ ਪ੍ਰਧਾਨ ਬਲਤੇਜ ਸਿੰਘ ਵਾਂਦਰ ਨੇ ਕਿਹਾ ਕਿ ਅਸੀਂ ਇਸ ਮੁਸ਼ਕਲ ਵੇਲੇ ਦੇਸ਼ ਅਤੇ ਪ੍ਰਸ਼ਾਸਨ ਦੇ ਨਾਲ ਹਾਂ। ਬੱਸ ਸਟੈਂਡ ਬਚਾਉਣ ਲਈ ਚੱਲ ਰਹੇ ਸੰਘਰਸ਼ ਨੂੰ ਫਿਲਹਾਲ ਕਿਸੇ ਵੀ ਤਰ੍ਹਾਂ ਦਾ ਤਿੱਖਾ ਰੂਪ ਨਹੀਂ ਦਿੱਤਾ ਜਾਵੇਗਾ। ਸੰਘਰਸ਼ ਕਮੇਟੀ ਨੇ ਹਾਲਾਤ ਠੀਕ ਨਾ ਹੋਣ ਤੱਕ ਮੋਰਚੇ ਵਿੱਚ ਭੀੜ ਵਧਾਉਣ ਤੋਂ ਰੋਕ ਲਗਾ ਦਿੱਤੀ ਹੈ।

ਉਥੇ ਹੀ ਮੋਰਚੇ ਵਿੱਚ ਭਾਸ਼ਣ ਲਈ ਮਾਈਕ ਦੀ ਵਰਤੋਂ ਤੇ ਵੀ ਪਾਬੰਦੀ ਲਗਾਈ ਗਈ ਹੈ। ਟ੍ਰਾਂਸਪੋਰਟ ਯੂਨੀਅਨ ਦੇ ਪ੍ਰਧਾਨ ਹਰਵਿੰਦਰ ਹੈਪੀ ਨੇ ਕਿਹਾ ਕਿ ਇਸ ਗੰਭੀਰ ਮਾਹੌਲ ਵਿੱਚ ਹਰ ਨਾਗਰਿਕ ਦਾ ਫਰਜ ਹੈ ਕਿ ਉਹ ਦੇਸ਼ ਅਤੇ ਪ੍ਰਸ਼ਾਸਨ ਦੇ ਨਾਲ ਖੜ੍ਹਾ ਹੋਵੇ,ਇਸ ਲਈ ਮੋਰਚੇ ਨੇ ਵੱਡੇ ਫੈਸਲੇ ਲਏ ਹਨ। ਅਤੇ ਅੰਦੋਲਨ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਰੋਕ ਕੇ ਕੇਵਲ ਮੋਰਚੇ ਤੱਕ ਸੀਮਤ ਕਰ ਦਿੱਤਾ ਗਿਆ ਹੈ। ਪ੍ਰਸ਼ਾਸਨ ਵਿਰੁੱਧ ਨਾਅਰੇਬਾਜੀ ਤੋਂ ਵੀ ਪਰਹੇਜ਼ ਕੀਤਾ ਜਾ ਰਿਹਾ ਹੈ। ਲਗਾਤਾਰ ਚੱਲ ਰਹੇ ਪੱਕੇ ਮੋਰਚੇ ਵਿੱਚ ਹਰ ਰੋਜ਼ ਨਵੀਆਂ ਜਥੇਬੰਦੀਆਂ ਸ਼ਾਮਲ ਹੋ ਰਹੀਆਂ ਹਨ। ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਲੋਕ ਵੀ ਮੋਰਚੇ ਵਿੱਚ ਪਹੁੰਚ ਕੇ ਆਪਣਾ ਸਮਰਥਨ ਦੇ ਰਹੇ ਹਨ। ਗੁਰਵਿੰਦਰ ਸ਼ਰਮਾ ਨੇ ਕਿਹਾ ਮਾਹੌਲ ਠੀਕ ਹੁੰਦੇ ਹੀ ਅੰਦੋਲਨ ਤੇਜ ਕੀਤਾ ਜਾਵੇਗਾ। ਸੰਦੀਪ ਅਗਰਵਾਲ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਜਲਦੀ ਹੀ ਲੋਕਾਂ ਦਾ ਭਰੋਸਾ ਜਿੱਤਣ ਲਈ ਕਮੇਟੀ ਦਾ ਗਠਨ ਕਰਕੇ ਮੋਰਚੇ ਚ ਬੈਠੇ ਲੋਕਾਂ ਦਾ ਗੁੱਸਾ ਠੰਡਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਬੱਸ ਸਟੈਂਡ ਬਦਲਣ ਦਾ ਫੈਸਲਾ ਵਾਪਸ ਲੈਣਾ ਚਾਹੀਦਾ ਹੈ। ਇਸ ਮੌਕੇ ਤੇ ਬੀ.ਕੇ.ਯੂ. ਡਕੌਂਦਾ ਦੇ ਪ੍ਰਧਾਨ ਬਲਦੇਵ ਭਾਈਰੂਪਾ ਨੇ ਕਿਹਾ ਕਿ ਅਸੀਂ ਅਖੀਰ ਤੱਕ ਸੰਘਰਸ਼ ਕਮੇਟੀ ਦੇ ਨਾਲ ਹਾਂ ਅਤੇ ਲੋਕਾਂ ਦੇ ਨਿਆਂ ਲਈ ਲੜਾਂਗੇ। ਗੁਰਪ੍ਰੀਤ ਸਿੰਘ ਆਰਟਿਸਟ ਨੇ ਕਿਹਾ ਕਿ ਇਹ ਅੰਦੋਲਨ ਹੁਣ ਜਨ ਹਿੱਤ ਅੰਦੋਲਨ ਬਣ ਗਿਆ ਹੈ ਜੋ ਲੋਕਾਂ ਦੇ ਹੱਕਾਂ ਦੀ ਰਾਖੀ ਕਰੇਗਾ। ਕੌਂਸਲਰ ਸੰਦੀਪ ਬਾਬੀ ਨੇ ਕਿਹਾ ਕਿ ਇਸ ਮੌਕੇ ਅਰੋੜਾ ਮਹਾਸਭਾ ਨੇ ਵੀ ਸਮਰਥਨ ਪੱਤਰ ਭੇਜਿਆ ਹੈ।

# ਸੰਗੂਰਰ, ਮਲੇਰਕੋਟਲਾ ਧੂਰੀ, ਸੁਨਾਮ ਅਤੇ ਮੂਨਕ ਵਿਖੇ ਅੱਜ ਲੱਗਣ ਵਾਲੀ ਕੌਮੀ ਲੋਕ ਅਦਾਲਤ ਮੁਲਤਵੀ

ਖਨੌਰੀ, 9 ਮਈ (ਓਮਪ੍ਰਕਾਸ਼ ਮੁਆਲ): ਭਾਰਤ ਅਤੇ ਪਾਕਿਸਤਾਨ ਵਿੱਚ ਤਣਾਅ ਦੇ ਮੱਦੇਨਜ਼ਰ ਅਤੇ ਮਾਣਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਮਿਤੀ 10.05.2025 ਨੂੰ ਜ਼ਿਲ੍ਹਾ ਕੋਰਟ ਕੰਪਲੈਕਸ ਸੰਗਰੂਰ, ਮਲੇਰਕੋਟਲਾ ਅਤੇ ਸਬ ਤਹਿਸੀਲ ਕੋਰਟ ਕੰਪਲੈਕਸ ਧੂਰੀ, ਸੁਨਾਮ ਅਤੇ ਮੂਨਕ ਵਿਖੇ ਲੱਗਣ ਵਾਲੀ ਕੌਮੀ ਲੋਕ ਅਦਾਲਤ ਅਗਲੇ ਹੁਕਮਾਂ ਤਕ ਮੁਲਤਵੀ ਕਰ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਸਕੱਤਰ ਮੈਡਮ ਦਲਜੀਤ ਕੌਰ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐਮ. ਨੇ ਦੱਸਿਆ ਕਿ ਕੇਸਾਂ ਦੀ ਅਗਲੀ ਤਰੀਕ ਬਾਰੇ ਸੀ.ਆਈ.ਐੱਸ ਪੋਰਟਲ ਤੇ ਅਪਡੇਟ ਕਰ ਦਿੱਤਾ ਜਾਵੇਗਾ।

ਲੋਕ ਅਦਾਲਤ ਵਿੱਚ ਮਾਨਯੋਗ ਅਦਾਲਤਾਂ ਵਿੱਚ ਪੈਂਡਿੰਗ ਕਰੀਮੀਨਲ ਕੰਪਾਊਂਡੇਬਲ ਕੇਸ, ਬੈਂਕ ਰਿਕਵਰੀ ਕੇਸ, ਐਮ.ਏ.ਸੀ.ਟੀ. ਕੇਸ, ਮੈਟਰੀਮੋਨੀਅਲ, ਲੇਬਰ ਦੇ ਝਗੜੇ, ਲੈਂਡ, ਬਿਜਲੀ ਅਤੇ ਪਾਣੀ ਦੇ ਬਿੱਲਾਂ, ਪੇਅ ਅਲਾਊਂਸ, ਰੈਵਨਿਊ ਕੇਸ (ਜ਼ਿਲ੍ਹਾ ਅਤੇ ਹਾਈਕੋਰਟ ਕਚਹਿਰੀਆਂ ਵਿੱਚ ਪੈਂਡਿੰਗ) ਆਦਿ ਕੇਸ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪ੍ਰੀ ਲਿਟੀਗੇਸ਼ਨ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲ ਅਤੇ ਹੋਰ ਆਦਿ ਕੇਸ ਵੀ ਲਗਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਆਪਣੇ ਉਕਤ ਵਿਸ਼ਿਆਂ ਨਾਲ ਸਬੰਧਤ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਚਾਹੁੰਦੇ ਹੁੰਦੇ ਹਨ, ਉਹ ਸਬੰਧਤ ਮਾਨਯੋਗ ਅਦਾਲਤ ਵਿੱਚ ਜਿੱਥੇ ਉਨ੍ਹਾਂ ਦਾ ਕੇਸ ਚਲਦਾ ਹੈ, ਆਪਣੀ ਅਰਜ਼ੀ ਦੇ ਸਕਦੇ ਹੁੰਦੇ ਹਨ ਜਾਂ ਨਵੇਂ ਮਾਮਲਿਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣ ਲਈ ਸਬੰਧਤ ਕਾਨੂੰਨੀ ਸੇਵਾਵਾਂ ਅਥਾਰਟੀ/ਕਮੇਟੀ ਦੇ ਦਫ਼ਤਰ ਵਿੱਚ ਆਪਣੀ ਅਰਜ਼ੀ ਦੇ ਸਕਦੇ ਹੁੰਦੇ ਹਨ।

# ਅੱਜ ਲੱਗਣ ਵਾਲੀ ਕੌਮੀ ਲੋਕ ਅਦਾਲਤ ਮੁਲਤਵੀ

ਖਨੌਰੀ, 9 ਮਈ (ਓਮਪ੍ਰਕਾਸ਼ ਮੁਆਲ) :ਭਾਰਤ ਅਤੇ ਪਾਕਿਸਤਾਨ ਵਿੱਚ ਤਣਾਅ ਦੇ ਮੱਦੇਨਜ਼ਰ ਅਤੇ ਮਾਣਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਮਿਤੀ 10.05.2025 ਨੂੰ ਜ਼ਿਲ੍ਹਾ ਕੋਰਟ ਕੰਪਲੈਕਸ ਸੰਗਰੂਰ, ਮਲੇਰਕੋਟਲਾ ਅਤੇ ਸਬ ਤਹਿਸੀਲ ਕੋਰਟ ਕੰਪਲੈਕਸ ਧੂਰੀ, ਸੁਨਾਮ ਅਤੇ ਮੂਨਕ ਵਿਖੇ ਲੱਗਣ ਵਾਲੀ ਕੌਮੀ ਲੋਕ ਅਦਾਲਤ ਅਗਲੇ ਹੁਕਮਾਂ ਤਕ ਮੁਲਤਵੀ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਸਕੱਤਰ ਮੈਡਮ ਦਲਜੀਤ ਕੌਰ, ਸਿਵਲ ਜੱਜ (ਸੀਨੀਅਰ ਡਵੀਜ਼ਨ)/ ਸੀ.ਜੇ.ਐਮ. ਨੇ ਦੱਸਿਆ ਕਿ ਕੇਸਾਂ ਦੀ ਅਗਲੀ ਤਰੀਕ ਬਾਰੇ ਸੀ.ਆਈ.ਐੱਸ ਪੋਰਟਲ 'ਤੇ ਅਪਡੇਟ ਕਰ ਦਿੱਤਾ ਜਾਵੇਗਾ।ਲੋਕ ਅਦਾਲਤ ਵਿੱਚ ਮਾਣਯੋਗ ਅਦਾਲਤਾਂ ਵਿੱਚ ਪੈਂਡਿੰਗ ਕਰੀਮੀਨਲ ਕੰਪਾਊਂਡੇਬਲ ਕੇਸ, ਬੈਂਕ ਰਿਕਵਰੀ ਕੇਸ, ਐਮ.ਏ.ਸੀ.ਟੀ. ਕੇਸ, ਮੈਟਰੀਮੋਨੀਅਲ, ਲੇਬਰ ਦੇ ਝਗੜੇ, ਲੈਂਡ, ਬਿਜਲੀ ਅਤੇ ਪਾਣੀ ਦੇ ਬਿੱਲਾਂ, ਪੇਅ ਅਲਾਊਂਸ, ਰੈਵਨਿਊ ਕੇਸ (ਜ਼ਿਲ੍ਹਾ ਅਤੇ ਹਾਈਕੋਰਟ ਕਚਹਿਰੀਆਂ ਵਿੱਚ ਪੈਂਡਿੰਗ) ਆਦਿ ਕੇਸ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪ੍ਰੀ ਲਿਟੀਗੇਸ਼ਨ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲ ਅਤੇ ਹੋਰ ਆਦਿ ਕੇਸ ਵੀ ਲਗਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਆਪਣੇ ਉਕਤ ਵਿਸ਼ਿਆਂ ਨਾਲ ਸਬੰਧਤ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਚਾਹੁੰਦੇ ਹੁੰਦੇ ਹਨ, ਉਹ ਸਬੰਧਤ ਮਾਣਯੋਗ ਅਦਾਲਤ ਵਿੱਚ ਜਿੱਥੇ ਉਨ੍ਹਾਂ ਦਾ ਕੇਸ ਚਲਦਾ ਹੈ, ਆਪਣੀ ਅਰਜ਼ੀ ਦੇ ਸਕਦੇ ਹੁੰਦੇ ਹਨ ਜਾਂ ਨਵੇਂ ਮਾਮਲਿਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣ ਲਈ ਸਬੰਧਤ ਕਾਨੂੰਨੀ ਸੇਵਾਵਾਂ ਅਥਾਰਟੀ/ ਕਮੇਟੀ ਦੇ ਦਫ਼ਤਰ ਵਿੱਚ ਆਪਣੀ ਅਰਜ਼ੀ ਦੇ ਸਕਦੇ ਹੁੰਦੇ ਹਨ।ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਫਾਇਦੇ ਬਾਰੇ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦਾ ਫ਼ੈਸਲਾ ਅੰਤਿਮ ਫ਼ੈਸਲਾ ਹੁੰਦਾ ਹੈ। ਇਸ ਦੇ ਫ਼ੈਸਲੇ ਦੀ ਕਿਤੇ ਅਪੀਲ ਵੀ ਨਹੀਂ ਹੁੰਦੀ ਹੈ ਅਤੇ ਕੇਸ ਦਾ ਸਥਾਈ ਹੱਲ ਹੋ ਜਾਂਦਾ ਹੈ। ਲੋਕ ਅਦਾਲਤ ਵਿੱਚ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਲੋਕ ਅਦਾਲਤਾਂ ਦੇ ਫ਼ੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ।

# ਬੰਗਲਾਦੇਸ਼ੀ, ਰੋਹਿੰਗਿਆ ਅਤੇ ਪਾਕਿਸਤਾਨੀ ਘੁਸਪੈਠੀਆਂ ਨੂੰ ਦੇਸ਼ 'ਚੋਂ ਬਾਹਰ ਕੱਢੋ



ਬਰਨਾਲਾ, 9 ਮਈ (ਸੁਖਵਿੰਦਰ ਸਿੰਘ ਭੰਡਾਰੀ):ਭਾਰਤ ਦੇਸ਼ 'ਚ ਦੇਸ਼ ਦੀ ਵੰਡ ਦੇ ਸਮੇਂ ਤੋਂ ਵਿਸ਼ੇਸ਼ ਤੌਰ ਤੇ 1971 ਤੋਂ ਲੈ ਕੇ ਭਾਰਤ ਅੰਦਰ ਪਾਕਿਸਤਾਨੀ, ਬੰਗਲਾਦੇਸ਼ੀ ਅਤੇ ਰੋਹਿੰਗਿਆ ਘੁਸਪੈਠੀਏ ਗੈਰ ਕਾਨੂੰਨੀ ਤੌਰ ਤੇ ਘੁੱਸਪੈਠ ਕਰ ਚੁੱਕੇ ਹਨ। ਇਨ੍ਹਾਂ ਘੁਸਪੈਠੀਆਂ ਨੇ ਭਾਰਤ ਅੰਦਰ ਆ ਕੇ ਰਾਸ਼ਨ ਕਾਰਡ, ਆਧਾਰ ਕਾਰਡ ਅਤੇ ਪੈਨ ਕਾਰਡ ਬਣਵਾਕੇ ਵੋਟਰ ਸੂਚੀਆਂ 'ਚ ਵੀ ਆਪਣੇ ਨਾਮ ਦਰਜ ਕਰਵਾ ਲਏ ਹਨ। ਇਨ੍ਹਾਂ ਘੁਸਪੈਠੀਆਂ ਨੇ ਭਾਰਤ ਦੀ ਏਕਤਾ, ਅਖੰਡਤਾ ਤੇ ਸ਼ਾਂਤੀ ਨੂੰ ਖਤਰੇ 'ਚ ਪਾ ਰੱਖਿਆ ਹੈ ਅਤੇ ਕਈ ਰਾਜਾਂ ਚ ਆਬਾਦੀ ਦਾ ਸੰਤੁਲਨ ਵੀ ਵਿਗਾੜ ਦਿੱਤਾ ਹੈ। ਸਮੇਂ ਦੀਆਂ ਸਰਕਾਰਾਂ ਨੇ ਵੋਟ ਬੈਂਕ ਦਾ ਲਾਹਾ ਲੈਣ ਲਈ ਇੰਨ੍ਹਾਂ ਘੁਸਪੈਠੀਆਂ ਦੀ ਆਧਾਰ ਕਾਰਡ, ਪੈਨ ਕਾਰਡ ਤੇ ਰਾਸ਼ਨ ਕਾਰਡ ਬਣਵਾ ਕੇ ਦੇਣ ਅਤੇ ਵੋਟਰ ਸੂਚੀਆਂ 'ਚ ਨਾਮ ਦਰਜ ਕਰਵਾਉਣ ਲਈ ਸਿੱਧੇ ਜਾਂ ਅਸਿੱਧੇ ਤੌਰ ਤੇ ਮੱਦਦ ਕੀਤੀ ਹੈ। ਨਰ ਨਰਾਇਣ ਸੇਵਾ ਸੰਸਥਾਨ ਬਰਨਾਲਾ ਦੇ ਪ੍ਰਧਾਨ ਸ਼ਾਮ ਸੁੰਦਰ ਗੁਪਤਾ, ਅਚਾਰੀਆ ਸਿਰੀ ਨਿਵਾਸ, ਸੁਸ਼ੀਲ ਭਾਰਤੀ, ਗੀਤਾ ਭਵਨ ਬਰਨਾਲਾ ਦੇ ਪ੍ਰਧਾਨ ਬਸੰਤ ਗੋਇਲ, ਰਾਜੇਸ਼ ਭੂਟਾਨੀ ਅਤੇ ਰਾਕੇਸ਼ ਜਿੰਦਲ ਨੇ ਕੇਂਦਰ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਭਾਰਤ 'ਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਇਨ੍ਹਾਂ 6 ਕਰੋੜ ਘੁਸਪੈਠੀਆਂ ਨੂੰ ਦੇਸ਼ ਚੋਂ ਬਾਹਰ ਕਿਉਂ ਨਹੀਂ ਕੱਢਿਆ ਜਾ ਰਿਹਾ। ਉਨ੍ਹਾਂ ਕਿਹਾ ਕਿ ਇਹ ਘੁਸਪੈਠੀਏ ਸਰਕਾਰੀ ਥਾਵਾਂ ਅਤੇ ਜ਼ਮੀਨਾਂ ਤੇ ਗੈਰ ਕਾਨੂੰਨੀ ਝੁੱਗੀਆਂ ਝੌਂਪੜੀਆਂ ਬਣਾਕੇ ਰਹਿ ਰਹੇ ਹਨ। ਉਨ੍ਹਾਂ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਭਾਰਤ 'ਚ ਆਏ ਇਨ੍ਹਾਂ ਘੁਸਪੈਠੀਆਂ ਦੇ ਜਾਲੀ ਕਾਗਜ਼ ਤਿਆਰ ਕਰਨ ਵਾਲਿਆਂ ਵਿਰੁੱਧ ਵੀ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਵਿਰੁੱਧ ਕੀਤਾ ਜਾ ਰਿਹੈ ਜਾਗਰੂਕ



ਬਰਨਾਲਾ, 9 ਮਈ (ਬਘੇਲ ਸਿੰਘ ਧਾਲੀਵਾਲ);ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਸਿਹਤ ਵਿਭਾਗ ਬਰਨਾਲਾ ਵੱਲੋਂ ਆਮ ਲੋਕਾਂ ਨੂੰ ਮਲੇਰੀਆ ਅਤੇ ਡੇਂਗੂ ਤੋਂ ਬਚਾਅ ਅਤੇ ਇਲਾਜ ਲਈ "ਹਰ ਸ਼ੁਕਰਵਾਰ ਡੇਂਗੂ 'ਤੇ ਵਾਰ"ਮੁਹਿੰਮ ਤਹਿਤ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ.ਬਲਜੀਤ ਸਿੰਘ ਵੱਲੋਂ ਕੀਤਾ ਗਿਆ। ਉਹਨਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ, ਸ਼ਹਿਰਾਂ ਅਤੇ ਸਿਹਤ ਕੇਂਦਰਾਂ ਵਿਚ ਫੀਲਡ ਸਟਾਫ ਵਲੋਂ ਲੋਕਾਂ ਨੂੰ ਮਲੇਰੀਆ ਅਤੇ ਡੇਂਗੂ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਅਤੇ ਹਰ ਸ਼ੁਕਰਵਾਰ ਨੂੰ ਖੁਸ਼ਕ ਦਿਨ, ਪਾਣੀ ਦੇ ਸੋਮਿਆਂ ਨੂੰ ਸਾਫ ਕਰਕੇ ਸੁਕਾ ਕੇ ਵਜੋਂ ਮਨਾਇਆ ਜਾਂਦਾ ਹੈ। ਡਾ. ਮੁਨੀਸ਼ ਕੁਮਾਰ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਦੱਸਿਆ ਮਲੇਰੀਆ ਦੀ ਜਾਂਚ ਅਤੇ ਇਸਦਾ ਇਲਾਜ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ ।ਇਸ ਲਈ ਕੋਈ ਵੀ ਬੁਖਾਰ ਹੋਣ 'ਤੇ ਨੇੜੇ ਦੀ ਸਿਹਤ ਸੰਸਥਾ ਨਾਲ ਤੁਰੰਤ ਸੰਪਰਕ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ।ਮੱਛਰਾਂ ਦੇ ਕੱਟਣ ਤੋਂ ਬਚਣ ਲਈ ਮੱਛਰਦਾਨੀ, ਮੱਛਰ ਭਜਾਓ ਕਰੀਮਾਂ, ਜਾਲੀਦਾਰ ਦਰਵਾਜੇ ਅਤੇ ਪੂਰਾ ਸਰੀਰ ਢੱਕਣ ਵਾਲੇ ਕੱਪੜਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਅਫਸਰ ਅਤੇ ਹਰਜੀਤ ਸਿੰਘ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਨੇ ਦੱਸਿਆ ਕਿ ਲੋਕਾਂ ਨੂੰ ਮਲੇਰੀਆ ਡੇਂਗੂ ਤੋਂ ਬਚਾਅ ਲਈ ਪੋਸਟਰ,ਪੈਂਫਲੈਟਸ, ਸਕੂਲਾਂ 'ਚ ਬੱਚਿਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ।

# ਬੋਰੀਆਂ ਦਾ ਭਰਿਆ ਟਰਾਲਾ ਪਲਟਿਆ



ਤਪਾ ਮੰਡੀ,9 ਮਈ (ਰਾਜੂ ਮਹਿਰਾ);ਤਪਾਤਾਜੋ ਲਿੰਕ ਰੋਡ 'ਤੇ ਬਾਜਰੇ ਦੀਆਂ ਬੋਰੀਆਂ ਦੇ ਭਰੇ ਇੱਕ ਟਰਾਲੇ ਦੇ ਪਲਟ ਜਾਣ ਦਾ ਸਮਾਚਾਰ ਸਾਹਮਣੇ ਆਇਆ ਹੈ, ਪਰੰਤੂ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਮੌਕੇ ਤੇ ਜਾ ਕੇ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਟਰਾਲਾ ਚਾਲਕ ਗੋਰਾ ਸਿੰਘ ਵਾਸੀ ਚੋਟੀਆਂ ਨੇ ਦੱਸਿਆ ਕਿ ਉਹ ਹਿਸਾਰ ਤੋਂ ਟਰਾਲੇ 'ਚ ਬਾਜਰੇ ਦੀਆਂ ਬੋਰੀਆਂ ਭਰ ਕੇ ਵਾਇਆ ਤਪਾ ਹੋ ਕੇ ਜਿਉਂਦ ਜਾ ਰਿਹਾ ਸੀ। ਜਦੋਂ ਉਹ ਤਪਾ ਤਾਜੋ ਲਿੰਕ ਰੋਡ ਤੇ ਬਾਹਰਲੀ ਅਨਾਜ ਮੰਡੀ ਦੇ ਨਜ਼ਦੀਕ ਪੁੱਜਾ ਤਾਂ ਅੱਗੇ ਜਾ ਰਹੇ ਇਕ ਰੇਹੜੀ ਚਾਲਕ ਨੇ ਅਚਾਨਕ ਬਰੇਕ ਲਗਾ ਦਿੱਤੀ। ਇਸ ਉਪਰੰਤ ਜਦ ਉਸਨੇ ਵੀ ਇਕਦਮ ਬ੍ਰੇਕ ਲਗਾਈ ਤਾਂ ਟਰਾਲੇ ਦਾ ਸੰਤੁਲਨ ਵਿਗੜ ਗਿਆ ਅਤੇ ਟਰਾਲਾ ਖਤਾਨਾਂ 'ਚ ਜਾ ਕੇ ਪਲਟ ਗਿਆ। ਪ੍ਰੰਤੂ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

# ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨੇ ਸੰਕਟ ਦੀ ਸਥਿਤੀ ਨਾਲ ਨਜਿੱਠਣ ਲਈ ਕਰਵਾਈ ਮੌਕ ਡਰਿੱਲ



ਤਪਾ ਮੰਡੀ,9 ਮਈ (ਰਾਜੂ ਮਹਿਰਾ)-ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਸੰਕਟ ਦੀ ਸਥਿਤੀ ਨਾਲ ਨਜਿੱਠਣ ਲਈ ਇਲਾਕੇ ਅੰਦਰ ਵੱਖ ਵੱਖ ਥਾਵਾਂ ਤੇ ਮੌਕ ਡਰਿੱਲ ਕਰਵਾਈ ।ਇਸ ਮੌਕੇ ਲੋਕਾਂ ਨੂੰ ਦੱਸਿਆ ਗਿਆ ਕਿ ਜੇ ਦੁਸ਼ਮਣ ਵਾਰ ਕਰਦਾ ਹੈ ਤਾਂ ਉਸ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ। ਇਸ ਦੌਰਾਨ ਐਸ.ਡੀ.ਐਮ ਤਪਾ ਮੈਡਮ ਸਿਮਰਪ੍ਰੀਤ ਕੌਰ, ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ, ਨਾਇਬ ਤਹਿਸੀਲਦਾਰ ਓਂਕਾਰ ਸਿੰਘ,ਐਸ.ਐਮ.ਓ ਮੈਡਮ ਇੰਦੂ ਬਾਂਸਲ,ਥਾਣਾ ਮੁਖੀ ਮੈਡਮ ਰੇਨੂੰ ਪਰੋਚਾ,ਸਿਟੀ ਇੰਚਾਰਜ ਬਲਜੀਤ ਸਿੰਘ ਢਿੱਲੋਂ ਆਦਿ ਤੋਂ ਇਲਾਵਾ ਫਾਇਰ ਬ੍ਰਿਗੇਡ, ਨਗਰ ਕੌਂਸਲ, ਮੈਡੀਕਲ ਟੀਮਾਂ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਕਰਮਚਾਰੀ ਹਾਜ਼ਰ ਰਹੇ। ਪ੍ਰਸ਼ਾਸਨ ਵੱਲੋਂ ਤਪਾ ਵਿਖੇ ਅੰਦਰਲੇ ਬੱਸ ਸਟੈਂਡ, ਨਗਰ ਕੌਂਸਲ ਅਤੇ ਸਿਵਲ ਹਸਪਤਾਲ ਵਿਖੇ ਮੌਕ ਡਰਿੱਲ ਕਰਵਾਈ ਗਈ। ਉਨ੍ਹਾਂ ਆਮ ਨਾਗਰਿਕ ਨੂੰ ਦੱਸਿਆ ਕਿ ਖਤਰੇ ਦਾ ਸ਼ਾਇਰਨ ਵੱਜੇਗਾ ਤਾਂ ਘਬਰਾਉਣ ਦੀ ਲੋੜ ਨਹੀਂ,ਬਲਕਿ ਸਰਕਾਰ ਵੱਲੋਂ ਆਏ ਆਦੇਸ਼ਾਂ ਅਨੁਸਾਰ ਸ਼ਹਿਰ ਵਾਸੀਆਂ ਨੂੰ ਅਣਸੁਖਾਵੀਂ ਘਟਨਾ ਜਾਂ ਸੰਕਟ ਮੌਕੇ ਬਚਾਅ ਸਬੰਧੀ ਸਿਖਲਾਈ ਦੇਣ ਲਈ ਇਹ ਡਰਿਲ ਕਰਵਾਈ ਗਈ ਹੈ ।ਇਹ ਸਿਰਫ ਇਕ ਅਭਿਆਸ ਪ੍ਰਕਿਰਿਆ ਹੈ ਜੋ ਫੰਕਸ਼ਨਲਟੀ ਅਤੇ ਸਾਊਂਡ ਚੈੱਕ ਕਰਨ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਸਾਨੂੰ ਹੌਸਲਾ ਰੱਖਦਿਆਂ ਆਪਣੀ ਫ਼ੌਜ ਦਾ ਸਾਥ ਦੇਣਾ ਚਾਹੀਦਾ ਹੈ। ਜੇਕਰ ਕੋਈ ਸੰਕਟ ਆਉਂਦਾ ਹੈ ਤਾਂ ਉਹ ਸਾਇਰਨ ਦੀ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿਚੋਂ ਨਿਕਲਕੇ ਕਿਸੇ ਜ਼ਮੀਨ ਜਾਂ ਜ਼ਮੀਨਦੋਜ਼ ਬੰਕਰ ਉੱਤੇ ਪਹੁੰਚ ਜਾਣ, ਜੇਕਰ ਉਨ੍ਹਾਂ ਕੋਲ ਉੱਥੇ ਕੋਈ ਛੱਤ ਨਹੀਂ ਹੈ ਤਾਂ ਉਹ ਦਰਖਤ ਦੇ ਹੇਠਾਂ ਜਾਂ ਮੌਲ਼ੇ ਦੇ ਵਿਚ ਲੰਮੇ ਪੈ ਜਾਣ। ਜੋ ਲੋਕ ਇਮਾਰਤਾਂ ਦੇ ਵਿਚ ਰਹਿ ਰਹੇ ਹੋਣਗੇ ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਹੋ ਜਾਣ। ਇਸੇ ਦੌਰਾਨ ਉਹ ਘਰੇਲੂ ਗੈਸ ਅਤੇ ਬਿਜਲੀ ਦੇ ਕੁਨੈਕਸ਼ਨ ਬੰਦ ਰੱਖਣ।ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਸੜਕ ਉੱਤੋਂ ਚਲਦੇ ਰਾਹਗੀਰ ਜਾਂ ਗੱਡੀਆਂ ਐਮਰਜੈਂਸੀ ਵਹੀਕਲ ਜਿਨ੍ਹਾਂ ਵਿਚ ਅੱਗ ਬੁਝਾਊ ਗੱਡੀਆਂ ਜਾਂ ਐਂਬੂਲੈਂਸ ਹੋ ਸਕਦੀਆਂ ਹਨ, ਨੂੰ ਤੁਰੰਤ ਰਸਤਾ ਦੇਣ। ਅਲਰਟ ਦੇ ਦੌਰਾਨ ਸਾਰੀਆਂ ਅੰਦਰ ਅਤੇ ਬਾਹਰਲੀ ਲਾਈਟਾਂ ਬੰਦ ਕਰ ਦਿਓ, ਜਿਸ ਵਿਚ ਇਨਵਰਟਰ ਜਾਂ ਹੋਰ ਬਿਜਲੀ ਪੂਰਤੀ ਨੂੰ ਬੰਦ ਕਰਨਾ ਆਦਿ ਸ਼ਾਮਲ ਹਨ। ਇਸ ਮੌਕੇ ਸੈਨੇਟਰੀ ਇੰਸਪੈਕਟਰ ਅਮਨਦੀਪ ਸ਼ਰਮਾ, ਨਨਪਾਲ ਸਿੰਘ,ਡਾ.ਕੰਵਲਜੀਤ ਸਿੰਘ ਬਾਜਵਾ, ਜਸਪਾਲ ਜਟਾਣਾ, ਹੌਲਦਾਰ ਗੁਰਪਿਆਰ ਸਿੰਘ, ਸੰਦੀਪ ਸਿੰਘ, ਦੀਪ, ਜੀਨੂ,ਨਰਿੰਦਰ ਸ਼ਰਮਾ, ਤਰਸੇਮ ਚੰਦ ਆਦਿ ਵੱਖ ਵੱਖ ਵਿਭਾਗਾਂ ਦੇ ਕਰਮਚਾਰੀ ਮੌਜੂਦ ਸਨ।

# ਡਾ. ਸੁਖਚਰਨ ਸਿੰਘ ਬਰਾੜ ਐਮ.ਪੀ.ਏ.ਪੀ. ਬਲਾਕ ਦੇ ਪ੍ਰਧਾਨ ਨਿਯੁਕਤ




ਭਗਤਾ ਭਾਈ ਕਾ, 9 ਮਈ (ਸਵਰਨ ਸਿੰਘ ਭਗਤਾ): ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਬਠਿੰਡਾ ਦਾ ਇਜਲਾਸ ਜ਼ਿਲ੍ਹਾ ਪ੍ਰਧਾਨ ਡਾ. ਗਿਆਨ ਚੰਦ ਸ਼ਰਮਾ,ਜਿਲਾ ਚੇਅਰਮੈਨ ਡਾ.ਰਾਜਵੀਰ ਸਿੰਘ ਢਿੱਲੋਂ,ਉਪ ਪ੍ਰਧਾਨ ਡਾ. ਬਲਵਿੰਦਰ ਸਿੰਘ, ਜ਼ਿਲ੍ਹਾ ਸਕੱਤਰ ਡਾਕਟਰ ਕਰਨੈਲ ਸਿੰਘ ਜੋਗਾਨੰਦ ਅਤੇ ਸਮੂਹ ਜਿਲਾ ਬਾਡੀ ਦੀ ਦੇਖ ਰੇਖ ਹੇਠ ਬਲਾਕ ਬਠਿੰਡਾ ਦੀ ਚੋਣ ਹੋਈ ਜਿਸ ਦੌਰਾਨ ਪੁਰਾਣੀ ਬਾਡੀ ਭੰਗ ਕਰਕੇ ਸਰਬਸੰਮਤੀ ਨਾਲ ਨਵੀਂ ਬਾਡੀ ਦੀ ਦੁਬਾਰਾ ਚੋਣ ਕੀਤੀ ਗਈ। ਜਿਸ ਦੌਰਾਨ ਬਲਾਕ ਪ੍ਰਧਾਨ ਡਾ. ਸੁਖਚਰਨ ਸਿੰਘ ਬਰਾੜ,ਉਪ ਪ੍ਰਧਾਨ ਡਾ.ਰਾਜਿੰਦਰ ਸਿੰਘ,ਉਪ ਪ੍ਰਧਾਨ ਡਾ. ਜਗਦੇਵ ਗਿੱਲ ਉਪ ਪ੍ਰਧਾਨ ਡਾ.ਹਰਮੇਸ਼ ਚੰਦ,ਜਨਰਲ ਸਕੱਤਰ ਡਾ.ਯਸ਼ਵੰਤ ਸੈਣੀ,ਕੈਸ਼ੀਅਰ ਡਾ.ਪਵਨ ਕੁਮਾਰ ਚਪੜਾ,ਸਹਾਇਕ ਸਕੱਤਰ ਡਾ.ਗੁਰਚਰਨ ਸਿੰਘ,ਪ੍ਰੈਸ ਸਕੱਤਰ ਡਾ.ਕਮਲਜੀਤ ਸਿੰਘ, ਮੁੱਖ ਸਲਾਕਾਰ ਡਾ.ਮਨਦੀਪ ਮਾਨ,ਡਾ.ਸਲਾਹਕਾਰ ਮੁਕੇਸ਼ ਸੈਣੀ,ਚੇਅਰਮੈਨ ਸੰਜੀਵ ਸੈਹਰਾਲ ਆਦਿ ਚੁਣੇ ਗਏ।ਇਸ ਮੌਕੇ ਬਲਾਕ ਦੇ ਹੋਰ ਵੀ ਡਾਕਟਰ ਸਾਥੀ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਡਾਕਟਰ ਸੁਖਚਰਨ ਸਿੰਘ ਬਰਾੜ ਲਗਾਤਾਰ ਸਰਬ ਸੰਮਤੀ ਨਾਲ ਤੀਸਰੀ ਵਾਰ ਬਲਾਕ ਪ੍ਰਧਾਨ ਚੁਣੇ ਗਏ।ਇਸ ਸਬੰਧੀ ਜਾਣਕਾਰੀ ਨਵਨਿਯੁਕਤ ਬਲਾਕ ਪ੍ਰਧਾਨ ਡਾਕਟਰ ਸੁਖਚਰਨ ਸਿੰਘ ਬਰਾੜ ਵੱਲੋਂ ਪ੍ਰੈਸ ਨੂੰ ਦਿੱਤੀ ਗਈ।

# ਗੱਡੀ 'ਤੇ ਫਾਇਰਿੰਗ ਕਰਕੇ ਨਸ਼ਾ ਤਸਕਰ ਨੂੰ ਕੀਤਾ ਕਾਬੂ

ਬਠਿੰਡਾ, 9 ਮਈ (ਦੀਪਕ ਸ਼ਰਮਾ):ਪੁਲਿਸ ਵੱਲੋਂ ਸ਼ੁੱਕਰਵਾਰ ਸ਼ਾਮ ਨੂੰ ਸਥਾਨਕ ਸੰਤਪੁਰਾ ਰੋਡ 'ਤੇ ਨਾਕਾਬੰਦੀ ਕਰਕੇ ਸ਼ੱਕੀ ਗੱਡੀਆਂ ਦੀ ਜਾਂਚ ਕੀਤੀ ਜਾ ਰਹੀ ਸੀ। ਇਸ ਦੌਰਾਨ ਇੱਕ ਸਕੋਡਾ ਗੱਡੀ ਨੂੰ ਸ਼ੱਕ ਦੇ ਅਧਾਰ 'ਤੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ ਦੇ ਚਾਲਕ ਨੇ ਮੌਕੇ ਤੋਂ ਗੱਡੀ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਪੁਲਿਸ ਨੇ ਗੱਡੀ ਦਾ ਪਿੱਛਾ ਕੀਤਾ ਅਤੇ ਫਾਇਰ ਕਰਕੇ ਗੱਡੀ ਦੇ ਟਾਇਰ ਪੈਂਚਰ ਕਰ ਦਿੱਤੇ ਅਤੇ ਗੱਡੀ ਦੇ ਚਾਲਕ ਨੂੰ ਗ੍ਰਿਫਤਾਰ ਕਰ ਲਿਆ। ਦੱਸਿਆ ਜਾ ਰਿਹਾ ਹੈ ਕਿ ਕਥਿਤ ਦੋਸ਼ੀ ਕੋਲੋਂ ਮੌਕੇ ਤੋਂ ਹੈਰੋਇਨ ਵੀ ਬਰਾਮਦ ਹੋਈ ਹੈ। ਮੁਲਜ਼ਮ ਦੇ ਖਿਲਾਫ ਥਾਣਾ ਕੋਤਵਾਲੀ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਪੁਲਿਸ ਵੱਲੋਂ ਸਥਾਨਕ ਸੰਤਪੁਰਾ ਰੋਡ ਤੇ ਨਾਕਾਬੰਦੀ ਕਰਕੇ ਸ਼ੱਕੀ ਵਾਹਨਾ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਸੀ। ਇਸ ਦੌਰਾਨ ਨਾਕੇ ਵੱਲ ਆ ਰਹੀ ਇੱਕ ਸਕੋਡਾ ਗੱਡੀ ਨੂੰ ਸ਼ੱਕ ਦੇ ਅਧਾਰ 'ਤੇ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਕਾਰ ਚਾਲਕ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ।ਇਸ ਸਬੰਧੀ ਸੀਆਈਏ ਸਟਾਫ ਵਨ ਦੇ ਇੰਚਾਰਜ ਇੰਸਪੈਕਟਰ ਕੁਲਦੀਪ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਸ਼ਾਮ ਨੂੰ ਸੀਆਈਏ ਦੀ ਟੀਮ ਸਥਾਨਕ ਸੰਤਪੁਰਾ ਰੋਡ 'ਤੇ ਟੈਕਸੀ ਸਟੈਂਡ ਦੇ ਨੇੜੇ ਨਾਕਾਬੰਦੀ ਕਰਕੇ ਗੱਡੀਆਂ ਨੂੰ ਰੋਕਕੇ ਜਾਂਚ ਕਰ ਰਹੀ ਸੀ। ਇਸ ਦੌਰਾਨ ਨਟਾਰ ਵੱਲੋਂ ਆ ਰਹੀ ਇਕ ਸਕੋਡਾ ਗੱਡੀ ਦੇ ਡਰਾਈਵਰ ਨੂੰ ਜਦੋਂ ਪੁਲਿਸ ਟੀਮ ਨੇ ਰੁਕਣ ਦਾ ਇਸ਼ਾਰਾ ਦਿੱਤਾ, ਤਾਂ ਗੱਡੀ 'ਚ ਸਵਾਰ ਵਿਅਕਤੀ ਨੇ ਪੁਲਿਸ ਨੂੰ ਵੇਖ ਕੇ ਗੱਡੀ ਭਜਾ ਲਈ। ਜਿਸ ਤੋਂ ਬਾਅਦ ਪੁਲਿਸ ਟੀਮ ਨੇ ਉਕਤ ਗੱਡੀ ਦਾ ਪਿੱਛਾ ਕਰਦੇ ਹੋਏ ਗੋਲੀਆਂ ਚਲਾਕੇ ਉਸਦੀ ਗੱਡੀ ਦੇ ਟਾਇਰ ਪੈਂਚਰ ਕਰ ਦਿੱਤੇ। ਇਸ ਤੋਂ ਬਾਅਦ ਪੁਲਿਸ ਟੀਮ ਨੇ ਗੱਡੀ ਅਤੇ ਉਸ 'ਚ ਸਵਾਰ ਨਸ਼ਾ ਤਸਕਰ ਨੂੰ ਅਮਰੀਕ ਸਿੰਘ ਰੋਡ 'ਤੇ ਅੰਨਪੂਰਨਾ ਮੰਦਰ ਦੇ ਕੋਲੋਂ ਗ੍ਰਿਫ਼ਤਾਰ ਕਰਕੇ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਹੈ ਕਿ ਕਥਿਤ ਦੋਸ਼ੀ ਖਿਲਾਫ ਥਾਣਾ ਕੋਤਵਾਲੀ ਵਿਖੇ ਕੇਸ ਦਰਜ ਕੀਤਾ ਗਿਆ। ਉਕਤ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਕਿ ਪਤਾ ਲਗਾਇਆ ਜਾ ਸਕੇ ਕੀ ਉਹ ਹੈਰੋਇਨ ਕਿੱਥੋਂ ਲੈ ਕੇ ਆਇਆ ਸੀ ਤੇ ਅੱਗੇ ਕਿਸ ਨੂੰ ਦੇਣੀ ਸੀ।

# ਜੰਗ ਦੀ ਸਥਿਤੀ ਨਾਲ ਸਿੱਝਣ ਲਈ ਤਿਆਰ ਨੇ ਬਠਿੰਡਾ ਜ਼ਿਲ੍ਹੇ ਦੇ ਵਾਸੀ

## ਬੰਬ ਵਰਗੀਆਂ ਵਸਤੂਆਂ ਨੂੰ ਵੀ ਗੰਭੀਰਤਾ ਨਾਲ ਨਿਹਾਰ ਰਹੇ ਨੇ ਆਮ ਲੋਕ





ਬਠਿੰਡਾ, 9 ਮਈ (ਸਟਾਫ ਰਿਪੋਰਟਰ) : ਭਾਰਤ ਅਤੇ ਪਾਕਿਸਤਾਨ ਵਿਚਾਲੇ ਤਨਾਅ ਦੇ ਚੱਲਦਿਆਂ ਵੀਰਵਾਰ ਦੇਰ ਰਾਤ ਨੂੰ ਬਠਿੰਡਾ ਵਿੱਚ ਚਾਰ ਧਮਾਕੇ ਹੋਏ। ਪਰ ਇਹ ਧਮਾਕੇ ਵੀ ਲੋਕਾਂ ਦੇ ਹੌਸਲੇ ਨੂੰ ਨਹੀਂ ਤੋੜ ਸਕੇ। ਲੋਕਾਂ ਨੇ ਕਿਹਾ ਕਿ ਉਹ ਹਰ ਮੁਸ਼ਕਿਲ ਦਾ ਸਾਹਮਣਾ ਕਰਨ ਲਈ ਤਿਆਰ ਹਨ। ਭਾਰਤੀ ਫੌਜ ਨੇ ਬਠਿੰਡਾ 'ਚ ਕੀਤੇ ਗਏ ਧਮਾਕਿਆਂ ਨੂੰ ਨਾਕਾਮ ਬਣਾ ਦਿੱਤਾ। ਸ਼ੁੱਕਰਵਾਰ ਸਵੇਰੇ ਜ਼ਿਲ੍ਹੇ ਦੇ ਚਾਰ ਪਿੰਡਾਂ ਵਿੱਚ ਬੰਬ ਵਰਗੀਆਂ ਚੀਜ਼ਾਂ ਦੇ ਟੁਕੜੇ ਮਿਲੇ ਹਨ। ਵੱਖ ਵੱਖ ਪਿੰਡਾਂ ਵਿੱਚ ਡਿੱਗੇ ਬੰਬ ਵਰਗੀਆਂ ਚੀਜ਼ਾਂ ਦੇ ਟੁਕੜਿਆਂ ਨੂੰ ਦੇਖਣ ਲਈ ਲੋਕ ਇਕੱਠੇ ਹੁੰਦੇ ਰਹੇ। ਜਦੋਂ ਕਿ ਪਿੰਡ ਤੁੰਗਵਾਲੀ ਵਿੱਚ ਇੱਕ ਘਰ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਦੂਜੇ ਪਾਸੇ ਪਿੰਡਾਂ ਵਿੱਚ ਡਿੱਗੇ ਇੰਨ੍ਹਾਂ ਟੁਕੜਿਆਂ ਨੂੰ ਫੌਜ ਦੇ ਜਵਾਨਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ, ਜਦੋਂ ਕਿ ਲੋਕਾਂ ਨੂੰ ਇਨ੍ਹਾਂ ਦੇ ਨੇੜੇ ਜਾਣ ਤੋਂ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਪੁਲਿਸ ਪ੍ਰਸ਼ਾਸਨ ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਪਿੰਡ ਗਹਿਰੀ ਭਾਗੀ ਦੇ ਖੇਤਾਂ ਵਿੱਚ ਡਿੱਗੇ ਬੰਬ ਵਰਗੀਆਂ ਵਸਤੂਆਂ ਦੇ ਟੁਕੜਿਆਂ ਨੂੰ ਦੇਖਣ ਆਏ ਪਿੰਡ ਵਾਸੀਆਂ ਨੇ ਦੱਸਿਆ ਕਿ ਰਾਤ ਲਗਭਗ 10:45 ਵਜੇ ਇਕ ਜ਼ੋਰਦਾਰ ਧਮਾਕਾ ਸੁਣਾਈ ਦਿੱਤਾ। ਇਕ ਸਮੇਂ ਤਾਂ ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਨੇ ਬੰਬ ਸੁੱਟਿਆ ਹੋਵੇ, ਪਰ ਬਾਅਦ ਵਿੱਚ ਪਤਾ ਲੱਗਾ ਕਿ ਇਹ ਕੋਈ ਬੰਬ ਵਰਗੀ ਖਾਲ੍ਹੀ ਚੀਜ਼ ਸੀ। ਹਾਲਾਂਕਿ ਬਚਾਅ ਦੀ ਗੱਲ ਇਹ ਸੀ ਕਿ ਇਹ ਟੁਕੜਾ ਖੇਤਾਂ ਵਿੱਚ ਡਿੱਗ ਪਿਆ। ਪਿੰਡ ਦੇ ਨਛੱਤਰ ਸਿੰਘ ਨੇ ਦੱਸਿਆ ਕਿ ਅਸਮਾਨ ਵਿੱਚ ਇਕ ਤੇਜ਼ ਰੌਸ਼ਨੀ ਦਿਖਾਈ ਦਿੱਤੀ, ਜਿਸ ਤੋਂ ਬਾਅਦ ਇਕ ਜ਼ੋਰਦਾਰ ਧਮਾਕਾ ਹੋਇਆ। ਪਰ ਸਭ ਕੁਝ ਠੀਕ ਰਿਹਾ। ਹੁਣ ਜੇਕਰ ਦੁਸ਼ਮਣ ਨੇ ਅਜਿਹੀਆਂ ਗਤੀਵਿਧੀਆਂ ਦਾ ਸਹਾਰਾ ਲਿਆ ਹੈ ਤਾਂ ਅਸੀਂ ਸਾਰੇ ਉਸਦਾ ਸਾਹਮਣਾ ਕਰਨ ਲਈ ਇੱਕਜੁੱਟ ਹਾਂ। ਪਿੰਡ ਦੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਇਹ ਬੰਬ ਵਰਗੀ ਵਸਤੂ ਉਨ੍ਹਾਂ ਦੇ ਘਰ ਦੇ ਪਿੱਛੇ ਖੇਤ ਵਿੱਚ ਡਿੱਗੀ, ਜਿਸ ਤੋਂ ਬਾਅਦ ਉਨ੍ਹਾਂ ਨੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਕੀਤਾ। ਜਦੋਂ ਕਿ ਪਿੰਡ ਦੇ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਾਰੇ ਦੇਰ ਰਾਤ ਸੌਂ ਰਹੇ ਸਨ, ਪਰ ਜਦੋਂ ਧਮਾਕਾ ਹੋਇਆ ਤਾਂ ਪਿੰਡ ਦੇ ਲੋਕ ਬਾਹਰ ਆ ਗਏ। ਗੁਰਦੁਆਰੇ ਤੋਂ ਲਾਊਡ ਸਪੀਕਰ ਰਾਹੀ ਹੋਕਾ ਦਿੱਤਾ ਗਿਆ ਕਿ ਆਪਣੇ ਘਰਾਂ ਦੀਆਂ ਸਾਰੀਆਂ ਲਾਈਟਾਂ ਬੰਦ ਕਰ ਦਿੱਤੀਆਂ ਜਾਣ। ਇਸੇ ਤਰ੍ਹਾਂ ਭੁੱਚੋ ਮੰਡੀ ਨੇੜੇ ਤੁੰਗਵਾਲੀ ਪਿੰਡ ਦੇ ਉੱਪਰ ਅਸਮਾਨ ਵਿੱਚ ਇਕ ਵੱਡਾ ਧਮਾਕਾ ਹੋਇਆ। ਬੰਬ ਵਰਗੀ ਚੀਜ਼ ਦਾ ਇਕ ਹਿੱਸਾ ਤੁੰਗਵਾਲੀ ਪਿੰਡ ਦੇ ਖੇਤਾਂ ਵਿੱਚ ਡਿੱਗ ਪਿਆ। ਇਸ ਦੌਰਾਨ ਡੀਐਸਪੀ ਰਵਿੰਦਰ ਸਿੰਘ ਰੰਧਾਵਾ, ਐਸਐਚਓ ਨਥਾਣਾ ਦਿਲਬਾਗ ਸਿੰਘ, ਭੁੱਚੋ ਪੁਲਿਸ ਚੌਕੀ ਇੰਚਾਰਜ ਨਿਰਮਲਜੀਤ ਸਿੰਘ ਅਤੇ ਫੌਜ ਦੇ ਅਧਿਕਾਰੀਆਂ ਨੇ ਘਟਨਾ ਵਾਲੀ ਥਾਂ ਦਾ ਮੁਆਇਨਾ ਕੀਤਾ।

## ਬਠਿੰਡਾ ਵਿੱਚ ਚਾਰ ਧਮਾਕੇ ਹੋਏ

*ਪਹਿਲਗਾਮ ਹਮਲੇ ਤੋਂ ਬਾਅਦ ਲਗਾਤਾਰ ਵਧ ਰਹੇ ਤਣਾਅ ਦੇ ਮੱਦੇਨਜ਼ਰ ਭਾਰਤੀ ਫੌਜ ਨੇ ਵੀਰਵਾਰ ਰਾਤ ਨੂੰ ਪਾਕਿਸਤਾਨ ਵਲੋਂ ਭਾਰਤ 'ਤੇ ਕੀਤੇ ਗਏ ਹਮਲਿਆਂ ਨੂੰ ਹਵਾ ਵਿੱਚ ਹੀ ਤਬਾਹ ਕਰ ਦਿੱਤਾ। ਇਨ੍ਹਾਂ ਹਮਲਿਆਂ ਵਿੱਚ ਤਬਾਹ ਹੋਈਆਂ ਬੰਬ ਵਰਗੀਆਂ ਚੀਜ਼ਾਂ ਦੇ ਟੁਕੜੇ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚੋਂ ਮਿਲੇ ਹਨ। ਵੀਰਵਾਰ ਰਾਤ ਨੂੰ ਲਗਭਗ 10:45 ਵਜੇ ਹੋਏ ਹਮਲੇ ਤੋਂ ਬਾਅਦ ਲੋਕ ਪੂਰੀ ਤਰ੍ਹਾਂ ਸਤਰਕ ਹਨ ਅਤੇ ਸ਼ੁੱਕਰਵਾਰ ਸਵੇਰੇ ਪਤਾ ਲੱਗਾ ਕਿ ਬਠਿੰਡਾ ਦੀ ਭੀਸ਼ੀ ਤਾਲਾਬ ਬਸਤੀ ਨੰਬਰ 4, ਪਿੰਡ ਤੁੰਗਵਾਲੀ, ਪਿੰਡ ਗਹਿਰੀ ਭਾਗੀ ਅਤੇ ਪਿੰਡ ਬੁਰਜ ਮਹਿਮਾ ਵਿੱਚ ਬੰਬ ਵਰਗੀਆਂ ਚੀਜ਼ਾਂ ਦੇ ਟੁੱਟੇ ਹੋਏ ਟੁਕੜੇ ਮਿਲੇ ਹਨ। ਜਿਸ ਤੋਂ ਬਾਅਦ ਫੌਜ ਅਤੇ ਪੁਲਿਸ ਨੇ ਟੁਕੜਿਆਂ ਨੂੰ ਘੇਰ ਲਿਆ, ਜਾਂਚ ਕੀਤੀ ਅਤੇ ਬਰਾਮਦ ਕੀਤੇ ਟੁਕੜਿਆਂ ਨੂੰ ਸੁਰੱਖਿਅਤ ਕਬਜ਼ੇ ਵਿਚ ਲੈ ਲਿਆ। ਇਹ ਜ਼ਿਕਰਯੋਗ ਹੈ ਕਿ ਬਠਿੰਡਾ ਵਿੱਚ ਏਸ਼ੀਆ ਦੀ ਸਭ ਤੋਂ ਵੱਡਾ ਫੌਜੀ ਛਾਉਣੀ, ਹਵਾਈ ਅੱਡਾ, ਵੱਡਾ ਰੇਲਵੇ ਜੰਕਸ਼ਨ, ਤੇਲ ਸੋਧਕ ਕਾਰਖਾਨਾ ਅਤੇ ਤੇਲ ਡਿਪੂ ਤੋਂ ਇਲਾਵਾ ਖਾਦ ਫੈਕਟਰੀ ਸਮੇਤ ਕਈ ਹੋਰ ਵੱਡੇ ਉਦਯੋਗਿਕ ਅਦਾਰੇ ਹਨ।*

# ਰੈਡ ਕਰਾਸ ਦੇ ਮੂਲ ਮੰਤਵ ਨੇ ਸੇਵਾ, ਸਮਰਪਣ ਅਤੇ ਸਹਾਨਭੂਤੀ : ਪ੍ਰਿੰ . ਰੀਨਾ ਚੀਮਾ

ਖਨੌਰੀ, 9 ਮਈ (ਓਮਪ੍ਰਕਾਸ਼ ਮੁਆਲ): ਗੰਗਾ ਇੰਟਰਨੈਸ਼ਨਲ ਸਕੂਲ ਵਿੱਚ ਰੈਡ ਕਰਾਸ ਡੇ ਉਤਸ਼ਾਹ ਤੇ ਜਿੰਮੇਵਾਰੀ ਦੇ ਅਹਿਸਾਸ ਨਾਲ ਮਨਾਇਆ ਗਿਆ। ਇਸ ਦਿਨ ਦਾ ਮਕਸਦ ਵਿਦਿਆਰਥੀਆਂ ਨੂੰ ਮਨੁੱਖੀ ਸੇਵਾ ਪਹਿਲੀ ਚਕਿਤਸਾ (ਫਸਟਏਡ) ਅਤੇ ਐਮਰਜੈਂਸੀ ਸਥਿਤੀਆਂ ਵਿੱਚ ਸੰਯਮ ਨਾਲ ਕੰਮ ਕਰਨ ਬਾਰੇ ਜਾਗਰੂਕ ਕਰਨਾ ਸੀ। ਸਵੇਰ ਦੀ ਵਿਸ਼ੇਸ਼ ਪ੍ਰਾਰਥਨਾ ਸਭਾ ਦੌਰਾਨ ਵਿਦਿਆਰਥੀਆਂ ਨੂੰ ਰੈਡ ਕਰਾਸ ਡੇਅ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ ਗਿਆ। ਸਕੂਲ ਦੇ ਅਧਿਆਪਕਾਂ ਨੇ ਦੱਸਿਆ ਕਿ ਹੈਨਰੀ ਡੂਨੈਟ ਨੇ 1863 ਵਿੱਚ ਰੈਡ ਕਰਾਸ ਦੀ ਸਥਾਪਨਾ ਕੀਤੀ ਸੀ ਜਿਸ ਦਾ ਉਦੇਸ਼ ਯੁੱਧ ਅਤੇ ਆਪਦਾ ਦੇ ਸਮੇਂ ਪੀੜਤਾਂ ਲੋਕਾਂ ਦੀ ਸੇਵਾ ਕਰਨਾ ਸੀ। ਵਿਦਿਆਰਥੀਆਂ ਨੇ ਇਹ ਵੀ ਸਿੱਖਿਆ ਕਿ ਰੈਡ ਕਰਾਸ ਇੱਕ ਅੰਤਰਰਾਸ਼ਟਰੀ ਸੰਸਥਾ ਹੈ ਜੋ ਕਿਸੇ ਵੀ ਭੇਦ ਭਾਵ ਤੋਂ ਬਿਨਾਂ ਮਦਦ ਕਰਦੀ ਹੈ। ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਵੱਲੋਂ ਇੱਕ ਰੁਚਿਕਰ ਤੇ ਸਮਝਦਾਰ ਨੁਕੜ ਨਾਟਕ ਪੇਸ਼ ਕੀਤਾ ਗਿਆ ਜਿਸ ਵਿੱਚ ਦਿਖਾਇਆ ਗਿਆ ਕਿ ਫਸਟ ਏਡ ਕਿਵੇਂ ਅਤੇ ਕਦੋਂ ਦਿੱਤੀ ਜਾਂਦੀ ਹੈ। ਨਾਟਕ ਵਿੱਚ ਜਖਮ, ਸਾੜ, ਬੇਹੋਸ਼ੀ ਵਰਗੀਆਂ ਸਥਿਤੀਆਂ ਵਿੱਚ ਤੁਰੰਤ ਕੀਤੇ ਜਾਣ ਵਾਲੇ ਉਪਚਾਰਾਂ ਨੂੰ ਦਰਸਾਇਆ ਗਿਆ। ਇਸ ਨਾਟਕ ਦੇ ਨਾ ਸਿਰਫ ਸਾਰੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ ਸਗੋਂ ਉਹਨਾਂ ਨੂੰ ਇਹ ਮਹੱਤਵਪੂਰਨ ਵਿਸ਼ਾ ਵੀ ਸਮਝਾਇਆ। ਸਕੂਲ ਦੀ ਸਟਾਫ ਨਰਸ ਮਿਸ ਰਾਜ ਰਾਣੀ ਨੇ ਵਿਦਿਆਰਥੀਆਂ ਨੂੰ ਫਸਟ ਏਡ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ।

# ਜਰੂਰੀ ਵਸਤਾਂ ਦੀ 'ਕਾਲਾਬਜ਼ਾਰੀ' ਕਰਨ ਵਾਲਿਆਂ ਵਿਰੁੱਧ ਸਖ਼ਤੀ ਵਰਤੇ ਪ੍ਰਸ਼ਾਸਨ : ਜੈਨ

ਧੂਰੀ, 9 ਮਈ (ਰਾਜੇਸ਼ਵਰ ਪਿੰਟੂ, ਅਮਨ ਗੋਰਗ) : ਅੱਜ ਧੂਰੀ ਵਪਾਰ ਮੰਡਲ ਧੂਰੀ ਦੇ ਪ੍ਰਧਾਨ ਵਿਕਾਸ ਜੈਨ, ਚੇਅਰਮੈਨ ਹੰਸ ਰਾਜ ਬਜਾਜ, ਉੱਪ ਚੇਅਰਮੈਨ ਨਰੇਸ਼ ਕੁਮਾਰ ਮੰਗੀ, ਰਿਟੇਲ ਕਰਿਆਨਾ ਐਸੋਸੀਏਸ਼ਨ ਪ੍ਰਧਾਨ ਦਰਸ਼ਨ ਕੁਮਾਰ ਦਰਸ਼ੀ ਨੇ ਭਾਰਤ- ਪਾਕਿ ਸਰਹੱਦ 'ਤੇ ਬਣੇ ਤਨਾਅ ਦੀ ਸਥਿਤੀ 'ਤੇ ਕੁੱਝ ਗੈਰ ਵਪਾਰੀਆਂ ਵੱਲੋਂ ਜਰੂਰੀ ਵਸਤਾਂ ਦੀਆਂ ਵਸਤਾਂ ਦੀ ਕੀਤੀ ਜਾ ਰਹੀ ਕਾਲਾਬਾਜਰੀ ਨੂੰ ਰੋਕਣ ਲਈ ਪ੍ਰਸਾਸ਼ਨ ਨੂੰ ਸਖ਼ਤ ਕਾਰਵਾਈ ਕੀਤੇ ਜਾਣ ਦੀ ਅਪੀਲ ਕੀਤੀ ਹੈ ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿੱਚ ਜਿੱਥੇ ਸਾਡੇ ਨਿੱਡਰ ਫ਼ੌਜੀ ਦੇਸ਼ ਦੀਆਂ ਸਰਹੱਦਾਂ ਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਦੇਸ਼ ਦੀ ਰਾਖੀ ਕਰ ਰਹੇ ਹਨ, ਪਰ ਹੁਣ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਇਸ ਔਖੀ ਘੜੀ ਵਿੱਚ ਦੇਸ਼ ਦਾ ਸਾਥ ਦਿੱਤਾ ਜਾਵੇ। ਉਨ੍ਹਾਂ ਵਪਾਰੀਆਂ ਨੂੰ ਅਪੀਲ ਕੀਤੀ ਕਿ ਵਪਾਰੀ ਕਦੇ ਵੀ ਦੇਸ਼ ਤੇ ਮੁਸੀਬਤਾਂ ਵੇਲੇ ਦੇਸ਼ ਦਾ ਸਾਥ ਦਿੰਦੇ ਹਨ ਅਤੇ ਵਪਾਰੀ ਕਦੇ ਵੀ ਕਾਲਾ ਬਜਾਰੀ ਨਹੀਂ ਕਰਦਾ। ਉਨ੍ਹਾਂ ਸਪੱਸ਼ਟ ਲਫ਼ਜਾਂ ਵਿੱਚ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਵੀ ਵਿਅਕਤੀ ਜਰੂਰੀ ਵਸਤਾਂ ਦੀ ਕਾਲਾਬਜਾਰੀ ਕਰਦਾ ਫੜਿਆ ਗਿਆ ਤਾਂ ਵਪਾਰ ਮੰਡਲ ਉਸਦਾ ਸਾਥ ਨਹੀਂ ਦੇਵੇਗਾ।

# ਪ੍ਰੀਤੀ ਮਹੰਤ ਨੇ ਗਰੀਬ ਪਰਿਵਾਰ ਦੀ ਲੜਕੀ ਦੇ ਵਿਆਹ ਮੌਕੇ ਕੀਤੀ ਆਰਥਿਕ ਮੱਦਦ

ਸੰਗਰੂਰ, 9 ਮਈ (ਹਰਕੰਵਲ ਸਿੰਘ ਹੈਪੀ): ਲੋੜਵੰਦਾਂ ਦੀ ਮੱਦਦ ਲਈ ਹਮੇਸ਼ਾ ਤਿਆਰ ਬਰ ਤਿਆਰ ਰਹਿਣ ਵਾਲੀ ਇਲਾਕੇ ਦੀ ਨਾਮਵਰ ਸਖਸ਼ੀਅਤ ਪ੍ਰੀਤੀ ਮਹੰਤ ਜੀ ਵੱਲੋਂ ਸ਼ੁਰੂ ਕੀਤੀ ਲੋੜਵੰਦਾਂ ਦੀ ਸੇਵਾ ਸੱਭ ਤੋਂ ਉੱਤਮ ਸੇਵਾ ਮੁਹਿੰਮ ਦੇ ਤਹਿਤ ਅੱਜ ਇੱਕ ਹੋਰ ਗਰੀਬ ਪਰਿਵਾਰ ਦੀ ਲੜਕੀ ਦੇ ਵਿਆਹ ਮੌਕੇ ਉਹਨਾਂ ਦੀ ਆਰਥਿਕ ਮੱਦਦ ਕੀਤੀ ਗਈ ਹੈ। ਇਸ ਸੰਬੰਧੀ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਪ੍ਰੀਤੀ ਮਹੰਤ ਜੀ ਨੇ ਦੱਸਿਆ ਕਿ ਉਹਨਾਂ ਆਪਣੇ ਹਰੇੜੀ ਰੋਡ ਸੰਗਰੂਰ ਵਿਖੇ ਸਥਿੱਤ ਡੇਰੇ ਵੱਲੋਂ ਇਸ ਸੇਵਾ ਨੂੰ ਪਿੱਛਲੇ ਕਈ ਵਰ੍ਹਿਆਂ ਤੋਂ ਨਿਰੰਤਰ ਜਾਰੀ ਰੱਖਿਆ ਗਿਆ ਹੈ ਤੇ ਇਸੇ ਲੜੀ ਦੇ ਤਹਿਤ ਉਹਨਾਂ ਸੰਗਰੂਰ ਦੇ ਰਾਮ ਨਗਰ ਸੀਬੀਆ ਦੇ ਵਸਨੀਕਰਾਮਪਾਲ ਸਿੰਘ ਅਤੇ ਰਮਲਾ ਕੌਰ ਦੀ ਲੜਕੀ ਸਿਮਰਨ ਕੌਰ ਦੇ ਵਿਆਹ ਲਈ ਪਰਿਵਾਰ ਨੂੰ 3100 ਰੁਪਏ, 7 ਸੂਟ ਤੇ 1 ਪਿੱਤਲ ਦੀ ਪਰਾਤ ਸ਼ਗਨ ਵੱਜੋਂ ਭੇਂਟ ਕੀਤੀ ਗਈ ਹੈ। ਪ੍ਰੀਤੀ ਮਹੰਤ ਜੀ ਨੇ ਕਿਹਾ ਕਿ ਉਹਨਾਂ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਉਹ ਲੋੜਵੰਦ ਗਰੀਬਾਂ ਦੀ ਮੱਦਦ ਕਰਨ ਲਈ ਸਮਰੱਥ ਹਨ। ਇਸ ਮੌਕੇ ਉਨ੍ਹਾਂ ਹੋਰਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਗੁਰੂ ਸਾਹਿਬਾਨਾਂ ਦੇ ਦੱਸੇ ਮਾਰਗ ਉੱਤੇ ਚੱਲਦੇ ਹੋਏ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਉਸਦੀ ਵਰਤੋ ਲੋੜਵੰਦਾਂ ਤੇ ਬੇਸਹਾਰਾ ਲੋਕਾਂ ਦੀ ਮੱਦਦ ਲਈ ਕਰਨ ਕਿਉਂਕਿ ਗੁਰੂ ਸਾਹਿਬਾਨਾਂ ਨੇ ਸਾਨੂੰ ਮਨੁੱਖੀ ਜੀਵਨ ਦੇ ਕੇ ਲੋੜਵੰਦ ਲੋਕਾਂ ਦੀ ਮੱਦਦ ਕਰਨ ਦੇ ਸਮਰੱਥ ਬਣਾਇਆ ਹੈ ।ਇਸ ਦੌਰਾਨ ਤੱਬੂ ਮਹੰਤ, ਵਿਸ਼ਵਨੂਰ ਮਹੰਤ, ਚੰਦਰਮੁਖੀ ਮਹੰਤ ਅਤੇ ਬਾਵਾ ਮਹੰਤ ਤੋਂ ਇਲਾਵਾ ਲੜਕੀ ਦੀ ਮਾਤਾ ਮੌਕੇ ਤੇ ਮੌਜੂਦ ਸਨ।



# ਜ਼ਿਲ੍ਹਾ ਸੰਗਰੂਰ ਵਿੱਚ ਅੱਜ ਤੇ ਭਲਕੇ ਦਫ਼ਤਰ ਖੁੱਲ੍ਹੇ ਰਹਿਣਗੇ

ਸੰਗਰੂਰ, 9 ਮਈ (ਹਰਕੰਵਲ ਸਿੰਘ ਹੈਪੀ): ਸ਼੍ਰੀ ਟੀ ਬੇਨਿਥ, ਜ਼ਿਲ੍ਹਾ ਮੈਜਿਸਟ$ਰੇਟ ਵੱਲੋਂ ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਸੰਗਰੂਰ ਦੇ ਸਮੂਹ ਵਿਭਾਗਾਂ ਅਤੇ ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ਅਤੇ ਫੀਲਡ ਦਫ਼ਤਰਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਮਿਤੀ 10 ਮਈ, 2025 ਦਿਨ ਸ਼ਨੀਵਾਰ ਅਤੇ ਮਿਤੀ 11 ਮਈ, 2025 ਦਿਨ ਐਤਵਾਰ ਨੂੰ ਸਰਕਾਰੀ ਦਫਤਰ ਖੁੱਲ੍ਹੇ ਰੱਖੇ ਜਾਣ। ਉਹਨਾਂ ਕਿਹਾ ਕਿ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਕਰਮਚਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪੁਲਿਸ ਵੱਲੋਂ ਮੋਟਰ ਸਾਈਕਲ ਅਤੇ ਖੋਲ੍ਹਿਆ ਸਮਾਨ ਬਰਾਮਦ




ਭਵਾਨੀਗੜ੍ਹ, 9 ਮਈ (ਅਮਨਦੀਪ ਸਿੰਘ ਮਾਝਾ): ਡੀਐਸਪੀ ਸ਼$ਰੀ ਰਾਹੁਲ ਕੌਂਸਲ ਨੇ ਭਵਾਨੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਦੀਆਂ ਹਦਾਇਤਾਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਖਾਸ ਮੁਖਬਰ ਦੀ ਇਤਲਾਹ ਮਿਲਣ 'ਤੇ ਇਕ ਵਿਅਕਤੀ ਚੋਰੀ ਦੇ ਮੋਟਰ ਸਾਈਕਲ ਅਤੇ ਆਪਣੇ ਸਾਥੀਆਂ ਤੋਂ ਚੋਰੀ ਕਰਵਾ ਕੇ ਮੋਟਰ ਸਾਈਕਲਾਂ ਨੂੰ ਤੋੜ ਕੇ ਆਪਣੀ ਦੁਕਾਨ 'ਤੇ ਲਿਆ ਕੇ ਅਲੱਗ ਅਲੱਗ ਕਰਕੇ ਮੋਟਰ ਸਾਈਕਲਾਂ ਨੂੰ ਸਪੇਅਰ ਪਾਰਟਸ ਦੇ ਰੂਪ ਵਿੱਚ ਵੇਚਦਾ ਹੈ। ਥਾਣਾ ਮੁਖੀ ਗੁਰਨਾਮ ਸਿੰਘ ਅਤੇ ਐਚ. ਸੀ. ਗੁਰਜਿੰਦਰ ਸਿੰਘ ਨੇ ਸਮੇਤ ਪੁਲਿਸ ਪਾਰਟੀ ਦੇ ਉਕਤ ਦੁਕਾਨ 'ਤੇ ਰੇਡ ਕੀਤੀ ਜਿੱਥੋਂ ਮੌਕੇ 'ਤੇ ਮਿੱਠਨਦੀਪ ਸਿੰਘ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ ਅਤੇ ਉਸ ਪਾਸੋਂ ਚੋਰੀ ਕੀਤੇ 2 ਮੋਟਰ ਸਾਈਕਲ ਮਾਰਕਾ ਸਪਲੈਂਡਰ ਅਤੇ ਟੀਵੀਐਸ ਅਤੇ ਚਾਰ ਮੋਟਰ ਸਾਇਕਲਾਂ ਦਾ ਸਮਾਨ ਜੋ ਕਿ ਖੋਲ੍ਹਿਆ ਹੋਇਆ ਸੀ ਜਿਸ ਵਿਚ ਇੰਜਣ, ਸੀਟਾਂ, ਟਾਇਰ, ਲਾਇਟਾਂ, ਬੰਪਰ ਵਗੈਰਾ ਆਦਿ ਸ਼ਾਮਲ ਸਨ। ਪੁਲੀਸ ਵਲੋਂ ਮਿੱਠਨਦੀਪ ਸਿੰਘ ਪੁੱਤਰ ਰਾਜਿੰਦਰ ਕੁਮਾਰ ਉਰਫ ਭਾਊ ਵਾਸੀ ਮਥੁਰਾ ਕਲੋਨੀ ਪਟਿਆਲਾ ਖਿਲਾਫ ਮਾਮਲਾ ਦਰਜ ਕਰਨ ਉਪਰੰਤ ਉਸਦਾ ਰਿਮਾਡ ਹਾਸਲ ਕੀਤਾ ਗਿਆ। ਪੁੱਛਗਿੱਛ ਦੌਰਾਨ ਮਿੱਠਨਦੀਪ ਸਿੰਘ ਨੇ ਚੋਰੀ ਕੀਤੇ ਦੋ ਸਪਲੈਂਡਰ ਮੋਟਰ ਸਾਇਕਲ ਸਪਲੈਂਡਰ ਅਤੇ ਇਕ ਸੀ. ਡੀ. ਡੀਲੈਕਸ ਮੋਟਰਸਾਇਕਲਾਂ ਬਾਰੇ ਮੰਨਿਆ ਅਤੇ ਇਹਨਾਂ ਦੀ ਰਿਕਵਰੀ ਕੀਤੀ ਗਈ। ਪੁਲੀਸ ਵਲੋਂ ਉਕਤ ਵਿਅਕਤੀ ਕੋਲੋਂ ਬਿਨ੍ਹਾਂ ਨੰਬਰੀ ਸਪਲੈਂਡਰ, ਟੀ. ਵੀ. ਐਸ., ਦੋ ਸਪਲੈਂਡਰ ਇਕ ਸੀ ਡੀ ਡੀਲਕਸ ਅਤੇ 4 ਮੋਟਰ ਸਾਇਕਲਾਂ ਦਾ ਖੁੱਲ੍ਹਿਆ ਹੋਇਆ ਸਮਾਨ ਬਰਾਮਦ ਕੀਤਾ ਗਿਆ।

# ਸਿਰਕੀ ਬਾਜ਼ਾਰ ਵਿੱਚ ਰਾਸ਼ਨ ਲੈਣ ਆਏ ਫ਼ੌਜੀ ਪਰਿਵਾਰ ਦੀ ਗੱਡੀ ਟੋਅ ਕਰਨ 'ਤੇ ਹੋਇਆ ਵਿਵਾਦ

## ਨਗਰ ਨਿਗਮ ਦੇ ਆਊਟਸੋਰਸ ਕਰਮਚਾਰੀ ਅਤੇ ਕਾਰ ਮਾਲਕ ਵਿਚਾਲੇ ਹੋਈ ਹੱਥਾਪਾਈ

ਬਠਿੰਡਾ, 9 ਮਈ( ਦੀਪਕ ਸ਼ਰਮਾ) :ਮਲਟੀਸਟੋਰੀ ਕਾਰ ਪਾਰਕਿੰਗ ਦੇ ਠੇਕੇਦਾਰ ਵੱਲੋਂ ਸ਼ਹਿਰ ਦੇ ਬਾਜ਼ਾਰਾਂ 'ਚੋਂ ਗੱਡੀਆਂ ਟੋਅ ਕਰਨ ਨੂੰ ਲੈ ਕੇ ਵਿਵਾਦ ਰੁਕਣ ਦਾ ਨਾਮ ਨਹੀਂ ਲੈ ਰਹੇ। ਦੋ ਦਿਨ ਪਹਿਲਾਂ ਰੇਲਵੇ ਸਟੇਸ਼ਨ ਦੇ ਬਾਹਰ ਟੈਕਸੀ ਸਟੈਂਡ 'ਚ ਖੜੀ ਇਕ ਗੱਡੀ ਨੂੰ ਟੋਅ ਕਰਨ ਨੂੰ ਲੈ ਕੇ ਸਥਾਨਕ ਦੁਕਾਨਦਾਰਾਂ ਨੇ ਟੋਅ ਵੈਨ ਦਾ ਘੇਰਾਵ ਕਰ ਕੇ ਜ਼ਬਰਦਸਤ ਹੰਗਾਮਾ ਕੀਤਾ ਸੀ ।ਇਸੇ ਤਰ੍ਹਾਂ ਸ਼ੁੱਕਰਵਾਰ ਨੂੰ ਸ਼ਹਿਰ ਦੇ ਸਿਰਕੀ ਬਾਜ਼ਾਰ ਵਿੱਚ ਰਾਸ਼ਨ ਲੈਣ ਆਏ ਇੱਕ ਫੌਜੀ ਪਰਿਵਾਰ ਦੀ ਗੱਡੀ ਨੂੰ ਟੋਅ ਕਰਨ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ। ਗੱਡੀ ਟੋਅ ਕਰਨ ਨੂੰ ਲੈ ਕੇ ਨਗਰ ਨਿਗਮ ਕਰਮਚਾਰੀ ਅਤੇ ਸਥਾਨਕ ਲੋਕਾਂ ਵਿਚਾਲੇ ਜ਼ਬਰਦਸਤ ਹੰਗਾਮਾ ਹੋਇਆ। ਇਸ ਦੌਰਾਨ ਟੋਅ ਕੀਤੀ ਗੱਡੀ ਵਿਚ ਸਵਾਰ ਨਗਰ ਨਿਗਮ ਦੇ ਆਊਟਸੋਰਸ ਕਰਮਚਾਰੀ ਨੂੰ ਲੋਕਾਂ ਨੇ ਫੜ ਕੇ ਥੱਲੇ ਉਤਾਰ ਲਿਆ ਅਤੇ ਹੋਰ ਲੋਕਾਂ ਦੇ ਨਾਲ ਮਿਲ ਕੇ ਉਸ ਨਾਲ ਹੱਥਾਪਾਈ ਕੀਤੀ ਗਈ। ਲੋਕਾਂ ਦਾ ਦੋਸ਼ ਹੈ ਕਿ ਟੋਅ ਵੈਨ ਵਿੱਚ ਸਵਾਰ ਕਰਮਚਾਰੀਆਂ ਨੇ ਉਨ੍ਹਾਂ ਨੂੰ ਅਪਸ਼ਬਦ ਬੋਲੇ। ਉਥੇ ਹੀ ਕੁਝ ਲੋਕਾਂ ਦਾ ਕਹਿਣਾ ਸੀ ਕਿ ਕਰਮਚਾਰੀ ਦੇ ਨਾਲ ਆਏ ਪੁਲਿਸ ਕਰਮਚਾਰੀ ਨੇ ਵੀ ਅਪਸ਼ਬਦ ਬੋਲੇ ਹਨ ।ਇਸ ਤੋਂ ਬਾਅਦ ਲੋਕਾਂ ਦਾ ਗੁੱਸਾ ਚੌਥੇ ਆਸਮਾਨ 'ਤੇ ਪਹੁੰਚ ਗਿਆ। ਜਦੋਂ ਲੋਕ ਕਰਮਚਾਰੀ ਨਾਲ ਹੱਥਾਪਾਈ ਕਰ ਰਹੇ ਸਨ ਤਾਂ ਪੁਲਿਸ ਕਰਮਚਾਰੀ ਗੱਡੀ ਵਿੱਚ ਹੀ ਬੈਠਾ ਰਿਹਾ, ਜਦਕਿ ਨਿਗਮ ਕਰਮਚਾਰੀ ਨੂੰ ਲੋਕਾਂ ਤੋਂ ਛੁਡਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ ।ਇਕੱਤਰਿਤ ਜਾਣਕਾਰੀ ਅਨੁਸਾਰ ਇੱਕ ਫੌਜੀ ਸ਼ੁੱਕਰਵਾਰ ਨੂੰ ਆਪਣੇ ਪਰਿਵਾਰ ਨਾਲ ਸਿਰਕੀ ਬਾਜ਼ਾਰ ਵਿੱਚ ਰਾਸ਼ਨ ਲੈਣ ਆਇਆ ਸੀ। ਇਸ ਦੌਰਾਨ ਉਸਨੇ ਆਪਣੀ ਗੱਡੀ ਦੁਕਾਨ ਦੇ ਬਾਹਰ ਖੜੀ ਕਰ ਦਿੱਤੀ। ਓਸੇ ਵੇਲੇ ਨਗਰ ਨਿਗਮ ਅਤੇ ਪਾਰਕਿੰਗ ਠੇਕੇਦਾਰ ਦੀ ਟੋਅ ਵੈਨ ਦੁਕਾਨ ਦੇ ਬਾਹਰ ਖੜੀ ਗੱਡੀ ਨੂੰ ਚੁੱਕਣ ਆ ਗਏ ਅਤੇ ਉਨ੍ਹਾਂ ਨੇ ਗੱਡੀ ਨੂੰ ਟੋਅ ਕਰਨਾ ਸ਼ੁਰੂ ਕਰ ਦਿੱਤਾ। ਸ਼ੁਰੂ ਵਿੱਚ ਦੋਹਾਂ ਪੱਖਾਂ ਵਿੱਚ ਬਹਿਸ ਚੱਲ ਰਹੀ ਸੀ। ਜਦ ਹੰਗਾਮਾ ਵਧਿਆ ਤਾਂ ਆਲੇ ਦੁਆਲੇ ਦੇ ਸੈਂਕੜੇ ਲੋਕ ਵੀ ਇਕੱਠੇ ਹੋ ਗਏ ਅਤੇ ਵਿਵਾਦ ਦੀ ਵੀਡੀਓ ਬਣਾਉਣ ਲੱਗ ਪਏ ।ਇਸੇ ਦੌਰਾਨ ਨਗਰ ਨਿਗਮ 'ਚ ਤਾਇਨਾਤ ਡਾਟਾ ਐਂਟਰੀ ਓਪਰੇਟਰ ਅਤੇ ਉਸਦੇ ਨਾਲ ਆਏ ਪੁਲੀਸ ਕਰਮਚਾਰੀ ਦਾ ਫੌਜੀ ਪਰਿਵਾਰ ਅਤੇ ਉਥੇ ਵਿਰੋਧ ਕਰ ਰਹੇ ਲੋਕਾਂ ਨਾਲ ਗੱਲਬਾਤ ਦੇ ਦੌਰਾਨ ਝਗੜਾ ਹੋ ਗਿਆ ।ਟੋਅ ਹੋਣ ਵਾਲੀ ਗੱਡੀ ਦੇ ਮਾਲਕ ਅਤੇ ਉਸਦੇ ਪਰਿਵਾਰ ਦਾ ਦੋਸ਼ ਹੈ ਕਿ ਉਕਤ ਲੋਕਾਂ ਨੇ ਉਨ੍ਹਾਂ ਨੂੰ ਅਪਸ਼ਬਦ ਬੋਲੇ ਅਤੇ ਗਾਲਾਂ ਕੱਢੀਆਂ ।ਇਸ ਤੋਂ ਬਾਅਦ ਉਕਤ ਪਰਿਵਾਰ ਦੇ ਨਾਲ ਆਲੇ ਦੁਆਲੇ ਦੇ ਲੋਕ ਵੀ ਉਨ੍ਹਾਂ ਦੇ ਪੱਖ ਵਿੱਚ ਆ ਗਏ ਅਤੇ ਉਨ੍ਹਾਂ ਨੇ ਨਿਗਮ ਕਰਮਚਾਰੀ ਨੂੰ ਖਿੱਚ ਕੇ ਵੈਨ ਤੋਂ ਥੱਲੇ ਉਤਾਰ ਲਿਆ ਅਤੇ ਉਸ ਨਾਲ ਹੱਥਾਪਾਈ ਕਰਨ ਲੱਗ ਪਏ ।ਨਿਗਮ ਕਰਮਚਾਰੀ ਕਿਸੇ ਤਰੀਕੇ ਨਾਲ ਉਕਤ ਲੋਕਾਂ ਦੇ ਚੁੰਗਲ ਤੋਂ ਭੱਜਣ ਵਿੱਚ ਕਾਮਯਾਬ ਹੋਇਆ, ਜਿਸ ਤੋਂ ਬਾਅਦ ਉਸਨੇ ਮਾਮਲੇ ਦੀ ਜਾਣਕਾਰੀ ਆਪਣੇ ਉੱਚ ਅਧਿਕਾਰੀਆਂ ਨੂੰ ਦਿੱਤੀ। ਫਿਲਹਾਲ ਇਸ ਤਰ੍ਹਾਂ ਦੀ ਘਟਨਾ ਤੋਂ ਬਾਅਦ ਵਪਾਰੀ ਵਰਗ ਨੇ ਗੱਡੀ ਟੋਅ ਕਰਨ ਦੇ ਮਾਮਲੇ ਉਤੇ ਵਿਰੋਧ ਦਰਜ ਕਰਵਾਇਆ ਹੈ।

**ਲੋਕਾਂ ਦਾ ਕਹਿਣਾ**

ਲੋਕਾਂ ਨੇ ਦੱਸਿਆ ਕਿ ਸਿਰਕੀ ਬਾਜ਼ਾਰ ਤੋਂ ਮਲਟੀਸਟੋਰੀ ਕਾਰ ਪਾਰਕਿੰਗ ਕਾਫੀ ਦੂਰ ਹੈ। ਜੇਕਰ ਕੋਈ ਵਿਅਕਤੀ ਉਥੇ ਗੱਡੀ ਖੜੀ ਕਰਕੇ ਬਾਜ਼ਾਰ ਆਉਂਦਾ ਹੈ ਤਾਂ ਉਨ੍ਹਾਂ ਨੂੰ ਕਾਫੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਥੇ ਹੀ ਕੁਝ ਲੋਕਾਂ ਦਾ ਕਹਿਣਾ ਸੀ ਕਿ ਵਰਤਮਾਨ ਵਿੱਚ ਪਾਕਿਸਤਾਨ ਨਾਲ ਤਣਾਅ ਦੇ ਮਾਹੌਲ ਵਿੱਚ ਲੋਕ ਆਪਣੀਆਂ ਰੁਟੀਨ ਦੀਆਂ ਜ਼ਰੂਰਤਾਂ ਦੀ ਖਰੀਦਦਾਰੀ ਲਈ ਬਾਜ਼ਾਰ ਆ ਰਹੇ ਹਨ ਅਤੇ ਇਸ ਦੌਰਾਨ ਵੀ ਟੋਅ ਵੈਨ ਵੱਲੋਂ ਲੋਕਾਂ ਦੀਆਂ ਗੱਡੀਆਂ ਚੁੱਕ ਕੇ ਉਨ੍ਹਾਂ ਤੋਂ ਭਾਰੀ ਭਰਕਮ ਜੁਰਮਾਨਾ ਵਸੂਲਿਆ ਜਾ ਰਿਹਾ ਹੈ।

# ਦੇਸ਼ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦਿਆਂ ਕਿਸਾਨਾਂ ਨੇ ਆਪਣੇ ਸਾਰੇ ਪ੍ਰੋਗਰਾਮ ਮੁਲਤਵੀ

ਬਾਜਾਖਾਨਾ, 9 ਮਈ (ਅਵਤਾਰ ਸਿੰਘ ਮੱਲਾ): ਬੀਕੇਯੂ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਸਰਦਾਰ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬੀਤੇ ਕੱਲ੍ਹ ਅਤੇ ਅੱਜ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀਆਂ ਹੋਈਆਂ ਲਗਾਤਾਰ ਮੀਟਿੰਗਾਂ ਵਿੱਚ ਫੈਸਲਾ ਲਿਆ ਗਿਆ ਹੈ ਕਿ ਦੇਸ਼ ਵਿੱਚ ਚੱਲ ਰਹੇ ਤਣਾਅ ਦੇ ਮਾਹੌਲ ਨੂੰ ਮੁੱਖ ਰੱਖ ਕੇ ਕਿਸਾਨਾਂ ਵੱਲੋਂ ਆਪਣੇ ਅਗਲੇ ਕੀਤੇ ਜਾਣ ਵਾਲੇ ਸਾਰੇ ਪ੍ਰੋਗਰਾਮਾਂ ਨੂੰ ਆਉਣ ਵਾਲੇ ਪੰਦਰਾਂ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ ਕਿਉਂਕਿ ਇਸ ਤਣਾਅ ਭਰੇ ਮਾਹੌਲ ਵਿੱਚ ਦੇਸ਼ ਦਾ ਕਿਸਾਨ ਆਪਣੇ ਦੇਸ਼ ਦੇ ਜਵਾਨਾਂ ਨਾਲ ਡਟ ਕੇ ਖੜ੍ਹਾ ਹੈ। ਉਹਨਾਂ ਕਿਹਾ ਕਿ ਦੇਸ਼ ਵਿਰੋਧੀ ਤਾਕਤਾਂ ਨੂੰ ਸਾਡੇ ਦੇਸ਼ ਦੀ ਫੌਜ ਅਤੇ ਦੇਸ਼ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਇਸ ਸਮੇਂ ਉਹਨਾਂ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਮੇਂ ਦੇਸ਼ ਦੀ ਸਰਕਾਰ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੁਆਰਾ ਦਿੱਤੀਆਂ ਜਾ ਰਹੀਆਂ ਹਿਦਾਇਤਾਂ ਦਾ ਇਨ ਬਿਨ ਪਾਲਣ ਕਰਨ ਅਤੇ ਸੋਸ਼ਲ ਮੀਡੀਆ ਤੇ ਸ਼ਰਾਰਤੀ ਅਨਸਰਾਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਤੋਂ ਸੁਚੇਤ ਰਹਿਣ ਅਤੇ ਦੇਸ਼ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਮੁਢਲਾ ਫ਼ਰਜ਼ ਹੈ ਕਿ ਕਿਸੇ ਵੀ ਗ਼ਲਤ ਜਾਣਕਾਰੀ ਨੂੰ ਸ਼ੇਅਰ ਨਾ ਕੀਤਾ ਜਾਵੇ ਜਿਸ ਨਾਲ ਦੇਸ਼ ਦੀ ਸੁਰੱਖਿਆ ਜਾਂ ਸਾਡੀ ਫੋਰਸ ਨੂੰ ਕੋਈ ਖ਼ਤਰੇ ਦਾ ਸਾਮ$ਹਣਾ ਕਰਨਾ ਪਵੇ। ਇਸ ਮੌਕੇ ਉਹਨਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਵੀ ਅਗਾਹ ਕਰਦਿਆਂ ਕਿਹਾ ਕਿ ਭਾਵੇਂ ਦੇਸ਼ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀ ਮੀਟਿੰਗ ਵਿੱਚ ਕਿਸਾਨਾਂ ਵੱਲੋਂ ਆਪਣੇ ਪ੍ਰੋਗਰਾਮਾਂ ਨੂੰ ਪੰਦਰਾਂ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ ਪਰੰਤੂ ਪੰਜਾਬ ਦੇ ਮੁੱਖ ਮੰਤਰੀ ਵੀ ਇਸ ਸਮੇਂ ਸੂਬੇ ਦੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਅਜਿਹਾ ਕੋਈ ਫੈਸਲਾ ਲੈਣ ਲੱਗੇ ਆਪਣੀ ਸਮਝ ਤੋਂ ਕੰਮ ਲੈਣ ਜਿਸ ਲਏ ਗਏ ਗ਼ਲਤ ਫੈਸਲੇ ਨਾਲ ਲੋਕਾਂ ਨੂੰ ਮਜ਼ਬੂਰਨ ਸੜਕਾਂ 'ਤੇ ਆਉਣਾ ਪਵੇ।

# ਭਗਵੰਤ ਮਾਨ ਸਰਕਾਰ ਕੋਈ ਐਸਾ ਫੈਸਲਾ ਨਾ ਲਵੇ ਜਿਸ ਨਾਲ ਲੋਕਾਂ ਨੂੰ ਮਜ਼ਬੂਰਨ ਸੜਕਾਂ 'ਤੇ ਆਉਣਾ ਪਵੇ : ਡੱਲੇਵਾਲ

ਬਾਜਾਖਾਨਾ 9 ਮਈ (ਅਵਤਾਰ ਸਿੰਘ ਮੱਲਾ): - ਬੀਕੇਯੂ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਸਰਦਾਰ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬੀਤੇ ਕੱਲ੍ਹ ਅਤੇ ਅੱਜ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀਆਂ ਹੋਈਆਂ ਲਗਾਤਾਰ ਮੀਟਿੰਗਾਂ ਵਿੱਚ ਫੈਸਲਾ ਲਿਆ ਗਿਆ ਹੈ ਕਿ ਦੇਸ਼ ਵਿੱਚ ਚੱਲ ਰਹੇ ਤਣਾਅ ਦੇ ਮਾਹੌਲ ਨੂੰ ਮੁੱਖ ਰੱਖ ਕੇ ਕਿਸਾਨਾਂ ਵੱਲੋਂ ਆਪਣੇ ਅਗਲੇ ਕੀਤੇ ਜਾਣ ਵਾਲੇ ਸਾਰੇ ਪ੍ਰੋਗਰਾਮਾਂ ਨੂੰ ਆਉਣ ਵਾਲੇ ਪੰਦਰਾਂ ਦਿਨਾਂ ਲ ਈ ਮੁਲਤਵੀ ਕਰ ਦਿੱਤਾ ਗਿਆ ਹੈ ਕਿਉਂਕਿ ਇਸ ਤਣਾਅ ਭਰੇ ਮਾਹੌਲ ਵਿੱਚ ਦੇਸ਼ ਦਾ ਕਿਸਾਨ ਆਪਣੇ ਦੇਸ਼ ਦੇ ਜਵਾਨਾਂ ਨਾਲ ਡਟ ਕੇ ਖੜ੍ਹਾ ਹੈ। ਉਹਨਾਂ ਕਿਹਾ ਕਿ ਦੇਸ਼ ਵਿਰੋਧੀ ਤਾਕਤਾਂ ਨੂੰ ਸਾਡੇ ਦੇਸ਼ ਦੀ ਫੌਜ ਅਤੇ ਦੇਸ਼ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਇਸ ਸਮੇਂ ਉਹਨਾਂ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਮੇਂ ਦੇਸ਼ ਦੀ ਸਰਕਾਰ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੁਆਰਾ ਦਿੱਤੀਆਂ ਜਾ ਰਹੀਆਂ ਹਿਦਾਇਤਾਂ ਦਾ ਇਨ ਬਿਨ ਪਾਲਣ ਕਰਨ ਅਤੇ ਸੋਸ਼ਲ ਮੀਡੀਆ ਤੇ ਸ਼ਰਾਰਤੀ ਅਨਸਰਾਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਤੋਂ ਸੁਚੇਤ ਰਹਿਣ ਅਤੇ ਦੇਸ਼ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਮੁਢਲਾ ਫ਼ਰਜ਼ ਹੈ ਕਿ ਕਿਸੇ ਵੀ ਗ਼ਲਤ ਜਾਣਕਾਰੀ ਨੂੰ ਸ਼ੇਅਰ ਨਾ ਕੀਤਾ ਜਾਵੇ ਜਿਸ ਨਾਲ ਦੇਸ਼ ਦੀ ਸੁਰੱਖਿਆ ਜਾਂ ਸਾਡੀ ਫੋਰਸ ਨੂੰ ਕੋਈ ਖ਼ਤਰੇ ਦਾ ਸਾਮ$ਹਣਾ ਕਰਨਾ ਪਵੇ। ਇਸ ਮੌਕੇ ਉਹਨਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਵੀ ਅਗਾਹ ਕਰਦਿਆਂ ਕਿਹਾ ਕਿ ਭਾਵੇਂ ਦੇਸ਼ ਦੇ ਹਿਤਾਂ ਨੂੰ ਮੁੱਖ ਰੱਖਦਿਆਂ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀ ਮੀਟਿੰਗ ਵਿੱਚ ਕਿਸਾਨਾਂ ਵੱਲੋਂ ਆਪਣੇ ਪ੍ਰੋਗਰਾਮਾਂ ਨੂੰ ਪੰਦਰਾਂ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ ਪਰੰਤੂ ਪੰਜਾਬ ਦੇ ਮੁੱਖ ਮੰਤਰੀ ਵੀ ਇਸ ਸਮੇਂ ਸੂਬੇ ਦੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਅਜਿਹਾ ਕੋਈ ਫੈਸਲਾ ਲੈਣ ਲੱਗੇ ਆਪਣੀ ਸਮਝ ਤੋਂ ਕੰਮ ਲੈਣ ਜਿਸ ਲਏ ਗਏ ਗ਼ਲਤ ਫੈਸਲੇ ਨਾਲ ਲੋਕਾਂ ਨੂੰ ਮਜ਼ਬੂਰਨ ਸੜਕਾਂ ਤੇ ਆਉਣਾ ਪਵੇ। ਉਹਨਾਂ ਕਿਹਾ ਕਿ ਕਿਸਾਨਾਂ ਦੇ ਮੋਰਚੇ ਨੂੰ ਜ਼ਬਰਦਸਤੀ ਉਖਾੜਨ ਤੋਂ ਬਾਅਦ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕਿਸਾਨਾਂ ਨੂੰ ਇਨਸਾਫ ਦੇਣ ਦੀ ਜਗ$ਹਾ ਜ਼ਲੀਲ ਕੀਤਾ ਜਾ ਰਿਹਾ ਹੈ ਕਿਉਂਕਿ ਕਿਸੇ ਵੀ ਘਟਨਾ ਘਟ ਜਾਣ ਤੋਂ ਬਾਅਦ ਦੇਸ਼ ਦੇ ਹਰ ਨਾਗਰਿਕ ਦਾ ਸੰਵਿਧਾਨਕ ਹੱਕ ਹੈ ਕਿ ਸਰਕਾਰ ਉਸ ਇਨਸਾਨ ਨਾਲ ਹੋਏ ਘਟਨਾਕ੍ਰਮ ਦਾ ਇਨਸਾਫ ਉਸ ਇਨਸਾਨ ਨੂੰ ਦੇਵੇ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਨਾਲ ਹੋਈ ਧੱਕੇਸ਼ਾਹੀ ਅਤੇ ਕਿਸਾਨਾਂ ਦੇ ਚੋਰੀ ਹੋਏ ਘਰੇਲੂ ਸਮਾਨ ਦੀ ਭਰਪਾਈ ਲਈ ਇਨਸਾਫ ਦੇਣ ਲਈ ਇੱਕ ਕਦਮ ਵੀ ਪੁੱਟਣ ਲਈ ਤਿਆਰ ਨਹੀਂ ਹੈ। ਉਹਨਾਂ ਕਿਹਾ ਕਿ ਦੇਸ਼ ਦੇ ਕਿਸਾਨ ਆਪਣੇ ਦੇਸ਼ ਦੀ ਮਾਣ ਮਰਿਆਦਾ ਲਈ ਹਿੱਕ ਡਾਹ ਕੇ ਖੜ੍ਹੇ ਹਨ ਅਤੇ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਜ਼ਖਮਾਂ ਤੇ ਮੱਲ੍ਹਮ ਲਗਾਉਣ ਦਾ ਕੰਮ ਕਰੇ। ਉਹਨਾਂ ਕਿਹਾ ਕਿ ਆਉਣ ਵਾਲੇ 15 ਦਿਨਾਂ ਲਈ ਕਿਸਾਨ ਦੇਸ਼ ਹਿਤ ਦੇ ਵਿੱਚ ਬਿਲਕੁਲ ਸ਼ਾਂਤ ਹਨ ਅਤੇ ਜੇਕਰ ਇਹਨਾਂ ਦਿਨਾਂ ਵਿੱਚ ਵੀ ਕਿਸਾਨਾਂ ਨੂੰ ਦੇਣ ਵਾਲੇ ਇਨਸਾਫ਼ ਲਈ ਪੰਜਾਬ ਸਰਕਾਰ ਵੱਲੋਂ ਕੋਈ ਠੋਸ ਫ਼ੈਸਲਾ ਨਹੀਂ ਲਿਆ ਜਾਂਦਾ ਤਾਂ ਆਉਣ ਵਾਲੇ ਦਿਨਾਂ ਵਿੱਚ ਕਿਸਾਨਾਂ ਵੱਲੋਂ ਸਖ਼ਤ ਫ਼ੈਸਲੇ ਵੀ ਲਏ ਜਾ ਸਕਦੇ ਹਨ। ਇਸ ਮੌਕੇ ਪਿੰਡ ਡੱਲੇਵਾਲਾ ਵਿਖੇ ਕਿਸਾਨਾਂ ਦੇ ਚੱਲ ਰਹੇ ਮੋਰਚੇ ਵਿੱਚ ਡੱਲੇਵਾਲ ਤੋਂ ਇਲਾਵਾ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਬੋਹੜ ਸਿੰਘ ਰੁਪਈਆਂ ਵਾਲਾ, ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਿੰਘ ਘਣੀਆਂ, ਜ਼ਿਲ੍ਹਾ ਖਜਾਨਚੀ ਗੁਰਾਂਦਿੱਤਾ ਸਿੰਘ ਬਾਜਾਖਾਨਾ, ਬਲਾਕ ਗੋਲੇਵਾਲਾ ਦੇ ਪ੍ਰਧਾਨ ਸੁਖਚਰਨ ਸਿੰਘ ਕਾਲਾ, ਨਾਇਬ ਸਿੰਘ ਸ਼ੇਰ ਸਿੰਘ ਵਾਲਾ ਪ੍ਰਧਾਨ ਬਲਾਕ ਸਾਦਿਕ ਤੋਂ ਇਲਾਵਾ ਵੱਡੀ ਗਿਣਤੀ ਕਿਸਾਨ ਆਗੂ ਅਤੇ ਕਿਸਾਨ ਔਰਤਾਂ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਵਿਰੁੱਧ ਪਾਬੰਦੀ ਆਦੇਸ਼ ਜਾਰੀ

ਖਨੌਰੀ 9 ਮਈ (ਓਮਪ੍ਰਕਾਸ਼ ਮੁਆਲ) -ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸਟਾਕਿਸਟ ਅਤੇ ਵਪਾਰੀ ਖਾਣ-ਪੀਣ ਦੀਆਂ ਚੀਜ਼ਾਂ, ਪੈਟਰੋਲ, ਡੀਜ਼ਲ, ਪਸ਼ੂਆਂ ਦਾ ਚਾਰਾ ਅਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਵਸਤੂਆਂ ਦੀ ਜਮ$ਹਾਂਖੋਰੀ ਕਰ ਰਹੇ ਹਨ। ਇਹ ਗ਼ੈਰ ਨੈਤਿਕ ਚਾਲਾਂ ਕੀਮਤਾਂ ਵਿੱਚ ਵਾਧਾ, ਕਾਲਾ ਬਾਜ਼ਾਰੀ ਅਤੇ ਜ਼ਰੂਰੀ ਸਪਲਾਈ ਦੀ ਘਾਟ ਦਾ ਕਾਰਣ ਬਣ ਰਹੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ, ਖਾਸ ਕਰਕੇ ਆਰਥਿਕ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਕਾਫ਼ੀ ਦਿੱਕਤਾਂ ਆ ਰਹੀਆਂ ਹਨ।ਸ਼੍ਰੀ ਟੀ. ਬੇਨਿਥ, ਜ਼ਿਲ੍ਹਾ ਮੈਜਿਸਟਰੇਟ, ਸੰਗਰੂਰ ਨੇ ਜ਼ਰੂਰੀ ਵਸਤੂਆਂ ਐਕਟ, 1955 ਅਤੇ ਭਾਰਤੀਆ ਨਾਗਰਿਕ ਸੁਰੱਖਿਆ ਸੰਹਿਤਾ ਐਕਟ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਰੂਰੀ ਵਸਤੂਆਂ ਦੀ ਜਮ$ਹਾਂਖੋਰੀ 'ਤੇ ਸਖਤ ਪਾਬੰਦੀ ਲਾਉਂਦੇ ਹੋਏ ਹੁਕਮ ਜਾਰੀ ਕੀਤਾ ਹੈ। ਇਹ ਪਾਬੰਦੀ ਖਾਣ-ਪੀਣ ਦੀਆਂ ਚੀਜ਼ਾਂ, ਪਸ਼ੂਆਹਾਰ, ਦੁੱਧ ਅਤੇ ਦੁੱਧ ਦੇ ਉਤਪਾਦਾਂ, ਪੈਟਰੋਲ ਅਤੇ ਹੋਰ ਈਂਧਨਾਂ, ਦਵਾਈਆਂ ਅਤੇ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਉੱਤੇ ਲਾਗੂ ਹੋਵੇਗੀ ਉਹਨਾਂ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਮ$ਹਾਂਖੋਰੀ, ਕਾਲਾ ਬਾਜ਼ਾਰੀ ਜਾਂ ਕੀਮਤਾਂ ਨਾਲ ਛੇੜਛਾੜ ਦੀ ਕੋਈ ਵੀ ਘਟਨਾ ਹੋਣ ਦੀ ਸੂਚਨਾ ਸੰਬੰਧਤ ਅਧਿਕਾਰੀਆਂ ਨੂੰ ਜ਼ਰੂਰ ਦੇਣ। ਉਹਨਾਂ ਕਿਹਾ ਕਿ ਇਸ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।ਖਾਦ ਤੇ ਸਪਲਾਈ ਵਿਭਾਗ ਲਈ ਸ੍ਰੀ ਗੁਰਪ੍ਰੀਤ ਸਿੰਘ ਕੰਗ, ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ 97813-30180, 79869-09552 ਸ੍ਰੀ ਮੁਕੇਸ਼ ਗਰਗ, 94172-23481, 01672-234188),ਪਸ਼ੂ ਪਾਲਣ ਵਿਭਾਗ (ਪਸ਼ੂ ਪਾਲਣ ਸੇਵਾਵਾਂ ਲਈ ਡਾ. ਸੁਖਵਿੰਦਰ ਸਿੰਘ 98725-01482, ਡਾ. ਜਸਕਰਨ ਸਿੰਘ, 84272-02108),ਮੰਡੀ ਬੋਰਡ (ਸਬਜ਼ੀਆਂ/ਫਲਾਂ ਆਦਿ ਲਈ ਸ੍ਰੀ ਕੁਲਜੀਤ ਸਿੰਘ, 95014-87881, ਸ੍ਰੀ ਲਖਵੀਰ ਸਿੰਘ, ਸੀਨੀਅਰ ਅਸਿਸਟੈਂਟ: 94655-21985),ਮਾਰਕਫੈਡ ਅਤੇ ਮਿਲਕਫੈਡ (ਪਸ਼ੂ ਆਹਾਰ ਲਈ ਸ੍ਰੀ ਵਿਸ਼ਾਲ ਗੁਪਤਾ, 98768-22092, ਸ੍ਰੀ ਸੰਜੀਵ ਗੋਯਲ, 98726-68175),ਸਿਹਤ ਵਿਭਾਗ (ਦਵਾਈਆਂ ਲਈ ਡਾ. ਵਿਕਾਸ ਧੀਰ 89682-91600, ਸ੍ਰੀ ਅਸ਼ੋਕ ਕੁਮਾਰ, ਚੀਫ਼ ਫਾਰਮੇਸੀ ਅਫਸਰ: 94170-35001) ਵਿਭਾਗਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਉਹਨਾਂ ਕਿਹਾ ਕਿ ਇਹ ਹੁਕਮ ਲੋਕ ਭਲਾਈ ਹਿਤ ਜਾਰੀ ਕੀਤਾ ਗਿਆ ਹੈ ਅਤੇ ਇਸ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ। ਕੋਈ ਵੀ ਵਿਅਕਤੀ ਜਾਂ ਸੰਸਥਾ ਜੋ ਇਹਨਾਂ ਹਦਾਇਤਾਂ ਦੀ ਉਲੰਘਣਾ ਕਰੇਗੀ, ਉਸ ਖ਼ ?ਲਾਫ਼ ਲਾਗੂ ਕਾਨੂੰਨੀ ਉਪਬੰਧਾਂ ਤਹਿਤ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# 10 ਮਈ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਮੁਲਤਵੀ

ਮੱਲਾ ਵਾਲਾ , 9 ਮਈ (ਹਰਪਾਲ ਸਿੰਘ ਖਾਲਸਾ ਇੰਦਰਜੀਤ ਸਿੰਘ ਸੰਧੂ) : ਭਾਰਤ ਪਾਕਿਸਤਾਨ ਵਿਚਕਾਰ ਜੰਗ ਦੇ ਵੱਧ ਰਹੇ ਤਣਾਅ ਦੇ ਮੱਦੇਨਜ਼ਰ ਆਮ ਲੋਕਾਂ ਦੀ ਸੁਰੱਖਿਆ ਲਈ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਸੈਸ਼ਨ ਡਵੀਜ਼ਨ ਫ਼ਿਰੋਜ਼ਪੁਰ ਅਧੀਨ 10 ਮਈ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਹਾਲ ਦੀ ਘੜੀ ਮੁਲਤਵੀ ਕੀਤੀ ਗਈ ਹੈ ਇਹ ਜਾਣਕਾਰੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੈਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਸੁਮੀਤ ਮਲਹੋਤਰਾ ਜੀ ਨੇ ਦਿੱਤੀ ।ਮਾਨਯੋਗ ਜ਼ਿਲ੍ਹਾ ਸੈਸ਼ਨ ਜੱਜ ਸਾਹਿਬ ਨੇ ਦੱਸਿਆ ਕਿ ਕੱਲ ਸ਼ਨੀਵਾਰ 10 ਮਈ ਨੂੰ ਲੱਗਣ ਵਾਲੀ ਕੌਮੀ ਲੋਕ ਆਦਲਤ ਵੀ ਮੁਲਤਵੀ ਕਰ ਦਿੱਤੀ ਗਈ ਹੈ। ਕੋਮੀ ਲੋਕ ਆਦਲਤ 'ਚ ਰਖੇ ਕੇਸਾਂ ਦੀਆਂ ਅਗਲੀਆਂ ਤਾਰੀਖਾਂ ਸੀ.ਆਈ. ਐਸ ਪੋਰਟਲ ਤੇ ਅਪਡੇਟ ਕਰ ਦਿੱਤੀਆਂ ਜਾਣਗੀਆਂ ਜਿੱਥੋਂ ਪਾਰਟੀਆਂ ਆਪਣੇ ਕੇਸ ਬਾਰੇ ਜਾਣਕਾਰੀ ਲੈ ਸਕਦੀਆਂ ਹਨ।

# ਅ਼ਫਵਾਹਾਂ ਫੈਲਾਉਣ ਵਾਲੀ ਖ਼ਬਰ ਜਾਂ ਵੀਡਿਓ ਤੁਰੰਤ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦੀ ਜਾਵੇ : ਦਮਨਬੀਰ ਸਿੰਘ



ਧੂਰੀ, 9 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ)-ਅੱਜ ਦੇਰ ਸ਼ਾਮ ਡੀ.ਐਸ.ਪੀ. ਧੂਰੀ ਦਮਨ ਬੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੇਸ਼ ਅੰਦਰ ਪੈਦਾ ਹੋਏ ਮੌਜੂਦਾ ਹਾਲਾਤਾਂ ਸਬੰਧੀ ਕਿਹਾ ਕਿ ਸਾਨੂੰ ਅ਼ਫਵਾਹਾਂ ਤੇ ਭਰੋਸਾ ਨਹੀਂ ਕਰਨਾ ਚਾਹੀਦਾ, ਸਗੋਂ ਕਿਸੇ ਵੀ ਸ਼ੋਸਲ ਮੀਡੀਆ ਉੱਪਰ ਆਈ ਵੀਡਿਓ ਖ਼ਬਰ ਸਬੰਧੀ ਪੂਰੇ ਤੱਥ ਘੋਖ ਲੈਣੇ ਚਾਹੀਦੇ ਹਨ ਅਤੇ ਅਫ਼ਵਾਹਾਂ ਫ਼ੈਲਾਉਣ ਵਾਲੀ ਖ਼ਬਰ ਜਾਂ ਵੀਡਿਓ ਨੂੰ ਸ਼ੋਸਲ ਮੀਡੀਆ ਤੇ ਸਾਂਝਾ ਨਾ ਕੀਤਾ ਜਾਵੇ, ਸਗੋਂ ਅਜਿਹੀ ਵੀਡਿਓ ਦਾ ਮਸਲਾ ਪੁਲਿਸ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਪੁਲਿਸ ਹਮੇਸ਼ਾਂ ਲੋਕਾਂ ਦੀ ਸੁਰੱਖਿਆ ਲਈ ਤਤਪਰ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਵਿੱਚ ਨਾ ਆਉਣ। ਪੁਲਿਸ ਵੱਲੋਂ ਹਰ ਤਰ੍ਹਾਂ ਦੀ ਗਤੀਵਿਧੀ ਅਤੇ ਸਥਿਤੀ ਉੱਤੇ ਪੂਰੀ ਪੈਨੀ ਨਜ਼ਰ ਰੱਖੀ ਜਾ ਰਹੀ ਹੈ ਉਹਨਾਂ ਕਿਹਾ ਕਿ ਸੰਗਰੂਰ ਜਿਲ੍ਹੇ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਨੂੰ ਰੋਕਣ ਲਈ ਆਮ ਪਬਲਿਕ ਵੱਲੋਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪ੍ਰਸ਼ਾਸਨ ਕੋਲੋਂ ਲੈਣ ਜਾਂ ਦੇਣ ਲਈ ਅਤੇ ਜ਼ਿਲ੍ਹਾ ਸੰਗਰੂਰ ਦੇ ਨਿਵਾਸੀਆਂ ਦੀ ਸਹੂਲਤ ਲਈ ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ਵਿਖੇ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜਿਸ ਦਾ ਨੰਬਰ 01672-234128 ਹੈ। ਇਹ 24 ਘੰਟੇ ਸੇਵਾ ਵਿੱਚ ਰਹੇਗਾ। । ਉਨ੍ਹਾਂ ਦੱਸਿਆ ਕਿ ਸੀਨੀਅਰ ਕਪਤਾਨ ਪੁਲਿਸ, ਸੰਗਰੂਰ ਦੇ ਦਫਤਰ ਵਿਖੇ ਵੀ ਇੱਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ ਜਿਸ ਦੇ ਨੰਬਰ 8054545100 ਅਤੇ 8054545200 ਹਨ। ਇਸ ਤੋਂ ਇਲਾਵਾ 112 ਹੈਲਪ ਲਾਈਨ ਨੰਬਰ ਉੱਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ਉਨ੍ਹਾਂ ਦੱਸਿਆ ਕਿ ਸ਼ੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਅਤੇ ਭੜਕਾਊ ਸੰਦੇਸ਼ ਫੈਲਾਉਣ ਵਿਰੁੱਧ ਚਿਤਾਵਨੀ ਵੀ ਦਿੱਤੀ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ, ਸਾਨੂੰ ਗੈਰ-ਪ੍ਰਮਾਣਿਤ ਸੰਦੇਸ਼ਾਂ ਨੂੰ ਅੱਗੇ ਭੇਜਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਜੋ ਦਹਿਸ਼ਤ ਫੈਲਾ ਸਕਦੇ ਹਨ ਅਤੇ ਸਮਾਜਿਕ ਸਦਭਾਵਨਾ ਨੂੰ ਵਿਗਾੜ ਸਕਦੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਾਈਬਰ ਸੈੱਲ ਨੂੰ ਅਫਵਾਹਾਂ ਦੇ ਫੈਲਾਅ ਦੀ ਨਿਗਰਾਨੀ ਅਤੇ ਰੋਕਥਾਮ ਲਈ ਅਲਰਟ 'ਤੇ ਰੱਖਿਆ ਗਿਆ ਹੈ।

# ਜਵਾਨੀ ਨੂੰ ਕੁਰਾਹੇ ਪੈਣ ਤੋਂ ਰੋਕਣਾ ਅਤੇ ਖਿਡਾਰੀਆਂ ਦੀ ਮਦਦ ਕਰਨਾ ਸਾਡਾ ਮੁੱਖ ਉਦੇਸ਼ : ਗਗਨਦੀਪ ਸਿੰਘ




ਖੰਨਾਂ,9 ਮਈ (ਅਰਵਿੰਦਰ ਸਿੰਘ ਸਵੈਚ )ਵਾਹਿਗੁਰੂ ਅਕੈਡਮੀ ਸੰਸਥਾ ਸੁਲਤਾਨਪੁਰ ਚੇਅਰਮੈਨ ਸਰਦਾਰ ਗਗਨਦੀਪ ਸਿੰਘ ਜੀ ਦੀ ਅਗਵਾਈ ਵਿੱਚ ਸਮਾਜ ਵਿੱਚੋਂ ਕੁਰੀਤੀਆਂ ਨੂੰ ਖਤਮ ਕਰਨ ਲਈ ਯਤਨਸ਼ੀਲ ਹੈ ਪੰਜਾਬ ਵਿੱਚ ਨੌਜਵਾਨਾਂ ਨੂੰ ਪਤਿਤਪੁਣੇ ਤੋਂ ਰੋਕਣਾ, ਪੰਜਾਬ ਵਿੱਚ ਵਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਠੱਲ ਪਾਉਣਾ, ਨੌਜਵਾਨਾਂ ਨੂੰ ਸਹੀ ਸੇਧ ਦੇਣਾ ਇਸ ਸੰਸਥਾ ਦਾ ਮੁੱਖ ਉਦੇਸ਼ ਹੈ ਵਾਹਿਗੁਰੂ ਅਕੈਡਮੀ ਸੁਲਤਾਨਪੁਰ ਅਤੇ ਐਂਟੀ ਡਰੱਗ ਕਲੱਬ ਵੱਲੋਂ ਖਿਡਾਰੀਆਂ ਅਤੇ ਨਸ਼ੇ ਤਿਆਗਣ ਵਾਲੇ ਨੌਜਵਾਨਾਂ ਲਈ ਆਪਣੇ ਦਰਵਾਜ਼ੇ ਹਮੇਸ਼ਾ ਖੁੱਲੇ ਰੱਖੇ ਜਾਂਦੇ ਹਨ ਇਹ ਸੰਸਥਾ ਨੌਜਵਾਨਾਂ ਨੂੰ ਨਸ਼ੇ ਤਿਆਗਣ ਲਈ ਪ੍ਰੇਰਿਤ ਕਰਦੀ ਹੈ,ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਵੀ ਨੌਜਵਾਨਾਂ ਨੂੰ ਜਾਗਰੂਕ ਕਰਦੀ ਹੈ ਇਸ ਸੰਸਥਾ ਵੱਲੋਂ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਸਾਂਝੇ ਤੌਰ ਤੇ ਨਸ਼ਾ ਛਡਾਊ ਕੈਂਪ ਵੀ ਲਗਾਏ ਜਾ ਰਹੇ ਹਨ ਪੰਜਾਬ ਦੀ ਜਵਾਨੀ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਸੰਸਥਾ, ਮਾਲਵਾ ਐਂਟੀ ਡਰੱਗ ਕਲੱਬ ਬੈਨਰ ਹੇਠ ਕੰਮ ਕਰ ਰਹੀ ਹੈ ਇਸ ਸੰਸਥਾ ਦਾ ਮੁੱਖ ਉਦੇਸ਼ ਨੌਜਵਾਨੀ ਨੂੰ ਨਸ਼ੇ ਜਾਂ ਹੋਰ ਕੁਰੀਤੀਆਂ ਵੱਲੋਂ ਰੋਕ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਇਸ ਸੰਸਥਾ ਵੱਲੋਂ ਸਮੇਂ-ਸਮੇਂ ਸਿਰ ਲੋੜਵੰਦ ਖਿਡਾਰੀਆਂ ਦੀ ਵੀ ਦਿਲ ਖੋਲ ਕੇ ਮਦਦ ਕੀਤੀ ਜਾਂਦੀ ਹੈ ਅਪ੍ਰੈਲ 2025 ਵਿੱਚ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਵਿੱਚ ਹੋਈਆਂ ਮਾਸਟਰ ਗੇਮਜ਼ ਵਿੱਚ ਇਸ ਸੰਸਥਾ ਵੱਲੋਂ ਵਡਮੁੱਲਾ ਯੋਗਦਾਨ ਪਾਇਆ ਗਿਆ ਸੀ ਇਸ ਅਕੈਡਮੀ ਨੇ ਪੰਜਾਬ ਦੇ ਖਿਡਾਰੀਆਂ ਦੀ ਉਸ ਵਕਤ ਵੀ ਹਰ ਪੱਖੋਂ ਮਦਦ ਕੀਤੀ ਸੀ ਮਾਸਟਰ ਗੇਮਜ ਪੰਜਾਬ ਰਜਿਸਟਰਡ ਦੇ ਸੈਕਟਰੀ ਗੁਰਜੀਤ ਚੀਮਾ ਅਤੇ ਮਾਸਟਰ ਮਨਦੀਪ ਸਿੰਘ ਖੰਨੇ ਨੇ ਵਾਹਿਗੁਰੂ ਅਕੈਡਮੀ ਸੁਲਤਾਨਪੁਰ ਦੇ ਚੇਅਰਮੈਨ ਸਰਦਾਰ ਗਗਨਦੀਪ ਸਿੰਘ ਦਾ ਕੀਤੇ ਕਾਰਜਾਂ ਲਈ ਦਿਲੋਂ ਧੰਨਵਾਦ ਕੀਤਾ ਖਿਡਾਰੀਆਂ ਵੱਲੋਂ ਚੇਅਰਮੈਨ ਗਗਨਦੀਪ ਸਿੰਘ ਵੱਲੋਂ ਕੀਤੇ ਜਾ ਰਹੇ ਕਾਰਜਾਂ ਲਈ ਉਨਾਂ ਦੀ ਪ੍ਰਸ਼ੰਸਾ ਵੀ ਕੀਤੀ ਗਈ ਉਨਾਂ ਵੱਲੋਂ ਹੋਰਨਾਂ ਸੰਸਥਾਵਾਂ ਨੂੰ ਵੀ ਵਾਹਿਗੁਰੂ ਅਕੈਡਮੀ ਸੁਲਤਾਨਪੁਰ ਤੋਂ ਸੇਧ ਲੈਣ ਦੀ ਅਪੀਲ ਕੀਤੀ ਗਈ ਇਸ ਮੌਕੇ ਗੁਰਜੀਤ ਸਿੰਘ ਚੀਮਾ ਸੈਕਟਰੀ ਮਾਸਟਰ ਗੇਮਜ ਰਜਿਸਟਰਡ ,ਮਾਸਟਰ ਮਨਦੀਪ ਸਿੰਘ ਖੰਨਾਂ ਇੰਟਰਨੈਸ਼ਨਲ ਹਾਕੀ ਪਲੇਅਰ, ਕੁਲਜਿੰਦਰ ਸਿੰਘ ,ਜਗਵਿੰਦਰ ਸਿੰਘ ਰਾਏਕੋਟ, ਓਲੰਪਿਕ ਸਪੋਰਟਸ ਰਾਏਕੋਟ ਦੇ ਮਾਲਕ ਗੁਰਦੀਪ ਸਿੰਘ ਗੋਲੂ ਮਨਦੀਪ ਸਿੰਘ ਟੀਨਾ ,ਕੁਲਵੰਤ ਸਿੰਘ ਕਲਕੱਤਾ , ਗੁਰਦੀਪ ਸਿੰਘ ਫਫੜੇ ਮਾਨਸਾ, ਐਮਪੀ ਸਿੰਘ ਜੰਮੂ, ਡੀਐਸਪੀ ਨਰਿੰਦਰ ਸਿੰਘ, ਗੁਰਪ੍ਰੀਤ ਸਿੰਘ ਬੇਦੀ ਸਮਰਾਲਾ ਆਦਿ ਹਾਜ਼ਰ ਸਨ

# ਡੀ.ਸੀ.ਤੇ ਐਸ.ਪੀ. ਵੱਲੋਂ ਅ਼ਫਵਾਹਾਂ ਨੂੰ ਠੱਲ੍ਹ ਪਾਉਣ ਲਈ ਵਧੇਰੇ ਚੌਕਸੀ ਵਰਤਣ ਦੀ ਹਦਾਇਤ




ਫਤਿਹਗੜ੍ਹ ਸਾਹਿਬ, 9 ਮਈ- (ਹਰਪ੍ਰੀਤ ਕੌਰ ਟਿਵਾਣਾ) ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰਸਾਸਨਿਕ ਤੇ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਅਫ਼ਵਾਹਾਂ ਨੂੰ ਠੱਲ੍ਹ ਪਾਉਣ ਲਈ ਵਧੇਰੇ ਚੌਕਸੀ ਵਰਤਣ ਦੀ ਹਦਾਇਤ ਕੀਤੀ।ਉਹਨਾਂ ਨੇ ਕਿਹਾ ਕਿ ਪਿਛਲੇ ਇੱਕ ਦੋ ਦਿਨਾਂ ਤੋਂ ਅਜਿਹੇ ਮਾਮਲੇ ਉਹਨਾਂ ਦੇ ਧਿਆਨ ਵਿਚ ਆ ਰਹੇ ਹਨ ਕਿ ਕੁਝ ਸ਼ਰਾਰਤੀ ਕਿਸਮ ਦੇ ਅਨਸਰ, ਜਾਣਬੁੱਝ ਕੇ ਨਾਗਰਿਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਾਲੀਆਂ ਫੇਕ ਨਿਊਜ਼ ਅਤੇ ਤੱਥਹੀਣ ਸਮੱਗਰੀ ਨੂੰ ਸੋਸ਼ਲ ਮੀਡੀਆ ਉੱਤੇ ਅਪਲੋਡ ਕਰ ਰਹੇ ਹਨ ਜਿਸ ਨੂੰ ਸਖ਼ਤੀ ਨਾਲ ਰੋਕੇ ਜਾਣ ਦੀ ਤੁਰੰਤ ਲੋੜ ਹੈ। ਡਿਪਟੀ ਕਮਿਸ਼ਨਰ ਨੇ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਅਜਿਹੀਆਂ ਹਰਕਤਾਂ ਤੋਂ ਬਾਜ ਆਉਣ ਕਿਉਂਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਸਥਿਤੀ ਪੂਰੀ ਤਰ੍ਹਾਂ ਸ਼ਾਂਤਮਈ ਹੈ ਅਤੇ ਲੋਕਾਂ ਨੂੰ ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸ਼ੋਸ਼ਲ ਮੀਡੀਆ ਜਾਂ ਹੋਰ ਸਾਧਨਾਂ ਰਾਹੀਂ ਫੈਲਾਈਆਂ ਜਾ ਰਹੀਆਂ ਬੇਬੁਨਿਆਦ ਅਤੇ ਤੱਥਹੀਣ ਖ਼ਬਰਾਂ ਉੱਤੇ ਬਿਲਕੁਲ ਵੀ ਵਿਸ਼ਵਾਸ ਨਾ ਕਰਨ ਅਤੇ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਜਾਂ ਪੁਲਿਸ ਵੱਲੋਂ ਲੋਕ ਹਿੱਤ ਵਿੱਚ ਕੋਈ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਹੀ ਸਹੀ ਮੰਨਿਆ ਜਾਵੇ। ਡਾ. ਸੋਨਾ ਥਿੰਦ ਨੇ ਕਿਹਾ ਕਿ ਵਟਸਐਪ ਉੱਤੇ ਆਉਣ ਵਾਲੀਆਂ ਗੈਰ ਪ੍ਰਮਾਣਿਤ ਖ਼ਬਰਾਂ ਨੂੰ ਵੀ ਅੱਗੇ ਕਿਸੇ ਨਾਲ ਸਾਂਝਾ ਨਾ ਕੀਤਾ ਜਾਵੇ ਕਿਉਂਕਿ ਅਫ਼ਵਾਹਾਂ ਫੈਲਾਉਣ ਵਾਲਿਆਂ ਉੱਤੇ ਪੁਲਿਸ ਦੇ ਸਾਇਬਰ ਸੈੱਲ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ਼ ਪੁਲਿਸ ਕੇਸ ਦਰਜ ਕੀਤਾ ਜਾਵੇਗਾ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਾਗਰਿਕਾਂ ਦੀ ਸੁਵਿਧਾ ਲਈ ਜ਼ਿਲ੍ਹਾ ਪੱਧਰ 'ਤੇ ਕੰਟਰੋਲ ਰੂਮ 01763-232838 ਸਥਾਪਿਤ ਕੀਤਾ ਗਿਆ ਹੈ।

# ਸਿਵਲ ਡਿਫੈਂਸ ਵਲੋਂ ਨੁੱਕੜ ਮੀਟਿੰਗ ਵਿੱਚ ਮੌਕ ਡਰਿੱਲ ਰਾਹੀਂ ਲੋਕਾਂ ਨੂੰ ਕੀਤਾ ਜਾਗਰੂਕ



ਬਟਾਲਾ, 9 ਮਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਡਿਪਟੀ ਕਮਿਸ਼ਨਰ ਕਮ ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਡਿਫੈਂਸ ਮੌਕ ਡਰਿੱਲ ਰਾਹੀ ਜਾਗਰੂਕਤਾ ਮੁਹਿਮ ਤਹਿਤ ਕਪਿਲ ਚੋਪੜਾ (ਸਿਵਲ ਡਿਫੈਂਸ) ਪਾਂਧਿਆ ਮੁਹੱਲਾ ਅੰਦਰਵਾਰ ਪਹਾੜੀ ਗੇਟ ਵਲੋ ਨੁੱਕੜ ਮੀਟਿੰਗ ਕਰਵਾਈ ਗਈ। ਜਿਸ ਵਿਚ ਪੋਸਟ ਵਾਰਡਨ ਹਰਬਖਸ਼ ਸਿੰਘ, ਸਰਬਜੀਤ ਸਿੰਘ, ਜਸਪ੍ਰੀਤ ਸਿੰਘ ਕਲਸੀ ਤੇ ਬੱਚਿਆਂ ਔਰਤਾਂ ਅਤੇ ਬਜੁਰਗਾਂ ਸਮੇਤ ਮੁੱਹਲਾ ਨਿਵਾਸੀ ਨੇ ਹਿੱਸਾ ਲਿਆ ।ਇਸ ਮੌਕੇ ਹਰਬਖਸ਼ ਸਿੰਘ ਨੇ ਦਸਿਆ ਗਿਆ ਕਿ ਜ਼ਿਲਾ$ ਪ੍ਰਸ਼ਾਸਨ ਦੀਆਂ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ, ਅਫਵਾਹਾਂ ਤੋ ਬੱਚਿਆ ਜਾਵੇ। ਹਵਾਈ ਹਮਲੇ ਦੀ ਚੇਤਾਵਨੀ ਦੇਣ ਵੇਲੇ ਸਾਇਰਨ ਸੁਣਦੇ ਹੀ ਕੀ ਕਰੀਏ ਕੀ ਨਾ ਕਰੀਏ ਬਾਰੇ ਦਸਿਆ ਗਿਆ ।ਕਿਸੇ ਵੀ ਐਮਰਜੈਂਸੀ ਲਈ ਹਮੇਸ਼ਾ ਤਿਆਰ ਰਹੋ ਇਸ ਮੌਕੇ ਬਚਾਅ ਦੀ ਮੌਕ ਡਰਿਲ ਵੀ ਕਰਵਾਈ ਜਿਸ ਵਿਚ ਹਾਜ਼ਰ ਬੱਚਿਆਂ ਨੇ ਹਿੱਸਾ ਲਿਆ। ਐਮਰਜੈਂਸੀ ਮੌਕੇ ਫੋਨ 01874-266376 ਬਾਰੇ ਵੀ ਦਸਿਆ।

# ਸਿਵਲ ਸਰਜਨ ਨੇ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਕੂਲਰਾਂ ਵਿੱਚ ਲਾਰਵੇ ਦੀ ਕੀਤੀ ਚੈਕਿੰਗ



ਫਤਿਹਗੜ੍ਹ ਸਾਹਿਬ : 9 ਮਈ (ਹਰਪ੍ਰੀਤ ਕੌਰ ਟਿਵਾਣਾ) ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਅਤੇ ਸਿਹਤ ਡਾਇਰੈਕਟਰ ਡਾ ਹਿਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ ਦਵਿੰਦਰਜੀਤ ਕੌਰ ਵੱਲੋਂ ਜਿਲੇ ਅੰਦਰ ਸ਼ੁਰੂ ਕੀਤੀ ਗਈ ਮੁਹਿੰਮ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਤਹਿਤ ਕੂਲਰਾਂ ਵਿੱਚ ਮੱਛਰ ਦੇ ਲਾਰਵੇ ਅਤੇ ਡੇਂਗੂ ਵਿਰੋਧੀ ਟੀਮਾਂ ਦੀ ਚੈਕਿੰਗ ਕੀਤੀ ਗਈ ।ਇਸ ਚੈਕਿੰਗ ਦੌਰਾਨ ਉਹਨਾਂ ਦੱਸਿਆ ਕਿ ਇਹ ਮੁਹਿੰਮ ਦਸੰਬਰ ਤੱਕ ਚਲਾਈ ਜਾਵੇਗੀ ਅਤੇ ਸਿਹਤ ਵਿਭਾਗ ਵੱਲੋਂ ਹਰ ਸ਼ੁਕਰਵਾਰ ਨੂੰ ਖੁਸ਼ਕ ਦਿਵਸ ਵਜੋਂ ਮਨਾਇਆ ਜਾਵੇਗਾ। ਉਹਨਾਂ ਦੱਸਿਆ ਕਿ ਅੱਜ ਇਸ ਮੁਹਿੰਮ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਅਤੇ ਨਰਸਿੰਗ ਵਿਦਿਆਰਥੀਆਂ ਵੱਲੋਂ ਘਰ ਘਰ ਜਾਕੇ ਮੱਛਰ ਦੇ ਲਾਰਵੇ ਦੀ ਭਾਲ ਕਰਕੇ ਉਸਨੂੰ ਮੌਕੇ ਤੇ ਨਸ਼ਟ ਕੀਤਾ ਗਿਆ ਅਤੇ ਨਗਰ ਪਾਲਿਕਾ ਦੇ ਸਹਿਯੋਗ ਨਾਲ ਮੱਛਰ ਦਾ ਲਾਰਵਾ ਮਿਲਣ ਵਾਲੇ ਘਰਾਂ ਦੇ ਮੌਕੇ ਤੇ ਚਲਾਣ ਵੀ ਕੀਤੇ ਗਏ ।ਸਿਵਲ ਸਰਜਨ ਨੇ ਜਿਲਾ ਐਪੀਡਿਮਾਲੋਜਿਸਟ ਡਾ ਪ੍ਰਭਜੋਤ ਕੌਰ ਦੀ ਅਗਵਾਈ ਹੇਠ ਰਾਮਦਾਸ ਨਗਰ ਸਰਹਿੰਦ ਵਿਖੇ ਕੰਮ ਕਰ ਰਹੀਆਂ ਡੇਂਗੂ ਵਿਰੋਧੀ ਟੀਮਾਂ ਅਤੇ ਆਮ ਲੋਕਾਂ ਦੇ ਘਰਾਂ ਵਿੱਚ ਜਾ ਕੇ ਮੱਛਰ ਦੇ ਲਾਰਵੇ ਦੀ ਚੈਕਿੰਗ ਕਰਦਿਆਂ ਉਹਨਾਂ ਲੋਕਾਂ ਨੂੰ ਡੇਂਗੂ ਪ੍ਰਤੀ ਜਾਗਰੂਕ ਕੀਤਾ ਅਤੇ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਮਨੁੱਖ ਨੂੰ ਦਿਨ ਵੇਲੇ ਕੱਟਦਾ ਹੈ। ਇਸ ਲਈ ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ ਅਤੇ ਫਰਿੱਜ ਦੇ ਪਿੱਛੇ ਪਾਣੀ ਵਾਲੀ ਟਰੇ , ਕੂਲਰਾਂ, ਗਮਲਿਆਂ, ਘਰ ਦੀ ਛੱਤ ਤੇ ਪਏ ਪੁਰਾਣੇ ਸਮਾਨ ਵਿੱਚ ਖੜੇ ਪਾਣੀ ਨੂੰ ਖਾਲੀ ਕਰਕੇ ਸੁਕਾ ਲਿਆ ਜਾਵੇ। ਉਹਨਾਂ ਕਿਹਾ ਕਿ ਮੱਛਰ ਦੇ ਕੱਟ ਤੋਂ ਬਚਣ ਲਈ ਮੱਛਰ ਭਜਾਉ ਕਰੀਮਾ, ਮੱਛਰਦਾਨੀਆਂ, ਜਾਲੀ ਵਾਲੇ ਦਰਵਾਜ਼ੇ, ਵੱਧ ਤੋਂ ਵੱਧ ਸਰੀਰ ਢਕਣ ਵਾਲੇ ਕੱਪੜੇ ਆਦਿ ਦੀ ਵਰਤੋਂ ਕੀਤੀ ਜਾਵੇ। ਉਹਨਾਂ ਦੱਸਿਆ ਕਿ ਕਿਸੇ ਵੀ ਕਿਸਮ ਦਾ ਬੁਖਾਰ ਹੋਣ ਦੀ ਸੂਰਤ ਵਿੱਚ ਤੁਰੰਤ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ , ਡੇਂਗੂ ਦਾ ਟੈਸਟ ਅਤੇ ਇਲਾਜ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਸਰਕਾਰ ਵੱਲੋਂ ਮੁਫਤ ਕੀਤਾ ਜਾਂਦਾ ਹੈ। ਲੋੜ ਪੈਣ ਤੇ ਇਸ ਦਾ ਵੱਧ ਤੋਂ ਵੱਧ ਫਾਇਦਾ ਉਠਾਇਆ ਜਾਵੇ। ਇਸ ਮੌਕੇ ਤੇ ਡਾ ਪ੍ਰਭਜੋਤ ਕੌਰ, ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ, ਅਮਨਪ੍ਰੀਤ ਸਿੰਘ, ਸਹਾਇਕ ਮਲੇਰੀਆ ਅਫਸਰ ਸੋਮਨਾਥ, ਸਿਹਤ ਸੁਪਰਵਾਈਜ਼ਰ ਸੁਖਵਿੰਦਰ ਸਿੰਘ, ਸਿਹਤ ਕਰਮਚਾਰੀ ਜਗਰੂਪ ਸਿੰਘ ਆਦਿ ਤੋਂ ਇਲਾਵਾ ਨਰਸਿੰਗ ਵਿਦਿਆਰਥੀ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹੇ ਵਿੱਚ ਜ਼ਰੂਰੀ ਵਸਤੂਆਂ ਦਾ ਭੰਡਾਰ ਤੇ ਜਮ੍ਹਾਂਖੋਰੀ ਕਰਨ 'ਤੇ ਪਾਬੰਦੀ ਲਗਾਈ

ਫ਼ਤਹਿਗੜ੍ਹ ਸਾਹਿਬ, 9 ਮਈ: (ਹਰਪ੍ਰੀਤ ਕੌਰ ਟਿਵਾਣਾ) ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਜ਼ਰੂਰੀ ਵਸਤੂਆਂ ਦੀ ਸੁਚਾਰੂ ਤੇ ਸਰਲ ਉਪਲਬਧਤਾ ਨੂੰ ਕਾਇਮ ਰੱਖਣ ਲਈ ਜ਼ਰੂਰੀ ਵਸਤੂਆਂ ਦੇ ਭੰਡਾਰਨ ਤੇ ਜਮ$ਹਾਂਖੋਰੀ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਜ਼ਰੂਰੀ ਵਸਤੂਆਂ ਐਕਟ, 1955 ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ, 2023 ਦੀ ਧਾਰਾ 163 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਅਨਾਜ ਸਮੇਤ ਖਾਣ-ਪੀਣ ਦੀਆਂ ਹੋਰ ਵਸਤੂਆਂ, ਚਾਰਾ , ਦੁੱਧ ਤੇ ਡੇਅਰੀ ਉਤਪਾਦਾਂ, ਪੈਟਰੋਲ, ਡੀਜ਼ਲ ਅਤੇ ਹੋਰ ਰੋਜ਼ਾਨਾ ਲੋੜਾਂ ਉਤੇ ਅਧਾਰਿਤ ਜ਼ਰੂਰੀ ਵਸਤੂਆਂ ਦੇ ਬੇਲੋੜੇ ਭੰਡਾਰਨ ਨੂੰ ਰੋਕਣ ਲਈ ਇਹ ਆਦੇਸ਼ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਵਿਅਕਤੀ, ਵਪਾਰੀ ਜਾਂ ਸੰਸਥਾ ਨੂੰ ਜ਼ਰੂਰੀ ਵਸਤੂਆਂ ਦਾ ਭੰਡਾਰਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਨਾਗਰਿਕਾਂ ਵੱਲੋ ਜਮ$ਹਾਂਖੋਰੀ, ਕਾਲਾਬਾਜ਼ਾਰੀ, ਜਾਂ ਕੀਮਤਾਂ ਵਿੱਚ ਹੇਰਾਫੇਰੀ ਦੇ ਕਿਸੇ ਵੀ ਮਾਮਲੇ ਦੀ ਸ਼ਿਕਾਇਤ ਸਬੰਧਤ ਅਧਿਕਾਰੀਆਂ ਕੋਲ ਕੀਤੀ ਜਾ ਸਕਦੀ ਹੈ।ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਅਜਿਹੀ ਕਾਲਾਬਾਜ਼ਾਰੀ ਨੂੰ ਸਖ਼ਤੀ ਨਾਲ ਰੋਕਣ ਲਈ ਕੰਟਰੋਲ ਰੂਮ ਤੇ ਹੈਲਪ ਲਾਈਨ ਨੰਬਰ ਵੀ ਜਾਰੀ ਕੀਤੇ ਹਨ ਜਿਨ੍ਹਾਂ ਉਤੇ ਕੋਈ ਵੀ ਵਿਅਕਤੀ ਤੱਥ ਅਧਾਰਿਤ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਹੁਕਮਾਂ ਅਨੁਸਾਰ ਜ਼ਰੂਰੀ ਵਸਤੂਆਂ, ਪੈਟਰੋਲ, ਡੀਜ਼ਲ ਆਦਿ ਲਈ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਦਾ ਸੰਪਰਕ ਨੰਬਰ 01763-502996, ਪਸ਼ੂ ਪਾਲਣ ਸੇਵਾਵਾਂ ਲਈ ਪਸ਼ੂ ਪਾਲਣ ਵਿਭਾਗ ਦੇ ਡਾ. ਰਵਿੰਦਰ ਸਿੰਘ ਦਾ ਸੰਪਰਕ ਨੰਬਰ 9815728047, ਮੰਡੀ ਨਾਲ ਸਬੰਧਤ ਸਬਜ਼ੀਆਂ ਆਦਿ ਲਈ ਮੰਡੀ ਬੋਰਡ ਦਾ ਸੰਪਰਕ ਨੰਬਰ 98885-51439, ਪਸ਼ੂਆਂ ਦੇ ਚਾਰੇ ਲਈ ਮਾਰਕਫੈੱਡ ਦੇ ਜ਼ਿਲ੍ਹਾ ਮੈਨੇਜਰ ਵਿਪਨ ਸਿੰਗਲਾ ਦਾ ਸੰਪਰਕ ਨੰਬਰ 98154-31799 ਤੇ ਤਕਨੀਕੀ ਅਫਸਰ ਬਲਜਿੰਦਰ ਸਿੰਘ ਦਾ ਨੰਬਰ 88724-10555 ਅਤੇ ਮਿਲਕਫੈੱਡ ਦੇ ਜੀ.ਐਮ, ਏ.ਕੇ ਮਿਸ਼ਰਾ ਦਾ ਸੰਪਰਕ ਨੰਬਰ 94174-67503 ਉਪਲਬਧ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ, ਵਪਾਰੀ ਜਾਂ ਸੰਸਥਾ ਇਹਨਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਉਹਨਾਂ ਨੇ ਨਾਗਰਿਕਾਂ ਤੋਂ ਵੀ ਸਹਿਯੋਗ ਦੀ ਮੰਗ ਕੀਤੀ ਹੈ

# ਜ਼ਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹੇ ਵਿੱਚ ਜ਼ਰੂਰੀ ਵਸਤੂਆਂ ਦਾ ਭੰਡਾਰ ਤੇ ਜਮਹਾਂਖੋਰੀ ਕਰਨ 'ਤੇ ਪਾਬੰਦੀ ਲਗਾਈ

ਫ਼ਤਹਿਗੜ੍ਹ ਸਾਹਿਬ, 9 ਮਈ: (ਹਰਪ੍ਰੀਤ ਕੌਰ ਟਿਵਾਣਾ) ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਜ਼ਰੂਰੀ ਵਸਤੂਆਂ ਦੀ ਸੁਚਾਰੂ ਤੇ ਸਰਲ ਉਪਲਬਧਤਾ ਨੂੰ ਕਾਇਮ ਰੱਖਣ ਲਈ ਜ਼ਰੂਰੀ ਵਸਤੂਆਂ ਦੇ ਭੰਡਾਰਨ ਤੇ ਜਮ$ਹਾਂਖੋਰੀ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਜ਼ਰੂਰੀ ਵਸਤੂਆਂ ਐਕਟ, 1955 ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ, 2023 ਦੀ ਧਾਰਾ 163 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਅਨਾਜ ਸਮੇਤ ਖਾਣ-ਪੀਣ ਦੀਆਂ ਹੋਰ ਵਸਤੂਆਂ, ਚਾਰਾ , ਦੁੱਧ ਤੇ ਡੇਅਰੀ ਉਤਪਾਦਾਂ, ਪੈਟਰੋਲ, ਡੀਜ਼ਲ ਅਤੇ ਹੋਰ ਰੋਜ਼ਾਨਾ ਲੋੜਾਂ ਉਤੇ ਅਧਾਰਿਤ ਜ਼ਰੂਰੀ ਵਸਤੂਆਂ ਦੇ ਬੇਲੋੜੇ ਭੰਡਾਰਨ ਨੂੰ ਰੋਕਣ ਲਈ ਇਹ ਆਦੇਸ਼ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਵਿਅਕਤੀ, ਵਪਾਰੀ ਜਾਂ ਸੰਸਥਾ ਨੂੰ ਜ਼ਰੂਰੀ ਵਸਤੂਆਂ ਦਾ ਭੰਡਾਰਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਨਾਗਰਿਕਾਂ ਵੱਲੋ ਜਮ$ਹਾਂਖੋਰੀ, ਕਾਲਾਬਾਜ਼ਾਰੀ, ਜਾਂ ਕੀਮਤਾਂ ਵਿੱਚ ਹੇਰਾਫੇਰੀ ਦੇ ਕਿਸੇ ਵੀ ਮਾਮਲੇ ਦੀ ਸ਼ਿਕਾਇਤ ਸਬੰਧਤ ਅਧਿਕਾਰੀਆਂ ਕੋਲ ਕੀਤੀ ਜਾ ਸਕਦੀ ਹੈ।ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਅਜਿਹੀ ਕਾਲਾਬਾਜ਼ਾਰੀ ਨੂੰ ਸਖ਼ਤੀ ਨਾਲ ਰੋਕਣ ਲਈ ਕੰਟਰੋਲ ਰੂਮ ਤੇ ਹੈਲਪ ਲਾਈਨ ਨੰਬਰ ਵੀ ਜਾਰੀ ਕੀਤੇ ਹਨ ਜਿਨ੍ਹਾਂ ਉਤੇ ਕੋਈ ਵੀ ਵਿਅਕਤੀ ਤੱਥ ਅਧਾਰਿਤ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਹੁਕਮਾਂ ਅਨੁਸਾਰ ਜ਼ਰੂਰੀ ਵਸਤੂਆਂ, ਪੈਟਰੋਲ, ਡੀਜ਼ਲ ਆਦਿ ਲਈ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਦਾ ਸੰਪਰਕ ਨੰਬਰ 01763-502996, ਪਸ਼ੂ ਪਾਲਣ ਸੇਵਾਵਾਂ ਲਈ ਪਸ਼ੂ ਪਾਲਣ ਵਿਭਾਗ ਦੇ ਡਾ. ਰਵਿੰਦਰ ਸਿੰਘ ਦਾ ਸੰਪਰਕ ਨੰਬਰ 9815728047, ਮੰਡੀ ਨਾਲ ਸਬੰਧਤ ਸਬਜ਼ੀਆਂ ਆਦਿ ਲਈ ਮੰਡੀ ਬੋਰਡ ਦਾ ਸੰਪਰਕ ਨੰਬਰ 98885-51439, ਪਸ਼ੂਆਂ ਦੇ ਚਾਰੇ ਲਈ ਮਾਰਕਫੈੱਡ ਦੇ ਜ਼ਿਲ੍ਹਾ ਮੈਨੇਜਰ ਵਿਪਨ ਸਿੰਗਲਾ ਦਾ ਸੰਪਰਕ ਨੰਬਰ 98154-31799 ਤੇ ਤਕਨੀਕੀ ਅਫਸਰ ਬਲਜਿੰਦਰ ਸਿੰਘ ਦਾ ਨੰਬਰ 88724-10555 ਅਤੇ ਮਿਲਕਫੈੱਡ ਦੇ ਜੀ.ਐਮ, ਏ.ਕੇ ਮਿਸ਼ਰਾ ਦਾ ਸੰਪਰਕ ਨੰਬਰ 94174-67503 ਉਪਲਬਧ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ, ਵਪਾਰੀ ਜਾਂ ਸੰਸਥਾ ਇਹਨਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਉਹਨਾਂ ਨੇ ਨਾਗਰਿਕਾਂ ਤੋਂ ਵੀ ਸਹਿਯੋਗ ਦੀ ਮੰਗ ਕੀਤੀ ਹੈ ਤਾਂ ਜੋ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਜਰੂਰੀ ਵਸਤਾਂ ਦੀ ਸਪਲਾਈ ਅਤੇ ਵੰਡ ਪ੍ਰਣਾਲੀ ਪਾਰਦਰਸ਼ਤਾ ਨਾਲ ਨਿਰਵਿਘਨ ਜਾਰੀ ਰੱਖੀ ਜਾ ਸਕੇ।

# ਸ਼ੈਰੀ ਕਲਸੀ ਅਤੇ ਗੁਰਦੀਪ ਰੰਧਾਵਾ ਨੇ ਰਾਵੀ ਦਰਿਆ ਤੋਂ ਪਾਰ ਪਿੰਡਾਂ ਦਾ ਕੀਤਾ ਦੌਰਾ

## ਲੋਕ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਜਰੂਰੀ ਤੌਰ 'ਤੇ ਕਰਨ



ਬਟਾਲਾ,9 ਮਈ (ਸੁਖਦੇਵ ਸਿੰਘ ਰੰਧਾਵਾ, ਬਲਬੀਰ ਸੋਹਲ)- ਹਿੰਦ-ਪਾਕਿ ਸਰਹੱਦ 'ਤੇ ਬਣੇ ਸੰਵੇਦਨਸ਼ੀਲ ਮਾਹੌਲ ਨੂੰ ਮੁੱਖ ਰੱਖਦਿਆਂ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵਲੋਂ ਰਾਵੀ ਦਰਿਆ ਤੋਂ ਪਾਰ ਪਿੰਡ ਘਣੀਏ ਕੇ ਬੇਟ ਅਤੇ ਪਿੰਡ ਗੁਰਚੱਕ ਤੇ ਡਾਲਾ ਦਾ ਦੌਰਾ ਕੀਤਾ ਗਿਆ ਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਕੇ ਸਥਿਤੀ ਦਾ ਜਾਇਜ਼ਾ ਲਿਆ ।ਇਸ ਮੌਕੇ ਆਦਿੱਤਿਆ, ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ -ਕਮ- ਐਸ.ਡੀ.ਐਮ ਡੇਰਾ ਬਾਬਾ ਨਾਨਕ, ਚੇਅਰਮੈਨ ਰਣਜੀਤ ਸਿੰਘ ਬਾਠ, ਜੋਗਾ ਸਿੰਘ ਡੀ.ਐਸ.ਪੀ, ਲਛਮਣ ਸਿੰਘ ਤਹਿਸੀਲਦਾਰ ਸਮੇਤ ਵੱਖ-ਵੱਖ ਅਧਿਕਾਰੀ ਮੌਜੂਦ ਸਨ ।ਇਸ ਮੌਕੇ ਗੱਲਬਾਤ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਭਾਰਤ-ਪਾਕਿ ਵਿੱਚ ਮੌਜੂਦਾ ਬਣੇ ਹਾਲਤਾਂ ਨੂੰ ਵੇਖਦਿਆਂ ਉਨ੍ਹਾਂ ਵਲੋਂ ਸਰਹੱਦੀ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ। ਉਨ੍ਹਾਂ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਦੀ ਸੁਰੱਖਿਆ ਲਈ ਪੁਖਤਾ ਪ੍ਰਬੰਧ ਕੀਤੇ ਗਏ ਅਤੇ ਜਿਲ੍ਹਾ ਪ੍ਰਸ਼ਾਸਨ ਵਲੋਂ ਲੋਕਾਂ ਦੀ ਸਹਾਇਤਾ ਲਈ ਰਾਹਤ ਕੈਂਪ ਬਣਾਏ ਗਏ ਹਨ ਅਤੇ ਪਸ਼ੂਆਂ ਦੇ ਰੱਖ ਰਖਾਅ ਅਤੇ ਚਾਰੇ ਲਈ ਲੋੜੀਦੇ ਪਰਬੰਧ ਕੀਤੇ ਗਏ ਹਨ, ਇਸ ਲਈ ਲੋਕ ਕਿਸੇ ਘਬਰਾਹਟ ਵਿੱਚ ਨਾ ਆਉਣ ਤੇ ਸੁਚੇਤ ਰਹਿਣ ।ਕਾਰਜਕਾਰੀ ਪੰਜਾਬ ਪ੍ਰਧਾਨ ਸ਼ੈਰੀ ਸ਼ੈਰੀ ਨੇ ਕਿਹਾ ਕਿ ਸਰਹੱਦੀ ਪਿੰਡਾਂ ਦੇ ਲੋਕਾਂ ਨੇ ਹਮੇਸ਼ਾ ਦੇਸ਼ ਦੀ ਸੁਰੱਖਿਆ ਲਈ ਮੋਹਰੀ ਹੋ ਕੇ ਭੂਮਿਕਾ ਨਿਭਾਈ ਹੈ ਅਤੇ ਭਾਰਤੀ ਫੌਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਹਿਯੋਗ ਕੀਤਾ ਹੈ। ਉਨ੍ਹਾਂ ਪਿੰਡ ਵਾਸੀਆਂ ਦੀ ਹੌਂਸਲਾ ਅਫਜਾਈ ਕਰਦਿਆਂ ਉਨ੍ਹਾਂ ਨੂੰ ਸਰਕਾਰ ਦੀਆਂ ਸਮੇਂ ਸਮੇਂ ਤੇ ਜਾਰੀ ਹੋ ਰਹੀਆਂ ਹਦਾਇਤਾਂ ਦੀ ਇੰਨਬਿੰਨ ਪਾਲਨਾ ਕਰਨ ਦੀ ਅਪੀਲ ਕੀਤੀ ।ਇਸ ਮੌਕੇ ਉਨ੍ਹਾਂ ਫੌਜੀ ਜਵਾਨਾਂ ਨਾਲ ਮਿਲ ਕੇ ਮੌਜੂਦਾ ਸਥਿਤੀ ਦੀ ਜਾਣਕਾਰੀ ਲਈ ਅਤੇ ਕਿਹਾ ਕਿ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਉਨ੍ਹਾਂ ਨਾਲ ਡੱਟ ਕੇ ਖੜਾ ਹੈ ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਬਰਾਉਣ ਨਾ ਅਤੇ ਸਹਿਜ ਵਿੱਚ ਰਹਿੰਦੇ ਹੋਏ ਪ੍ਰਸ਼ਾਸ਼ਨ ਨੂੰ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਵਾਸਤੇ ਸਹਿਯੋਗ ਦੇਣ। ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਸਰਹੱਦੀ ਲੋਕਾਂ ਦੀ ਬਹਾਦਰੀ ਦੀ ਸਰਾਹਨਾ ਕਰਦਿਆਂ ਕਿ ਇਸ ਮੁਸ਼ਕਲ ਦੀ ਘੜੀ ਵਿੱਚ ਆਪਸੀ ਸਹਿਯੋਗ ਨਾਲ ਇਸ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ 24 ਘੰਟੇ ਲੋਕਾਂ ਨਾਲ ਸੰਪਰਕ ਵਿੱਚ ਹਨ ਅਤੇ ਕਿਸੇ ਵੀ ਔਖੀ ਘੜੀ ਵਿੱਚ ਲੋਕਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ।ਇਸ ਮੌਕੇ ਆਦਿੱਤਿਆ, ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਤੇ ਐਸਡੀਐਮ ਡੇਰਾ ਬਾਬਾ ਨਾਨਕ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀਆਂ ਹਦਾਇਤਾਂ ਤਹਿਤ ਜਿਲ੍ਹਾ ਪ੍ਰਸ਼ਾਸਨ ਵਲੋਂ ਕਿਸੇ ਵੀ ਅਣਸੁਖਾਵੀਂ ਘਟਨਾ ਨਾਲ ਨਿਪਟਣ ਲਈ ਪਰਬੰਧ ਕੀਤੇ ਗਏ ਹਨ ਅਤੇ ਸਮੂਹ ਵਿਭਾਗਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾ ਚੁੱਕੇ ਹਨ ।ਉਨ੍ਹਾਂ ਜਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਫੈਲਣ ਵਾਲੀਆਂ ਗੁੰਮਰਾਹਕੁੰਨ ਅਫਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਰਕਾਰ ਵੱਲੋਂ ਸਮੇਂ ਸਮੇਂ ਉੱਤੇ ਲੋਕ ਹਿੱਤ ਵਿੱਚ ਜਾਰੀ ਹੋਣ ਵਾਲੀ ਅਡਵਾਈਜ਼ਰੀ ਦੀ ਇੰਨ ਬਿੰਨ ਪਾਲਣਾ ਕਰਨ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫਵਾਹ ਫੈਲਾਉਂਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਵਿਖੇ ਇੱਕ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ

# ਪੱਤਰਕਾਰ ਤਾਰਿਕ ਖ਼ਾਂ ਨੂੰ ਸਦਮਾ

ਕਾਦੀਆਂ/9 ਮਈ : ਸ਼ਹਿਰ ਦੇ ਨਾਮੀ ਪੱਤਰਕਾਰ ਅਤੇ ਵੈੱਲਫ਼ੇਅਰ ਕਾਦੀਆਂ ਦੇ ਚੇਅਰਮੈਨ ਤਾਰਿਕ ਅਹਿਮਦ ਖ਼ਾਂ ਨੂੰ ਉਸ ਵੇਲੇ ਗਹਿਰਾ ਦੁੱਖ ਅਤੇ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਜੀਜਾ ਇਜਾਜ਼ ਅਹਿਮਦ (58) ਦਾ ਬੀਤੀ ਰਾਤ ਦਿਲ ਦਾ ਦੌਰਾ ਪੈਣ ਕਾਰਨ ਰਬਵਾ ਜ਼ਿਲ੍ਹਾ ਝੰਗ (ਪਾਕਿਸਤਾਨ) ਵਿੱਚ ਦੇਹਾਂਤ ਹੋ ਗਿਆ। ਪੱਤਰਕਾਰ ਤਾਰਿਕ ਅਹਿਮਦ ਖ਼ਾਂ ਦੀ ਵੱਡੀ ਭੈਣ ਕਮਰੁਨ ਨਿਸਾ ਜਿਨ੍ਹਾਂ ਦਾ ਵਿਆਹ ਰਬਵਾ ਜ਼ਿਲ੍ਹਾ ਝੰਗ ਪਾਕਿਸਤਾਨ ਹੋਇਆ ਸੀ ਉਨਾਂ ਦੇ ਪਤੀ ਇਜਾਜ਼ ਅਹਿਮਦ ਕੁੱਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ। ਕਾਦੀਆਂ ਪੱਤਰਕਾਰ ਯੂਨੀਅਨ ਦੇ ਨੀਟਾ ਮਾਹਲ, ਕੁਲਵਿੰਦਰ ਸਿੰਘ ਭਾਟੀਆ, ਅਸ਼ੋਕ ਨਈਅਰ, ਮਕਬੂਲ ਅਹਿਮਦ, ਕ੍ਰਿਸ਼ਨ ਅਹਿਮਦ, ਚੌਧਰੀ ਮਨਸੂਰ ਘਨੋਕੇ, ਮੁਹੰਮਦ ਲੁਕਮਾਨ ਦੇਹਲਵੀ, ਜ਼ੀਸ਼ਾਨ ਅਹਿਮਦ, ਬਲਵਿੰਦਰ ਸੋਹਲ, ਸੁਰਿੰਦਰ ਛਾਬੜਾ, ਸੰਜੀਵ ਸੂਰੀ, ਅਬਦੁਲ ਸਲਾਮ ਤਾਰੀ, ਯਾਦਵਿੰਦਰ ਸਿੰਘ ਸਮੇਤ ਅਨੇਕ ਪੱਤਰਕਾਰਾਂ ਨੇ ਤਾਰਿਕ ਅਹਿਮਦ ਖ਼ਾਂ ਨਾਲ ਦੁੱਖ ਸਾਂਝਾ ਕਰਦੇ ਹੋਏ ਉਨ੍ਹਾਂ ਦੇ ਨਾਲ ਗਹਿਰਾ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ

# ਗੁਨਜੋਤ ਸਿੰਘ ਇੰਡੀਅਨ ਆਰਮੀ ਵਿੱਚ ਬਤੌਰ ਲੈਫਟੀਨੈਂਟ ਚੁਣੇ ਗਏ




ਫਤਿਹਗੜ੍ਹ ਸਾਹਿਬ, 9 ਮਈ (ਹਰਪ੍ਰੀਤ ਕ ੌ ਰ ਟਿਵਾਣਾ) ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਦੇ ਵਿਦਿਆਰਥੀ ਗੁਨਜੋਤ ਸਿੰਘ ਇੰਡੀਅਨ ਆਰਮੀ ਵਿੱਚ ਬਤੌਰ ਲੈਫਟੀਨੈਂਟ ਚੁਣੇ ਗਏ। ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਲਈ ਇਹ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਵਿਦਿਆਰਥੀ ਗੁਨਜੋਤ ਸਿੰਘ, ਜੋ ਕਿ ਬੀ.ਟੈਕ. ਬੈਚ 2019-2023 ਅਤੇ ਐਮ.ਟੈਕ. ਦੇ ਵਿਦਿਆਰਥੀ ਹਨ ਅਤੇ ਐਨ.ਸੀ.ਸੀ. ਏਅਰ ਵਿੰਗ ਦੇ ਕੈਡੇਟ ਵੀ ਹਨ, ਇੰਡੀਅਨ ਆਰਮੀ ਵਿੱਚ ਬਤੌਰ ਲੈਫਟੀਨੈਂਟ ਚੁਣੇ ਗਏ ਹਨ। ਉਨ੍ਹਾਂ ਨੇ ਚੇਨਈ ਸਥਿਤ ਆਫੀਸਰ ਟ$ਰੇਨਿੰਗ ਅਕਾਦਮੀ (®“1) 'ਚ ਸ਼ਾਮਲ ਹੋ ਕੇ ਲੈਫਟੀਨੈਂਟ ਰੈਂਕ 'ਚ ਪਰੋਬੇਸ਼ਨ 'ਤੇ ਸ਼ੌਟ ਸਰਵਿਸ ਕਮਿਸ਼ਨ ਪ੍ਰਾਪਤ ਕੀਤਾ ਹੈ। ਫਲਾਈਂਗ ਅਫਸਰ ਗਗਨਦੀਪ ਸਿੰਘ ਏ. ਐਨ. ਓ. ਨੇ ਦੱਸਿਆ ਕਿ ਗੁਨਜੋਤ ਏਅਰ ਵਿੰਗ ਦਾ ਇੱਕ ਹੋਣਹਾਰ ਕੈਡੇਟ ਰਿਹਾ ਹੈ ਅਤੇ ਉਸ ਨੇ ਐਨ ਸੀ ਸੀ ਦਾ ਸੀ ਸਰਟੀਫਿਕੇਟ ਏ ਗਰੇਡ ਵਿੱਚ ਪ੍ਰਾਪਤ ਕੀਤਾ ਹੈ ।ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਕਿਹਾ ਕਿ ਗੁਨਜੋਤ ਸਿੰਘ ਦੀ ਇਹ ਪ੍ਰਾਪਤੀ ਸਾਡੇ ਕਾਲਜ ਲਈ ਮਾਣ ਦੀ ਗੱਲ ਹੈ। ਇੱਕ ਵਿਦਿਆਰਥੀ ਤੋਂ ਇੰਡੀਅਨ ਆਰਮੀ ਦੇ ਅਧਿਕਾਰੀ ਤੱਕ ਦੀ ਉਨ੍ਹਾਂ ਦੀ ਯਾਤਰਾ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸਰੋਤ ਬਣੇਗਾ ।ਬਾਬਾ ਬੰਦਾ ਸਿੰਘ ਬਹਾਦਰ ਐਜੂਕੇਸ਼ਨ ਟਰੱਸਟ, ਸਕੱਤਰ ਸ. ਜਸਵਿੰਦਰ ਸਿੰਘ ਨੇ ਵੀ ਗੁਨਜੋਤ ਸਿੰਘ ਨੂੰ ਵਧਾਈ ਦਿੱਤੀ ਤੇ ਕਿਹਾ, ਸਾਨੂੰ ਉਸ ਦੀ ਪ੍ਰਾਪਤੀ 'ਤੇ ਮਾਣ ਹੈ। ਅਸੀਂ ਉਸਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਪੂਰਾ ਬੀਬੀਐੱਸਬੀਈਸੀ ਪਰਿਵਾਰ ਗੁਨਜੋਤ ਸਿੰਘ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਤਹਿ ਦਿਲੋਂ ਵਧਾਈਆਂ ਤੇ ਭਵਿੱਖ ਵਿੱਚ ਹੋਰ ਉਚਾਈਆਂ ਹਾਸਲ ਕਰਨ ਦੀ ਕਾਮਨਾ ਕਰਦਾ ਹੈ।



# ਪਟਿਆਲਾ-ਆਸ/ਪਾਸ



## ਜਨਤਾ ਸੋਸ਼ਲ ਅਫ਼ਵਾਹਾਂ 'ਤੇ ਬਿਨ੍ਹਾਂ ਪੜਤਾਲ ਕੀਤੇ ਯਕੀਨ ਨਾ ਕਰੇ : ਡਾ. ਪ੍ਰੀਤੀ ਯਾਦਵ

### ਕੋਈ ਵੀ ਪੁਖ਼ਤਾ ਜਾਣਕਾਰੀ ਡੀ.ਸੀ. ਪਟਿਆਲਾ ਦੇ ਐਕਸ ਹੈਂਡਲ ਤੇ ਡੀ.ਪੀ.ਆਰ.ਓ. ਦੇ ਫੇਸਬੁਕ ਪੇਜ ਤੋਂ ਲਈ ਜਾ ਸਕਦੀ ਹੈ

ਪਟਿਆਲਾ, 9 ਮਈ (ਗੁਰਮੁੱਖ ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਸੋਸ਼ਲ ਮੀਡੀਆ ਉਪਰ ਜਾਂ ਕਿਸੇ ਹੋਰ ਵੱਲੋਂ ਫੈਲਾਈ ਖ਼ਬਰ ਜਾਂ ਅਫ਼ਵਾਹ ਉਪਰ ਅੱਖਾਂ ਬੰਦ ਕਰਕੇ ਯਕੀਨ ਨਾ ਕਰਨ ਅਤੇ ਨਾ ਹੀ ਉਸ ਨੂੰ ਬਿਨ੍ਹਾਂ ਪੜਤਾਲ ਕੀਤੇ ਫਾਰਵਰਡ ਕਰਨ ਜਾਂ ਨਾ ਹੀ ਅੱਗੇ ਫੈਲਾਉਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਨਿਵਾਸੀ ਹਰ ਤਰ੍ਹਾਂ ਦੀ ਪੁਖ਼ਤਾ ਜਾਣਕਾਰੀ ਲਈ ਡਿਪਟੀ ਕਮਿਸ਼ਨਰ ਪਟਿਆਲਾ ਦੇ ਐਕਸ ਹੈਂਡਲ ਅਤੇ ਡਿਸਟ੍ਰਿਕਟ ਪਬਲਿਕ ਰਿਲੇਸ਼ਨਜ਼ ਅਫ਼ਸਰ (ਡੀ.ਪੀ.ਆਰ.ਓ) ਪਟਿਆਲਾ ਦੇ ਫੇਸਬੁਕ ਪੇਜ਼ ਉਪਰ ਨਜ਼ਰ ਰੱਖਣ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਦੇਸ਼ ਅੰਦਰ ਚੱਲ ਰਹੇ ਤਣਾਅ ਵਾਲੇ ਮਾਹੌਲ ਦੇ ਮੱਦੇਨਜ਼ਰ ਹਰ ਨਾਗਰਿਕ ਨੂੰ ਸੁਚੇਤ ਤੇ ਸਾਵਧਾਨ ਹੋਣ ਦੀ ਲੋੜ ਹੈ ਪਰੰਤੂ ਕਿਸੇ ਵੀ ਤਰ੍ਹਾਂ ਘਬਰਾਹਟ ਵਿੱਚ ਨਾ ਆਇਆ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਵੀ ਪ੍ਰਸ਼ਾਸਨ ਵੱਲੋਂ ਬਲੈਕ ਆਊਟ, ਸਿਵਲ ਡਿਫੈਂਸ ਮੌਕ ਡਰਿੱਲ ਜਾਂ ਹਵਾਈ ਹਮਲੇ ਦੇ ਸਾਇਰਨ ਦੀ ਐਮਰਜੈਂਸੀ ਅਨਾਊਂਸਮੈਂਟ ਕੀਤੀ ਜਾਂਦੀ ਹੈ ਤਾਂ ਲੋਕਾਂ ਨੂੰ ਉਸ ਉਪਰ ਤੁਰੰਤ ਅਮਲ ਕਰਦੇ ਹੋਏ ਦਿੱਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਅਜਿਹੇ ਦਰਮਿਆਨ ਲੋਕਾਂ ਨੂੰ ਆਪਣੇ ਘਰਾਂ ਤੋਂ ਬਿਨ੍ਹਾਂ ਕਿਸੇ ਜ਼ਰੂਰੀ ਕੰਮ ਤੋਂ ਬਾਹਰ ਨਹੀਂ ਨਿਕਲਣਾ ਚਾਹੀਦਾ ਬਲਕਿ ਘਰਾਂ ਜਾਂ ਸੁਰੱਖਿਅਤ ਸਥਾਨਾਂ ਦੇ ਅੰਦਰ ਹੀ ਰਹਿਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਹੋਰ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਅੰਦਰ ਸਿਵਲ ਡਿਫੈਂਸ ਨੂੰ ਮੁੜ ਤੋਂ ਸੁਰਜੀਤ ਕੀਤਾ ਹੈ, ਇਸ ਲਈ ਚਾਹਵਾਨ ਲੋਕ ਸਿਵਲ ਡਿਫੈਂਸ ਨਾਲ ਜੁੜਨ ਅਤੇ ਸਹਿਯੋਗ ਕਰਨ। ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਤੱਕ ਤੁਰੰਤ ਹੰਗਾਮੀ ਸੁਨੇਹਾ ਪਹੁੰਚਾਉਣ ਲਈ ਜਿੱਥੇ ਮੀਡੀਆ ਨਾਲ ਸੰਪਰਕ ਸਾਧਿਆ ਹੋਇਆ ਹੈ, ਉਥੇ ਹੀ ਨਗਰ ਨਿਗਮ ਤੇ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕੌਂਸਲਰਾਂ, ਪੰਚਾਂ, ਸਰਪੰਚਾਂ, ਨੰਬਰਦਾਰਾਂ, ਧਾਰਮਿਕ ਅਸਥਾਨਾਂ ਦੇ ਮੁਖੀਆਂ ਤੇ ਪ੍ਰਬੰਧਕਾਂ, ਰੈਜੀਡੈਂਸ਼ਲ ਵੈਲਫੇਅਰ ਐਸੋਸੀਏਸ਼ਨਾਂ ਸਮੇਤ ਸਮਾਜ ਸੇਵੀ ਜਥੇਬੰਦੀਆਂ ਨਾਲ ਵੀ ਸੰਪਰਕ ਕੀਤਾ ਹੋਇਆ ਹੈ। ਡਾ. ਪ੍ਰੀਤੀ ਯਾਦਵ ਨੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਰਾਸ਼ਨ, ਆਟਾ, ਦਾਲਾਂ, ਤੇਲ, ਪੈਟਰੋਲ, ਐਲ.ਪੀ.ਜੀ ਦੀ ਸਪਲਾਈ ਦੀ ਕੋਈ ਤੋਟ ਨਹੀਂ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਆਮ ਨਾਗਰਿਕ ਤੇ ਵਪਾਰੀ ਜਰੂਰੀ ਵਸਤਾਂ ਦੀ ਕਾਲਾਬਾਜ਼ਾਰੀ ਤੇ ਕਾਹਲੀ ਵਿੱਚ ਖਰੀਦੋ ਫਰੋਖਤ ਜਾਂ ਜਮ੍ਹਾਂਖੋਰੀ ਨਾ ਕਰੇ। ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਐਮਰਜੈਂਸੀ ਹੋਈ ਤਾਂ ਜ਼ਿਲ੍ਹਾ ਪ੍ਰਸ਼ਾਸਨ ਸਭ ਨੂੰ ਜ਼ਰੂਰ ਸੂਚਿਤ ਕਰੇਗਾ, ਇਸ ਲਈ ਕੋਈ ਵੀ ਨਾਗਰਿਕ ਕਿਸੇ ਤਰ੍ਹਾਂ ਦੀ ਘਬਰਾਹਟ ਵਿੱਚ ਨਾ ਆਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਕੋਈ ਸੂਚਨਾ ਸਾਂਝੀ ਕਰਨੀ ਹੈ ਜਾਂ ਕੋਈ ਜਾਣਕਾਰੀ ਹਾਸਲ ਕਰਨੀ ਹੈ, ਉਹ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਵੱਲੋਂ ਸਥਾਪਤ ਕੀਤੇ ਗਏ ਕੰਟਰੋਲ ਰੂਮਜ, ਡਿਪਟੀ ਕਮਿਸ਼ਨਰ ਦਫ਼ਤਰ ਨੰਬਰ 0175-2350550 ਅਤੇ ਪੁਲਿਸ ਕੰਟਰੋਲ ਰੂਮ ਦੇ ਨੰਬਰਾਂ 98764-32100, 95929-17910 ਤੇ 95929-12500 ਉਪਰ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਉਪਰ ਕਿਸੇ ਵੀ ਤਰ੍ਹਾਂ ਦੀ ਫੈਲਦੀ ਅਫਵਾਹਾਂ ਆਦਿ ਦੀ ਨਿਗਰਾਨੀ ਲਈ ਜ਼ਿਲ੍ਹਾ ਪੁਲਿਸ ਦਾ ਸਾਇਬਰ ਸੈਲ ਮੁਸਤੈਦ ਹੈ ਅਤੇ ਜੇਕਰ ਕੋਈ ਅਜਿਹਾ ਕਰਦਾ ਸਾਹਮਣੇ ਆਇਆ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਉਹ ਪਟਿਆਲਾ ਇੰਡਸਟ੍ਰੀਜ਼ ਐਸੋਸੀਏਸ਼ਨ, ਮਾਰਕੀਟ ਐਸੋਸੀਏਸ਼ਨਾਂ, ਆਮ ਨਾਗਰਿਕਾਂ ਤੇ ਸਮਾਜ ਸੇਵੀ ਜਥੇਬੰਦੀਆਂ ਦਾ ਧੰਨਵਾਦ ਕਰਨਾ ਚਾਹੁੰਦੇ ਹਨ, ਜਿਨ੍ਹਾਂ ਨੇ ਹਰ ਤਰ੍ਹਾਂ ਦਾ ਸਹਿਯੋਗ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਨੇ ਲੋਕਾਂ ਨੂੰ ਮੁੜ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਉਪਰ ਭਰੋਸਾ ਕਰਨ ਤੇ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਉਪਰ ਯਕੀਨ ਨਾ ਕਰਨ। ਡਿਪਟੀ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੰਜੀਦਾ ਹੈ।



## ਡੀ. ਸੀ. ਮਲੇਰਕੋਟਲਾ ਨੇ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਅਵਾਮ ਨੂੰ ਤਹੱਮੁਲ (ਸ਼ਾਂਤ) ਰਹਿਣ ਦੀ ਕੀਤੀ ਅਪੀਲ

### ਅਫਵਾਹਾਂ ਫੈਲਾਉਣ ਵਾਲਿਆਂ ਅਤੇ ਜਮ੍ਹਾਂਖੋਰਾਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ

ਮਲੇਰਕੋਟਲਾ, 9 ਮਈ (ਚ.ਨ.ਸ.) : ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਾਲ ਹੀ ਵਿੱਚ ਉਤਪੰਨ ਹੋਏ ਹੰਗਾਮੀ ਹਾਲਾਤਾਂ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਲੋਕਾਂ ਨੂੰ ਤਹੱਮੁਲ, ਸਮਝਦਾਰੀ ਅਤੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਕਿਸਮ ਦੀ ਘਬਰਾਹਟ ਜਾਂ ਅਫਵਾਹਾਂ 'ਚ ਆ ਕੇ ਕੰਮ ਨਾ ਲਿਆ ਜਾਵੇ। ਜ਼ਿਲ੍ਹਾ ਪ੍ਰਸ਼ਾਸਨ ਸੂਚਿਤ, ਤੱਤਪਰ ਅਤੇ ਸੁਚੇਤ ਹੈ ਅਤੇ ਹਾਲਾਤ 'ਤੇ ਪੂਰੀ ਨਿਗਰਾਨੀ ਰੱਖੀ ਜਾ ਰਹੀ ਹੈ। ਇੱਕ ਵੀਡੀਓ ਸੰਦੇਸ਼ ਰਾਹੀਂ ਜ਼ਿਲ੍ਹੇ ਦੀ ਅਵਾਮ ਦੇ ਮੁਖਲਿਅਤ ਹੁੰਦਿਆ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਸਾਰੇ ਨਿਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਜ਼ਿਲ੍ਹੇ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਸੁਚੇਤ ਅਤੇ ਵਚਨਬੱਧ ਹਾਂ। ਨਾਗਰਿਕਾਂ ਨੂੰ ਇਸ ਸਮੇਂ ਦੌਰਾਨ ਸ਼ਾਂਤ ਰਹਿਣ ਅਤੇ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਾਰੀਆਂ ਲੋੜੀਂਦੀਆਂ ਸੇਵਾਵਾਂ ਅਤੇ ਰੋਜ਼ਮਰ੍ਹਾ ਜ਼ਿੰਦਗੀ ਲਈ ਜਰੂਰੀ ਵਸਤੂਆਂ ਦੀ ਸਪਲਾਈ ਨਿਰੰਤਰ ਬਣਾਈ ਰੱਖਣ ਲਈ ਪ੍ਰਸ਼ਾਸਨ ਵੱਲੋਂ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਤੱਤ ਹਾਲਾਤਾਂ ਦਾ ਗਲਤ ਫਾਇਦਾ ਚੁੱਕਦੇ ਹੋਏ ਅਫਵਾਹਾਂ ਫੈਲਾਉਣ ਜਾਂ ਜਮ੍ਹਾਂਖੋਰੀ ਵਰਗੀਆਂ ਗਤੀਵਿਧੀਆਂ 'ਚ ਲੱਗੇ ਹੋ ਸਕਦੇ ਹਨ। ਇਨ੍ਹਾਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਦੀ ਸਹੂਲਤ ਲਈ ਇੱਕ ਵਿਸ਼ੇਸ਼ ਕੰਟਰੋਲ ਰੂਮ ਸਥਾਪਿਤ ਕੀਤਾ ਹੈ, ਜਿਸ ਦਾ ਨੰਬਰ 01765-252003 ਹੈ। ਕੋਈ ਵੀ ਨਾਗਰਿਕ ਜੇਕਰ ਕਿਸੇ ਵੀ ਤਰ੍ਹਾਂ ਦੀ ਸੂਚਨਾ, ਸ਼ਿਕਾਇਤ ਜਾਂ ਮਦਦ ਦੀ ਲੋੜ ਮਹਿਸੂਸ ਕਰਦਾ ਹੈ ਤਾਂ ਉਹ ਕੰਟਰੋਲ ਰੂਮ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ। ਕੰਟਰੋਲ ਰੂਮ ਨੰਬਰ 24 ਘੰਟੇ ਸਰਗਰਮ ਰਹੇਗਾ ਅਤੇ ਤੁਰੰਤ ਰਾਹਤ ਅਤੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਬਲੈਕਆਊਟ ਸਮੇਂ ਦੌਰਾਨ ਹਰ ਕਿਸੇ ਨੂੰ ਸਾਰੀਆਂ ਲਾਈਟਾਂ ਬੰਦ ਕਰਨੀਆਂ ਚਾਹੀਦੀਆਂ ਹਨ। ਐਮਰਜੈਂਸੀ ਦੀ ਸਥਿਤੀ ਵਿੱਚ ਪਾਲਣਾ ਨੂੰ ਯਕੀਨੀ ਬਣਾਉਣ ਲਈ ਖਿੜਕੀਆਂ ਤੇ ਕਾਲੇ ਪਰਦੇ ਵਰਤੇ ਜਾਣੇ ਚਾਹੀਦੇ ਹਨ। 'ਬਲੈਕਆਊਟ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਪ੍ਰਸ਼ਾਸਨ ਨੇ ਚੇਤਾਵਨੀ ਦਿੱਤੀ ਹੈ ਕਿ ਉਲੰਘਣਾ ਕਰਨ ਵਾਲਿਆਂ 'ਤੇ ਸਜ਼ਾਯੋਗ ਕਾਰਵਾਈ ਕੀਤੀ ਜਾਵੇਗੀ। ਵਿਰਾਜ.ਐਸ.ਤਿੜਕੇ ਨੇ ਲੋਕਾਂ ਨੂੰ ਆਗਾਹ ਕੀਤਾ ਕਿ ਉਹ ਕਿਸੇ ਵੀ ਅਧਿਕਾਰਕ ਤਸਦੀਕ ਤੋਂ ਬਿਨ੍ਹਾਂ ਸੋਸ਼ਲ ਮੀਡੀਆ ਜਾਂ ਹੋਰ ਮਾਧਿਅਮਾਂ ਰਾਹੀਂ ਮਿਲ ਰਹੀ ਜਾਣਕਾਰੀ 'ਤੇ ਵਿਸ਼ਵਾਸ ਨਾ ਕਰਨ। ਉਨ੍ਹਾਂ ਕਿਹਾ ਕਿ ਅਜਿਹੀਆਂ ਅਣਤਸਦੀਕ ਖ਼ਬਰਾਂ ਨਾ ਸਿਰਫ਼ ਘਬਰਾਹਟ ਪੈਦਾ ਕਰਦੀਆਂ ਹਨ, ਸਗੋਂ ਕਈ ਵਾਰੀ ਕਾਨੂੰਨ ਵਿਵਸਥਾ ਨੂੰ ਵੀ ਚੁਣੌਤੀ ਦੇ ਦਿੰਦੀਆਂ ਹਨ।



## ਰਾਸ਼ਨ ਦੀ ਘਾਟ ਬਾਰੇ ਅਫਵਾਹਾਂ ਅਧਾਰਹੀਨ : ਡੀ.ਸੀ.

ਪਟਿਆਲਾ, 9 ਮਈ (ਚ.ਨ.ਸ.) :ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਕਿਸੇ ਤਰ੍ਹਾਂ ਦੀ ਸਥਿਤੀ ਵਿੱਚ ਘਬਰਾਉਣ ਦੀ ਬਿਲਕੁਲ ਲੋੜ ਨਹੀ ਜੇਕਰ ਕੋਈ ਸੁਰੱਖਿਆ ਸਬੰਧੀ ਕਾਰਵਾਈ ਦੀ ਲੋੜ ਪੈਂਦੀ ਹੈ ਤਾਂ ਉਸ ਦੀ ਜਾਣਕਾਰੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤੁਰੰਤ ਸਾਂਝੀ ਕੀਤੀ ਜਾਵੇਗੀ। ਇਸੇ ਦੀ ਲਗਾਤਾਰਤਾ ਵਿੱਚ ਉਹਨਾਂ ਕਿਹਾ ਕਿ ਰਾਸ਼ਨ ,ਖਾਣ ਪੀਣ ਦੀਆਂ ਵਸਤੂਆਂ, ਪੈਟਰੋਲ, ਡੀਜ਼ਲ, ਚਾਰਾ ਅਤੇ ਹੋਰ ਰੋਜ਼ਾਨਾ ਲੋੜਾਂ ਵਾਲੀਆਂ ਜ਼ਰੂਰੀ ਵਸਤੂਆਂ ਆਦਿ ਦੀ ਘਾਟ ਬਾਰੇ ਫੈਲ ਰਹੀਆਂ ਅਫਵਾਹਾਂ ਅਧਾਰਹੀਨ ਹਨ। ਉਹਨਾਂ ਕਿਹਾ ਕਿ ਅਜਿਹਾ ਕੁੱਝ ਨਹੀ ਹੈ, ਸਰਕਾਰ ਕੋਲ ਲੋੜੀਂਦਾ ਭੰਡਾਰ ਉਪਲਬਧ ਹੈ। ਉਹਨਾਂ ਜ਼ਿਲ੍ਹੇ ਵਿੱਚ ਬਿਜਲੀ ਅਤੇ ਬੈਟਰੀ ਦੀਆਂ ਦੁਕਾਨਾਂ ਦੇ ਵਪਾਰੀਆਂ ਵੱਲੋਂ ਬੇਲੋੜੇ ਰੇਟ ਵਧਾਉਣ ਦਾ ਗੰਭੀਰ ਨੋਟਿਸ ਲੈਂਦਿਆ ਕਿਹਾ ਕਿ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਪਾਰੀਆਂ ਨੂੰ ਕਾਨੂੰਨ ਦੇ ਸਬੰਧਿਤ ਉਪਬੰਧਾਂ ਅਨੁਸਾਰ ਸਖ਼ਤ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਜ਼ਿਲ੍ਹਾ ਮੈਜਿਸਟ੍ਰੇਟ ਨੇ ਲੋਕਾਂ ਲਈ ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਹਨ। ਉਹਨਾਂ ਕਿਹਾ ਕਿ ਗਠਿਤ ਕੀਤੀ ਟਾਸਕ ਫੋਰਸ ਦੀ ਅਗਵਾਈ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਅਤੇ ਜ਼ਿਲ੍ਹਾ ਮੰਡੀ ਅਫਸਰ ਕਰਨਗੇ। ਉਹਨਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ (ਜ਼ਰੂਰੀ ਵਸਤੂਆਂ, ਪੈਟਰੋਲ, ਡੀਜ਼ਲ ਆਦਿ ਲਈ) 0175-2311318, 98760-72078 ਅਤੇ ਮੰਡੀ ਬੋਰਡ (ਸਬਜ਼ੀਆਂ ਅਤੇ ਫਲਾਂ ਸਮੇਤ ਮੰਡੀ ਨਾਲ ਸਬੰਧਤ ਮੁੱਦਿਆਂ ਲਈ ) ਫੋਨ ਨੰ 9815260721, ਪਸ਼ੂਆਂ ਦੇ ਇਲਾਜ ਲਈ ਕੋਈ ਸਮੱਸਿਆ ਹੋਈ ਤਾਂ ਹੈਲਪਲਾਈਨ ਨੰਬਰ 0175-2970225, 9417055347 ਅਤੇ ਪਸ਼ੂਆਂ ਦੇ ਚਾਰੇ ਲਈ ਮਾਰਕਫੈਡ ਅਤੇ ਮਿਲਕਫੈਡ 9855800145, 9779589556 'ਤੇ ਰਾਬਤਾ ਕਰ ਸਕਦੇ ਹਨ।

## ਜ਼ਿਲ੍ਹੇ 'ਚ ਆਤਿਸ਼ਬਾਜ਼ੀ, ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰ ਆਦਿ ਚਲਾਉਣ 'ਤੇ ਪੂਰਨ ਪਾਬੰਦੀ ਲਗਾਈ

ਪਟਿਆਲਾ, 9 ਮਈ (ਵਿਨੋਦ ਸ਼ਰਮਾ): ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਡਾ.ਪ੍ਰੀਤੀ ਯਾਦਵ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀ ਹਦੂਦ ਅੰਦਰ ਵਿਆਹ ਸ਼ਾਦੀਆਂ, ਖ਼ੁਸ਼ੀ ਦੇ ਉਤਸਵਾਂ ਅਤੇ ਧਾਰਮਿਕ ਸਮਾਗਮਾਂ ਦੌਰਾਨ ਆਮ ਪਬਲਿਕ ਵੱਲੋਂ ਚਲਾਈ ਜਾਂਦੀ ਆਤਿਸ਼ਬਾਜ਼ੀ, ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰ ਆਦਿ ਸ਼ਾਮਲ ਹਨ, ਦੇ ਚਲਾਉਣ ਉੱਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ 4 ਜੂਨ, 2025 ਤੱਕ ਲਾਗੂ ਰਹਿਣਗੇ। ਸੀਨੀਅਰ ਪੁਲਿਸ ਕਪਤਾਨ ਪਟਿਆਲਾ ਵੱਲੋਂ ਇਸ ਹੁਕਮ ਦੀ ਪਾਲਣਾ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇਗਾ।ਆਪਣੇ ਹੁਕਮਾਂ ਵਿੱਚ ਉਹਨਾਂ ਕਿਹਾ ਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਆਦੇਸ਼ਾਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਸੰਕਟਕਾਲੀਨ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਐਕਟ, 1968 ਅਧੀਨ ਮੌਕ ਡਰਿਲ ਕੀਤੀਆਂ ਜਾ ਰਹੀਆਂ ਹਨ। ਆਮ ਤੌਰ ਤੇ ਦੇਖਣ ਵਿੱਚ ਆਉਂਦਾ ਹੈ ਕਿ ਆਏ ਦਿਨ ਵਿਆਹ ਸ਼ਾਦੀਆਂ, ਖ਼ੁਸ਼ੀ ਦੇ ਉਤਸਵਾਂ ਤੇ ਧਾਰਮਿਕ ਸਮਾਗਮਾਂ ਦੌਰਾਨ ਆਮ ਪਬਲਿਕ ਵੱਲੋਂ ਆਤਿਸ਼ਬਾਜ਼ੀ ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰ ਸ਼ਾਮਲ ਹੁੰਦੇ ਹਨ, ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਪਟਾਖਿਆਂ ਨਾਲ ਸ਼ੋਰ ਸ਼ਰਾਬੇ ਨਾਲ ਆਮ ਪਬਲਿਕ ਵਿੱਚ ਡਰ ਪੈਦਾ ਹੁੰਦਾ ਹੈ, ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ।

## ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ ਅਤੇ ਆਲੇ-ਦੁਆਲੇ ਦੇ 200 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ

ਪਟਿਆਲਾ, 9 ਮਈ (ਚ.ਨ.ਸ.): ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਵਿਖੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਅਤੇ ਇਸਦੇ ਆਲੇ ਦੁਆਲੇ ਲੱਗਦੇ 200 ਮੀਟਰ ਖੇਤਰ ਨੂੰ 'ਨੋ ਡਰੋਨ ਜ਼ੋਨ' ਘੋਸ਼ਿਤ ਕੀਤਾ ਹੈ। ਇਹ ਹੁਕਮ 8 ਜੁਲਾਈ 2025 ਤੱਕ ਲਾਗੂ ਰਹਿਣਗੇ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹੇ ਨੂੰ ਨੋ ਡਰੋਨ ਜ਼ੋਨ ਐਲਾਨਿਆ

### ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਹੋਵੇਗੀ ਕਾਨੂੰਨੀ ਕਾਰਵਾਈ

ਪਟਿਆਲਾ, 9 ਮਈ (ਰੁਪਾਨਾ) : ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪਟਿਆਲਾ ਜ਼ਿਲ੍ਹੇ ਨੂੰ 'ਨੋ ਡਰੋਨ ਜ਼ੋਨ' ਖੇਤਰ ਐਲਾਨਿਆ ਹੈ। ਇਹ ਹੁਕਮ 28 ਮਈ 2025 ਤੱਕ ਲਾਗੂ ਰਹਿਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਅੱਜ ਦੇ ਹਾਲਾਤ ਨੂੰ ਵੇਖਦੇ ਹੋਏ ਸੰਭਾਵੀ ਸੁਰੱਖਿਆ ਉਲੰਘਣਾਵਾਂ ਅਤੇ ਧਮਕੀਆਂ ਚਿੰਤਾਵਾਂ ਪੈਦਾ ਕਰਦੀਆਂ ਹਨ ਅਤੇ ਇਸ ਤਰ੍ਹਾਂ ਕਿ ਰਾਜ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਦੇ ਉਦੇਸ਼ ਨਾਲ ਅੱਤਵਾਦੀ ਹਮਲਿਆਂ ਲਈ ਵੀ ਸੰਭਾਵਿਤ ਦੁਰਵਰਤੋਂ ਨੂੰ ਨਕਾਰਿਆਂ ਨਹੀਂ ਜਾ ਸਕਦਾ। ਇਸ ਸਮੇਂ ਵਿੱਚ ਅਣਅਧਿਕਾਰਤ ਡਰੋਨ ਉਡਾਣਾਂ ਇੱਕ ਗੰਭੀਰ ਖਤਰਾ ਪੈਦਾ ਕਰਦੀਆਂ ਹਨ, ਜਿਸ ਨਾਲ ਪਟਿਆਲਾ ਜ਼ਿਲ੍ਹੇ ਵਿੱਚ ਸੁਰੱਖਿਆ ਉਲੰਘਣਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਪਟਿਆਲਾ ਜ਼ਿਲ੍ਹੇ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਪੂਰੇ ਪਟਿਆਲਾ ਜ਼ਿਲ੍ਹੇ ਨੂੰ 'ਨੋ ਡਰੋਨ ਜ਼ੋਨ' ਐਲਾਨਿਆ ਜਾਂਦਾ ਹੈ। 28 ਮਈ 2025 ਤੱਕ ਲਾਗੂ ਰਹਿਣ ਵਾਲੇ ਇਸ ਹੁਕਮ ਵਿੱਚ ਕਿਹਾ ਗਿਆ ਹੈ ਕਿ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਜੇਕਰ ਕਿਸੇ ਵਿਅਕਤੀ ਨੂੰ ਡਰੋਨ ਦੀ ਪ੍ਰਵਾਨਗੀ ਲੋੜੀਂਦੀ ਹੋਵੇ ਤਾਂ ਉਹ ਪੁਲਿਸ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ।

## ਸਾਹਿਤਯ ਕਲਸ਼ ਵੱਲੋਂ ਪਹਿਲਗਾਮ ਦੀ ਦੁਖਦਾਈ ਘਟਨਾ ਨੂੰ ਸਮਰਪਿਤ ਕਾਵਿ ਸੰਮੇਲਨ



ਪਟਿਆਲਾ, 9 ਮਈ (ਚ.ਨ.ਸ.) : ਸਾਹਿਤਯ ਕਲਸ਼ ਪਰਿਵਾਰ ਦੀ ਮਾਸਿਕ ਮੀਟਿੰਗ ਗ੍ਰੀਨ ਵੇਲ ਹਾਈ ਸਕੂਲ ਦੇ ਵਿਹੜੇ ਵਿੱਚ ਆਯੋਜਿਤ ਕੀਤੀ ਗਈ ਜਿਸ ਵਿੱਚ ਮਾਊਂਟ ਲਿਟਰਾ ਜ਼ੀ ਸਕੂਲ ਦੀ ਪ੍ਰਿੰਸੀਪਲ ਰਿਚਾ ਤ੍ਰਿਪਾਠੀ ਅਤੇ ਕੁਬੇਰ ਹਸਪਤਾਲ ਦੇ ਡਾ. ਅਜੇ ਸਿੰਗਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸਤਿਕਾਰਯੋਗ ਦਿਨੇਸ਼ ਸੂਦ, ਤ੍ਰਿਲੋਕ ਢਿੱਲੋਂ, ਅਨੀਸ਼ਾ ਅੰਗਰਾ ਅੰਗੀਰਾ, ਦਰਸ਼ਨ ਸਿੰਘ ਆਸ਼ਟ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਇਸ ਦੇ ਨਾਲ, ਪਰਿਵਾਰ ਦੇ ਸੰਸਥਾਪਕ ਸਾਗਰ ਸੰਜੇ ਸੂਦ ਨੇ ਵੀ ਸਟੇਜ ਸਾਂਝੀ ਕੀਤੀ। ਪ੍ਰੋਗਰਾਮ ਦਾ ਸੰਚਾਲਨ ਮਨੂ ਵੈਦ ਨੇ ਕੀਤਾ। ਸ਼ਮਾ ਰੋਸ਼ਨ ਨਾਲ ਸਰਸਵਤੀ ਵੰਦਨਾ ਗਾ ਕੇ ਮਾਂ ਸਰਸਵਤੀ ਦੀ ਪੂਜਾ ਕੀਤੀ ਗਈ। ਸੈਮੀਨਾਰ ਦੀ ਸ਼ੁਰੂਆਤ ਵਰਿੰਦਰ ਕੌਰ ਦੀ ਰਚਨਾ ਨਾਲ ਹੋਈ। ਉਨ੍ਹਾਂ ਤੋਂ ਬਾਅਦ ਅਨੁਪ੍ਰੀਤ ਕੌਰ, ਮਨੂ ਵੈਦ, ਸਾਗਰ ਸੂਦ, ਮਨਪ੍ਰੀਤ ਕੌਰ, ਵਿਸ਼ਵਜੀਤ, ਪੁਨੀਤ ਗੋਇਲ, ਬਜਿੰਦਰ ਠਾਕੁਰ, ਵੀਨਾ ਸੂਦ, ਗੁਰਪ੍ਰੀਤ ਸਿੰਘ ਢਿੱਲੋਂ, ਹਰਪ੍ਰੀਤ ਸਿੰਘ, ਅੰਮ੍ਰਿਤਪਾਲ ਕੌਰ, ਕ੍ਰਿਸ਼ਨ ਲਾਲ ਧੀਮਾਨ, ਸ਼ਰਨਜੀਤ ਕੌਰ, ਅੰਜੂ ਬਾਲਾ ਤਬੱਸੁਮ, ਸੁਨੀਤਾ ਕੁਮਾਰੀ, ਡਾ: ਗੁਰਮੀਤ ਸਿੰਘ, ਵਿਜੇ ਕੁਮਾਰ, ਬਲਵਿੰਦਰ ਸਿੰਘ ਭੱਟੀ, ਸ਼ਰਵਣ ਕੁਮਾਰ, ਡਾ: ਜੈਦੀਪ ਸਿੰਘ, ਜੋਗਾ ਸਿੰਘ, ਪਰਮਜੀਤ ਕੌਰ, ਕੁਮਾਰੀ ਸੰਜਨਾ, ਕੁਲਵਿੰਦਰ ਕੁਮਾਰ, ਹਰੀਦੱਤ ਹਬੀਬ, ਪਰਵਿੰਦਰ ਸ਼ੋਖ ਨੇ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਵਿੱਚੋਂ ਕੁਝ ਸਾਹਿਤਕਾਰਾਂ ਨੇ ਭਾਰਤ ਵਿੱਚ ਵਾਪਰੀ ਪਹਿਲਗਾਮ ਦੀ ਹਾਲੀਆ ਦੁਖਦਾਈ ਘਟਨਾ ਤੇ ਆਪਣੀਆਂ ਰਚਨਾਵਾਂ ਸੁਣਾਈਆਂ। ਇਸ ਤੋਂ ਇਲਾਵਾ, 11 ਮਈ ਨੂੰ ਆਉਣ ਵਾਲੇ ਮਾਂ ਦਿਵਸ ਦੇ ਮੌਕੇ ਤੇ ਮਾਂ ਦੇ ਸਨਮਾਨ ਵਿੱਚ ਰਚਨਾਵਾਂ ਦਾ ਪਾਠ ਵੀ ਕੀਤਾ ਗਿਆ। ਡਾ. ਅਜੇ ਸਿੰਗਲਾ ਜੀ, ਜੋ ਕਿ ਡਾਕਟਰ ਹੋਣ ਦੇ ਨਾਲ-ਨਾਲ ਅਧਿਆਤਮਿਕਤਾ ਵਿੱਚ ਬਹੁਤ ਵਿਸ਼ਵਾਸ ਰੱਖਦੇ ਹਨ, ਨੇ ਇਸ ਮੌਕੇ ਆਪਣੀ ਰਚਨਾ ਸੁਣਾਈ, ਫਿਰ ਸਤਿਕਾਰਯੋਗ ਤ੍ਰਿਲੋਕ ਢਿੱਲੋਂ ਜੀ ਨੇ ਸਮਾਜ ਦੀ ਮੌਜੂਦਾ ਸਥਿਤੀ ਨੂੰ ਦਰਸਾਉਂਦੀਆਂ ਆਪਣੀ ਗ਼ਜ਼ਲ ਸੁਣਾਈ, ਅਨੀਸ਼ਾ ਅੰਗਰਾ ਜੀ ਦੀ ਗ਼ਜ਼ਲ ਤੋਂ ਬਾਅਦ, ਦਰਸ਼ਨ ਸਿੰਘ ਆਸ਼ਟ ਜੀ ਨੇ ਵੀ ਇੱਕ ਸੁੰਦਰ ਗੀਤ ਗਾਇਆ। ਪ੍ਰਿੰਸੀਪਲ ਰਿਚਾ ਤ੍ਰਿਪਾਠੀ ਨੇ ਸਾਗਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਘੇਰ ਕੇ ਕੀਤੀ ਕੁੱਟਮਾਰ

ਨਾਭਾ, 9 ਮਈ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਕੋਲ ਸੁਖਚੈਨ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਕੋਟ ਕਲਾਂ ਨੇ ਕਥਿਤ ਦੋਸ਼ੀਆਂ ਕੁਲਵਿੰਦਰ ਸਿੰਘ ਪੁੱਤਰ ਦਲੀਪ ਸਿੰਘ, ਕਰਮ ਸਿੰਘ ਪੁੱਤਰ ਬਾਬੂ ਸਿੰਘ, ਜਸਵੀਰ ਸਿੰਘ ਪੁੱਤਰ ਬਾਬੂ ਸਿੰਘ, ਦਲੀਪ ਸਿੰਘ ਪੁੱਤਰ ਸੰਤ ਰਾਮ, ਗੁਰਤੇਜ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਕੋਟ ਕਲਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਵਿੱਚ ਜਾ ਰਿਹਾ ਸੀ, ਜੋ ਕਥਿਤ ਦੋਸ਼ੀ ਨੇ ਉਸ ਨੂੰ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਭਾਸ਼ਾ ਵਿਭਾਗ ਦੀ ਪੰਜਾਬੀ ਪ੍ਰਬੋਧ ਪ੍ਰੀਖਿਆ 8 ਜੂਨ ਨੂੰ

ਪਟਿਆਲਾ, 9 ਮਈ (ਚ.ਨ.ਸ.): ਪੰਜਾਬ ਸਰਕਾਰ ਵੱਲੋਂ ਭਰੀਆਂ ਜਾਣ ਵਾਲੀਆਂ ਗਰੁੱਪ ਸੀ ਅਤੇ ਇਸ ਤੋਂ ਉੱਪਰ ਦੀਆਂ ਅਸਾਮੀਆਂ ਲਈ ਨਿਰਧਾਰਤ ਯੋਗਤਾਵਾਂ ਵਿੱਚੋਂ ਇਕ ਯੋਗਤਾ ਉਮੀਦਵਾਰਾਂ ਲਈ ਮੈਟ੍ਰਿਕ ਪੱਧਰ ਦੀ ਪੰਜਾਬੀ ਦਾ ਵਿਸ਼ਾ ਪਾਸ ਕੀਤਾ ਹੋਣਾ ਲਾਜ਼ਮੀ ਹੈ। ਜਿਨ੍ਹਾਂ ਉਮੀਦਵਾਰਾਂ ਪਾਸ ਮੈਟ੍ਰਿਕ ਪੱਧਰ ਦੀ ਪੰਜਾਬੀ ਭਾਸ਼ਾ ਦੀ ਯੋਗਤਾ ਨਹੀਂ ਹੈ, ਉਹ ਉਮੀਦਵਾਰਾਂ ਦੀ ਪੰਜਾਬੀ ਪ੍ਰਬੋਧ ਪ੍ਰੀਖਿਆ 8 ਜੂਨ, 2025 (ਦਿਨ ਐਤਵਾਰ) ਨੂੰ ਲਈ ਜਾਵੇਗੀ।ਦਫ਼ਤਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਜਾਰੀ ਸੂਚਨਾ ਮੁਤਾਬਕ ਉਕਤ ਪ੍ਰੀਖਿਆ ਲਈ ਫ਼ਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 2 ਜੂਨ, 2025 ਹੋਵੇਗੀ। ਪਹਿਲਾਂ ਦੀ ਤਰ੍ਹਾਂ ਇਹ ਪ੍ਰੀਖਿਆ ਵਿਭਾਗ ਦੇ ਮੁੱਖ ਦਫ਼ਤਰ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਹੋਵੇਗੀ। ਇਸ ਪ੍ਰੀਖਿਆ ਲਈ ਫ਼ੀਸ ਦੋ ਹਜ਼ਾਰ ਰੁਪਏ ਹੋਵੇਗੀ ਜੋ ਕਿ ਨਕਦ ਵਸੂਲ ਕੀਤੀ ਜਾਵੇਗੀ। ਫਾਰਮ ਜਮ੍ਹਾਂ ਕਰਵਾਉਣ ਵਾਲੇ ਉਮੀਦਵਾਰ ਆਪਣੇ ਨਾਲ ਦਸਵੀਂ, ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਦੇ ਅਸਲ ਸਰਟੀਫਿਕੇਟ, ਅਤੇ ਇਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ, ਇਕ 30×25 ਸੈ.ਮੀ. ਸਾਈਜ਼ ਦਾ ਸਵੈ ਪਤੇ ਵਾਲਾ ਲਿਫ਼ਾਫ਼ਾ ਜਿਸ ਉੱਤੇ 40 ਰੁਪਏ ਦੀਆਂ ਡਾਕ ਟਿਕਟਾਂ ਲੱਗੀਆਂ ਹੋਣ ਅਤੇ ਪੰਜ ਫ਼ੋਟੋਆਂ ਇੱਕੋ ਸੈਂਪਲ ਦੀਆਂ ਪਾਸਪੋਰਟ ਸਾਈਜ਼ (ਜਿਨ੍ਹਾਂ ਵਿੱਚੋਂ ਦੋ ਫ਼ੋਟੋਆਂ ਗਜ਼ਟਿਡ ਅਫ਼ਸਰ ਵੱਲੋਂ ਤਸਦੀਕੀਆਂ ਹੋਣ)

## ਪਿੰਡ ਫੱਗਣਮਾਜਰਾ ਦੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਵੰਡੀ ਸਟੇਸ਼ਨਰੀ



ਪਟਿਆਲਾ, 9 ਮਈ (ਚ.ਨ.ਸ.) : ਪਿੰਡ ਫੱਗਣ ਮਾਜਰਾ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਬਾਲ ਵਿਕਾਸ ਕੈਂਪ ਆਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਬਸੰਤ ਰਿਤੂ ਕਲੱਬ ਦੇ ਚੇਅਰਮੈਨ ਰਾਮ ਜੀ ਦਾਸ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਸ੍ਰ. ਹਰਜੀਤ ਸਿੰਘ ਉੱਘੇ ਸਮਾਜ ਸੇਵਕ ਵੀ ਪੁੱਜੇ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸੰਸਥਾਪਕ ਇੰਜੀ: ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਬੋਲਦੇ ਹੋਏ ਆਖਿਆ ਕਿ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਪਿਛਲੇ 30 ਸਾਲਾਂ ਤੋਂ ਪਟਿਆਲਾ ਜ਼ਿਲ੍ਹਾ ਦੇ ਪਿੰਡਾਂ ਅਤੇ ਸ਼ਹਿਰ ਦੇ ਸਰਕਾਰੀ ਅਤੇ ਅਰਧ ਸਰਕਾਰੀ ਸਕੂਲਾਂ ਦੀ ਵਿਦਿਆਰਥੀਆਂ ਨੂੰ ਪਠਨ ਸਮੱਗਰੀ, ਸਟੇਸ਼ਨਰੀ, ਵਰਦੀਆਂ, ਜ਼ਸਰੀਆਂ, ਬੂਟ, ਛੱਤ ਵਾਲੇ ਪੱਖੇ ਅਤੇ ਸਕੂਲਾਂ ਵਿੱਚ ਸਬਮਰਸੀਬਲ ਪੰਪ ਲਗਾਉਣ ਦੀ ਸੇਵਾ ਨਿਭਾਅ ਰਿਹਾ ਹੈ ਅਤੇ ਕਲੱਬ ਵੱਲੋਂ ਹੁਣ ਤੱਕ 30 ਹਜ਼ਾਰ ਤੋਂ ਵੱਧ ਲੋੜਵੰਦ ਵਿਦਿਆਰਥੀ ਜੋ ਕਿ ਸਰਕਾਰੀ ਅਤੇ ਅਰਧ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ ਉਹਨਾਂ ਦੀ ਮਦਦ ਕਰ ਚੁੱਕਾ ਹੈ ਅਤੇ ਇਹ ਸੇਵਾ ਅੱਗੇ ਵੀ ਜਾਰੀ ਰਹੇਗੀ। ਇਸ ਬਾਲ ਵਿਕਾਸ ਕੈਂਪ ਦੀ ਸ਼ੁਰੂਆਤ ਵਿੱਚ ਸਰਕਾਰੀ ਸਕੂਲ ਦੇ ਬੱਚਿਆਂ ਵੱਲੋਂ ਅਤੇ ਅਧਿਆਪਕ ਅਮਨਦੀਪ ਕੁਮਾਰ ਵੱਲੋਂ ਬੜੇ ਸੁਰੀਲੇ ਢੰਗ ਨਾਲ ਦੇਸ਼ ਭਗਤੀ ਦਾ ਗੀਤ ਗਾਇਨ ਕੀਤਾ ਗਿਆ। ਸਕੂਲ ਦੇ ਹੈਡ ਟੀਚਰ ਮੈਡਮ ਲਖਵਿੰਦਰ ਕੌਰ ਨੇ ਆਖਿਆ ਕਿ ਉਹਨਾਂ ਨੇ ਸਕੂਲ ਵਿਖੇ ਪੜ੍ਹ ਰਹੇ 100 ਵਿਦਿਆਰਥੀਆਂ ਨੂੰ ਬਸੰਤ ਰਿਤੂ ਕਲੱਬ ਵੱਲੋਂ ਸਟੇਸ਼ਨਰੀ ਦਿੱਤੀ ਗਈ ਅਤੇ ਜੋ ਉਹਨਾਂ ਦੇ ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਵੱਲੋਂ ਛੱਤ ਵਾਲੇ ਪੱਖੇ ਲਗਾਉਣ ਦੀ ਜੋ ਆਉਣ ਵਾਲੇ ਸਮੇਂ ਸੇਵਾ ਕੀਤੀ ਜਾਵੇਗੀ ਉਹ ਇੱਕ ਬੜਾ ਸ਼ਲਾਘਾਯੋਗ ਕਦਮ ਹੈ। ਇਸ ਪ੍ਰੋਗਰਾਮ ਵਿੱਚ ਸਕੂਲ ਦੇ ਅਧਿਆਪਕ ਅਨਿਲ ਭਾਰਦਵਾਜ ਅਤੇ ਅਮਨਦੀਪ ਕੁਮਾਰ ਨੇ ਆਪਣੇ ਵਿਚਾਰ ਪੇਸ਼ ਕੀਤੇ।

## ਵਾਇਸ ਐਂਟਰਟੇਨਮੈਂਟ ਤੇ ਮੋਤੀਆ ਗਰੁੱਪ ਵੱਲੋਂ ਫ਼ਿਲਮ ਤੇ ਮਿਊਜ਼ਿਕ ਐਵਾਰਡ ਸ਼ੋਅ ਅੱਜ

ਨਾਭਾ, 9 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਰਿਆਸਤੀ ਸ਼ਹਿਰ ਨਾਭਾ ਵਿਚ ਫਿਲਮ ਐਂਡ ਮਿਊਜ਼ਿਕ ਐਵਾਰਡ ਸ਼ੋ 10 ਮਈ 2025 ਨੂੰ ਹੋਣ ਜਾ ਰਿਹਾ ਹੈ। ਇਸ ਪ੍ਰੋਗਰਾਮ ਨੂੰ ਪ੍ਰੋਡਿਊਸਰ, ਡਾਇਰੈਕਟਰ ਅਜੇ ਸਹੋਤਾ ਦੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਵਾਇਸ ਇੰਟਰਟੇਮੈਂਟ ਤੇ ਮੋਤੀਆਜ਼ ਨਾਭਾ ਵਲੋ ਕਰਵਾਇਆ ਜਾ ਰਿਹਾ ਹੈ, ਇਸ ਐਵਾਰਡ ਸ਼ੋ ਵਿਚ ਕੁੱਲ 60 ਸਖਸ਼ੀਅਤਾਂ ਨੂੰ ਐਵਾਰਡ ਦਿੱਤਾ ਜਾਵੇਗਾ, ਜਿਨਾ ਵਿਚ 25 ਫ਼ਿਲਮਜ਼ ਕਲਾਕਾਰ ਅਤੇ 25 ਸੰਗੀਤ ਜਗਤ ਦੇ ਨਾਮਵਰ ਚੇਹਰੇ ਅਤੇ 10 ਸ਼ੋਸ਼ਲ ਵਰਕਜ਼ ਨੂੰ ਸਨਮਾਨਿਤ ਜਾਵੇਗਾ। ਪ੍ਰੋਗਰਾਮ 10 ਮਈ 2025 ਨੂੰ ਪੀ. ਪੀ. ਐਸ ਸਕੂਲ ਦੇ ਗਰਾਂਉਡ ਦੇ ਸਾਹਮਣੇ ਮੋਤੀਆ ਗਰੀਨ ਨਾਭਾ ਚ ਸ਼ਾਮ 5 ਵਜੇ ਸ਼ੁਰੂ ਹੋਵੇਗਾ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ. ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਹੋਣਗੇ । ਇਸ ਤੋਂ ਇਲਾਵਾ ਵਿਸ਼ੇਸ਼ ਮਹਿਮਾਨ ਦੀਪਕ ਬਾਲੀ ਸਲਾਹਕਾਰ ਸੱਭਿਆਚਾਰ ਤੇ ਸੈਰ ਸਪਾਟਾ ਵਿਭਾਗ ਪੰਜਾਬ ਅਤੇ ਸ. ਜਸਵੀਰ ਸਿੰਘ ਜੱਸੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ, ਚਰਨ ਸਿੰਘ ਐਮ ਡੀ ਮਲਕੀਤ ਗਰੁੱਪ ਅਤੇ ਵਿਕੇਕ ਸਿੰਗਲਾ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਨਾਭਾ ਹੋਣਗੇ। ਅਜੇ ਸਹੋਤਾ ਨੇ ਦੱਸਿਆ ਕਿ ਪ੍ਰੋਡਿਊਸਰ,ਡਰਾਇਕੈਟਰ ਅਜੇ ਸਹੋਤਾ, ਗੀਤਕਾਰ ਤੇ ਪੇਸ਼ਕਾਰ ਭੰਗੂ ਫਲੇੜੇ ਵਾਲਾ,ਰਿਸ਼ਵ ਸਹਿਗਲ ਪ੍ਰੋ.ਗੁਰੂ ਨਾਨਕ ਜਵੈਲਰਜ਼ ਨਾਭਾ, ਤਾਨੀਆ, ਗੁਰਪ੍ਰੀਤ ਬਿੱਲੀ,ਬਿੱਲੀ ਪ੍ਰੋਡਕਸ਼ਨ ਕਨੇਡਾ,ਸੋਨੂੰ ਦੁੱਗਲ, ਲਖਵਿੰਦਰ ਲੱਕੀ ਜੌਲੀਆਂ ਅਤੇ ਬਾਕੀ ਸਾਰੇ ਮੈਬਰ ਪੂਰੇ ਸਰਗਰਮ ਹਨ। ਇਸ ਪ੍ਰੋਗਰਾਮ ਵਿਚ ਫਿਲਮ ਜਗਤ ਅਤੇ ਸੰਗੀਤ ਜਗਤ ਵੱਡੇ ਕਲਾਕਾਰ ਪਹੁੰਚ ਰਹੇ ਹਨ।

## ਥੈਲੇਸੀਮੀਆ ਤੋਂ ਪੀੜ੍ਹਤ ਬੱਚਿਆਂ ਲਈ ਖ਼ੂਨਦਾਨ ਕੈਂਪ ਲਗਾਇਆ



ਸਮਾਣਾ, 9 ਮਈ (ਵਿਜੇ ਕੁਮਾਰ) : ਥੈਲੇਸੀਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਵੱਲੋਂ ਵਿਸ਼ਵ ਥੈਲੇਸੀਮੀਆ ਦਿਵਸ ਮਨਾਇਆ ਗਿਆ। ਇਸ ਮੌਕੇ ਪਟਿਆਲਾ ਥੈਲੇਸੈਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਅਗਵਾਈ ਹੇਠ ਬਲੱਡ ਬੈਂਕ ਰਜਿੰਦਰਾ ਹਸਪਤਾਲ ਦੇ ਸਹਿਯੋਗ ਨਾਲ ਬਲੱਡ ਬੈਂਕ ਵਿਖੇ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਡਾ: ਰਾਜਨ ਸਿੰਗਲਾ, ਪ੍ਰਿੰਸੀਪਲ ਡਾਇਰੈਕਟਰ ਰਾਜਿੰਦਰਾ ਹਸਪਤਾਲ ਪਟਿਆਲਾ ਅਤੇ ਵਿਸ਼ੇਸ਼ ਮਹਿਮਾਨਾਂ ਡਾ: ਜਗਪਾਲਇੰਦਰ ਸਿੰਘ, ਸਿਵਲ ਸਰਜਨ, ਪਟਿਆਲਾ, ਡਾ: ਵਿਸ਼ਾਲ ਚੋਪੜਾ ਨਵ-ਨਿਯੁਕਤ ਮੈਡੀਕਲ ਸੁਪਰਡੈਂਟ ਰਜਿੰਦਰਾ ਹਸਪਤਾਲ, ਆਰ.ਪੀ. ਸਿਬੀਆ, ਵਾਈਸ ਪ੍ਰਿੰਸੀਪਲ, ਰਾਜਿੰਦਰਾ ਮੈਡੀਕਲ ਕਾਲਜ, ਪਟਿਆਲਾ, ਡਾਕਟਰ ਬਲਜਿੰਦਰ ਕੌਰ, ਡਾ. ਅਰੁਣ ਮਹਾਜਨ ਇੰਚਾਰਜ ਥੈਲੇਸੀਮੀਆ ਵਿਭਾਗ, ਡਾ: ਇੰਦਰਜੀਤ ਕੌਰ, ਡਾ: ਮੋਨਿਕਾ, ਡਾ: ਰਜਨੀ ਬੱਸੀ ਅਤੇ ਡਾ: ਲਵਲੀਨ ਮੌਜੂਦ ਸਨ। ਇਸ ਮੌਕੇ ਪ੍ਰਿੰਸੀਪਲ ਡਾਇਰੈਕਟਰ ਰਾਜਨ ਸਿੰਗਲਾ ਨੇ ਬੱਚਿਆਂ ਨਾਲ ਗੱਲਬਾਤ ਕਰਦਿਆ ਉਨ੍ਹਾਂ ਦੀ ਚੰਗੀ ਸਿਹਤ ਦੀ ਕਾਮਨਾ ਕੀਤੀ। ਇਸ ਮੌਕੇ ਉਨ੍ਹਾਂ ਬੱਚਿਆਂ ਨੂੰ ਰਿਫਰੈਸ਼ਮੈਂਟ ਟਰੀਟ ਵੀ ਦਿੱਤੀ। ਇਸ ਤੋਂ ਇਲਾਵਾ ਸਮਾਜ ਸੇਵੀ ਮੈਡਮ ਸਤਿੰਦਰਪਾਲ ਕੌਰ ਵਾਲੀਆ, ਸ਼੍ਰੀ ਰਾਮ ਸੇਵਾ ਸੁਸਾਇਟੀ ਦੀ ਮੁਖੀ ਮੈਡਮ ਮੰਜੂ ਮਲਹੋਤਰਾ, ਇਨਰ ਵੀਲ ਕਲੱਬ ਸ਼ਾਹੀ ਪਟਿਆਲਾ ਦੀ ਪ੍ਰਧਾਨ ਸਨੀਗੰਧਾ ਜੈਨ ਅਤੇ ਉਨ੍ਹਾਂ ਦੀ ਟੀਮ ਅਤੇ ਸੋਨੂੰ ਅਰੋੜਾ ਨੇ ਵੀ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਅਤੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ। ਪ੍ਰਧਾਨ ਵਿਜੇ ਪਾਹਵਾ, ਉਪ ਪ੍ਰਧਾਨ ਰਾਜੀਵ ਅਰੋੜਾ ਸਕੱਤਰ ਤਰਲੋਕ ਸਿੰਘ ਅਤੇ ਨੇ ਦੱਸਿਆ ਕਿ ਥੈਲੇਸੀਮੀਆ ਦਿਵਸ ਨੂੰ ਵਿਸ਼ਵ ਭਰ ਵਿੱਚ ਜਾਗਰੂਕਤਾ ਅਤੇ ਪੀੜਤ ਬੱਚਿਆਂ ਦੇ ਨਾਲ ਖੜ੍ਹਨ ਅਤੇ ਉਨ੍ਹਾਂ ਲਈ ਖੂਨਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਮਨਾਇਆ ਜਾਂਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰਾਜਿੰਦਰਾ ਹਸਪਤਾਲ ਅਥਾਰਟੀ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 100 ਦੇ ਕਰੀਬ ਖੂਨਦਾਨੀਆ ਨੇ ਖੂਨਦਾਨ ਕੀਤਾ। ਇਸ ਮੌਕੇ ਸਮਾਜ ਸੇਵਕ ਗੋਪਾਲ ਅਰੋੜਾ, ਸਤੀਸ਼ ਕੁਮਾਰ, ਖੂਨਦਾਨੀ ਕਰਮਜੀਤ ਸਿੰਘ, ਮੈਡਮ ਸੁਨੀਤਾ ਅਰੋੜਾ ਆਦਿ ਹਾਜ਼ਰ ਸਨ। ਇਸ ਮੌਕੇ ਸਮੂਹ ਖੂਨਦਾਨੀਆਂ ਅਤੇ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

## 1971 ਦੀ ਜੰਗ ਦੌਰਾਨ ਬਚਣ ਦੇ ਤਜਰਬੇ ਸਾਂਝੇ ਕੀਤੇ



ਪਟਿਆਲਾ, 9 ਮਈ (ਚ.ਨ.ਸ.) : ਭਾਰਤ ਸਰਕਾਰ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ, ਬੱਚਿਆਂ, ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਜਾਗਰੂਕ ਕਰਨ ਲਈ, ਫਸਟ ਏਡ, ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਅਤੇ ਭਾਰਤੀਯ ਰੈੱਡ ਕਰਾਸ ਸੁਸਾਇਟੀ ਦੇ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਸ਼੍ਰੀ ਕਾਕਾ ਰਾਮ ਵਰਮਾ ਵੱਲੋਂ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੀ ਅਗਵਾਈ ਹੇਠ, ਕੇਂਦਰੀ ਵਿਦਿਆਲਿਆ ਨੰਬਰ 2 ਵਿਖੇ 1200 ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੰਗਾਂ, ਆਪਦਾਵਾਂ ਸਮੇਂ ਆਪਣੇ ਬਚਾਅ ਅਤੇ ਪੀੜਤਾਂ ਦੀ ਸਹਾਇਤਾ ਕਰਨ ਦੇ ਢੰਗ ਤਰੀਕਿਆ ਦੀ ਟ੍ਰੇਨਿੰਗ ਦਿੱਤੀ। ਉਨ੍ਹਾਂ ਨੇ 1971 ਦੀ ਜੰਗ ਸਮੇਂ ਆਮ ਲੋਕਾਂ ਵਲੋਂ ਆਪਣੇ ਬਚਾਅ ਅਤੇ ਪੀੜਤਾਂ ਦੀ ਸੁਰੱਖਿਆ ਅਤੇ ਸਹਾਇਤਾ ਕਰਨ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ ਕਿ ਅਫਵਾਹਾਂ ਅਤੇ ਸੋਸ਼ਲ ਮੀਡੀਆ ਦੀ ਗੱਲਾਂ 'ਤੇ ਯਕੀਨ ਨਹੀਂ ਕਰਨਾ। ਸਗੋਂ ਟੀ ਵੀ, ਅਖ਼ਬਾਰਾਂ ਜਾਂ ਕੰਟਰੋਲ ਰੂਮ ਰਾਹੀਂ ਸਹੀ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਹੈ। ਜੰਗ ਸਮੇਂ ਹਰ ਗਲੀ, ਮੁਹੱਲੇ, ਪਿੰਡਾਂ ਵਿਖੇ ਰਾਤਾਂ ਨੂੰ, ਸੰਪੂਰਨ ਬਲੈਕ ਆਊਟ ਸਮੇਂ ਖਾਈਆਂ ਵਿਚ ਹੀ ਰਹਿਣਾ ਪੈਂਦਾ ਸੀ, ਕਿਉਂਕਿ ਬੰਬ ਗਿਰਨ ਗੈਸਾਂ ਧੂੰਏਂ ਆਦਿ ਧਰਤੀ ਤੋਂ ਦੋ ਫੁੱਟ ਉਪਰ ਹੀ ਰਹਿੰਦੇ ਹਨ , ਪੇਟ ਭਾਰ ਲੇਟਣ ਵਾਲੇ ਜਾਂ ਖਾਈਆਂ ਵਿਚ ਬੈਠੇ ਲੋਕ ਬਚ ਸਕਦੇ ਹਨ। ਦਿਨ ਸਮੇਂ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਅਤੇ ਰੈੱਡ ਕਰਾਸ ਵੰਲਟੀਅਰਾਂ ਵਲੋਂ ਗਲੀਆਂ, ਮੱਹਲਿਆ,ਕਾਲੋਨੀਆਂ,ਪਬਲਿਕ ਸਥਾਨਾਂ ਵਿਖੇ ਜਾਕੇ, ਮੌਕ ਡਰਿੱਲਾਂ ਕਰਕੇ ਲੋਕਾਂ ਅਤੇ ਨੌਜਵਾਨਾਂ ਨੂੰ ਜਾਗਰੂਕ ਕਰਕੇ ਉਨ੍ਹਾਂ ਨੂੰ ਸਿਵਲ ਡਿਫੈਂਸ ਵੰਲਟੀਅਰ ਬਣਾਇਆ ਜਾਂਦਾ ਸੀ। ਜ਼ਰੂਰਤਮੰਦ ਖੇਤਰਾਂ ਵਿਚ ਰਾਹਤ ਸਮੱਗਰੀ ਵੰਡੀ ਗਈ ਹੈ। ਜਦੋਂ ਆਰਮੀ ਜਵਾਨਾਂ ਦੀਆਂ ਗੱਡੀਆਂ ਲੰਘਦੀਆਂ ਸਨ ਤਾਂ ਹਰ ਥਾਂ ਤਿਰੰਗੇ ਝੰਡੇ ਨਜ਼ਰ ਆਉਂਦੇ,ਲੰਗਰ ਲਗਾਏ ਗਏ, ਲੜਕੀਆਂ ਔਰਤਾਂ ਅਤੇ ਬੱਚੇ ਸੈਨਿਕਾਂ ਨੂੰ ਰੱਖੜੀਆਂ ਬੰਨ੍ਹਕੇ ਤਿਲਕ ਲਗਾਕੇ ਹੌਸਲਾ ਅਫ਼ਜ਼ਾਈ ਕਰਦੇ। ਦੇਸ਼ ਪਿਆਰ ਦੇ ਗੀਤ ਬਜਾਏ ਜਾਂਦੇ ਸਨ। ਪਰਮਿੰਦਰ ਕੌਰ ਮਨਚੰਦਾ ਡਾਇਰੈਕਟਰ, ਰੈੱਡ ਕਰਾਸ ਨਸ਼ਾ ਛੁਡਾਊ ਮੁੜ ਵਸੇਵੇ ਕੇਂਦਰ ਵੱਲੋਂ ਜੰਗਾਂ, ਆਪਦਾਵਾਂ ਮਹਾਂਮਾਰੀਆਂ ਦੌਰਾਨ, ਰੈੱਡ ਕਰਾਸ ਵੱਲੋਂ ਕੀਤੀਆਂ ਜਾਂਦੀਆਂ ਸੇਵਾਵਾਂ ਅਤੇ ਜਾਨੇਵਾ ਸੰਧੀਆਂ ਬਾਰੇ ਦੱਸਿਆ। ਬੱਚਿਆਂ ਨੂੰ ਫਸਟ ਏਡ, ਸੀ ਪੀ ਆਰ, ਵੈਂਟੀਲੈਟਰ ਬਣਾਉਟੀ ਸਾਹ ਕਿਰਿਆ ਬਾਰੇ ਟ੍ਰੇਨਿੰਗ ਦਿੱਤੀ। ਪੰਜਾਬ ਪੁਲਿਸ ਦੇ ਐਸ ਆਈ ਅਜੀਤ ਕੌਰ ਅਤੇ ਏ ਐਸ ਆਈ ਰਾਮ ਸਰਨ ਨੇ ਸੁਰੱਖਿਆ ਬਚਾਉ ਸਨਮਾਨ ਲਈ ਅਤੇ ਸੁਰਖਿਅਤ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ ਦੀ ਪਾਲਣਾ ਕਰਨ, ਹੈਲਪ ਲਾਈਨ ਨੰਬਰਾਂ ਬਾਰੇ ਜਾਣਕਾਰੀ ਦਿੱਤੀ। ਪ੍ਰਿੰਸੀਪਲ ਸ਼੍ਰੀ ਵੀ ਕੇ ਸੋਲੰਕੀ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਤਰ੍ਹਾਂ ਦੇ ਟ੍ਰੇਨਿੰਗ ਅਤੇ ਜਾਗਰੂਕਤਾ ਪ੍ਰੋਗਰਾਮ ਚਲਾਕੇ, ਬੱਚਿਆਂ ਅਤੇ ਪਬਲਿਕ ਨੂੰ ਸਿਹਤਮੰਦ, ਸੁਰੱਖਿਆ, ਖੁਸ਼ਹਾਲ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਉਤਸ਼ਾਹਿਤ ਕਰਨ ਦੇ ਉਪਰਾਲੇ ਪ੍ਰਸ਼ੰਸਾਯੋਗ ਕਾਰਜ ਹਨ।

## ਭਾਰਤ-ਪਾਕਿ ਦੇ ਜੰਗੀ ਹਾਲਾਤਾਂ ਨੂੰ ਦੇਖਦਿਆਂ ਨੌਜਵਾਨ ਵੱਧ ਤੋਂ ਵੱਧ ਖ਼ੂਨਦਾਨ ਕਰਨ : ਪ੍ਰਦੀਪ ਕੁਮਾਰ, ਪਰਮਿੰਦਰ ਭਲਵਾਨ



ਪਟਿਆਲਾ, 9 ਮਈ (ਚ.ਨ.ਸ.) : ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਸਾਂਝ ਕੇਂਦਰ ਸਿਟੀ-1 ਦੇ ਸਹਿਯੋਗ ਨਾਲ ਐਮਰਜੈਂਸੀ ਖੂਨਦਾਨ ਕੈਂਪ ਦਾ ਆਯੋਜਨ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਪਟਿਆਲਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-1 ਨੇ ਕੀਤੀ, ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਐਸ.ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ.ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2 ਪਟਿਆਲਾ, ਏ.ਐਸ.ਆਈ ਭਜਨ ਸਿੰਘ, ਪੁਨੀਤ ਸ਼ਰਮਾ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਗੁਰਲੀਨ ਕੌਰ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਐਸ ਆਈ ਪ੍ਰਦੀਪ ਕੁਮਾਰ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚ ਜੰਗ ਦੇ ਹਲਾਤਾਂ ਨੂੰ ਦੇਖਦਿਆਂ ਨੋਜਵਾਨਾ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਨੇੜੇ ਦੇ ਬਲੱਡ ਬੈਂਕਾਂ ਵਿਚ ਸੰਪਰਕ ਕਰਨਾ ਚਾਹੀਦਾ ਹੈ,ਤਾ ਜੋ ਜੰਗ ਦੇ ਹਲਾਤਾਂ ਦੋਰਾਨ ਜ਼ਖਮੀਆਂ ਨੂੰ ਖੂਨ ਦੀ ਕਮੀ ਨਾ ਆਏ,ਉਹਨਾਂ ਕਿਹਾ ਕਿ ਖੂਨਦਾਨੀ ਪ੍ਰਮਾਤਮਾ ਵਲੋਂ ਭੇਜੇ ਦੂਤਾ ਸਮਾਨ ਹੁੰਦੇ ਹਨ ਜਿਹੜੇ ਆਪਣਾ ਖੂਨਦਾਨ ਕਰਕੇ ਕਿਸੇ ਦੀ ਬੇਸ਼ਕੀਮਤੀ ਜਾਂਨ ਬਚਾਉਂਦੇ ਹਨ, ਉਹਨਾਂ ਕਿਹਾ ਕਿ ਹਰ ਤੰਦਰੁਸਤ ਇੰਨਸਾਨ ਜਿਸ ਦੀ ਉਮਰ 18 ਸਾਲ ਤੋਂ ਲੈ ਕੇ 65 ਸਾਲ ਹੈ ਅਤੇ ਸਰੀਰਕ ਭਾਰ 45 ਕਿਲੋ ਤੋਂ ਉਪਰ ਹੈ ਉਹੋ ਸਾਲ ਵਿੱਚ ਚਾਰ ਵਾਰ ਖੂਨਦਾਨ ਕਰ ਸਕਦਾ ਹੈ। ਉਹਨਾਂ ਕਿਹਾ ਕਿ ਉਹਨਾਂ ਦੀ ਟੀਮ ਭਾਰਤ ਅਤੇ ਪਾਕਿਸਤਾਨ ਦੇ ਜੰਗੀ ਹਲਾਤਾਂ ਨੂੰ ਦੇਖਦਿਆਂ ਨੌਜਵਾਨਾਂ ਨੂੰ ਖੂਨਦਾਨ ਕਰਨ ਲਈ ਪਿੰਡਾਂ ਵਿਚ ਜਾ ਕੇ ਪ੍ਰੇਰਿਤ ਕਰੇਗੀ, ਇਸ ਮੌਕੇ ਲਾਈਫ ਲਾਇਨ ਬਲੱਡ ਬੈਂਕ ਵੱਲੋਂ ਡਾਕਟਰ ਅਰਸ਼ਪ੍ਰੀਤ ਕੌਰ ਅਤੇ ਸਾਗਰ ਅਰੋੜਾ ਦੀ ਅਗਵਾਈ ਹੇਠ ਬਲੱਡ ਇੱਕਤਰ ਕੀਤਾ ਗਿਆ।



# ਪਟਿਆਲਾ-ਆਸ/ਪਾਸ



# ਡੇਅਰੀਆਂ ਸ਼ਹਿਰ 'ਚੋਂ ਹਰ ਹਾਲ ਹੋਣਗੀਆਂ ਤਬਦੀਲ, ਲੋਕਾਂ ਨੂੰ ਸੀਵਰੇਜ ਜਾਮ ਤੋਂ ਮਿਲੇਗੀ ਰਾਹਤ : ਅਜੀਤਪਾਲ ਸਿੰਘ ਕੋਹਲੀ

**☛ਵਿਧਾਇਕ ਕੋਹਲੀ ਵੱਲੋਂ ਮੇਅਰ ਤੇ ਨਿਗਮ ਕਮਿਸ਼ਨਰ ਨੂੰ ਨਾਲ ਲੈ ਕੇ ਸ੍ਰੀ ਗੁਰੂ ਨਾਨਕ ਡੇਅਰੀ ਪ੍ਰੋਜੈਕਟ ਅਬਲੋਵਾਲ ਬਾਰੇ ਡੇਅਰੀ ਮਾਲਕਾਂ ਨਾਲ ਫ਼ੈਸਲਾਕੁੰਨ ਬੈਠਕ**

ਪਟਿਆਲਾ, 9 ਮਈ (ਰੁਪਾਣਾ) : ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਅੱਜ ਇੱਥੇ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਸ਼ਹਿਰ ਵਿੱਚੋਂ ਹਰ ਹਾਲ ਡੇਅਰੀਆਂ ਤਬਦੀਲ ਕੀਤੀਆਂ ਜਾਣਗੀਆਂ ਅਤੇ ਸ਼ਹਿਰ ਵਾਸੀਆਂ ਨੂੰ ਸੀਵਰੇਜ ਜਾਮ ਤੋਂ ਰਾਹਤ ਦਿਵਾਈ ਜਾਵੇਗੀ। ਵਿਧਾਇਕ ਕੋਹਲੀ ਨੇ ਅੱਜ ਇੱਥੇ ਸ੍ਰੀ ਗੁਰੂ ਨਾਨਕ ਡੇਅਰੀ ਪ੍ਰਾਜੈਕਟ ਅਬਲੋਵਾਲ ਬਾਰੇ ਮੇਅਰ ਕੁੰਦਨ ਗੋਗੀਆ, ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ, ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਨੂੰ ਨਾਲ ਲੈਕੇ ਡੇਅਰੀ ਯੂਨੀਅਨ ਦੇ ਨੁਮਾਇੰਦਿਆਂ ਨਾਲ ਇੱਕ ਫ਼ੈਸਲਾਕੁੰਨ ਬੈਠਕ ਕੀਤੀ। ਡੇਅਰੀ ਮਾਲਕਾਂ ਨੂੰ ਸ਼ਹਿਰ ਵਿੱਚੋਂ ਡੇਅਰੀਆਂ ਇਸ ਪ੍ਰਾਜੈਕਟ ਵਿੱਚ ਤਬਦੀਲ ਕਰਨ ਲਈ ਜ਼ੋਰ ਦਿੰਦਿਆਂ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਡੇਅਰੀ ਮਾਲਕਾਂ ਨੂੰ ਉਥੇ ਡੇਅਰੀ ਕਿੱਤੇ ਨੂੰ ਹੋਰ ਵਧਾਉਣ ਲਈ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ 20 ਕਰੋੜ ਰੁਪਏ ਦੀ ਲਾਗਤ ਨਾਲ ਕਰੀਬ 21.26 ਏਕੜ ਵਿੱਚ ਬਣਾਇਆ ਗਿਆ ਇਹ ਪ੍ਰਾਜੈਕਟ ਜਿੱਥੇ ਸ਼ਹਿਰ ਦੀ ਸਾਫ਼ ਸਫਾਈ ਤੇ ਸੀਵਰੇਜ ਨੂੰ ਬੰਦ ਹੋਣ ਤੋਂ ਰੋਕਣ 'ਚ ਸਹਾਈ ਹੋਵੇਗਾ ਉਥੇ ਹੀ ਡੇਅਰੀ ਮਾਲਕਾਂ ਦੇ ਧੰਦੇ ਨੂੰ ਹੋਰ ਵਿਕਸਤ ਹੋਣ ਵਿੱਚ ਵੀ ਸਹਾਇਤਾ ਕਰੇਗਾ। ਉਨ੍ਹਾਂ ਕਿ ਪ੍ਰਸ਼ਾਸਨ ਨੇ ਬੈਂਕਾਂ ਨਾਲ ਰਾਬਤਾ ਕਰਵਾ ਕੇ ਡੇਅਰੀ ਮਾਲਕਾਂ ਨੂੰ ਸ਼ੈਡ ਉਸਾਰੀ ਲਈ 10 ਲੱਖ ਰੁਪਏ ਤੱਕ ਦਾ ਕਰਜ਼ਾ ਬਿਨ੍ਹਾਂ ਕਿਸੇ ਬੈਂਕ ਗਾਰੰਟੀ ਦਿਵਾਉਣ ਦਾ ਵੀ ਪ੍ਰਬੰਧ ਕੀਤਾ, ਹੋਰ ਡੇਅਰੀ ਮਾਲਕ ਕੀ ਚਾਹੁੰਦੇ ਹਨ?, ਇਸ ਲਈ ਹੁਣ ਉਨ੍ਹਾਂ ਨੂੰ ਹਰ ਹਾਲ ਡੇਅਰੀਆਂ ਸ਼ਹਿਰ ਵਿੱਚੋਂ ਤਬਦੀਲ ਕਰਨੀਆਂ ਹੀ ਪੈਣਗੀਆਂ। ਵਿਧਾਇਕ ਕੋਹਲੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡੇਅਰੀ ਪ੍ਰਾਜੈਕਟ ਨੂੰ ਤੁਰੰਤ ਚਲਾਉਣ ਲਈ ਸਾਰੇ ਮਸਲੇ ਮਿਥੇ ਸਮੇਂ ਦੇ ਅੰਦਰ-ਅੰਦਰ ਹੱਲ ਕੀਤੇ ਜਾਣ। ਅਧਿਕਾਰੀਆਂ ਨੇ ਸ਼ਹਿਰ ਦੀਆਂ ਡੇਅਰੀਆਂ ਨੂੰ ਇਸ ਪ੍ਰਾਜੈਕਟ 'ਚ ਤਬਦੀਲ ਕਰਕੇ ਇਸ ਨੂੰ ਕਾਮਯਾਬ ਕਰਨ ਬਾਰੇ ਦੁਧਾਰੂ ਪਸ਼ੂਆਂ ਲਈ ਬੈਂਕ ਕਰਜਿਆਂ, ਵੈਟਰਨਰੀ ਕਲੀਨਿਕ, ਚਾਰਾ, ਪਸ਼ੂ ਮੰਡੀ, ਵੇਰਕਾ ਮਿਲਕਿੰਗ ਸੈਂਟਰ, ਪਾਣੀ ਦੀ ਨਿਕਾਸੀ, ਬਿਜਲੀ ਕੁਨੈਕਸ਼ਨ ਆਦਿ ਕਈ ਮੁੱਦਿਆਂ 'ਤੇ ਜਾਣਕਾਰੀ ਦਿੱਤੀ। ਮੀਟਿੰਗ 'ਚ ਡੇਅਰੀ ਯੂਨੀਅਨ ਦੇ ਨੁਮਾਇੰਦਿਆਂ ਸਮੇਤ ਨਗਰ ਨਿਗਮ ਦੇ ਅਧਿਕਾਰੀ ਹਰਕਿਰਨ ਸਿੰਘ, ਗੁਰਪ੍ਰੀਤ ਵਾਲੀਆ ਸਮੇਤ ਹੋਰ ਅਧਿਕਾਰੀ ਮੌਜੂਦ ਸਨ।



## ਕੁੱਟਮਾਰ ਕਰਕੇ ਫਾਇਰ ਕਰਨ 'ਤੇ ਮਾਮਲਾ ਦਰਜ

ਪਟਿਆਲਾ, 9 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਸਤਨਾਮ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਫਤਿਹਪੁਰ ਜੱਟਾ ਨੇ ਕਥਿਤ ਦੋਸ਼ੀਆਂ ਸੁਮਿਤ ਸਿੰਘ, ਪਰਵਿੰਦਰ ਸਿੰਘ, ਹਰਭਜਨ ਸਿੰਘ, ਹਰਦੀਪ ਸਿੰਘ , ਪਰਮੀਤ ਸਿੰਘ ਵਾਸੀ ਪਿੰਡ ਫਤਿਹਪੁਰ ਜੱਟਾ ਥਾਣਾ ਸਦਰ ਪਟਿਆਲਾ ਅਤੇ 12/13 ਅਣਪਛਾਤੇ ਵਿਅਕਤੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਪੰਚਾਇਤੀ ਜ਼ਮੀਨ ਦੀ ਬੋਲੀ ਹੋਣ ਕਾਰਨ ਉਹ ਆਪਣੇ ਭਰਾ ਲਖਵਿੰਦਰ ਸਿੰਘ ਅਤੇ ਪਿੰਡ ਦੇ ਹੋਰ ਆਦਮੀ ਧਰਮਸ਼ਾਲਾ ਵਿੱਚ ਇਕੱਠੇ ਹੋਏ ਸਨ, ਜੋ ਕਥਿਤ ਦੋਸ਼ੀਆਂ ਨਾਲ ਮਾਮੂਲੀ ਤਕਰਾਰਬਾਜੀ ਹੋਣ ਕਾਰਨ ਕਥਿਤ ਦੋਸ਼ੀ ਹਰਭਜਨ ਸਿੰਘ ਨੇ ਸੁਮਿਤ ਸਿੰਘ ਨੂੰ ਫਾਇਰ ਕਰਨ ਲਈ ਕਿਹਾ ਤਾਂ ਸੁਮਿਤ ਸਿੰਘ ਨੇ ਆਪਣੇ ਡੱਬ ਵਿੱਚੋਂ ਪਿਸਟਲ ਕੱਢ ਕੇ ਫਾਇਰ ਕੀਤਾ, ਜੋ ਮੁਦਈ ਦੇ ਪੈਰਾ ਕੋਲ ਜ਼ਮੀਨ 'ਤੇ ਲੱਗਾ ਅਤੇ ਫਿਰ ਜਦੋਂ ਪਿਸਟਲ ਲੋਡ ਕਰਨ ਲੱਗਾ ਤਾਂ ਉਸ ਨੇ ਪਿਸਟਲ ਖੋਹ ਲਿਆ ਤੇ ਦੋਸ਼ੀਆਂ ਨੇ ਉਸ ਦੀ ਕੁੱਟਮਾਰ ਕਰਕੇ ਉਸ ਕੋਲੋਂ ਪਿਸਟਲ ਖੋਹ ਲਿਆ ਤੇ ਹੋਰ ਫਾਇਰ ਕੀਤੇ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਰੂਰੀ ਵਸਤੂਆਂ ਦੀ ਜਮ੍ਹਾਂਖੋਰੀ ਵਿਰੁੱਧ ਸਖ਼ਤ ਹੁਕਮ ਜਾਰੀ ਕੀਤੇ

**ਕਾਨੂੰਨ ਤਹਿਤ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ**



ਪਟਿਆਲਾ, 9 ਮਈ (ਰੁਪਾਣਾ/ ਵਿਨੋਦ ਸ਼ਰਮਾ) : ਜ਼ਰੂਰੀ ਵਸਤੂਆਂ ਦੀ ਅਨੈਤਿਕ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਦਾ ਗੰਭੀਰ ਨੋਟਿਸ ਲੈਂਦੇ ਹੋਏ, ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਪਟਿਆਲਾ, ਡਾ. ਪ੍ਰੀਤੀ ਯਾਦਵ ਨੇ ਜ਼ਰੂਰੀ ਵਸਤੂਆਂ ਐਕਟ, 1955 ਦੇ ਉਪਬੰਧਾਂ ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ, 2023 ਦੀ ਧਾਰਾ 163 ਦੇ ਤਹਿਤ ਸਖ਼ਤ ਹੁਕਮ ਜਾਰੀ ਕੀਤੇ ਹਨ। ਜਾਰੀ ਆਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸਟਾਕਿਸਟ ਅਤੇ ਵਪਾਰੀ ਜ਼ਰੂਰੀ ਵਸਤੂਆਂ ਜਿਵੇਂ ਕਿ ਖਾਣ-ਪੀਣ ਦੀਆਂ ਵਸਤਾਂ, ਬਾਲਣ, ਡੇਅਰੀ ਉਤਪਾਦਾਂ, ਚਾਰਾ ਅਤੇ ਹੋਰ ਰੋਜ਼ਾਨਾ ਲੋੜਾਂ ਦੀ ਜਮ੍ਹਾਂਖੋਰੀ ਕਰ ਰਹੇ ਹਨ। ਇਸ ਗੈਰ-ਕਾਨੂੰਨੀ ਅਭਿਆਸ ਦੇ ਨਤੀਜੇ ਵਜੋਂ ਨਕਲੀ ਕੀਮਤਾਂ ਵਿੱਚ ਵਾਧਾ, ਕਾਲਾਬਾਜ਼ਾਰੀ ਅਤੇ ਸਪਲਾਈ ਲੜੀ ਵਿੱਚ ਵਿਘਨ ਪੈ ਰਿਹਾ ਹੈ, ਜਿਸ ਨਾਲ ਆਮ ਜਨਤਾ-ਖਾਸ ਕਰਕੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਜਨਤਕ ਹਿੱਤਾਂ ਦੀ ਰਾਖੀ ਅਤੇ ਜ਼ਰੂਰੀ ਵਸਤਾਂ ਦੀ ਸੁਚਾਰੂ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ, ਡਾ. ਪ੍ਰੀਤੀ ਯਾਦਵ ਨੇ ਕਿਸੇ ਵੀ ਵਿਅਕਤੀ, ਵਪਾਰੀ ਜਾਂ ਸੰਸਥਾ ਦੁਆਰਾ ਅਨਾਜ ਅਤੇ ਜ਼ਰੂਰੀ ਭੋਜਨ ਵਸਤੂਆਂ, ਦੁੱਧ ਅਤੇ ਡੇਅਰੀ ਉਤਪਾਦ, ਪੈਟਰੋਲ, ਡੀਜ਼ਲ ਅਤੇ ਹੋਰ ਬਾਲਣ, ਕੋਈ ਵੀ ਹੋਰ ਜ਼ਰੂਰੀ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਵਸਤੂਆਂ ਦੇ ਭੰਡਾਰਨ 'ਤੇ ਸਖ਼ਤ ਪਾਬੰਦੀ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਜ਼ਰੂਰੀ ਵਸਤੂਆਂ ਦੀ ਬਰਾਬਰ ਵੰਡ ਅਤੇ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਜਨਤਾ ਦੇ ਸਹਿਯੋਗ ਦੀ ਮੰਗ ਕਰਦਾ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਨਾਗਰਿਕਾਂ ਨੂੰ ਚੌਕਸ ਰਹਿਣ ਅਤੇ ਜਮ੍ਹਾਂਖੋਰੀ, ਕਾਲਾਬਾਜ਼ਾਰੀ ਜਾਂ ਕੀਮਤਾਂ ਵਿੱਚ ਹੇਰਾਫੇਰੀ ਦੇ ਕਿਸੇ ਵੀ ਮਾਮਲੇ ਦੀ ਰਿਪੋਰਟ ਸਬੰਧਤ ਅਧਿਕਾਰੀਆਂ ਨੂੰ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਕੰਟਰੋਲ ਰੂਮ ਅਤੇ ਵਿਭਾਗ ਦੇ ਸੰਪਰਕ ਵੇਰਵੇ ਹੇਠ ਲਿਖੇ ਅਨੁਸਾਰ ਹਨ: ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ (ਜ਼ਰੂਰੀ ਵਸਤੂਆਂ, ਪੈਟਰੋਲ/ਡੀਜ਼ਲ): 0175-2311318, 98760-72078। ਪਸ਼ੂ ਪਾਲਣ ਵਿਭਾਗ (ਪਸ਼ੂ ਪਾਲਣ ਸੇਵਾਵਾਂ): 0175-2970225, 94170-55347। ਮੰਡੀ ਬੋਰਡ (ਸਬਜ਼ੀਆਂ, ਮੰਡੀ ਨਾਲ ਸਬੰਧਤ ਸਮਾਨ): 98152-60721, ਮਾਰਕਫੈੱਡ ਅਤੇ ਮਿਲਕਫੈੱਡ (ਪਸ਼ੂਆਂ ਦਾ ਚਾਰਾ): 98558-00145, 97795-89556। ਉਨ੍ਹਾਂ ਕਿਹਾ ਕਿ ਇਹ ਹੁਕਮ ਜਨਤਕ ਹਿੱਤ ਵਿੱਚ ਜਾਰੀ ਕੀਤਾ ਗਿਆ ਹੈ ਅਤੇ ਇਸਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਮੰਨਿਆ ਜਾਵੇਗਾ। ਉਲੰਘਣਾ ਕਰਨ ਵਾਲਿਆਂ ਨੂੰ ਕਾਨੂੰਨ ਦੇ ਸੰਬੰਧਿਤ ਉਪਬੰਧਾਂ ਅਨੁਸਾਰ ਸਖ਼ਤ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

## ਜੇਲ੍ਹ 'ਚੋਂ ਮੋਬਾਇਲ ਤੇ ਸਿੰਮ ਬ੍ਰਾਮਦ

ਪਟਿਆਲਾ, 9 ਮਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਲਖਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਨੇ ਕਥਿਤ ਦੋਸ਼ੀ ਹਵਾਲਾਤੀ ਮਨਦੀਪ ਸਿੰਘ ਵਾਸੀ ਬਾਸੀਆ ਬੇਟ ਜ਼ਿਲ੍ਹਾ ਲੁਧਿਆਣਾ, ਹਵਾਲਾਤੀ ਕ੍ਰਿਸ਼ਨ ਕੁਮਾਰ ਵਾਸੀ ਰਾਮਦਰਬਾਰ ਫੇਸ-2 ਚੰਡੀਗੜ੍ਹ, ਹਵਾਲਾਤੀ ਗੁਰਦਿਆਲ ਸਿੰਘ ਵਾਸੀ ਬਪਰੋਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕੇਂਦਰੀ ਜੇਲ ਪਟਿਆਲਾ ਦੀ ਬੈਰਕ ਨੰ. 6/1 ਵਿੱਚ ਮੌਜੂਦ ਹਵਾਲਾਤੀ ਮਨਦੀਪ ਸਿੰਘ ਦੀ ਜਿਸਮਾਨੀ ਤਲਾਸ਼ੀ ਕਰਨ ਪਰ 1 ਕੈਚਡਾ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਬਿਨ੍ਹਾਂ ਸਿਮ ਕਾਰਡ ਤੋ ਬ੍ਰਾਮਦ ਹੋਇਆ। ਬੈਰਕ ਨੰ. 6 ਵਿੱਚ ਮੌਜੂਦ ਹਵਾਲਾਤੀ ਕ੍ਰਿਸ਼ਨ ਕੁਮਾਰ ਪਾਸੋਂ 1 ਕੈਚਡਾ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਬਿਨ੍ਹਾ ਸਿਮ ਕਾਰਡ ਤੋ ਬ੍ਰਾਮਦ ਹੋਇਆ। ਹਵਾਲਾਤੀ ਗੁਰਦਿਆਲ ਸਿੰਘ ਕੋਲੋਂ 1 ਕੈਚਡਾ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਬਿਨ੍ਹਾ ਸਿੰਮ ਕਾਰਡ ਤੋ ਬ੍ਰਾਮਦ ਹੋਇਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਜ਼ਿਲ੍ਹੇ 'ਚ ਅੱਜ ਲੱਗਣ ਵਾਲੀ ਕੌਮੀ ਲੋਕ ਅਦਾਲਤ ਮੁਲਤਵੀ

ਪਟਿਆਲਾ, 9 ਮਈ (ਚ.ਨ.ਸ.) :ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਸਕੱਤਰ ਅਮਨਦੀਪ ਕੰਬੋਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ 'ਚ ਮਿਤੀ 10 ਮਈ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਮੁਲਤਵੀ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਵੱਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਮਿਤੀ 10 ਮਈ ਨੂੰ ਲੱਗਣ ਵਾਲੀ ਦੂਜੀ ਕੌਮੀ ਲੋਕ ਅਦਾਲਤ ਨੂੰ ਹਾਲ ਦੀ ਘੜੀ ਮੁਲਤਵੀ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤ ਦੇ ਬੈਂਚਾਂ ਦਾ ਗਠਨ ਪਟਿਆਲਾ ਸਮੇਤ ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਕੀਤਾ ਗਿਆ ਸੀ, ਜਿਸ ਨੂੰ ਮੁਲਤਵੀ ਕੀਤਾ ਗਿਆ ਹੈ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਵੱਲੋਂ 10 ਮਈ ਵਾਲੀ ਕੌਮੀ ਲੋਕ ਅਦਾਲਤ ਵਿੱਚ ਆਪਣੇ ਕੇਸ ਲਗਾਏ ਸਨ, ਉਹ ਹੁਣ ਇਸ ਦਿਨ ਅਦਾਲਤ ਵਿੱਚ ਪੇਸ਼ ਨਾ ਹੋਣ ਇਸ ਸਬੰਧੀ ਜਾਣਕਾਰੀ ਦੁਬਾਰਾ ਸਾਂਝੀ ਕਰ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ ਰਾਹੀਂ ਆਪਣੇ ਕੇਸਾਂ ਦਾ ਨਿਪਟਾਰਾ ਕਰਵਾਉਣ ਵਾਲੇ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਵੈਬਸਾਈਟ www.pulsa.gov.in ਜਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸੰਪਰਕ ਨੰਬਰ 0175-2306500 ਤੋਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

## ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਰੱਦ ਕੀਤੀਆਂ ਪ੍ਰੀਖਿਆਵਾਂ

ਪਟਿਆਲਾ, 9 ਮਈ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 9 ਅਤੇ 10 ਮਈ ਨੂੰ ਹੋਣ ਵਾਲੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਹਨ।ਯੂਨੀਵਰਸਿਟੀ ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਮਿਤੀ 9 ਅਤੇ 10 ਮਈ 2025 ਨੂੰ ਹੋਣ ਵਾਲੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਰੱਦ ਕੀਤੀਆਂ ਗਈਆਂ ਹਨ। ਇਸ ਸਬੰਧੀ ਨਵੀਆਂ ਮਿਤੀਆਂ ਬਾਰੇ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

# ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ ਸੰਵਾਦ ਰਚਾਇਆ

**➢ਨਸ਼ਾ ਵਿਰੋਧੀ ਮੁਹਿੰਮ ਤਹਿਤ ਹੋਈ ਚਰਚਾ**




ਪਟਿਆਲਾ, 9 ਮਈ (ਚ.ਨ.ਸ.) : ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬੀ ਯੂਨੀਵਰਸਿਟੀ ਵਿਖੇ ਮਨੋਵਿਗਿਆਨ ਦੇ ਵਿਦਿਆਰਥੀਆਂ ਨਾਲ ਸੰਵਾਦ ਰਚਾਇਆ ਗਿਆ। ਸਿਹਤ ਮੰਤਰੀ, ਪੰਜਾਬ ਡਾ. ਬਲਬੀਰ ਸਿੰਘ ਦੇ ਵਿਸ਼ੇਸ਼ ਡਿਊਟੀ ਅਧਿਕਾਰੀ (ਓ. ਐੱਸ. ਡੀ. ) ਸ਼੍ਰੀ ਸ਼ਾਲੀਨ ਮਿੱਤਰਾ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਵਿਦਿਆਰਥੀਆਂ ਨਾਲ ਸੰਵਾਦ ਰਚਾਇਆ। ਯੂਨੀਵਰਸਿਟੀ ਵਿਖੇ ਮਨੋਵਿਗਿਆਨ ਵਿਭਾਗ ਦੇ ਪ੍ਰੋਫੈਸਰ ਡਾ. ਮਮਤਾ ਸ਼ਰਮਾ, ਡਾ. ਮਨਦੀਪ ਕੌਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੌਂਸਲਰ ਡਾ. ਰੂਬੀ ਗੁਪਤਾ ਨੇ ਇਸ ਸੈਸ਼ਨ ਦੇ ਆਯੋਜਨ ਅਤੇ ਸੰਵਾਦ ਰਚਾਉਣ ਵਿੱਚ ਭੂਮਿਕਾ ਨਿਭਾਈ। ਇਸ ਮੌਕੇ ਜ਼ਿਲ੍ਹਾ ਪੱਧਰੀ ਪਹਿਲਕਦਮੀਆਂ ਲਈ ਚੁਣੇ ਗਏ ਮਨੋਵਿਗਿਆਨ ਵਿਭਾਗ ਦੇ ਪੀ-ਐੱਚ.ਡੀ. ਖੋਜਾਰਥੀ, ਪੀ.ਜੀ.ਡੀ.ਸੀ.ਪੀ. ਅਤੇ ਪੋਸਟ ਗ੍ਰੈਜੂਏਟ ਵਿਦਿਆਰਥੀ ਹਾਜ਼ਰ ਰਹੇ ਜੋ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਭਵਿੱਖ ਵਿੱਚ ਵੱਖ-ਵੱਖ ਜਾਗਰੂਕਤਾ ਮੁਹਿੰਮਾਂ ਵਿੱਚ ਸਹਾਇਤਾ ਪ੍ਰਦਾਨ ਕਰਨਗੇ। ਇਹ ਵਿਦਿਆਰਥੀ ਸੂਬਾ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਕੌਂਸਲਿੰਗ ਸੇਵਾਵਾਂ ਅਤੇ ਪੁਨਰਵਾਸ ਦੇ ਯਤਨ ਵਿੱਚ ਵੱਖ-ਵੱਖ ਮਾਹਿਰਾਂ ਦੀ ਨਿਗਰਾਨੀ ਹੇਠ ਸੇਵਾਵਾਂ ਦੇਣਗੇ। ਇਹ ਵਿਦਿਆਰਥੀ ਆਪਣੇ ਜ਼ਿਲ੍ਹਿਆਂ ਵਿੱਚ ਵਿਚਰਦਿਆਂ ਜਾਗਰੂਕਤਾ ਫੈਲਾਉਣ ਦਾ ਕਾਰਜ ਕਰਨਗੇ। ਇਸ ਮੌਕੇ ਅਧਿਕਾਰੀਆਂ ਵੱਲੋਂ ਪ੍ਰੋ. ਮਮਤਾ ਸ਼ਰਮਾ ਅਤੇ ਪ੍ਰੋ. ਮਨਦੀਪ ਕੌਰ ਵੱਲੋਂ ਇਸ ਮੁਹਿੰਮ ਵਿੱਚ ਪਾਏ ਯੋਗਦਾਨ ਅਤੇ ਸਮਾਜਿਕ ਪਹਿਲਕਦਮੀਆਂ ਵਿੱਚ ਨਿਰੰਤਰ ਭਾਗੀਦਾਰੀ ਦੀ ਸ਼ਲਾਘਾ ਕੀਤੀ ਗਈ।

# ਪ੍ਰਵਾਸੀ ਨੌਜਵਾਨ ਵੱਲੋਂ ਫਾਹਾ ਲੈ ਕੇ ਜੀਵਨ ਲੀਲਾ ਸਮਾਪਤ

ਸਮਾਣਾ, 9 ਮਈ (ਵਿਜੇ ਕੁਮਾਰ) : ਮਾਨਸਿਕ ਤੌਰ 'ਤੇ ਪ੍ਰੇਸ਼ਾਨ ਇੱਕ ਪ੍ਰਵਾਸੀ ਨੌਜਵਾਨ ਵੱਲੋਂ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਸ ਦੇ ਏ.ਐਸ.ਆਈ. ਸਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਪੰਕਜ (22) ਦੇ ਪਿਤਾ ਰਾਮ ਰਤਨ ਨਿਵਾਸੀ ਉੱਤਰ ਪ੍ਰਦੇਸ਼ ਹਾਲ ਆਬਾਦ ਪਿੰਡ ਫਤਿਹਪੁਰ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ 5 ਮਈ ਨੂੰ ਇੱਕ ਵਿਆਹ ਸਮਾਗਮ 'ਚ ਸ਼ਾਮਿਲ ਹੋਣ ਦੇ ਲਈ ਪ੍ਰੀਵਾਰ ਸਣੇ ਉੱਤਰ ਪ੍ਰਦੇਸ਼ ਗਿਆ ਹੋਇਆ ਸੀ। ਜਦੋਂਕਿ ਮੋਟਰਸਾਈਕਲ ਮਕੈਨਿਕ ਵਜੋਂ ਕੰਮ ਕਰਦਾ ਉਸਦਾ ਪੁੱਤਰ ਪੰਕਜ ਘਰ 'ਤੇ ਹੀ ਸੀ। 8 ਮਈ ਨੂੰ ਕੰਮ 'ਤੇ ਨਾ ਪਹੁੰਚਣ 'ਤੇ ਜਦੋਂ ਵਰਕਸ਼ਾਪ ਮਾਲਕ ਉਸ ਨੂੰ ਦੇਖਣ ਖੇਤ ਵਿੱਚ ਬਣੇ ਮੋਟਰ ਦੇ ਕੋਠੇ 'ਤੇ ਗਿਆ, ਤਾਂ ਉਸ ਨੇ ਉੱਥੇ ਫਾਹਾ ਲੱਗਾ ਦੇਖਿਆ। ਸੂਚਨਾ ਮਿਲਣ 'ਤੇ ਉਹ ਉੱਤਰ ਪ੍ਰਦੇਸ਼ ਤੋਂ ਪ੍ਰੀਵਾਰ ਸਣੇ ਪਿੰਡ ਪਹੁੰਚ ਗਿਆ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਅਧਿਕਾਰੀ ਦੇ ਅਨੁਸਾਰ ਦਰਜ ਬਿਆਨ ਦੇ ਆਧਾਰ 'ਤੇ ਪੁਲਸ ਨੇ ਬੀ.ਐਨ.ਐਸ. ਦੀ ਧਾਰਾ 194 ਤਹਿਤ ਪੋਸਟਮਾਰਟਮ ਉਪਰਾਂਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।

# ਵਿਸ਼ਵ ਰੈਡ ਕਰਾਸ ਦਿਵਸ ਮਨਾਇਆ



ਪਟਿਆਲਾ, 9 ਮਈ (ਚ.ਨ.ਸ.) : ਸਰਕਾਰੀ ਹਾਈ ਸਕੂਲ ਗਾਂਧੀ ਨਗਰ ਲਹੋਰੀ ਗੇਟ ਪਟਿਆਲਾ ਵਿੱਚ ਮੁੱਖ ਅਧਿਆਪਕਾ ਨੀਲਮ ਦੀ ਅਗਵਾਈ ਵਿੱਚ ਭਾਈ ਘਨੱਈਆ ਜੀ ਅਤੇ ਸਰਜੀਨ ਹੈਨਰੀ ਡਿਊਨਾ ਨੂੰ ਸਮਰਪਿਤ ਅੰਤਰ ਰਾਸ਼ਟਰੀ ਰੈਡ ਕਰਾਸ ਦਿਵਸ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਪਰਮਿੰਦਰ ਮੰਨਚੰਦਾ ਡਾਇਰੈਕਟਰ ਪੰਜਾਬ ਰੈਡ ਕਰਾਸ ਨਸਾ ਛੁਡਾਊ ਅਤੇ ਮੁੜ ਵਸੇਵਾ ਕੇਂਦਰ ਸਕੇਤ ਹਸਪਤਾਲ ਨੇ ਕੀਤੀ ਮੁੱਖ ਮਹਿਮਾਨ ਉਪਕਾਰ ਸਿੰਘ ਪ੍ਰਧਾਨ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਤੇ ਵਿਸੇਸ ਮਹਿਮਾਨ ਸ੍ਰੀ ਕਾਕਾ ਰਾਮ ਵਰਮਾ ਸਾਬਕਾ ਟਰੇਨਰ ਰੈਡ ਕਰਾਸ ਸਨ। ਮੁੱਖ ਮਹਿਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਸਾਰ ਵਿੱਚ ਸੇਹਤ ਦੀ ਉਨੱਤੀ ਸੁਰਖਿਆ ਦੇ ਕਾਰਜ ਪੀੜਤਾਂ ਦੀ ਮਦੱਦ ਅਤੇ ਅਮਨ ਅਮਨ ਸ਼ਾਂਤੀ ਸਦਭਾਵਨਾ,ਮਿਲਵਰਤਨ ਹਿਤ ਰੈਡ ਕਰਾਸ ਵਲੰਟੀਅਰ ਪ੍ਰਸੰਸਾਯੋਗ ਉਪਰਾਲੇ ਕਰ ਰਹੇ ਹਨ। ਇਸ ਮੌਕੇ ਵਿਸ਼ੇਸ਼ ਮਹਿਮਾਨ ਮੰਨਚੰਦਾ ਨੇ ਨੇ ਭਾਈ ਘਨੱਈਆ ਜੀ ਤੇ ਸਰਜੀਨ ਹੈਨਰੀ ਡਿਊਨਾ, ਸਬੰਧੀ ਸੰਖੇਪ ਜਾਣਕਾਰੀ ਦਿੱਤੀ ਫਲੋਰੇਂਸ ਨਾਇਟਿੰਗੇਲ, ਭਗਤ ਪੂਰਨ ਸਿੰਘ ਦੇ ਮਹਾਨ ਕਾਰਜਾਂ ਬਾਰੇ ਤੇ ਰੈਡ ਕਰਾਸ ਦੀ ਟੀਮ ਕੀ ਕੰਮ ਕਰਦੀ ਹੈ। ਬਾਰੇ ਸਕੇਤ ਹਸਪਤਾਲ ਬਾਰੇ ਜਾਣਕਾਰੀ ਦਿਤੀ।ਇਸ ਤੋਂ ਪਹਿਲਾਂ ਸਕੂਲ ਵਿੱਚ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਇਸ ਪ੍ਰੋਗਰਾਮ ਵਿੱਚ ਸਾਮਿਲ ਸਕੇਤ ਹਸਪਤਾਲ ਤੋਂ ਰਣਜੀਤ ਕੌਰ ਜਸਪ੍ਰੀਤ ਸਿੰਘ, ਪਰਮਿੰਦਰ ਵਰਮਾ, ਰਣਜੀਤ ਕੌਰ, ਜਸਵਿੰਦਰ,ਪਰਮਿੰਦਰ ਸਿੰਘ ਨੇ ਭਾਗ ਲਿਆ।

## ਚੋਰੀ ਦੇ ਮੋਟਰਸਾਈਕਲ ਸਮੇਤ ਇੱਕ ਕਾਬੂ, ਤਿੰਨ ਖ਼ਿਲਾਫ਼ ਮਾਮਲਾ ਦਰਜ

ਸਮਾਣਾ 9 ਮਈ (ਵਿਜੇ ਕੁਮਾਰ) ਸੀ. ਆਈ. ਏ. ਸਟਾਫ ਨੇ ਚੋਰੀ ਦੇ ਮੋਟਰਸਾਈਕਲ ਸਣੇ ਇੱਕ ਨੌਜਵਾਨ ਨੂੰ ਕਾਬੂ ਕਰਕੇ ਉਸ ਦੇ ਹੋਰ ਸਾਥੀਆਂ ਸਣੇ ਤਿੰਨ ਨੌਜਵਾਨਾਂ 'ਤੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ 'ਚ ਚਾਹਤ ਕੁਮਾਰ ਨਿਵਾਸੀ ਬਾਹਮਣਾਪਤੀ, ਸਾਹਿਲ ਪ੍ਰੀਤ ਸਿੰਘ ਨਿਵਾਸੀ ਅਮਾਮਗੜ੍ਹ, ਅਭੀਰਾਮ ਨਿਵਾਸੀ ਸੁਨਾਰਾਂ ਮੁਹੱਲਾ ਸਾਰੇ ਨਿਵਾਸੀ ਸਮਾਣਾ ਸ਼ਾਮਲ ਹਨ। ਸੀ.ਆਈ. ਏ ਸਟਾਫ ਮੁਖੀ ਅੰਕੁਰਦੀਪ ਸਿੰਘ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਬੇਅੰਤ ਸਿੰਘ ਨੇ ਪੁਲਸ ਪਾਰਟੀ ਸਣੇ ਪਿੰਡ ਰੇਤਗੜ੍ਹ 'ਚ ਗਸ਼ਤ ਦੌਰਾਨ ਇੱਕ ਬਿਨਾਂ ਨੰਬਰੀ ਮੋਟਰਸਾਈਕਲ ਨੂੰ ਰੋਕਿਆ, ਅਤੇ ਚੈੱਕ ਕਰਨ 'ਤੇ ਉਕਤ ਮੋਟਰਸਾਈਕਲ ਚੋਰੀ ਕੀਤਾ ਪਾਇਆ ਗਿਆ। ਮੁੱਢਲੀ ਪੁੱਛਗਿੱਛ ਦੌਰਾਨ ਨੌਜਵਾਨ ਨੇ ਦੱਸਿਆ ਕਿ ਇਹ ਮੋਟਰਸਾਈਕਲ ਉਸ ਨੇ ਆਪਣੇ ਦੋ ਹੋਰ ਸਾਥੀਆਂ ਦੇ ਨਾਲ ਮਿਲ ਕੇ ਪ੍ਰਤਾਪ ਨਗਰ ਪਟਿਆਲਾ ਤੋਂ ਚੋਰੀ ਕੀਤਾ ਸੀ। ਅਧਿਕਾਰੀ ਅਨੁਸਾਰ ਕਾਬੂ ਕੀਤੇ ਗਏ ਮੁਲਜ਼ਮ ਨੌਜਵਾਨ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਪੁਲਸ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ। ਜਦੋਂਕਿ ਹੋਰ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

# ਚੇਅਰਮੈਨ ਬਰਾੜ ਵਿਧਾਨ ਸਭਾ ਹਲਕਾ ਲਹਿਰਾ ਦੇ ਕੁਆਰਡੀਨੇਟਰ ਨਿਯੁਕਤ

**ਹਲਕਾ ਸ਼ੁਤਰਾਣਾ ਦੇ ਆਗੂਆਂ ਅਤੇ ਵਲੰਟੀਆਰਾਂ ਨੇ ਦਿੱਤੀ ਵਧਾਈ**



ਪਾਤੜਾਂ, 9 ਮਈ (ਹਰਮਿੰਦਰ ਕਰਤਾਰਪੁਰ): ਆਮ ਆਦਮੀ ਪਾਰਟੀ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਪਣੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੂੰ ਵਿਧਾਨ ਸਭਾ ਹਲਕਾ ਲਹਿਰਾ ਦਾ ਕੁਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਚੇਅਰਮੈਨ ਬਰਾੜ ਦੇ ਕੋਆਰਡੀਨੇਟਰ ਨਿਯੁਕਤ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਹਲਕਾ ਸ਼ੁਤਰਾਣਾ ਦੇ ਸੀਨੀਅਰ ਆਗੂ ਬੂਟਾ ਸਿੰਘ ਵਿਰਕ ਬਲਾਕ ਪ੍ਰਧਾਨ ਸ਼ੁਤਰਾਣਾ, ਪ੍ਰੀਤ ਗਿੱਲ ਬਲਾਕ ਪ੍ਰਧਾਨ ਪਾਤੜਾਂ, ਪ੍ਰਧਾਨ ਜਸਵਿੰਦਰ ਸਿੰਘ ਪਾਰਸ ਦੀ ਅਗਵਾਈ 'ਚ ਪਾਰਟੀ ਦੇ ਆਗੂਆਂ ਅਤੇ ਵਲੰਟੀਅਰਾਂ ਵੱਲੋਂ ਚੇਅਰਮੈਨ ਸਿੰਘ ਬਰਾੜ ਦਾ ਭਿੰਡਰ ਟਰੇਡਰਜ਼ ਵਿਖੇ ਸਨਮਾਨ ਕੀਤਾ ਗਿਆ, ਇੱਥੇ ਇਹ ਦੱਸਣਾ ਬਣਦਾ ਹੈ ਕਿ ਚੇਅਰਮੈਨ ਮਹਿੰਗਾ ਸਿੰਘ ਬਰਾੜ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰ ਹਨ ਅਤੇ ਉਨ੍ਹਾਂ ਵਲੋਂ ਪੰਜਾਬ ਸਮੇਤ ਸਮੁੱਚੇ ਭਾਰਤ ਵਿੱਚ ਆਮ ਆਦਮੀ ਪਾਰਟੀ ਨੂੰ ਮਜਬੂਤ ਕਰਨ ਲਈ ਸਖ਼ਤ ਮਿਹਨਤ ਕੀਤੀ ਗਈ ਸੀ ਜਿਸ ਦੇ ਚੱਲਦਿਆਂ ਦਿੱਲੀ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਆਪਣੀ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ। ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਹਰ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਉਨ੍ਹਾਂ ਨਾਲ ਪ੍ਰਧਾਨ ਦਵਿੰਦਰ ਸਿੰਘ ਸੇਲਵਾਲਾ, ਕੁਲਵੰਤ ਸਿੰਘ ਗਿੱਲ, ਬਿਕਰਮਜੀਤ ਸਿੰਘ ਵਿਰਕ, ਜਗਜੀਤ ਸਿੰਘ ਸੰਧੂ ,ਗੱਜਣ ਸਿੰਘ ਜੱਜ, ਬਲਜੀਤ ਸਿੰਘ ਮੌਲਵੀਵਾਲਾ, ਮਨਜੀਤ ਸਿੰਘ ਲਾਲਵਾ, ਚਿੰਟੂ ਅਗਰਵਾਲ, ਸੁਰਜੀਤ ਸਿੰਘ ਜੋਗੇਵਾਲ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

## ਵਿਸ਼ਵਕਰਮਾ ਮੰਦਰ 'ਚ ਮੁਫ਼ਤ ਮੈਡੀਕਲ ਕੈਂਪ 11 ਨੂੰ

ਭਾਦਸੋਂ, 9 ਮਈ (ਭਰਪੂਰ ਸਿੰਘ ਮੱਟਰਾਂ) : ਪਰਿਆਸ ਹੈਲਪਿੰਗ ਹੈਂਡ ਗਰੁੱਪ ਵਲੋਂ ਭਾਦਸੋਂ ਵਿਸ਼ਵਕਰਮਾ ਮੰਦਿਰ ਭਾਦਸੋਂ ਵਿਖੇ ਮੁਫਤ ਮੈਡੀਕਲ ਚੈਕਅਪ ਕੈਂਪ 11 ਮਈ ਦਿਨ ਐਤਵਾਰ ਨੂੰ ਲਗਾਇਆ ਜਾ ਰਿਹਾ ਹੈ। ਪ੍ਰਬੰਧਕਾਂ ਦੁਆਰਾ ਪ੍ਰਾਪਤ ਜਾਣਕਾਰੀ ਮੁਤਾਬਕ 11 ਮਈ ਦਿਨ ਐਤਵਾਰ ਨੂੰ ਸਵੇਰੇ 8.30 ਤੋਂ ਬਾਦ ਦੁਪਿਹਰ 1.30 ਤੱਕ ਇਹ ਕੈਂਪ ਲਗਾਇਆ ਜਾਵੇਗਾ ਜਿਸ ਵਿਚ ਗਲੋਬਲ ਹਸਪਤਾਲ ਪਟਿਆਲਾ ਦੇ ਅੱਖਾਂ ਦੇ ਮਾਹਰ ਡਾ.ਮਨਪ੍ਰੀਤ ਸਿੰਘ, ਬੱਚਿਆਂ ਦੇ ਰੋਗਾਂ ਦੇ ਮਾਹਰ ਡਾ.ਪ੍ਰਵੀਨ ਮੜਕਨ, ਦੰਦਾਂ ਦੇ ਮਾਹਰ ਡਾ.ਅਮਰੀਕ ਸਿੰਘ ਅਮਲੋਹ ਕੈਂਪ ਦੌਰਾਨ ਚੈਕਅਪ ਕਰਨਗੇ ਇਸਤੋ ਇਲਾਵਾ ਸਮਾਜ ਸੇਵੀ ਡਾ.ਪਰਦੀਪ ਕੁੰਦਰਾ ਜਰਨਲ ਚੈਕਅਪ ਕਰਨਗੇ ਕੈਂਪ ਦੌਰਾਨ ਨਾਭਾ ਹਲਕੇ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ।

## ਨਸ਼ੀਲੀਆਂ ਗੋਲੀਆਂ ਸਮੇਤ ਮੁਲਜ਼ਮ ਕਾਬੂ, ਇੱਕ ਦਿਨਾਂ ਪੁਲਿਸ ਰਿਮਾਂਡ 'ਤੇ

ਸਮਾਣਾ, 9 ਮਈ (ਵਿਜੇ ਕੁਮਾਰ) : ਸਿਟੀ ਪੁਲਸ ਨੇ ਨਸ਼ੀਲੀਆਂ ਗੋਲੀਆਂ ਵੇਚਦੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਸੰਦੀਪ ਸਿੰਘ ਨਿਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ। ਸਿਟੀ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਸਿੰਦਰ ਸਿੰਘ ਨੇ ਪੁਲਸ ਪਾਰਟੀ ਸਣੇ ਗਸਤ ਦੌਰਾਨ ਨਵਾਂ ਨੂਰਪੁਰਾ ਇਲਾਕੇ 'ਚ ਨਸ਼ੀਲੀਆਂ ਗੋਲੀਆਂ ਵੇਚ ਰਹੇ ਇੱਕ ਵਿਅਕਤੀ ਬਾਰੇ ਮਿਲੀ ਸੂਚਨਾ ਤੇ ਰੇਡ ਕੀਤੀ, ਅਤੇ 80 ਖੁਲੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਣ ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਹੋਰ ਪੁੱਛਗਿਛ ਲਈ ਇੱਕ ਦਿਨ ਦਾ ਪੁਲਸ ਰਿਮਾਂਡ ਕੀਤਾ ਹੈ।

## ਭਾਰਤ-ਪਾਕਿਸਤਾਨ ਦੀ ਸਥਿਤੀ ਨੂੰ ਦੇਖਦੇ ਹੋਏ ਸਮੂਹ ਵਕੀਲਾਂ ਨੇ ਅੱਜ ਕੰਮ ਕਾਜ ਰੱਖਿਆ ਬੰਦ

ਪਟਿਆਲਾ, 9 ਮਈ (ਵਿਨੋਦ ਸ਼ਰਮਾ) : ਬਾਰ ਕੌਂਸਲ ਆਫ਼ ਪੰਜਾਬ ਅਤੇ ਹਰਿਆਣਾ ਦੇ ਵੱਲੋਂ ਅੱਜ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮਨਦੀਪ ਸਿੰਘ ਟਿਵਾਣਾ ਦੀ ਅਗਵਾਈ ਹੇਠ ਬਾਰ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰਾਂ ਵੱਲੋਂ ਅੱਜ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਭਾਰਤ-ਪਾਕਿਤਸਾਨ ਦੇ ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ ਅੱਜ ਸਮੂਹ ਸੀਨੀਅਰ ਅਤੇ ਜੂਨੀਅਰ ਵਕੀਲਾਂ ਵੱਲੋਂ ਅੱਜ ਆਪਣਾ ਕੰਮ ਕਾਜ ਬੰਦ ਰੱਖਿਆ ਗਿਆ।

**ਡੇਂਗੂ ਵਿਰੁੱਧ ਮੁਹਿੰਮ ਦੀ ਸਿਵਲ ਹਸਪਤਾਲ ਤੋਂ ਸ਼ੁਰੂਆਤ**

# ਮੱਛਰਾਂ ਦੀ ਪੈਦਾਵਾਰ ਘਟਾਉਣ ਦੇ ਮੰਤਵ ਨਾਲ ਘਰ-ਘਰ ਕੀਤਾ ਜਾ ਰਿਹੈ ਜਾਗਰੂਕ



ਨਾਭਾ, 9 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਸਿਹਤ ਵਿਭਾਗ ਤੇ ਸਿਵਲ ਸਰਜਨ ਪਟਿਆਲਾ ਡਾ. ਜਗਪਾਲ ਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਵੀਨੂੰ ਗੋਇਲ ਦੀ ਅਗਵਾਈ ਵਿਚ ਸਿਵਲ ਹਸਪਤਾਲ ਨਾਭਾ ਦੇ ਖੇਤਰ ਵਿਚ ਡੇਂਗੂ ਪ੍ਰਤੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਵੀਨੂੰ ਗੋਇਲ ਨੇ ਦੱਸਿਆ ਕਿ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਜੀ ਵੱਲੋਂ ਅੱਜ ਪਟਿਆਲਾ ਵਿਖੇ ਡੇਂਗੂ ਵਿਰੁੱਧ ਜਾਗਰੂਕਤਾ ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ, ਇਸੇ ਲੜੀ ਤਹਿਤ ਅੱਜ ਸਾਡੇ ਵੱਲੋਂ ਵੀ ਸਭ ਤੋਂ ਪਹਿਲਾਂ ਆਪਣੇ ਹਸਪਤਾਲ ਦੇ ਅੰਦਰੋਂ ਹੀ ਚੈਕਿੰਗ ਕਰਕੇ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ,ਸਿਵਲ ਹਸਪਤਾਲ ਵੱਲੋਂ 9 ਟੀਮਾਂ ਵੱਲੋਂ ਹੀਰਾ ਕਲੋਨੀ, ਬੌੜਾ ਗੇਟ, ਪ੍ਰੇਮ ਨਗਰ, ਜਸਪਾਲ ਕਲੋਨੀ, ਕਰਤਾਰ ਕਲੋਨੀ, ਬਾਜੀਗਰ ਬਸਤੀ ਆਦਿ ਥਾਵਾਂ 'ਤੇ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਡੇਂਗੂ ਮੱਛਰ ਦੇ ਲਾਰਵੇ ਦੀ ਚੈਕਿੰਗ ਕੀਤੀ ਗਈ ਉਨ੍ਹਾਂ ਕਿਹਾ ਕਿ ਸਿਹਤਕਾਮਿਆ ਵੱਲੋਂ ਆਮ ਲੋਕਾਂ ਨੂੰ ਘਰ-ਘਰ ਜਾ ਕੇ ਮੱਛਰਾਂ ਦੀ ਪੈਦਾਵਾਰ ਘਟਾਉਣ ਦੇ ਮੰਤਵ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਮੱਛਰਾਂ ਦੇ ਲਾਰਵੇ ਨੂੰ ਪਹਿਚਾਨਣ ਤੇ ਨਸ਼ਟ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ । ਇਸ ਮੌਕੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਸ਼ੁਕਰਵਾਰ ਨੂੰ ਡ੍ਰਾਈ ਡੇਅ ਵਜੋਂ ਮਨਾਇਆ ਜਾਵੇ ਤਾਂ ਜੋ ਮੱਛਰਾਂ ਦੀ ਪੈਦਾਵਾਰ ਨੂੰ ਘਟਾ ਕੇ, ਡੇਂਗੂ ਮਲੇਰੀਆਂ ਦੇ ਕੇਸਾ ਨੂੰ ਘਟਾਇਆ ਜਾ ਸਕੇ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਮਹਾਵੀਰ ਸਿੰਘ ਡਿਪਟੀ ਮਾਸ ਮੀਡੀਆਂ ਅਫਸਰ ਨੇ ਡੇਂਗੂ ਪ੍ਰਤੀ ਸੁਚੇਤ ਕਰਨ ਲਈ ਦੱਸਿਆ ਕਿ ਡੇਂਗੂ ਦੀ ਬੀਮਾਰੀ ਮੱਛਰ ਦੇ ਕੱਟਣ ਨਾਲ ਹੁੰਦੀ ਹੈ। ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਸਾਨੂੰ ਪਾਨੀ ਆਦਿ ਕੀਤੇ ਵੀ ਖੜਣ ਨਹੀਂ ਦੇਣਾ ਚਾਹੀਦਾ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫਸਰ ਮਹਾਵੀਰ ਸਿੰਘ, ਹੈਲਥ ਇੰਸਪੈਕਟਰ ਸਤਪਾਲ ਸਿੰਘ ਤੇ ਚਮਕੌਰ ਸਿੰਘ ਤੋਂ ਇਲਾਵਾ ਐਂਟੀਲਾਰਵਾ ਦੀ ਸਮੂਹ ਟੀਮ ਹਾਜ਼ਰ ਸੀ।

# ਹਰਸ਼ ਬਲੱਡ ਡੋਨਰ ਸੁਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਨੇ 35ਵੀਂ ਵਾਰ ਕੀਤਾ ਖ਼ੂਨਦਾਨ



ਨਾਭਾ, 9 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਭ ਤੋਂ ਵੱਡਾ ਪੁੰਨ ਖੂਨਦਾਨ ਕਰਨਾ ਹੈ। ਸਾਨੂੰ ਸਾਰਿਆਂ ਨੂੰ ਖੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ, ਤਾਂ ਜੋ ਕੀਮਤੀ ਜਾਨਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕੇ ਅਤੇ ਆਪਣੇ ਸਰੀਰ ਦੀਆ ਬਿਮਾਰੀਆਂ ਨੂੰ ਖ਼ਤਮ ਕਰਨ ਦਾ ਸਬ ਤੋ ਵਧੀਆ ਤਰੀਕਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਹਲਕਾ ਨਾਭਾ ਤੋਂ ਖੂਨ ਦਾਨ ਦੇ ਖੇਤਰ ਵਿੱਚ ਮੋਹਰੀ ਸੰਸਥਾ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਖੂਨਦਾਨੀ ਸਟੇਟ ਅਵਾਰਡੀ ਨੇ 35ਵੀਂ ਵਾਰ ਖੂਨਦਾਨ ਕੀਤਾ,ਉਨ੍ਹਾਂ ਕਿਹਾ ਕਿ ਲੱਗਭੱਗ ਹਰੇਕ ਵਿਅਕਤੀ ਖ਼ੂਨਦਾਨ ਕਰ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਸਾਡੀ ਸੰਸਥਾ ਰਾਹੀ ਬਿਨਾਂ ਕੈਂਪ ਤੋਂ ਹਮੇਸ਼ਾ ਲੋੜਵੰਦ ਮਰੀਜਾ ਲਈ ਮੌਕੇ 'ਤੇ ਖੂਨ ਦਾਨ ਕਰਵਾਇਆ ਜਾਂਦਾ ਹੈ ਸਾਡੀ ਸੰਸਥਾ ਵੱਲੋ ਕਦੇ ਵੀ ਕੈਂਪ ਨਹੀਂ ਲਗਾਇਆ ਜਾਂਦਾ, ਪੱਕੇ ਖ਼ੂਨ ਦਾਨੀਆਂ ਵਿੱਚ ਹਰੇਕ 3 ਮਹੀਨੇ ਬਾਅਦ ਖ਼ੂਨ ਦਾਨ ਕਰਨ ਦਾ ਵੱਡਾ ਉਤਸ਼ਾਹ ਪਾਇਆ ਜਾਂਦਾ ਹੈ। ਇਸ ਮੌਕੇ ਉਹਨਾਂ ਨਾਲ ਚੇਅਰਮੈਨ ਜਿਪਸੀ ਬਾਂਸਲ ਅਤੇ ਬਲੱਡ ਬੈਂਕ ਵੱਲੋ ਵਿਕਾਸ ਮਿੱਤਲ, ਹਰਜਿੰਦਰ ਚੋਪੜਾ ਵੀ ਹਾਜ਼ਰ ਸਨ।

**'ਨਟਾਸ' ਦੇ 'ਯੁੱਧ ਨਸ਼ਿਆ ਵਿਰੁੱਧ' ਥੀਏਟਰ ਮੁਹਿੰਮ ਦਾ ਦੂਜਾ ਪੜਾਅ**

# ਡਾ. ਐਸ.ਪੀ. ਸਿੰਘ ਓਬਰਾਏ ਵੱਲੋਂ ਉਦਘਾਟਨ, ਪਹਿਲਾ ਨਾਟਕ ਮੇਲਾ ਸਿਵਲ ਲਾਈਨ ਸਕੂਲ ਵਿਖੇ 12 ਨੂੰ




ਪਟਿਆਲਾ, 9 ਮਈ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪ੍ਰਾਨ ਸੱਭਰਵਾਲ - ਸ਼੍ਰੀਮਤੀ ਸੁਨੀਤਾ ਸੱਭਰਵਾਲ ਵੱਲੋਂ ਆਰੰਭੀ 'ਯੁੱਧ ਨਸ਼ਿਆ ਵਿਰੁੱਧ' ਥੀਏਟਰ ਮੁਹਿੰਮੇਂ ਦੇ ਦੂਜੇ ਪੜਾਅ ਦਾ ਉਦਘਾਟਨ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਵਿਖੇ ਆਯੋਜਿਤ ਇਕ ਸਾਦਾ ਪਰ ਅਸਰ ਭਰਭੂਰ ਸਮਾਗਮ ਵਿੱਚ ਟਰੱਸਟ ਮੁੱਖੀ ਡਾ: ਐਸ.ਪੀ.ਸਿੰਘ ਓਬਰਾਏ ਨੇ ਪ੍ਰਸ਼ੰਸ਼ਕਾਂ ਦੀਆਂ ਸ਼ੁੱਭਇਛਾਵਾਂ ਨਾਲ ਕੀਤਾ। ਇਸ ਅਵਸਰ ਤੇ ਉਹਨਾਂ ਨਾਲ ਹੋਰ ਟਰੱਸਟ ਸ਼ਖਸੀਅਤਾਂ ਜਿਵੇਂ ਕੌਮੀ ਪ੍ਰਧਾਨ ਸ੍ਰ: ਜੱਸਾ ਸਿੰਘ ਸੰਧੂ, ਡਾ: ਆਰ.ਐਸ.ਅਟਵਾਲ, ਆਰਕੀਟੈਕਟ ਸ੍ਰ: ਸੁਰਿੰਦਰ ਸਿੰਘ ਮੌਜੂਦ ਸਨ। ਮੁੱਖ ਮਹਿਮਾਨ, ਵਿਸ਼ਵ ਪ੍ਰਸਿੱਧ ਦਾਨਵੀਰ ਡਾ: ਐਸ.ਪੀ. ਸਿੰਘ ਓਬਰਾਏ ਨੂੰ ਨਟਾਸ ਵੱਲੋਂ ਅਵਾਰਡ ਆਫ ਆਨਰ, ਮਿਮੈਂਟੋ, ਸ਼ਾਲ, ਉਪਹਾਰ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਡਾ: ਉਬਰਾਏ ਨੇ ਕਿਹਾ ਕਿ ਨਟਾਸ ਵੱਲੋਂ ਹਰ ਦਿਨ ਕਲਾ-ਸਮਾਜ ਸੇਵਾ ਵੱਲ ਪਾਇਆ ਜਾ ਰਿਹਾ ਨਿਰੰਤਰ ਯੋਗਦਾਨ ਸ਼ਲਾਘਾਯੋਗ ਉਪਾਰਾਲਾ ਹੈ, ਜਿਸ ਲਈ ਟਰੱਸਟ ਸਦਾ ਪ੍ਰਸ਼ੰਸ਼ਕ ਅਤੇ ਸਹਾਈ ਹੈ। ਮੁਹਿੰਮ ਡਾਇਰੈਕਟਰ ਸ਼੍ਰੀ ਪ੍ਰਾਨ ਸੱਭਰਵਾਲ ਨੇ ਡਾ: ਉਬਰਾਏ, ਮੁੱਖ ਸਰਪ੍ਰਸਤ ਨਟਾਸ ਦਾ ਧੰਨਵਾਦ ਕਰਦਿਆਂ ਦਸਿਆ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਵੱਲੋਂ ਚਲਾਈ ਨਸ਼ਿਆ ਵਿਰੁੱਧ ਮੁਹਿੰਮ ਚ ਆਪਣਾ ਨੈਤਿਕ ਕਰੱਤਵ ਨਿਭਾਉਣ ਲਈ ਬਿਨਾਂ ਕਿਸੀ ਸਰਕਾਰੀ/ਗੈਰ ਸਰਕਾਰੀ ਸਪਾਂਸਰਸ਼ਿਪ ਦੇ ਨਟਾਸ ਵੱਲੋਂ ਆਰੰਭੀ 'ਯੁੱਧ ਨਸ਼ਿਆਂ ਵਿਰੁੱਧ' ਥੀਏਟਰ ਮੁਹਿੰਮੇਂ ਦੇ ਪਹਿਲੇ ਪੜਾਅ ਤਹਿਤ 11 ਨਾਟਕ ਪੇਸ਼ ਕੀਤੇ ਜਾ ਚੁੱਕੇ ਹਨ। ਪ੍ਰਾਨ ਸੱਭਰਵਾਲ ਨੇ ਦਸਿਆ ਕਿ ਦੂਜੇ ਪੜਾਅ ਤਹਿਤ ਪਹਿਲਾ 'ਯੁੱਧ ਨਸ਼ਿਆ ਵਿਰੁੱਧ' ਨਾਟਕ ਮੇਲਾ ਸਰਕਾਰੀ ਸੀ.ਸੈ.ਸਮਾਰਟ ਸਕੂਲ ਸਿਵਲ ਲਾਈਨਜ ਵਿਖੇ ਸਕੂਲ ਪ੍ਰਿੰਸੀਪਲ ਸੀਮਾ ਉਪਲ ਅਤੇ ਸ੍ਰ: ਬੀ.ਐਸ. ਰਤਨ ਆਈ.ਆਰ.ਐਸ. ਸਾਬਕਾ ਕਮਿਸ਼ਨਰ ਇਨਕਮ ਟੈਕਸ, ਅਤੇ ਸ੍ਰ: ਸਹਿਜਦੀਪ ਸਿੰਘ ਜੱਗੀ ਐਮ.ਡੀ. ਜੱਗੀ ਸਵੀਟਸ ਅਦਾਲਤ ਬਜਾਰ, ਪਟਿਆਲਾ ਦੇ ਸਹਿਯੋਗ ਨਾਲ ਸੋਮਵਾਰ 12 ਮਈ ਨੂੰ ਪੇਸ਼ ਕੀਤਾ ਜਾ ਰਿਹਾ ਹੈ।